Start CDL TRAINING

Become Professional Truck Driver

www.cdlstart.com

startcdl@gmail.com

(844) 227-2162

We speak Hindi and English

START CDL TRAINING

Singh Auto Group

3983 ST RD 38E
Lafayette, IN 47905
Ph: 765-607-1300
www.singhautosgroup.com



University Motors

3312 Klondike Rd, West Lafayette, IN 47906
Ph: 765-497-1100
ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:
Jaspal S. Ghotra: 765-337-5151

ੴ Regal Jewels

1025 W. Devon Ave. Chicago
22kt Gold, & Diamonds
Best Jewelry Selection in the Midwest
SEE HOW YOU CAN SECURE YOUR FUTURE.
ਕਿਸ ਦਾ ਇੰਤਜ਼ਾਰ ਕਰ ਰਹੇ ਹੁਣ
24KT GOLD
ਦੁਨੀਆ ਦੀ ਸਭ ਤੋਂ ਵਾਇਡੇਮੰਦ ਇਨਵੈਸਟਮੈਂਟ
TALK TO OUR GOLD SPECIALIST
Rajveer Singh Gill
847-907-1525
www.RegalJewels.com
ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣੇ ਸਟੋਰ





Twenty-Third Year of Publication  ਨਿਊ ਯਾਰਕ ਐਡੀਸ਼ਨ  Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 23, Issue 48, November 26, 2022  20451 N. Plum Grove Rd., Palatine, IL 60074  Ph:847-359-0746, Fax:847-705-9388


## ਚੰਡੀਗੜ੍ਹ ’ਤੇ ਪੰਜਾਬ ਦੇ ਹੱਕ ਦਾ ਮੁੱਦਾ ਭਖਿਆ

**ਚੰਡੀਗੜ੍ਹ:** ਚੰਡੀਗੜ੍ਹ ਵਿਚ ਹਰਿਆਣਾ ਵਿਧਾਨ ਸਭਾ ਲਈ ਵੱਖਰੀ ਜ਼ਮੀਨ ਅਲਾਟ ਕਰਨ ਦਾ ਮਾਮਲਾ ਮੁੜ ਭਖ ਗਿਆ ਹੈ। ਇਸ ਫੈਸਲੇ ਨੂੰ ਪੰਜਾਬ ਦੇ ਚੰਡੀਗੜ੍ਹ ਉਤੇ ਹੱਕ ਨੂੰ ਮੁੱਢੋਂ ਖਤਮ ਕਰਨ ਦੀ ਚਾਲ ਮੰਨਿਆ ਜਾ ਰਿਹਾ ਹੈ। ਇਹੀ ਕਾਰਨ ਹੈ ਕਿ ਪੰਜਾਬ ਦੀਆਂ ਤਕਰੀਬਨ ਸਾਰੀਆਂ ਸਿਆਸੀ ਧਿਰਾਂ ਨੇ ਇਸ ਖਿਲਾਫ ਆਵਾਜ਼ ਬੁਲੰਦ ਕੀਤੀ ਹੈ। ਕਿਸਾਨ ਜਥੇਬੰਦੀਆਂ ਤੋਂ ਇਲਾਵਾ ਸੂਬੇ ਦੀਆਂ ਸਮਾਜ ਸੇਵੀ ਅਤੇ ਧਾਰਮਿਕ ਸੰਸਥਾਵਾਂ ਵੀ ਪੰਜਾਬ ਦੇ ਹੱਕਾਂ ਉਤੇ ਇਸ ਹੱਲੇ ਖਿਲਾਫ ਨਿੱਤਰ ਆਈਆਂ ਹਨ। ਪੰਜਾਬ ਸਰਕਾਰ ਸਮੇਤ ਅਕਾਲੀ ਦਲ, ਕਾਂਗਰਸ, ਇਥੋਂ ਤੱਕ ਕਿ ਪੰਜਾਬ ਭਾਜਪਾ ਨੇ ਵੀ ਚੰਡੀਗੜ੍ਹ ਉਤੇ ਸਿਰਫ ਪੰਜਾਬ ਦਾ ਹੱਕ ਦੱਸਿਆ ਹੈ।

ਦਰਅਸਲ, ਇਹ ਮਾਮਲਾ ਉਸ ਸਮੇਂ ਭਖਿਆ ਜਦੋਂ ਹਰਿਆਣਾ ਵਿਧਾਨ ਸਭਾ ਦੇ ਸਪੀਕਰ ਗਿਆਨ ਚੰਦ ਗੁਪਤਾ ਨੇ ਬੀਤੇ ਦਿਨੀਂ ਪੰਜਾਬ ਦੇ ਰਾਜਪਾਲ ਤੇ ਯੂ.ਟੀ. ਦੇ ਪ੍ਰਸ਼ਾਸਕ ਬਨਵਾਰੀ ਲਾਲ ਪੁਰੋਹਿਤ ਨਾਲ ਮੁਲਾਕਾਤ ਕਰ ਕੇ ਜ਼ਮੀਨ ਦੇਣ ਬਾਰੇ ਚਰਚਾ ਕੀਤੀ ਹੈ। ਇਸ ਦੀ ਸੂਹ ਮਿਲਦਿਆਂ ਹੀ ਪੰਜਾਬ ਦੀਆਂ ਸਾਰੀਆਂ ਸਿਆਸੀ ਧਿਰਾਂ ਹਰਿਆਣਾ ਨੂੰ ਚੰਡੀਗੜ੍ਹ ਵਿਚ ਵੱਖਰੀ ਵਿਧਾਨ ਸਭਾ ਲਈ ਜ਼ਮੀਨ ਦੇਣ ਖਿਲਾਫ ਡਟ ਗਈਆਂ।

ਪੰਜਾਬ ਦੀਆਂ ਸਿਆਸੀ ਪਾਰਟੀਆਂ ਨੇ ਕਿਹਾ ਕਿ ਚੰਡੀਗੜ੍ਹ ‘ਤੇ ਪੰਜਾਬ ਦਾ ਹੱਕ ਹੈ, ਇਸ ਲਈ ਚੰਡੀਗੜ੍ਹ ਵਿਚ ਹਰਿਆਣਾ ਦੀ ਵੱਖਰੀ ਵਿਧਾਨ ਸਭਾ ਨਹੀਂ ਬਣਨ ਦਿੱਤੀ ਜਾਵੇਗੀ। ਸਿਆਸੀ ਧਿਰਾਂ ਦਾ ਤਰਕ ਹੈ ਕਿ ਚੰਡੀਗੜ੍ਹ ਪੰਜਾਬ ਦੇ ਪਿੰਡਾਂ ਨੂੰ ਉਜਾੜ ਕੇ ਪੰਜਾਬ ਦੀ ਰਾਜਧਾਨੀ ਵਜੋਂ ਵਿਕਸਤ ਕੀਤਾ ਗਿਆ ਸੀ।

ਪੰਜਾਬ ਦੀਆਂ ਸਿਆਸੀ ਧਿਰਾਂ ਨੇ ਪੰਜਾਬ ਦੇ ਰਾਜਪਾਲ ਅਤੇ ਯੂ.ਟੀ. ਦੇ ਪ੍ਰਸ਼ਾਸਕ ਬਨਵਾਰੀ ਲਾਲ ਪੁਰੋਹਿਤ ਨੂੰ ਪੱਤਰ ਲਿਖ ਕੇ ਅਪੀਲ ਕੀਤੀ ਹੈ ਕਿ ਉਹ ਹਰਿਆਣਾ ਸਰਕਾਰ ਨੂੰ ਯੂ.ਟੀ. ਵਿਚ ਵੱਖਰੀ ਵਿਧਾਨ ਸਭਾ ਸਥਾਪਤ ਕਰਨ ਵਾਸਤੇ ਜ਼ਮੀਨ ਦੇਣ ਦੀ ਤਜਵੀਜ਼ ਨੂੰ ਨਾਮਨਜ਼ੂਰ ਕਰ ਦੇਣ। ਪੰਜਾਬ ਵੱਲੋਂ ਤਰਕ ਦਿੱਤਾ ਜਾ ਰਿਹਾ ਹੈ ਕਿ ਚੰਡੀਗੜ੍ਹ ਪੰਜਾਬ ਦਾ ਹਿੱਸਾ ਹੈ ਅਤੇ ਹਰਿਆਣਾ ਸਰਕਾਰ ਬਿਨਾਂ ਪਿੱਤਰੀ ਰਾਜ ਦੀ ਰਜ਼ਾਮੰਦੀ ਦੇ ਜ਼ਮੀਨ ਦੀ ਮੰਗ ਨਹੀਂ ਕਰ ਸਕਦੀ ਹੈ। ਹਰਿਆਣਾ ਸਰਕਾਰ ਦੀ ਬੇਨਤੀ ਪੰਜਾਬ ਪੁਨਰਗਠਨ ਐਕਟ 1966, ਰਾਜੀਵ-ਲੌਂਗੋਵਾਲ ਸਮਝੌਤੇ ਅਤੇ ਸੰਘੀ ਢਾਂਚੇ ਦੀ ਭਾਵਨਾ ਦੇ ਉਲਟ ਹੈ।

ਇਸ ਬੇਨਤੀ ‘ਤੇ ਇਕ ਪਾਸੜ ਫੈਸਲਾ ਪੰਜਾਬ ਨਾਲ ਵਿਤਕਰਾ ਹੋਵੇਗਾ। ਚੰਡੀਗੜ੍ਹ ਦੀ ਸਥਾਪਨਾ ਖਰੜ ਤਹਿਸੀਲ ਦੇ 22 ਪੰਜਾਬੀ ਬੋਲਦੇ ਪਿੰਡਾਂ ਦਾ ਉਜਾੜਾ ਕਰ ਕੇ ਕੀਤੀ ਗਈ ਸੀ।

ਦੱਸਣਯੋਗ ਹੈ ਕਿ ਹਰਿਆਣਾ ਸਰਕਾਰ ਚੰਡੀਗੜ੍ਹ ਵਿਚ ਵੱਖਰੀ ਵਿਧਾਨ ਸਭਾ ਬਣਾਉਣ ਲਈ ਰੇਲਵੇ ਸਟੇਸ਼ਨ ਨਾਲ ਲੱਗਦੀ ਜ਼ਮੀਨ ‘ਤੇ ਅੱਖ ਰੱਖੀ ਬੈਠਾ ਹੈ। ਇਸ ਜ਼ਮੀਨ ਦਾ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਦੌਰਾ ਕੀਤਾ ਸੀ। ਇਸ ਬਦਲੇ ਹਰਿਆਣਾ ਸਰਕਾਰ ਨੇ ਚੰਡੀਗੜ੍ਹ ਨੂੰ ਪੰਚਕੂਲਾ ਵਿਚ 10 ਏਕੜ ਜ਼ਮੀਨ ਦੇਣ ਦੀ ਪੇਸ਼ਕਸ਼ ਵੀ ਕੀਤੀ ਹੈ। ਹਾਲਾਂਕਿ 10 ਜੁਲਾਈ, 2022 ਨੂੰ ਜੈਪੁਰ ਵਿਖੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਉਤਰੀ ਰਾਜਾਂ ਦੀ ਕੌਂਸਲ ਦੀ ਮੀਟਿੰਗ ਵਿਚ ਹਰਿਆਣਾ ਨੂੰ ਚੰਡੀਗੜ੍ਹ ਵਿਚ ਹਰਿਆਣਾ ਵਿਧਾਨ ਸਭਾ ਲਈ ਜਗ੍ਹਾ ਦੇਣ ਦੀ ਗੱਲ ਕਹੀ ਗਈ ਸੀ, ਪਰ ਉਸ ਮੌਕੇ ਜ਼ਮੀਨ ਦੀ ਤਬਦੀਲੀ ਦੀ ਗੱਲ ਨਹੀਂ ਹੋਈ ਸੀ। ਹੁਣ ਮੁੱਖ ਮੰਤਰੀ ਹਰਿਆਣਾ ਮਨੋਹਰ ਲਾਲ ਖੱਟਰ ਵੱਲੋਂ 7 ਨਵੰਬਰ 2022 ਨੂੰ ਕੇਂਦਰੀ ਗ੍ਰਹਿ ਮੰਤਰੀ ਨੂੰ ਹੁਣ ਲਿਖੇ ਗਏ ਪੱਤਰ ਵਿਚ ਉਕਤ ਤਜਵੀਜ਼ ਭੇਜੀ ਗਈ ਹੈ ਕਿ ਮਧਿਆ ਮਾਰਗ ਤੋਂ ਰੇਲਵੇ ਸਟੇਸ਼ਨ ਵੱਲ ਜਾਂਦੀ ਸੜਕ ਉਤੇ ਹਰਿਆਣਾ ਵਿਧਾਨ ਸਭਾ ਲਈ 10 ਏਕੜ ਜਗ੍ਹਾ ਦਿੱਤੀ ਜਾਵੇ ਜਿਸ ਦੇ ਬਦਲੇ ਵਿਚ ਹਰਿਆਣਾ ਵਿਚ ਮਨਸਾ ਦੇਵੀ ਕੰਪਲੈਕਸ ਸੈਕਟਰ-7 ਵਿਚ ਜਗ੍ਹਾ ਚੰਡੀਗੜ੍ਹ ਨੂੰ ਦੇਣ ਦੀ ਗੱਲ ਕਹੀ ਗਈ ਹੈ।

ਯਾਦ ਰਹੇ ਕਿ ਚੰਡੀਗੜ੍ਹ ਸਬੰਧੀ ਪੰਜਾਬ ਦੇ ਹੱਕਾਂ ਨੂੰ ਪਿਛਲੇ ਲੰਮੇ ਸਮੇਂ ਤੋਂ ਕੇਂਦਰੀ ਗ੍ਰਹਿ ਮੰਤਰਾਲਾ ਬੜੇ ਯੋਜਨਾਬੱਧ ਢੰਗ ਨਾਲ ਖਤਮ ਕਰਦਾ ਹੀ ਨਹੀਂ ਸਗੋਂ ਖੋਹਣ ਵਿਚ ਜੁਟਿਆ ਹੋਇਆ ਹੈ। ਇਥੋਂ ਦੀਆਂ ਨੌਕਰੀਆਂ ਤੇ ਅਸਾਮੀਆਂ ਵਿਚ ਪੰਜਾਬ ਦਾ ਅਨੁਪਾਤ ਲਗਾਤਾਰ ਘਟਾਇਆ ਜਾ ਰਿਹਾ ਹੈ। ਭਾਖੜਾ ਨੰਗਲ ਉਤੇ ਪੰਜਾਬ ਦੇ ਅਧਿਕਾਰ ਨੂੰ ਕਮਜ਼ੋਰ ਕਰਨ ਲਈ ਇਥੇ ਲਾਏ ਜਾਂਦੇ ਅਫਸਰਾਂ ਦੀਆਂ ਅਸਾਮੀਆਂ ਦੀਆਂ ਯੋਗਤਾਵਾਂ ਵਿਚ ਇਸ ਢੰਗ ਨਾਲ ਅਦਲਾ-ਬਦਲੀ ਕੀਤੀ ਗਈ ਹੈ ਕਿ ਕੱਲ੍ਹ ਨੂੰ ਇਥੇ ਪੰਜਾਬ ਦੇ ਹੱਕ ਲਈ ਕੋਈ ਨਾਅਰਾ ਮਾਰਨ ਵਾਲਾ ਅਫਸਰ ਹੀ ਨਾ ਰਹੇ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦਾ ਪ੍ਰਬੰਧ ਕੇਂਦਰ ਸਿੱਧੇ ਤੌਰ ਉਤੇ ਆਪਣੇ ਹੱਥਾਂ ਵਿਚ ਲੈਣ ਦੀ ਤਿਆਰੀ ਕਰ ਰਿਹਾ ਹੈ।

ਦੱਸਣਯੋਗ ਹੈ ਕਿ ਗੱਲ ਚੰਡੀਗੜ੍ਹ ਦੀ ਹੋਵੇ ਜਾਂ ਪੰਜਾਬ ਦੇ ਪਾਣੀਆਂ ਦੀ, ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਲਗਾਤਾਰ ਹਰਿਆਣੇ ਦੇ ਹੱਕ ਵਿਚ ਖੜ੍ਹਦੀ ਜਾਪ ਰਹੀ ਹੈ।


*(ਬਾਕੀ ਸਫਾ 6 ‘ਤੇ)*





### ਮੁੱਖ ਮੰਤਰੀ ਨੂੰ ਵੰਗਾਰਿਆ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਚੰਡੀਗੜ੍ਹ ਵਿਚ ਹਰਿਆਣਾ ਵਿਧਾਨ ਸਭਾ ਲਈ ਜ਼ਮੀਨ ਦੇਣ ਦੀ ਮੰਗ ਦਾ ਵਿਰੋਧ ਕਰਦਿਆਂ ਕਿਹਾ ਕਿ ਪੰਜਾਬ ਦੇ ਦਰਜਨਾਂ ਪਿੰਡ ਉਜਾੜ ਕੇ ਬਣੇ ਚੰਡੀਗੜ੍ਹ ‘ਤੇ ਸਿਰਫ ਪੰਜਾਬ ਦਾ ਹੀ ਹੱਕ ਹੈ ਅਤੇ ਇਸ ਹੱਕ ‘ਤੇ ਕਿਸੇ ਨੂੰ ਵੀ ਡਾਕਾ ਨਹੀਂ ਮਾਰਨ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਦੁੱਖ ਦੀ ਗੱਲ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੀ ਸੂਬੇ ਦੀ ਤਰਜਮਾਨੀ ਕਰਨ ਦੀ ਥਾਂ ਵਿਰੋਧ ਵਿਚ ਭੁਗਤ ਰਹੇ ਹਨ। ਕੁਝ ਦਿਨ ਪਹਿਲਾਂ ਆਇਆ ਉਨ੍ਹਾਂ ਦਾ ਟਵੀਟ ਇਸ ਗੱਲ ਦੀ ਤਸਦੀਕ ਕਰਦਾ ਹੈ, ਜਿਸ ਵਿਚ ਉਨ੍ਹਾਂ ਵੱਖਰੀ ਪੰਜਾਬ ਵਿਧਾਨ ਸਭਾ ਲਈ ਜ਼ਮੀਨ ਦੀ ਮੰਗ ਕਰ ਕੇ ਚੰਡੀਗੜ੍ਹ ‘ਤੇ ਪੰਜਾਬ ਦੇ ਹੱਕ ਨੂੰ ਕਮਜ਼ੋਰ ਕਰਨ ਦਾ ਯਤਨ ਕੀਤਾ ਹੈ।

## ਸ਼੍ਰੋਮਣੀ ਕਮੇਟੀ ਹੁਣ ਸਿਰੋਪਾਓ ਦੀ ਥਾਂ ਕਿਤਾਬਾਂ ਦੇਵੇਗੀ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿਚ ਨਵੀਂ ਚੁਣੀ ਕਾਰਜਕਾਰਨੀ ਕਮੇਟੀ ਦੀ ਪਲੇਠੀ ਬੈਠਕ ਵਿਚ ਅਹਿਮ ਫੈਸਲੇ ਹੋਏ। ਭਵਿੱਖ ਵਿਚ ਸਿਰੋਪਾਓ ਦੀ ਸੁਚੱਜੀ ਵਰਤੋਂ ਲਈ ਵੀ ਨਿਯਮ ਨਿਰਧਾਰਤ ਕੀਤੇ ਹਨ। ਹੁਣ ਹਰ ਵਿਦਿਅਕ ਅਦਾਰੇ ਅੰਦਰ ਸਿਰੋਪਾਓ, ਲੋਈ ਤੇ ਸਨਮਾਨ ਚਿੰਨ੍ਹ ਦੀ ਥਾਂ ਕੇਵਲ ਪੁਸਤਕਾਂ ਦੇਣ ਦਾ ਫੈਸਲਾ ਕੀਤਾ ਗਿਆ ਹੈ।

ਗੁਰਦੁਆਰਾ ਸਾਹਿਬਾਨ ਵਿਖੇ ਵੀ ਸਿਰੋਪਾਓ ਦੇ ਸੰਕੋਚ ਕੇ ਗੁਰਮਤਿ ਭਾਵਨਾਵਾਂ ਅਨੁਸਾਰ ਵਰਤੋਂ ਲਾਜ਼ਮੀ ਕਰਨ ਲਈ ਆਦੇਸ਼ ਜਾਰੀ ਕੀਤੇ ਗਏ ਹਨ। ਸ. ਧਾਮੀ ਨੇ ਆਖਿਆ ਕਿ ਕੇਵਲ ਪੰਥਕ ਕਾਰਜਾਂ ਲਈ ਯੋਗਦਾਨ ਪਾਉਣ ਵਾਲਿਆਂ ਨੂੰ ਸਿਰੋਪਾਓ ਦਿੱਤਾ ਜਾਵੇਗਾ, ਜਦਕਿ ਬਾਕੀ ਸਤਿਕਾਰਤ ਸ਼ਖ਼ਸੀਅਤਾਂ ਨੂੰ ਪੁਸਤਕਾਂ ਭੇਟ ਕੀਤੀਆਂ ਜਾਣਗੀਆਂ। ਐਡਵੋਕੇਟ ਧਾਮੀ ਨੇ ਹੋਰ ਫੈਸਲਿਆਂ ਦੀ ਤਫ਼ਸੀਲ ਦਿੰਦਿਆਂ ਦੱਸਿਆ ਕਿ ਬੀਤੇ ‘ਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਅਨੁਸਾਰ ਸ਼੍ਰੋਮਣੀ ਕਮੇਟੀ ਨੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ ‘ਵੀਰ ਬਾਲ ਦਿਵਸ‘ ਦੀ ਥਾਂ ‘ਸਾਹਿਬਜ਼ਾਦੇ ਸ਼ਹਾਦਤ ਦਿਵਸ‘ ਵਜੋਂ ਮਨਾਉਣ ਲਈ ਭਾਰਤ ਸਰਕਾਰ ਨੂੰ ਅਪੀਲ ਕੀਤੀ ਸੀ ਜਿਸ ਨੂੰ ਲੈ ਕੇ ਅੱਜ ਮੁੜ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਇਹ ਫੈਸਲਾ ਲਾਗੂ ਕਰਨ ਲਈ ਕਿਹਾ ਗਿਆ ਹੈ। ਉਨ੍ਹਾਂ ਕਿਹਾ ਕਿ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਸਿੱਖ ਇਤਿਹਾਸ ਦਾ ਅਹਿਮ ਪੰਨਾ ਹੈ, ਜਿਸ ਨੂੰ ਸਿੱਖ ਵਿਰਸੇ ਅਤੇ ਗੁਰਮਤਿ ਦੀ ਭਾਵਨਾ ਅਨੁਸਾਰ ਹੀ ਮਨਾਇਆ ਜਾਣਾ ਚਾਹੀਦਾ ਹੈ। ਇਸ ਲਈ ਭਾਰਤ ਸਰਕਾਰ ਇਸ ਦਿਹਾੜੇ ਦਾ ਨਾਂ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਗਠਤ ਕੀਤੀ ਕਮੇਟੀ ਦੇ ਸੁਝਾਅ ਅਨੁਸਾਰ ‘ਸਾਹਿਬਜ਼ਾਦੇ ਸ਼ਹਾਦਤ ਦਿਵਸ‘ ਦੇ ਤੌਰ ‘ਤੇ ਮਨਾਉਣ ਦਾ ਐਲਾਨ ਕਰੇ।


Ad Space Available

Call at: 847-359-0746



ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809

ਫੋਨ (ਦਫਤਰ): 718-262-9700

(ਫੈਕਸ): 516-439-5418

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

ਪੰਜਾਬੀ ਭਰਾਵਾਂ ਦੀ ਸੇਵਾ ’ਚ ਹਰ ਪਲ ਹਾਜ਼ਰ

120-20 101 Ave. S. Richmond Hill,
New York 11419

# ਜੇ ਹਿੰਦੂ ਰਾਸ਼ਟਰ ਠੀਕ ਤਾਂ ਸਿੱਖ ਰਾਸ਼ਟਰ ਗਲਤ ਕਿਵੇਂ: ਜਥੇਦਾਰ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕੇਂਦਰ ਸਰਕਾਰ 'ਤੇ ਸਿੱਖਾਂ ਨਾਲ ਪੱਖਪਾਤ ਕਰਨ ਦਾ ਦੋਸ਼ ਲਾਇਆ ਅਤੇ ਸੋਸ਼ਲ ਮੀਡੀਆ 'ਤੇ ਸਿੱਖਾਂ ਵਿਰੁੱਧ ਹੋ ਰਹੇ ਕੂੜ ਪ੍ਰਚਾਰ 'ਤੇ ਚਿੰਤਾ ਪ੍ਰਗਟਾਈ ਹੈ। ਇਕ ਵੀਡੀਓ ਸੁਨੇਹੇ ਰਾਹੀਂ ਜਥੇਦਾਰ ਨੇ ਆਖਿਆ ਕਿ ਕੁਝ ਦਿਨਾਂ ਤੋਂ ਸੋਸ਼ਲ ਮੀਡੀਆ 'ਤੇ ਸਿੱਖਾਂ ਖਿਲਾਫ ਕੀਤਾ ਜਾ ਰਿਹਾ ਨਫਰਤੀ ਪ੍ਰਚਾਰ ਦਿਨੋ-ਦਿਨ ਵਧ ਰਿਹਾ ਹੈ। ਉਨ੍ਹਾਂ ਕਿਹਾ ਕਿ ਅਜਿਹਾ ਪ੍ਰਚਾਰ ਕਰਨ ਵਾਲੇ ਸਿੱਖਾਂ ਦੀ ਨਸਲਕੁਸ਼ੀ ਤੇ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲੇ ਦੀਆਂ ਧਮਕੀਆਂ ਦੇ ਰਹੇ ਹਨ, ਜਿਸ ਨੂੰ ਸਿੱਖ ਕਦੇ ਬਰਦਾਸ਼ਤ ਨਹੀਂ ਕਰ ਸਕਦੇ ਪਰ ਇਨ੍ਹਾਂ ਮਾਮਲਿਆਂ ਵਿਚ ਸਰਕਾਰਾਂ ਮੂਕ ਦਰਸ਼ਕ ਬਣੀਆਂ ਹੋਈਆਂ ਹਨ।



ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਭਾਰਤ ਵਿਚ ਹਿੰਦੂ ਰਾਸ਼ਟਰ ਦੀ ਗੱਲ ਕਰਨਾ ਤਾਂ ਠੀਕ ਹੈ ਪਰ ਸਿੱਖ ਰਾਸ਼ਟਰ ਦੀ ਗੱਲ ਕਰਨਾ ਗਲਤ ਹੈ, ਉਸੇ ਨੂੰ ਆਧਾਰ ਬਣਾ ਕੇ ਸਿੱਖਾਂ ਵਿਰੁੱਧ ਕੂੜ ਪ੍ਰਚਾਰ ਕੀਤਾ ਜਾ ਰਿਹਾ ਹੈ।" ਉਨ੍ਹਾਂ ਸਵਾਲ ਕੀਤਾ, "ਜੇਕਰ ਹਿੰਦੂ ਰਾਸ਼ਟਰ ਦੀ ਗੱਲ ਕਰਨਾ ਠੀਕ ਹੈ ਤਾਂ ਫਿਰ ਸਿੱਖ ਰਾਸ਼ਟਰ ਦੀ ਗੱਲ ਕਰਨਾ ਗਲਤ ਕਿਉਂ ਹੈ?" ਉਨ੍ਹਾਂ ਕਿਹਾ ਕਿ ਕਾਨੂੰਨ ਮੁਤਾਬਕ ਕਿਸੇ ਨੂੰ ਧਮਕੀ ਦੇਣ ਵਾਲੇ ਖਿਲਾਫ ਕੇਸ ਦਰਜ ਹੁੰਦਾ ਹੈ ਅਤੇ ਕਾਰਵਾਈ ਕੀਤੀ ਜਾਂਦੀ ਹੈ। ਜਦਕਿ ਸਿੱਖ ਕੌਮ ਦੀ ਨਸਲਕੁਸ਼ੀ ਕਰਨ ਅਤੇ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲੇ ਦੀ ਧਮਕੀ ਦੇਣ ਵਾਲੇ ਸਰਕਾਰੀ ਸੁਰੱਖਿਆ ਛਤਰੀ ਹੇਠ ਘੁੰਮ ਰਹੇ ਹਨ।

ਸਰਕਾਰ ਉਨ੍ਹਾਂ ਖਿਲਾਫ ਕੋਈ ਕਾਰਵਾਈ ਕਿਉਂ ਨਹੀਂ ਕਰ ਰਹੀ? ਉਨ੍ਹਾਂ ਕਿਹਾ ਕਿ ਜੇਕਰ ਇਹੀ ਧਮਕੀ ਕਿਸੇ ਗੈਰ-ਹਿੰਦੂ ਨੇ ਕਿਸੇ ਹਿੰਦੂ ਤੀਰਥ ਬਾਰੇ ਦਿੱਤੀ ਹੁੰਦੀ ਤਾਂ ਉਹ ਤੁਰਤ ਸਲਾਖਾਂ ਦੇ ਪਿੱਛੇ ਹੁੰਦਾ ਅਤੇ ਸ਼ਾਇਦ ਕਦੇ ਬਾਹਰ ਵੀ ਨਹੀਂ ਆ ਸਕਣਾ ਸੀ।

ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਸਿੱਖਾਂ ਨਾਲ ਪੱਖਪਾਤ ਕੀਤਾ ਜਾ ਰਿਹਾ ਹੈ। ਜਥੇਦਾਰ ਨੇ ਆਖਿਆ ਹੈ ਕਿ ਜੇਕਰ ਅਜਿਹਾ ਨਹੀਂ ਹੈ ਤਾਂ ਕੇਂਦਰ ਸਰਕਾਰ ਸਿੱਖਾਂ ਦੇ ਮਸਲੇ ਤੁਰਤ ਹੱਲ ਕਰੇ। ਜੇਕਰ ਰਾਜੀਵ ਗਾਂਧੀ ਦੇ ਕਾਤਲਾਂ ਨੂੰ ਰਿਹਾਅ ਕੀਤਾ ਜਾ ਸਕਦਾ ਹੈ ਤਾਂ ਸਿੱਖ ਬੰਦੀ ਰਿਹਾਅ ਕਿਉਂ ਨਹੀਂ ਹੋ ਸਕਦੇ? ਉਨ੍ਹਾਂ ਕਿਹਾ ਕਿ ਕੀ ਇਹ ਸਿੱਖਾਂ ਨਾਲ ਪੱਖਪਾਤ ਨਹੀਂ ਹੈ? ਜਥੇਦਾਰ ਨੇ ਕਿਹਾ ਕਿ ਸਿੱਖ ਮੁਲਕ ਵਿਚ ਸ਼ਾਂਤੀ ਨਾਲ ਰਹਿਣ ਦੇ ਹਾਮੀ ਹਨ ਪਰ ਉਨ੍ਹਾਂ ਨਾਲ ਇਨਸਾਫ ਹੋਣਾ ਚਾਹੀਦਾ ਹੈ।

## ਸਿੱਖ ਮਸਲਿਆਂ 'ਚ ਦਖਲ ਬਰਦਾਸ਼ਤ ਨਹੀਂ ਕਰਾਂਗੇ: ਧਾਮੀ

**ਮੁਕੇਰੀਆਂ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਆਰ.ਐਸ.ਐਸ. ਪਹਿਲਾਂ ਲੁਕਵੇਂ ਤੌਰ 'ਤੇ ਸਿੱਖ ਮਸਲਿਆਂ ਵਿਚ ਦਖਲਅੰਦਾਜ਼ੀ ਕਰਦੀ ਸੀ, ਪਰ ਸਿੱਖਾਂ ਨੇ ਭਾਜਪਾ ਤੋਂ ਇਹ ਤਵੱਕੋ ਕਦੇ ਨਹੀਂ ਕੀਤੀ ਸੀ ਕਿ ਉਹ ਇਸ ਤਰੀਕੇ ਨਾਲ ਸਿੱਖ ਮਸਲਿਆਂ ਵਿਚ ਦਖਲ ਦੇਵੇਗੀ। ਉਨ੍ਹਾਂ ਕਿਹਾ ਕਿ ਉਹ ਇਹ ਬਰਦਾਸ਼ਤ ਨਹੀਂ ਕਰਨਗੇ ਕਿ ਭਾਜਪਾ ਜਾਂ ਆਰ.ਐਸ.ਐਸ. ਸਿੱਖਾਂ ਦੇ ਮਸਲਿਆਂ ਵਿਚ ਦਖਲਅੰਦਾਜ਼ੀ ਕਰੇ।

# ਭਗਵੰਤ ਮਾਨ ਵੱਲੋਂ ਮਾਂ-ਬੋਲੀ ਦੇ ਸਤਿਕਾਰ ਲਈ ਲੋਕ ਲਹਿਰ ਬਣਾਉਣ ਦਾ ਸੱਦਾ

**ਅੰਮ੍ਰਿਤਸਰ:** ਮੁੱਖ ਮੰਤਰੀ ਭਗਵੰਤ ਮਾਨ ਨੇ ਇਥੇ ਰਾਜ ਪੱਧਰੀ ਸਮਾਗਮ ਨੂੰ ਸੰਬੋਧਨ ਕਰਦਿਆਂ 21 ਫਰਵਰੀ ਨੂੰ ਮਨਾਏ ਜਾ ਰਹੇ ਕੌਮਾਂਤਰੀ ਭਾਸ਼ਾ ਦਿਵਸ ਤੋਂ ਪਹਿਲਾਂ ਸੂਬੇ ਵਿਚ ਸਾਰੇ ਸਰਕਾਰੀ ਅਤੇ ਗੈਰ-ਸਰਕਾਰੀ ਅਦਾਰਿਆਂ ਤੇ ਦੁਕਾਨਾਂ ਦੇ ਦਿਸ਼ਾ-ਸੂਚਕ ਬੋਰਡ ਪੰਜਾਬੀ ਵਿਚ ਲਗਾਉਣ ਦਾ ਸੱਦਾ ਦਿੱਤਾ ਹੈ।

ਉਨ੍ਹਾਂ ਮਾਂ-ਬੋਲੀ ਦੇ ਸਤਿਕਾਰ ਲਈ ਇਸ ਨੂੰ ਲੋਕ ਲਹਿਰ ਬਣਾਉਣ ਦੀ ਲੋੜ 'ਤੇ ਜੋਰ ਦਿੰਦਿਆਂ ਕਿਹਾ ਕਿ ਲੋਕ 21 ਫਰਵਰੀ ਤੱਕ ਖੁਦ ਹੀ ਦੁਕਾਨਾਂ 'ਤੇ ਲੱਗੇ ਬੋਰਡ ਜਾਂ ਦਿਸ਼ਾ ਸੂਚਕ ਬੋਰਡ ਪੰਜਾਬੀ ਬੋਲੀ ਵਿਚ ਲਿਖ ਲੈਣ ਤੇ ਇਸ ਮਗਰੋਂ ਨਿਰਦੇਸ਼ਾਂ ਨੂੰ ਨਜ਼ਰ-ਅੰਦਾਜ਼ ਕਰਨ ਵਾਲਿਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਮੁੱਖ ਮੰਤਰੀ ਇਥੇ ਗੁਰੂ ਨਾਨਕ ਦੇਵ



ਯੂਨੀਵਰਸਿਟੀ ਵਿਚ ਪੰਜਾਬੀ ਭਾਸ਼ਾ ਮਹੀਨਾ ਮਨਾਉਣ ਸਬੰਧੀ ਕਰਵਾਏ ਸੂਬਾਈ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ। ਭਗਵੰਤ ਮਾਨ ਨੇ ਮਹਾਰਾਸ਼ਟਰ, ਤਾਮਿਲਨਾਡੂ ਤੇ ਹੋਰ ਸੂਬਿਆਂ ਦੀਆਂ ਮਿਸਾਲਾਂ ਦਿੱਤੀਆਂ, ਜਿੱਥੇ ਲੋਕ ਆਪਣੀ ਮਾਂ-ਬੋਲੀ ਦਾ ਸਤਿਕਾਰ ਕਰਦੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਸੂਬਿਆਂ ਵਿਚ ਦੁਕਾਨਾਂ ਤੇ ਵਪਾਰਕ ਅਦਾਰਿਆਂ 'ਤੇ ਉਨ੍ਹਾਂ ਦੀ ਮਾਂ-ਬੋਲੀ ਵਿਚ ਸੂਚਨਾ ਬੋਰਡ ਲੱਗੇ ਹੋਏ ਹਨ।

ਉਨ੍ਹਾਂ ਕਿਹਾ ਕਿ ਹੁਣ ਪੰਜਾਬੀਆਂ ਨੂੰ ਵੀ ਇਹ ਰਵਾਇਤ ਅਪਣਾਉਣੀ ਚਾਹੀਦੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸਾਰੇ ਸੂਚਨਾ ਬੋਰਡਾਂ ਉਤੇ ਹੋਰ ਭਾਸ਼ਾਵਾਂ ਦੇ ਨਾਲ ਪੰਜਾਬੀ ਨੂੰ ਸਭ ਤੋਂ ਉੱਪਰ ਲਿਖਿਆ ਜਾਵੇ। ਉਨ੍ਹਾਂ ਕਿਹਾ ਕਿ ਬੇਸ਼ੱਕ ਅੰਗਰੇਜ਼ੀ ਨੂੰ ਵਿਸ਼ਵ ਭਰ ਵਿਚ ਇਕ ਸੰਪਰਕ ਭਾਸ਼ਾ ਵਜੋਂ ਮਾਨਤਾ ਮਿਲੀ ਹੋਈ ਹੈ ਪਰ ਇਸ ਭਾਸ਼ਾ ਨੂੰ ਆਪਣੀ ਮਾਂ-ਬੋਲੀ ਦੀ ਕੀਮਤ 'ਤੇ ਅੱਗੇ ਨਹੀਂ ਵਧਾਇਆ ਜਾਣਾ ਚਾਹੀਦਾ ਹੈ। ਹਰੇਕ ਪੰਜਾਬੀ ਨੂੰ ਵਿਰਾਸਤ ਵਿਚ ਮਿਲੇ ਆਪਣੇ ਸੱਭਿਆਚਾਰਕ ਵਿਰਸੇ 'ਤੇ ਮਾਣ ਮਹਿਸੂਸ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬੀਆਂ ਨੇ ਆਪਣੀ ਮਿਹਨਤ ਅਤੇ ਲਗਨ ਨਾਲ ਦੁਨੀਆਂ ਭਰ ਵਿਚ ਆਪਣਾ ਵੱਖਰਾ ਸਥਾਨ ਬਣਾਇਆ ਹੈ ਪਰ ਜੇ ਕੋਈ ਆਪਣੀ ਮਾਂ ਬੋਲੀ ਨੂੰ ਭੁੱਲ ਜਾਂਦਾ ਹੈ ਤਾਂ ਇਹ ਮੰਦਭਾਗਾ ਹੈ।

ਭਗਵੰਤ ਮਾਨ ਨੇ ਕਿਹਾ ਕਿ ਮਾਨਸਿਕ ਗੁਲਾਮੀ ਕਾਰਨ ਪੰਜਾਬੀ ਅੱਜ ਵੀ ਅੰਗਰੇਜ਼ੀ ਭਾਸ਼ਾ ਦੀ ਉੱਤਮਤਾ ਵਿਚ ਵਿਸ਼ਵਾਸ ਰੱਖਦੇ ਹਨ, ਜਦੋਂ ਕਿ ਅਸਲੀਅਤ ਇਹ ਹੈ ਕਿ ਪੰਜਾਬੀ ਸਾਡੀ ਸ਼੍ਰੋਮਣੀ ਭਾਸ਼ਾ ਹੈ। ਉਨ੍ਹਾਂ ਕਿਹਾ ਕਿ ਪੰਜਾਬੀਆਂ ਨੂੰ ਆਪਣੀ ਭਾਸ਼ਾ, ਸੱਭਿਆਚਾਰ ਤੇ ਰਵਾਇਤਾਂ 'ਤੇ ਮਾਣ ਮਹਿਸੂਸ ਕਰਨਾ ਚਾਹੀਦਾ ਹੈ ਅਤੇ ਯੂਨੀਵਰਸਿਟੀਆਂ ਤੇ ਕਾਲਜਾਂ ਨੂੰ ਇਸ ਨੇਕ ਕਾਰਜ ਲਈ ਮਾਰਗ ਦਰਸ਼ਨ ਕਰਨਾ ਚਾਹੀਦਾ ਹੈ।

## ਸ਼ਹੀਦੀ ਜੋੜ ਸਭਾ ਦੌਰਾਨ ਦੇਸ਼ ਭਰ 'ਚ ਮਨਾਇਆ ਜਾਵੇਗਾ ਵੀਰ ਬਾਲ ਦਿਵਸ

**ਸ੍ਰੀ ਫਤਹਿਗੜ੍ਹ ਸਾਹਿਬ:** ਕੇਂਦਰੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਚ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਮੀਟਿੰਗ ਮਗਰੋਂ ਸ੍ਰੀ ਲਾਲਪੁਰਾ ਨੇ ਕਿਹਾ ਕਿ ਸ੍ਰੀ ਫਤਹਿਗੜ੍ਹ ਸਾਹਿਬ ਦੀ ਸ਼ਹੀਦੀ ਜੋੜ ਸਭਾ ਦੌਰਾਨ 26 ਦਸੰਬਰ ਨੂੰ ਦੇਸ਼ ਭਰ ਵਿਚ ਪਹਿਲੀ ਵਾਰ 'ਵੀਰ ਬਾਲ ਦਿਵਸ' ਮਨਾਇਆ ਜਾਵੇਗਾ। ਅਧਿਕਾਰੀਆਂ ਦੀ ਮੌਜੂਦਗੀ ਵਿਚ ਸ੍ਰੀ ਲਾਲਪੁਰਾ ਨੇ ਕਿਹਾ ਕਿ ਇਹ ਪਹਿਲੀ ਵਾਰ ਹੋਣ ਜਾ ਰਿਹਾ ਹੈ ਕਿ ਸਿੱਖ ਧਰਮ ਦਾ ਇਤਿਹਾਸ ਦੇਸ਼ ਭਰ ਦੇ ਸਕੂਲਾਂ ਵਿਚ ਪੜ੍ਹਾਇਆ ਜਾਵੇਗਾ।

# ਬੰਦੀ ਸਿੰਘਾਂ ਦੀ ਰਿਹਾਈ ਲਈ ਦਸਤਖ਼ਤ ਮੁਹਿੰਮ ਅਰੰਭੇਗੀ ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ਼੍ਰੋਮਣੀ ਕਮੇਟੀ ਦੇ ਵੱਖ-ਵੱਖ ਵਿਭਾਗਾਂ ਲਈ ਨਿਯੁਕਤ ਕੀਤੇ ਗਏ ਮੈਂਬਰ ਇੰਚਾਰਜਾਂ ਨਾਲ ਮੀਟਿੰਗ ਕੀਤੀ, ਜਿਸ ਵਿਚ ਕਮੇਟੀ ਦੀ ਕਾਰਗੁਜ਼ਾਰੀ ਨੂੰ ਹੋਰ ਸੁਚਾਰੂ ਢੰਗ ਨਾਲ ਚਲਾਉਣ ਲਈ ਚਰਚਾ ਕੀਤੀ ਗਈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਖੁਲਾਸਾ ਕੀਤਾ ਕਿ ਮੀਟਿੰਗ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਅਰੰਭੇ ਗਏ ਸੰਘਰਸ਼ ਦੀ ਅਗਲੀ ਕੜੀ ਤਹਿਤ ਪਹਿਲੀ ਦਸੰਬਰ ਤੋਂ ਦਸਤਖ਼ਤੀ ਮੁਹਿੰਮ ਸ਼ੁਰੂ ਕਰਨ ਬਾਰੇ ਵਿਚਾਰਾਂ ਕੀਤੀਆਂ ਗਈਆਂ। ਇਸ ਸਬੰਧ ਵਿੱਚ ਲੋੜੀਂਦੇ ਪਰਫਾਰਮੇ ਤਿਆਰ ਕਰ ਲਏ ਗਏ ਹਨ, ਜੋ



ਸ਼ਹਿਰਾਂ ਦੇ ਵੱਖ-ਵੱਖ ਮੁਹੱਲਿਆਂ, ਪਿੰਡਾਂ, ਕਸਬਿਆਂ ਆਦਿ ਵਿਚ ਜਾ ਕੇ ਭਰਵਾਏ ਜਾਣਗੇ।

# 84: ਅਮਰੀਕੀ ਕਾਂਗਰਸ ਮੈਂਬਰ ਪੀੜਤਾਂ ਨਾਲ ਇਕਜੁਟਤਾ ਪ੍ਰਗਟਾਈ

**ਵਾਸ਼ਿੰਗਟਨ:** ਅਮਰੀਕੀ ਕਾਂਗਰਸ ਦੇ ਇਕ ਮੈਂਬਰ ਨੇ 1984 'ਚ ਵਾਪਰੇ ਸਿੱਖ-ਵਿਰੋਧੀ ਦੰਗਿਆਂ ਦੇ ਪੀੜਤਾਂ ਨਾਲ ਇਕਜੁਟਤਾ ਜ਼ਾਹਿਰ ਕੀਤੀ ਹੈ। ਇਨ੍ਹਾਂ ਵਿਚੋਂ ਕਈਆਂ ਨੇ ਅਮਰੀਕਾ ਵਿਚ ਸ਼ਰਨ ਲਈ ਸੀ। ਕਾਂਗਰਸ (ਅਮਰੀਕੀ ਸੰਸਦ) ਮੈਂਬਰ ਡੌਨਲਡ ਨੌਰਕਰੌਸ ਨੇ ਪ੍ਰਤੀਨਿਧੀ ਸਭਾ ਵਿਚ ਕਿਹਾ, '1984 ਵਿਚ ਇਕ ਨਵੰਬਰ ਤੋਂ ਤਿੰਨ ਨਵੰਬਰ ਵਿਚਾਲੇ ਇਸ ਬਿਨਾਂ ਮਤਲਬ ਦੀ ਹਿੰਸਾ ਵਿਚ ਮਾਰੇ ਗਏ ਸਿੱਖਾਂ ਦੀ ਯਾਦ ਵਿਚ ਤੇ ਸਾਊਥ ਜਰਸੀ ਵਿਚ ਉਨ੍ਹਾਂ ਦੀ ਵਿਰਾਸਤ ਨੂੰ ਅੱਗੇ ਵਧਾ ਰਹੇ ਲੋਕਾਂ ਦੇ ਸਨਮਾਨ ਵਿਚ, ਮੈਂ ਸਿੱਖ ਭਰਾਵਾਂ ਤੇ ਭੈਣਾਂ ਪ੍ਰਤੀ ਇਕਜੁਟਤਾ ਜ਼ਾਹਿਰ ਕਰਦਾ ਹਾਂ।' ਉਨ੍ਹਾਂ ਕਿਹਾ, 'ਮੈਂ ਸਾਊਥ ਜਰਸੀ ਵਿਚ ਸਿੱਖ ਭਾਈਚਾਰੇ ਨਾਲ ਇਕਜੁਟਤਾ ਪ੍ਰਗਟ ਕਰਦਾ ਹਾਂ। ਭਾਰਤ ਵਿਚ ਤਿੰਨ




ਦਿਨ ਤੋਂ ਵੱਧ ਸਮੇਂ ਤੱਕ ਚੱਲੇ ਸਿੱਖ ਵਿਰੋਧੀ ਦੰਗਿਆਂ 'ਚ ਸਿੱਖਾਂ ਦੀ ਨਸਲਕੁਸ਼ੀ ਦੀ ਘਟਨਾ ਨੂੰ ਇਸ ਮਹੀਨੇ 38 ਸਾਲ ਹੋ ਗਏ ਹਨ।'

ਪ੍ਰਤੀਨਿਧੀ ਸਭਾ ਦੇ ਮੈਂਬਰ ਨੇ ਕਿਹਾ, 'ਭਾਰਤੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਇਹ ਨਸਲਕੁਸ਼ੀ ਕੀਤੀ ਗਈ। ਸਮੂਹਿਕ ਜਬਰ-ਜਨਾਹ ਤੇ ਕੁੱਟ-ਕੁੱਟ ਕੇ ਮਾਰਨ ਦੀਆਂ ਕਈ ਘਟਨਾਵਾਂ ਵਾਪਰੀਆਂ। ਸਿੱਖਾਂ ਦੇ ਘਰਾਂ ਤੇ ਉਨ੍ਹਾਂ ਦੇ ਕਾਰੋਬਾਰਾਂ ਨੂੰ ਤਬਾਹ ਕਰ ਦਿੱਤਾ ਗਿਆ। ਸਿਰਫ ਉਨ੍ਹਾਂ ਦੀ ਆਸਥਾ ਤੇ ਉਨ੍ਹਾਂ ਦੇ ਧਰਮ ਦੇ ਕਾਰਨ ਉਨ੍ਹਾਂ ਦੀ ਹੱਤਿਆ ਹੋ ਗਈ।' ਨੌਰਕਰੌਸ ਨੇ ਕਿਹਾ, 'ਇਸ ਨਸਲਕੁਸ਼ੀ ਤੋਂ ਬਾਅਦ ਕੁਝ ਸਿੱਖਾਂ ਨੇ ਭਾਰਤ ਤੋਂ ਨਿਕਲਣਾ ਬਿਹਤਰ ਸਮਝਿਆ। ਇਨ੍ਹਾਂ ਵਿਚੋਂ ਕਈ ਹੁਣ ਸਾਊਥ ਜਰਸੀ ਨੂੰ ਆਪਣਾ ਘਰ ਸਮਝਦੇ ਹਨ। ਉਨ੍ਹਾਂ ਨੇ ਸਾਡੇ ਖੇਤਰ ਨੂੰ ਵਿਦਿਅਕ, ਆਰਥਿਕ, ਧਾਰਮਿਕ ਤੇ ਸਭਿਆਚਾਰ ਰੂਪ 'ਚ ਖੁਸ਼ਹਾਲ ਬਣਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

# ਸੁਪਰੀਮ ਕੋਰਟ ਨੇ ਆਬਾਦੀ ਕੰਟਰੋਲ ਲਈ ਦੋ ਬੱਚਿਆਂ ਦੀ ਨੀਤੀ ਬਾਰੇ ਅਰਜ਼ੀਆਂ ਖਾਰਜ ਕੀਤੀਆਂ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਆਬਾਦੀ 'ਤੇ ਕਾਬੂ ਪਾਉਣ ਲਈ ਦੋ ਬੱਚਿਆਂ ਦੀ ਨੀਤੀ ਲਾਗੂ ਕਰਨ ਸਬੰਧੀ ਅਰਜ਼ੀਆਂ 'ਤੇ ਸੁਣਵਾਈ ਤੋਂ ਇਨਕਾਰ ਕਰਦਿਆਂ ਕਿਹਾ ਹੈ ਕਿ ਇਸ ਮੁੱਦੇ 'ਤੇ ਸਰਕਾਰ ਨੇ ਵਿਚਾਰ ਕਰਨਾ ਹੈ। ਜਨਮ ਦਰ 'ਚ ਵਾਧੇ ਦੇ ਬਾਵਜੂਦ ਦੇਸ਼ ਦੀ ਆਬਾਦੀ ਸਥਿਰ ਹੋਣ ਬਾਰੇ ਮੀਡੀਆ ਰਿਪੋਰਟ ਦਾ ਹਵਾਲਾ ਦਿੰਦਿਆਂ ਸਿਖਰਲੀ ਅਦਾਲਤ ਨੇ ਕਿਹਾ ਕਿ ਇਹ ਕੋਈ ਅਜਿਹਾ ਮੁੱਦਾ ਨਹੀਂ ਹੈ, ਜਿਸ 'ਤੇ ਅਦਾਲਤ ਨੂੰ ਦਖਲ ਦੇਣਾ ਚਾਹੀਦਾ ਹੈ।

ਜਸਟਿਸ ਐਸ.ਕੇ. ਕੌਲ ਅਤੇ ਏ.ਐਸ. ਓਕਾ ਦੇ ਬੈਂਚ ਨੇ ਕਿਹਾ ਕਿ ਆਬਾਦੀ ਕੋਈ ਅਜਿਹੀ ਵਸਤੂ ਨਹੀਂ ਹੈ ਜੋ ਕਿਸੇ ਇਕ ਦਿਨ ਰੁਕ ਜਾਵੇਗੀ। ਅਰਜੀਕਾਰ ਅਤੇ ਵਕੀਲ ਅਸ਼ਵਨੀ ਕੁਮਾਰ ਉਪਾਧਿਆਏ ਨੇ ਕਿਹਾ ਕਿ ਇਸ ਮੁੱਦੇ 'ਤੇ ਲਾਅ ਕਮਿਸ਼ਨ ਦੀ ਇਕ ਰਿਪੋਰਟ ਅਹਿਮ ਹੈ। ਉਪਾਧਿਆਏ ਨੇ ਦਿੱਲੀ ਹਾਈ ਕੋਰਟ ਦੇ ਉਸ ਹੁਕਮ ਨੂੰ ਚੁਣੌਤੀ ਦਿੱਤੀ ਸੀ ਜਿਸ 'ਚ ਵਧਦੀ ਆਬਾਦੀ 'ਤੇ ਕਾਬੂ ਪਾਉਣ ਲਈ ਦੋ ਬੱਚਿਆਂ ਸਮੇਤ ਕੁਝ ਹੋਰ ਕਦਮਾਂ ਦੀ ਬੇਨਤੀ ਵਾਲੀ ਅਰਜ਼ੀ ਖਾਰਜ ਕਰ ਦਿੱਤੀ ਗਈ ਸੀ। ਸੁਪਰੀਮ ਕੋਰਟ ਵੱਲੋਂ ਅਰਜ਼ੀ 'ਤੇ ਸੁਣਵਾਈ ਤੋਂ ਇਨਕਾਰ ਮਗਰੋਂ ਉਪਾਧਿਆਏ ਨੇ ਉਸ ਨੂੰ ਵਾਪਸ ਲੈ ਲਿਆ।

# ਗੋਲੀ ਕਾਂਡ ਦੀ ਪੜਤਾਲ ਲਈ ਜਾਂਚ ਅਧਿਕਾਰੀ ਵੱਲੋਂ ਕੋਟਕਪੂਰਾ ਦਾ ਦੌਰਾ

**ਕੋਟਕਪੂਰਾ:** ਕੋਟਕਪੂਰਾ ਗੋਲੀ ਕਾਂਡ ਦੀ ਪੜਤਾਲ ਲਈ ਫੋਰੈਂਸਿਕ ਮਾਹਿਰਾਂ ਤੇ ਜਾਂਚ ਅਧਿਕਾਰੀਆਂ ਦੀ ਟੀਮ ਕੋਟਕਪੂਰਾ ਪਹੁੰਚੀ ਅਤੇ ਤੱਥਾਂ ਦੀ ਡੂੰਘਾਈ ਨਾਲ ਪੜਤਾਲ ਕੀਤੀ। ਉਧਰ ਇਸ ਗੋਲੀਕਾਂਡ ਦੀ ਜਾਂਚ ਅਧੂਰੀ ਹੋਣ ਕਾਰਨ ਇਥੇ ਸੈਸ਼ਨ ਜੱਜ ਰਾਜੀਵ ਕਾਲੜਾ ਦੀ ਅਦਾਲਤ ਵਿਚ ਹੋਣ ਵਾਲੀ ਬਹਿਬਲ ਗੋਲੀ ਕਾਂਡ ਦੀ ਸੁਣਵਾਈ ਨਹੀਂ ਹੋ ਸਕੀ, ਜਿਸ ਮਗਰੋਂ ਅਦਾਲਤ ਨੇ ਬਹਿਬਲ ਗੋਲੀ ਕਾਂਡ ਦੀ ਸੁਣਵਾਈ ਹੁਣ ਅਗਲੇ ਮਹੀਨੇ ਦੀ 17 ਤਰੀਕ ਤੱਕ ਮੁਲਤਵੀ ਕਰ ਦਿੱਤੀ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਕੋਟਕਪੂਰਾ ਗੋਲੀਕਾਂਡ ਵਿਚ ਵਿਸ਼ੇਸ਼ ਜਾਂਚ ਟੀਮ ਨੇ ਏ.ਡੀ.ਜੀ.ਪੀ. ਐੱਲ.ਕੇ. ਯਾਦਵ ਦੀ ਅਗਵਾਈ ਹੇਠ ਘਟਨਾ ਸਥਾਨ ਦਾ ਦੌਰਾ ਕੀਤਾ, ਜਿੱਥੇ 14 ਅਕਤੂਬਰ 2015 ਨੂੰ ਗੋਲੀ ਕਾਂਡ ਵਾਪਰਿਆ ਸੀ। ਏ.ਡੀ.ਜੀ.ਪੀ. ਐੱਲ.ਕੇ. ਯਾਦਵ ਨਾਲ ਫੋਰੈਂਸਿਕ ਮਾਹਿਰਾਂ ਦੀ ਟੀਮ ਵੀ ਪੁੱਜੀ, ਜਿਸ ਨੇ ਚਸ਼ਮਦੀਦ ਗਵਾਹਾਂ ਗਗਨਦੀਪ ਸਿੰਘ ਤੇ ਅਜੀਤ ਸਿੰਘ ਤੋਂ ਘਟਨਾ ਸਥਾਨ 'ਤੇ ਚੱਲੀਆਂ ਗੋਲੀਆਂ ਦੀਆਂ ਦਿਸ਼ਾਵਾਂ ਬਾਰੇ ਜਾਣਕਾਰੀ ਹਾਸਲ ਕੀਤੀ। ਟੀਮ ਨੇ 14 ਅਕਤੂਬਰ ਨੂੰ ਵਾਪਰੇ ਗੋਲੀ ਕਾਂਡ ਦੇ ਸਾਰੇ ਸੀਨ ਨੂੰ ਮੁੜ ਉਸਾਰ ਕੇ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ। ਫੋਰੈਂਸਿਕ ਮਾਹਿਰਾਂ ਦੀ ਟੀਮ ਨੇ ਸੀ.ਸੀ.ਟੀ.ਵੀ. ਕੈਮਰੇ, ਪੁਲਿਸ ਰਿਕਾਰਡ ਅਤੇ ਘਟਨਾ ਸਥਾਨ ਦਾ ਬਾਰੀਕੀ ਨਾਲ



ਮੁਆਇਨਾ ਕੀਤਾ। ਜਾਂਚ ਟੀਮ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ 'ਤੇ ਕੋਟਕਪੂਰਾ ਗੋਲੀਕਾਂਡ ਦੀ ਮੁੜ ਪੜਤਾਲ ਕਰ ਰਹੀ ਹੈ। ਇਸ ਕਾਂਡ ਦੀ ਪੜਤਾਲ ਪਹਿਲਾਂ ਆਈਜੀ ਕੁੰਵਰ ਵਿਜੈ ਪ੍ਰਤਾਪ ਸਿੰਘ ਵੱਲੋਂ ਕੀਤੀ ਗਈ ਸੀ, ਜਿਸ ਨੂੰ ਹਾਈ ਕੋਰਟ ਨੇ ਰੱਦ ਕਰ ਦਿੱਤਾ ਸੀ। ਕੋਟਕਪੂਰਾ ਗੋਲੀ ਕਾਂਡ ਵਿਚ ਹੋ ਰਹੀ ਪੜਤਾਲ ਦੀ ਪ੍ਰਗਤੀ ਰਿਪੋਰਟ 17 ਦਸੰਬਰ ਨੂੰ ਫ਼ਰੀਦਕੋਟ ਦੀ ਵਿਸ਼ੇਸ਼ ਅਦਾਲਤ ਵਿਚ ਪੇਸ਼ ਕੀਤੀ ਜਾਣੀ ਹੈ।ਉਧਰ, ਅਦਾਲਤ ਨੇ ਬਹਿਬਲ ਗੋਲੀ ਕਾਂਡ ਦੀ ਸੁਣਵਾਈ ਹੁਣ ਅਗਲੇ ਮਹੀਨੇ ਦੀ 17 ਤਰੀਕ ਤੱਕ ਮੁਲਤਵੀ ਕਰ ਦਿੱਤੀ ਹੈ। ਇਸ ਕੇਸ ਵਿਚ ਮੁਲਜ਼ਮ ਵਜੋਂ ਨਾਮਜ਼ਦ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ, ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ ਤੇ ਸਾਬਕਾ ਐਸ.ਐਸ.ਪੀ. ਚਰਨਜੀਤ ਸ਼ਰਮਾ ਸਮੇਤ ਹੋਰ ਕੋਈ ਵੀ ਮੁਲਜ਼ਮ ਅਦਾਲਤ ਵਿਚ ਪੇਸ਼ ਨਹੀਂ ਹੋਏ।

# Matrimonials

## ਲੜਕੇ ਦੀ ਲੋੜ ਹੈ

Ravidasia Sikh family looking for a suitable match for their April 25, 1989 born, 5’2” daughter, working as a nurse in India. The boy must be USA citizen, well settled, with family values. Caste no bar. Serious enquiries only. Please Contact us at: 209 596 3193

Looking for a suitable Ramgarhia Sikh Dhiman match for our beautiful daughter (green card holder), 29 years, 5’ 7", MSC - Physics (India), and licensed paraprofessional educator, residing in Chicago area. Please contact: manpreets1211@gmail.com

46-49

Jat Sikh parents invite matrimonial alliance for their US born daughter 36, 5’9" beautiful, family oriented, never married. Master’s in Bioengineering Management- executive position in Bay Area, California. The boy must be from the USA, professionally qualified; good-natured and well settled, with family values. Serious enquiries only. Please respond with latest photo and biodata to kaurprincess11@yahoo.com or whatsapp 669-946-5891

41-44

Jatt Sikh family looking for a Jatt Sikh match for their 34 years, 5' 4" daughter. Master of Business Administration, Marketing , Food media. Permanent Resident of Canada. Mother retired govt. Principal , Brother Sarpanch of village & now preparing for MLA Election, urban and rural property. Boy wanted from jatt sikh family only. Contact us at: +1 4373328422 or E-mail at: puneetasra17october@gmail.com

40-43

Khatri sikh family looking for a US citizen, Green card, H1 or work permit match for their Oct’ 84 MS, divorcee issueless US Citizen daughter working in New York upstate. Contact us at +91-7888508778 (WhatsApp No.)

40-43

## ਲੜਕੀ ਦੀ ਲੋੜ ਹੈ

Jatt, Gursikh, family living in USA, seeks an eligible, Gursikh, Educated, Family-oriented, bride from USA, Canada, or India for their American citizen son, 42 years, Gursikh, well settled, divorced, works as an engineer in a top financial company. Please send the biodata and family information of the girl via e-mail or WhatsApp in USA: AmritNaam2022@gmail.com or +1-480-906-5614.

46-49

Ramgharia Sikh boy 5’8" 1992 born, M.Eng Western University Canada, Working as Senior Software Engineer in Toronto Canada, Looking for a girl in similar profession living in Canada or US. Email: dev.kirat@gmail.com or contact us at: +1 (313) 718-0178

44-47

Wanted suitable Sikh girl from USA for a New Zealand citizen jatt sikh boy (currently in USA ) 32 years, 5’9” . Bachelor in business. Also have a business in USA. Please Contact us at: 856-693-5401 or email rajdeepmann4u@yahoo.com.

42-47

ਜੱਟ ਸਿੱਖ ਬਾਜਵਾ ਸੋਹਣੇ-ਸੁਨੱਖੇ, ਵੈਸ਼ਨੋ, 22 ਸਾਲ, 5’11" ਨਿਊਜ਼ੀਲੈਂਡ ਵਿਚ ਬੇਕਿੰਗ ਲੈਵਲ ਦੇ ਡਿਪਲੋਮੇ ਕਰਨ ਉਪਰੰਤ ਬੇਕਰੀ ਕੰਪਨੀ ਵਿਚ ਵਰਕ ਪਰਮਿਟ ‘ਤੇ ਨੌਕਰੀ ਕਰਦੇ ਲੜਕੇ ਲਈ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ, ਮਿਹਨਤੀ, ਇਮਾਨਦਾਰ ਅਤੇ ਪਰਮਾਤਮਾ ਵਿਚ ਵਿਸ਼ਵਾਸ ਰੱਖਣ ਵਾਲੀ ਲੜਕੀ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੇ ਕੋਲ ਇੰਡੀਆ ਵਿਚ ਘਰ, ਕਮਰਸ਼ੀਅਲ ਪ੍ਰਾਪਰਟੀ ਤੋਂ ਬਿਨਾਂ ਕੋਈ ਐਗਰੀਕਲਚਰਲ ਪ੍ਰਾਪਰਟੀ ਨਹੀਂ ਹੈ। ਚਾਹਵਾਨ ਫੋਨ ਨੰਬਰ: 682-307-3057 (ਵ੍ਹਟਸਐਪ) ‘ਤੇ ਸੰਪਰਕ ਕਰਨ।

43-46

ਜੱਟ ਸਿੱਖ, ਯੂ ਐਸ ਏ ਸਿਟੀਜ਼ਨ 31 ਸਾਲ, ਕੱਦ 6', ਨਸ਼ਿਆਂ ਤੋਂ ਰਹਿਤ, ਨਾਨ ਡਰਿੰਕਰ, ਹਸਪਤਾਲ ‘ਚ ਵਧੀਆ ਨੌਕਰੀ ਕੰਮ ਕਰਦੇ, ਬੈਚਲਰ ਆਫ ਸਾਇੰਸ, ਫਾਰਮੇਸੀਟੈਕ ਲੈਬਟੈਕ, ਲੜਕੇ ਲਈ ਪਰਿਵਾਰਕ ਲੜਕੀ ਦੀ ਲੋੜ ਹੈ। H1B ਵੀਜ਼ਾ ਹੋਲਡਰ ਵੀ ਵਿਚਾਰਨਯੋਗ (ਜਾਤ-ਪਾਤ ਦਾ ਕੋਈ ਬੰਧਨ ਨਹੀਂ)। ਲੜਕੇ ਦਾ ਪਰਿਵਾਰ, ਬੇਅ ਏਰੀਆ ਕੈਲੀਫੋਰਨੀਆ ਵਿਚ ਵਧੀਆ ਸਥਾਪਿਤ ਹੈ। ਚਾਹਵਾਨ ਸੰਪਰਕ ਕਰਨ: 510-871-0324, 510-200-1715

41-48

ਜੱਟ ਸਿੱਖ ਯੂ.ਐੱਸ.ਏ. ਸਿਟੀਜ਼ਨ ਉਮਰ 47 ਸਾਲ, ਕੱਦ 6’1" ਤਲਾਕਸ਼ੁਦਾ, ਸਥਾਪਿਤ ਕੰਪਨੀ ਵਿਚ ਕੰਮ ਕਰਦੇ ਸ਼ਰਾਬ ਜਾਂ ਹੋਰ ਨਸ਼ਿਆਂ ਤੋਂ ਰਹਿਤ ਖਾਨਦਾਨੀ ਲੜਕੇ ਲਈ ਭਾਰਤੀ ਕਦਰਾਂ-ਕੀਮਤਾਂ ਨੂੰ ਸਮਝਣ ਵਾਲੀ ਯੂ.ਐੱਸ.ਏ. ਜਾਂ ਭਾਰਤ ਵਿਚ ਰਹਿੰਦੀ ਖਾਨਦਾਨੀ ਲੜਕੀ (ਉਮਰ 39-42 ਸਾਲ) ਦੀ ਲੋੜ ਹੈ। ਤਲਾਕਸ਼ੁਦਾ ਵੀ ਵਿਚਾਰਨਯੋਗ। ਅੰਮ੍ਰਿਤਸਰ ਵਿਚ ਹਰਿਮੰਦਰ ਸਾਹਿਬ ਨੇੜੇ ਕਰੋੜਾਂ ਦੀ ਜਾਇਦਾਦ। ਚਾਹਵਾਨ ਸੰਪਰਕ ਕਰਨ: 484-219-4922) or E-mail at baljitrandhawa0001@gmail.com

41-44

Looking for a suitable match for an Arora sikh boy. 6’1", 1992 born. Masters in SCM from UTD and working in Dallas, TX in IT with Deloitte on H1-B. He holds Canadian PR and we prefer a Punjabi girl (caste no bar) settled in the USA or Canada. Please contact us at 516-532-3023 or email at 10.guneet@gmail.com

41-44

Looking for suitable match for 42, 6”, clean shaven Jatt Sikh Neuro-surgeon boy, working in Chicago. Divorcee, one daughter custody with mother. Contact us at: 917-238-3060

35----


AVEER TRAVEL SOLUTIONS LLC

ਇਮੀਗ੍ਰੇਸ਼ਨ ਨਾਲ ਸਬੰਧਤ ਹੇਠ ਲਿਖੀਆਂ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ:

- US Passport Services
- EAD Renewal
- Indian Passport Renewal
- Flight Tickets
- US Citizenship Application
- Visa Services
- Green Card Renewal
- Notary Services
- OCI & Renunciation
- Power of Attorney
- Airport Pick-up & Drop-Off Services

Contact: Aman Kaur Ph: 847-338-2141

(Consular Expert with more than 10 years of experience)

E-mail: Aveertravel@gmail.com

ਤੁਸੀਂ ਸਾਡੇ ਨਾਲ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿਚ ਗੱਲ ਕਰ ਸਕਦੇ ਹੋ।

*For Airport Drop-Off and Pickup Indy to Chicago Please Contact AVI at: 847-226-2323*

*We provide the service all over AMERICA. Located in INDIANAPOLIS (IN)*

ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ।

ਚੰਗੀ ਤਨਖਾਹ ਤੇ ਰਿਹਾਇਸ਼ ਦਾ ਪ੍ਰਬੰਧ




ਚਾਹਵਾਨ ਸੰਪਰਕ ਕਰਨ: 608-886-2500

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਕਾਲ ਕਰੋ: 847-359-0746

Visit us on the web: **wwwpunjabtimesusa.com**

# ਮਾਨ ਸਰਕਾਰ ਨੇ ਮੰਗਾਂ ਮੰਨੀਆਂ; ਖੁਸ਼ ਕੀਤੇ ਸਰਕਾਰੀ ਮੁਲਾਜ਼ਮ

**ਚੰਡੀਗੜ੍ਹ:** ਪੰਜਾਬ ਵਜ਼ਾਰਤ ਨੇ ਮੁਲਾਜ਼ਮਾਂ ਦੀ ਚਿਰੋਕਣੀ ਮੰਗ ਨੂੰ ਪੂਰਾ ਕਰਦੇ ਹੋਏ ਸੂਬੇ ਵਿਚ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਲਈ ਨੋਟੀਫਿਕੇਸ਼ਨ ਜਾਰੀ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਨਵੀਂ ਪੈਨਸ਼ਨ ਸਕੀਮ (ਐਨ.ਪੀ.ਐਸ.) ਅਧੀਨ ਸੇਵਾਵਾਂ ਨਿਭਾਅ ਰਹੇ ਸਰਕਾਰੀ ਮੁਲਾਜ਼ਮ ਹੁਣ ਪੁਰਾਣੀ ਪੈਨਸ਼ਨ ਸਕੀਮ ਲੈਣ ਦੇ ਯੋਗ ਹੋਣਗੇ। ਇਸ ਸਕੀਮ ਦਾ 1.75 ਲੱਖ ਤੋਂ ਵੱਧ ਸਰਕਾਰੀ ਮੁਲਾਜ਼ਮਾਂ ਨੂੰ ਸਿੱਧਾ ਲਾਭ ਹੋਵੇਗਾ ਜਦੋਂ ਕਿ 1.26 ਲੱਖ ਮੁਲਾਜ਼ਮ ਪਹਿਲਾਂ ਹੀ ਪੁਰਾਣੀ ਪੈਨਸ਼ਨ ਸਕੀਮ ਦੇ ਦਾਇਰੇ ਹੇਠ ਆਉਂਦੇ ਹਨ।



ਮੁੱਖ ਮੰਤਰੀ ਭਗਵੰਤ ਮਾਨ ਦੀ ਪ੍ਰਧਾਨਗੀ ਹੇਠ ਹੋਈ ਕੈਬਨਿਟ ਮੀਟਿੰਗ 'ਚ ਲਏ ਇਸ ਫੈਸਲੇ ਨਾਲ ਅਗਲੇ ਪੰਜ ਸਾਲਾਂ ਵਿਚ 4100 ਮੁਲਾਜ਼ਮਾਂ ਨੂੰ ਇਸ ਸਕੀਮ ਦਾ ਫਾਇਦਾ ਮਿਲਣ ਦੀ ਸੰਭਾਵਨਾ ਹੈ। ਮੁਲਾਜ਼ਮਾਂ ਨੂੰ ਸਕੀਮ ਦਾ ਲਾਭ ਦੇਣ ਤੇ ਇਸ (ਸਕੀਮ) ਨੂੰ ਖਜ਼ਾਨੇ ਮੁਆਫਕ ਬਣਾਉਣ ਲਈ ਸਰਕਾਰ ਪੈਨਸ਼ਨ ਕਾਰਪਸ ਦੀ ਸਿਰਜਣਾ ਲਈ ਕੰਮ ਕਰੇਗੀ। ਮੁਢਲੇ ਤੌਰ ਉਤੇ ਪੈਨਸ਼ਨ ਕਾਰਪਸ ਵਿਚ ਸਾਲਾਨਾ ਇਕ ਹਜ਼ਾਰ ਕਰੋੜ ਰੁਪਏ ਦਾ ਯੋਗਦਾਨ ਦਿੱਤਾ ਜਾਵੇਗਾ। ਸਰਕਾਰੀ ਬੁਲਾਰੇ ਨੇ ਦੱਸਿਆ ਕਿ ਮੌਜੂਦਾ ਸਮੇਂ ਐਨ.ਪੀ.ਐਸ. ਵਿਚ ਕੁੱਲ 16,746 ਕਰੋੜ ਰੁਪਏ ਜਮ੍ਹਾਂ ਹਨ, ਜਿਸ ਲਈ ਸੂਬਾ ਸਰਕਾਰ ਪੈਨਸ਼ਨ ਫੰਡ ਰੈਗੂਲੇਟਰੀ ਐਂਡ ਡਿਵੈਲਪਮੈਂਟ ਅਥਾਰਿਟੀ (ਐਫ.ਆਰ.ਡੀ.ਏ.) ਨੂੰ ਇਹ ਪੈਸਾ ਵਾਪਸ ਕਰਨ ਦੀ ਅਪੀਲ ਕਰੇਗੀ।

ਇਸ ਦੌਰਾਨ ਪੰਜਾਬ ਕੈਬਨਿਟ ਨੇ ਸਰਕਾਰੀ ਕਾਲਜਾਂ ਵਿਚ ਪ੍ਰਿੰਸੀਪਲਾਂ ਦੀ ਸਿੱਧੀ ਭਰਤੀ ਲਈ ਉਮਰ ਹੱਦ 45 ਤੋਂ ਵਧਾ ਕੇ 53 ਸਾਲ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਤਾਂ ਕਿ ਸਹਾਇਕ ਪ੍ਰੋਫੈਸਰਾਂ/ ਪ੍ਰੋਫੈਸਰਾਂ ਨੂੰ 53 ਸਾਲ ਦੀ ਉਮਰ ਤੱਕ ਇਨ੍ਹਾਂ ਅਸਾਮੀਆਂ ਲਈ ਬਿਨੈ ਕਰਨ ਦੇ ਯੋਗ ਬਣਾਇਆ ਜਾ ਸਕੇ।

ਇਹ ਅਸਾਮੀਆਂ ਪੰਜਾਬ ਲੋਕ ਸੇਵਾ ਕਮਿਸ਼ਨ (ਪੀ.ਪੀ.ਐਸ.ਸੀ.) ਰਾਹੀਂ ਭਰੀਆਂ ਜਾਣਗੀਆਂ। ਇਕ ਹੋਰ ਫੈਸਲੇ ਵਿਚ ਕੈਬਨਿਟ ਨੇ ਐਨ.ਆਰ.ਆਈ. ਵਿਭਾਗ ਦੀਆਂ ਸਾਲਾਨਾ ਪ੍ਰਬੰਧਕੀ ਰਿਪੋਰਟਾਂ ਨੂੰ ਹਰੀ ਝੰਡੀ ਦੇ ਦਿੱਤੀ। ਕੈਬਨਿਟ ਨੇ ਰਾਜਿੰਦਰ ਗੁਪਤਾ, ਅੰਮ੍ਰਿਤ ਸਾਗਰ ਮਿੱਤਲ ਤੇ ਸੁਨੀਲ ਗੁਪਤਾ ਨੂੰ ਪਲਾਨਿੰਗ ਬੋਰਡ ਵਿਚ ਕੈਬਨਿਟ ਰੈਂਕ ਨਾਲ ਵਾਈਸ ਚੇਅਰਮੈਨ ਨਿਯੁਕਤ ਕਰਨ ਦੀ ਕਾਰਜ ਬਾਅਦ ਪ੍ਰਵਾਨਗੀ ਦਿੱਤੀ। ਹੋਰਨਾਂ ਫੈਸਲਿਆਂ ਵਿਚ ਕੈਬਨਿਟ ਨੇ ਪ੍ਰਸ਼ਾਸਨਿਕ ਸੁਧਾਰ ਵਿਭਾਗ ਤੇ ਆਈਡੀਇਨਸਾਈਟਸ ਇੰਡੀਆ ਪ੍ਰਾਈਵੇਟ ਲਿਮਟਿਡ ਵਿਚਾਲੇ ਸਮਝੌਤਾ ਸਹੀਬੱਧ ਕਰਨ ਦੀ ਸਹਿਮਤੀ ਦਿੱਤੀ। ਇਸ ਸਮਝੌਤੇ ਰਾਹੀਂ ਡੇਟਾ ਤੇ ਪ੍ਰਮਾਣਾਂ ਦੀ ਵਰਤੋਂ ਸਬੰਧੀ ਸਰਕਾਰੀ ਸਮਰੱਥਾਵਾਂ ਵਿਚ ਵਾਧਾ ਕਰਨ ਲਈ ਮਾਹਿਰਾਂ ਦੀਆਂ ਸੇਵਾਵਾਂ ਮੁਫ਼ਤ ਵਿਚ ਲੈਣ ਲਈ ਸਰਕਾਰ ਆਈਡੀਇਨਸਾਈਟਸ ਇੰਡੀਆ ਨਾਲ ਸਹਿਯੋਗ ਕਰੇਗੀ।

ਕੈਬਨਿਟ ਨੇ ਮਾਲ ਰਿਕਾਰਡ ਵਿਚ ਗੈਰ-ਕਾਸ਼ਤਯੋਗ ਮੰਤਵਾਂ ਲਈ ਜ਼ਮੀਨ ਐਕੁਆਇਰ ਕਰਨ ਲਈ ਜ਼ਮੀਨ ਦੀ ਵਰਤੋਂ ਬਦਲਣ ਵਾਸਤੇ ਫਾਰਮ 'ਐੱਲ' ਤੇ ਫਾਰਮ 'ਐੱਮ' ਲਾਗੂ ਕਰਨ ਲਈ ਪੰਜਾਬ ਭੌਂ ਸੁਧਾਰ ਨਿਯਮ, 1973 ਵਿਚ ਸੋਧ ਕਰ ਕੇ ਇਸ ਵਿਚ ਨਿਯਮ 6-ਏ ਜੋੜਨ ਦੀ ਪ੍ਰਵਾਨਗੀ ਦਿੱਤੀ। ਕੈਬਨਿਟ ਨੇ 20 ਸਰਕਾਰੀ ਗਊਸ਼ਾਲਾਵਾਂ ਸਮੇਤ ਰਜਿਸਟਰਡ (ਤਸਦੀਕਸ਼ੁਦਾ) ਗਊਸ਼ਾਲਾਵਾਂ ਦੇ 31 ਅਕਤੂਬਰ ਤੱਕ ਦੇ ਬਿਜਲੀ ਬਿੱਲਾਂ ਦੇ ਬਕਾਏ ਵੀ ਮੁਆਫ ਕਰ ਦਿੱਤੇ। ਗਊਸ਼ਾਲਾਵਾਂ ਵੱਲ ਇਸ ਵੇਲੇ ਕਰੀਬ 10.50 ਕਰੋੜ ਦੇ ਬਕਾਏ ਖੜ੍ਹੇ ਹਨ ਜਦੋਂ ਕਿ ਗਊ ਸੈੱਸ ਦੀ ਕਰੀਬ 19.50 ਕਰੋੜ ਦੀ ਰਾਸ਼ੀ ਵੀ ਪਾਵਰਕੌਮ ਕੋਲ ਪਈ ਹੈ ਜਿਸ ਕਰ ਕੇ ਇਨ੍ਹਾਂ ਫੰਡਾਂ ਨਾਲ ਹੀ ਅਡਜਸਟਮੈਂਟ ਹੋ ਜਾਣੀ ਹੈ।

### ਵਜ਼ਾਰਤ ਦਾ ਫੈਸਲਾ ਬਾਕੀ ਸੂਬਿਆਂ ਲਈ ਮਿਸਾਲ ਕਰਾਰ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਨੇ ਪੰਜਾਬ ਕੈਬਨਿਟ ਵੱਲੋਂ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਨੂੰ ਹਰੀ ਝੰਡੀ ਦੇਣ ਦੇ ਫੈਸਲੇ ਦਾ ਸਵਾਗਤ ਕੀਤਾ ਹੈ। 'ਆਪ' ਬੁਲਾਰਿਆਂ ਅਨੁਸਾਰ ਉਨ੍ਹਾਂ ਦੀ ਪਾਰਟੀ ਨੇ ਆਪਣਾ ਇਕ ਹੋਰ ਚੋਣ ਵਾਅਦਾ ਪੂਰਾ ਕਰਦਿਆਂ ਇਸ ਵਾਰ ਪੰਜਾਬ ਦੇ ਮੁਲਾਜ਼ਮ ਵਰਗ ਦੇ ਹੱਕ 'ਚ ਫੈਸਲਾ ਲੈ ਕੇ ਇਹ ਸਾਬਤ ਕਰ ਦਿੱਤਾ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਦੇ ਹਰ ਵਰਗ ਦੀ ਸਰਕਾਰ ਹੈ। ਪਾਰਟੀ ਦੇ ਮੁੱਖ ਦਫਤਰ ਤੋਂ ਪਾਰਟੀ ਦੇ ਸੀਨੀਅਰ ਬੁਲਾਰੇ ਨੀਲ ਗਰਗ ਅਤੇ 'ਆਪ' ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਭਾਜਪਾ ਅਤੇ ਕਾਂਗਰਸ ਦੀ ਲੋਕ-ਵਿਰੋਧੀ ਰਾਜਨੀਤੀ ਦਾ ਸ਼ਿਕਾਰ ਮੁਲਾਜ਼ਮ ਵਰਗ ਨੂੰ ਪੰਜਾਬ ਦੀ 'ਆਪ' ਸਰਕਾਰ ਨੇ ਵੱਡੀ ਰਾਹਤ ਦਿੱਤੀ ਹੈ।


## ਬੇਦਖਲੀ ਨੋਟਿਸ

***ਅਸੀਂ ਮਾਨ ਕੌਰ, ਬਲਵਿੰਦਰ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਬੱਦੋਵਾਲ ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਆਮ ਤੇ ਖਾਸ ਨੂੰ ਸੂਚਿਤ ਕਰਦੇ ਹਾਂ ਕਿ ਸਾਡੀ ਛੋਟੀ ਪੁੱਤਰੀ ਹਰਮੀਤ ਕੌਰ ਸਾਡੇ ਕਹਿਣੇ ਵਿਚ ਨਹੀਂ ਹੈ ਜਿਸ ਕਰਕੇ ਅਸੀਂ ਉਸ ਨੂੰ ਚੱਲ-ਅਚੱਲ ਜਾਇਦਾਦ ਜੋ ਸੰਸਾਰ ਵਿਚ ਕਿਤੇ ਵੀ ਹੋਵੇ, ਤੋਂ ਪੂਰੀ ਤਰ੍ਹਾਂ ਬੇਦਖਲ ਕਰਦੇ ਹਾਂ। ਹੁਣ ਸਾਡੇ ਪਰਿਵਾਰ ਦਾ ਉਸ ਨਾਲ ਕਿਸੇ ਕਿਸਮ ਦਾ ਸਬੰਧ ਨਹੀਂ ਹੈ। ਸਾਡੇ ਨਾਲ ਸਬੰਧਤ ਫੋਟੋਆਂ, ਕਾਗਜ਼ਾਤ ਅਤੇ ਹੋਰ ਰਿਕਾਰਡ ਉਸ ਨੂੰ ਵਰਤਣ ਦੀ ਮਨਾਹੀ ਹੈ। ਹਰਮੀਤ ਕੌਰ ਨਾਲ ਲੈਣ-ਦੇਣ, ਵਰਤ-ਵਰਤਾਵਾ ਰੱਖਣ ਵਾਲਾ ਹਰ ਤਰ੍ਹਾਂ ਨਾਲ ਖੁਦ ਜ਼ਿੰਮੇਵਾਰ ਹੋਵੇਗਾ। ਨੋਟਿਸ ਦੀ ਉਲੰਘਣਾਕਰਨ 'ਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।***

## EVICTION NOTICE

***We Maan Kaur, Balwinder Singh Resident of V.P.O. Baddowal Teh\District Ludhiana inform the public that our younger daughter named Harmeet Kaur is not in our say (not obeying us). we fully Evict Hameet Kaur from movable-immovable property where ever in the world. Our family have no relation with her. Harmeet Kaur not allowed to use photos, papers and record relates to us any where. Any person or personsdeals With Harmeet Kaur in any way should personally responsible. Anyone disobeying this legal notice, action will be taken.***


## ਪੰਜਾਬੀ ਫਿਲਮਾਂ ਦੀ ਉਘੀ ਅਦਾਕਾਰਾ ਦਲਜੀਤ ਕੌਰ ਦਾ ਦੇਹਾਂਤ

**ਗੁਰੂਸਰ ਸੁਧਾਰ:** ਪੰਜਾਬੀ ਸਿਨੇਮਾ ਜਗਤ ਦੀ ਪ੍ਰਸਿੱਧ ਅਭਿਨੇਤਰੀ ਦਲਜੀਤ ਕੌਰ (69) ਦਾ ਦੇਹਾਂਤ ਹੋ ਗਿਆ। ਆਪਣੇ ਜ਼ਮਾਨੇ ਵਿਚ ਪੰਜਾਬੀ ਫਿਲਮਾਂ ਦੀ 'ਹੇਮਾ ਮਾਲਿਨੀ' ਵਜੋਂ ਮਸ਼ਹੂਰ ਰਹੀ ਦਲਜੀਤ ਕੌਰ ਨੇ 100 ਤੋਂ ਵੱਧ ਪੰਜਾਬੀ ਫਿਲਮਾਂ ਵਿਚ ਕੰਮ ਕੀਤਾ ਸੀ। ਉਨ੍ਹਾਂ ਦਰਜਨ ਦੇ ਕਰੀਬ ਹਿੰਦੀ ਫਿਲਮਾਂ ਵਿਚ ਵੀ ਆਪਣੀ ਅਦਾਕਾਰੀ ਦੇ ਜਲਵੇ ਦਿਖਾਏ ਸਨ। ਉਹ ਪਿਛਲੇ ਕਈ ਸਾਲਾਂ ਤੋਂ ਗੁਮਨਾਮੀ ਦੀ ਜ਼ਿੰਦਗੀ ਜੀਅ ਰਹੇ ਸਨ ਅਤੇ ਬਿਮਾਰ ਚਲੇ ਆ ਰਹੇ ਸਨ।



ਲੁਧਿਆਣਾ ਜ਼ਿਲ੍ਹੇ ਦੇ ਪਿੰਡ ਐਤੀਆਣਾ ਨਾਲ ਸਬੰਧਤ ਦਲਜੀਤ ਕੌਰ ਦਾ ਸਥਾਨਕ ਕਸਬਾ ਗੁਰੂਸਰ ਸੁਧਾਰ (ਨਵੀਂ ਆਬਾਦੀ ਅਕਾਲਗੜ੍ਹ) ਦੇ ਸ਼ਮਸ਼ਾਨਘਾਟ ਵਿਚ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਦਲਜੀਤ ਕੌਰ ਦਾ ਜਨਮ 1953 'ਚ ਸਿਲੀਗੁੜੀ 'ਚ ਹੋਇਆ ਸੀ। ਮੁਢਲੀ ਪੜ੍ਹਾਈ ਸਿਲੀਗੁੜੀ ਦੇ ਕਾਨਵੈਂਟ ਸਕੂਲ 'ਚ ਕਰਨ ਤੋਂ ਬਾਅਦ ਉਨ੍ਹਾਂ ਗਰੈਜੂਏਸ਼ਨ ਦਿੱਲੀ ਦੇ ਸ੍ਰੀਰਾਮ ਕਾਲਜ 'ਚੋਂ ਕੀਤੀ। ਪਿਤਾ ਮਹਿੰਦਰ ਸਿੰਘ ਧੀ ਨੂੰ ਡਾਕਟਰ ਬਣਾਉਣਾ ਚਾਹੁੰਦੇ ਸਨ ਪਰ ਦਲਜੀਤ ਕੌਰ ਦੀ ਰੁਚੀ ਐਕਟਿੰਗ ਵਿਚ ਸੀ।

ਗਰੈਜੂਏਸ਼ਨ ਮਗਰੋਂ ਉਨ੍ਹਾਂ ਪੂਨੇ ਦੇ ਫਿਲਮ ਇੰਸਟੀਚਿਊਟ ਵਿਚ ਦਾਖਲਾ ਲੈ ਕੇ ਕਈ ਲਘੂ ਫਿਲਮਾਂ ਵਿਚ ਕੰਮ ਕੀਤਾ। ਸਾਲ 1976 ਵਿਚ ਉਨ੍ਹਾਂ ਦੀ ਧੀਰਜ ਕੁਮਾਰ ਨਾਲ ਪਹਿਲੀ ਫਿਲਮ 'ਦਾਜ' ਰਿਲੀਜ਼ ਹੋਈ ਸੀ। ਇਸ ਤੋਂ ਬਾਅਦ ਉਨ੍ਹਾਂ ਕਈ ਸੁਪਰਹਿੱਟ ਪੰਜਾਬੀ ਅਤੇ ਹਿੰਦੀ ਫਿਲਮਾਂ ਕੀਤੀਆਂ, ਜਿਨ੍ਹਾਂ ਵਿਚ 'ਪੁੱਤ ਜੱਟਾਂ ਦੇ', 'ਮਾਮਲਾ ਗੜਬੜ ਹੈ', 'ਸੈਦਾਂ ਜੋਗਣ', 'ਬਟਵਾਰਾ', 'ਕੀ ਬਣੂ ਦੁਨੀਆ ਦਾ', 'ਸਰਪੰਚ', 'ਪਟੋਲਾ', 'ਇਸ਼ਕ ਨਿਮਾਣਾ', 'ਨਿੰਮੋ', 'ਅਣਖ ਜੱਟਾਂ ਦੀ', 'ਮਾਹੌਲ ਠੀਕ ਹੈ', 'ਜੀ ਆਇਆਂ ਨੂੰ', 'ਹੀਰ ਰਾਂਝਾ', 'ਸਿੰਘ ਵਰਸਿਜ਼ ਕੌਰ' ਅਤੇ 'ਜੱਟ ਬੁਆਇਜ਼' ਆਦਿ ਫਿਲਮਾਂ ਸ਼ਾਮਲ ਹਨ।

ਉਨ੍ਹਾਂ ਸਨੀ ਦਿਉਲ ਨਾਲ 'ਡਕੈਤ', ਰਿਸ਼ੀ ਕਪੂਰ ਨਾਲ 'ਧਨ ਦੌਲਤ', ਧਰਮਿੰਦਰ ਅਤੇ ਸ਼ਤਰੂਘਨ ਸਿਨਹਾ ਨਾਲ 'ਜੀਨੇ ਨਹੀਂ ਦੂੰਗਾ' ਅਤੇ ਜੈਕੀ ਸ਼ਰਾਫ ਨਾਲ 'ਏਕ ਔਰ ਏਕ ਗਿਆਰਾਂ' ਤੋਂ ਇਲਾਵਾ ਮਿਥੁਨ ਚੱਕਰਵਰਤੀ ਨਾਲ ਹਿੰਦੀ ਤੋਂ ਇਲਾਵਾ ਕਈ ਮਲਿਆਲਮ ਅਤੇ ਕੰਨੜ ਭਾਸ਼ਾ ਵਿਚ ਫਿਲਮਾਂ ਕੀਤੀਆਂ ਸਨ। ਦਲਜੀਤ ਕੌਰ ਐਕਟਿੰਗ ਅਤੇ ਡਾਂਸਿੰਗ ਤੋਂ ਇਲਾਵਾ ਹਾਕੀ ਅਤੇ ਕਬੱਡੀ ਦੀ ਚੰਗੀ ਖਿਡਾਰਨ ਵੀ ਸੀ। ਪਤੀ ਹਰਮਿੰਦਰ ਸਿੰਘ ਦਿਉਲ ਦੀ ਸੜਕ ਹਾਦਸੇ ਵਿਚ ਮੌਤ ਨੇ ਦਲਜੀਤ ਕੌਰ ਨੂੰ ਤੋੜ ਕੇ ਰੱਖ ਦਿੱਤਾ ਸੀ ਅਤੇ ਉਨ੍ਹਾਂ ਫਿਲਮਾਂ ਕਰਨੀਆਂ ਬੰਦ ਕਰ ਦਿੱਤੀਆਂ ਸਨ। ਅਰਸੇ ਬਾਅਦ 2001 ਇਕ ਵਿਚ ਉਨ੍ਹਾਂ ਮੁੜ ਫਿਲਮੀ ਦੁਨੀਆ ਵੱਲ ਰੁਖ ਕੀਤਾ ਸੀ ਪਰ 12 ਸਾਲ ਪਹਿਲਾਂ ਉਨ੍ਹਾਂ ਨੂੰ ਮਾਨਸਿਕ ਪਰੇਸ਼ਾਨੀ ਨੇ ਐਸਾ ਘੇਰਿਆ ਕਿ ਉਹ ਗੰਭੀਰ ਬਿਮਾਰ ਹੋ ਗਏ।

## ਸਰਕਾਰ ਸਿਰ ਸਬਸਿਡੀ ਬਿੱਲਾਂ ਦੀ ਪੰਡ ਹੋਰ ਭਾਰੀ ਹੋਣ ਲੱਗੀ

**ਚੰਡੀਗੜ੍ਹ:** ਪੰਜਾਬ ਵਿਚ ਸਰਦੀ ਦਾ ਮੌਸਮ ਸ਼ੁਰੂ ਹੋਣ ਦੇ ਨਾਲ ਹੀ ਸਰਕਾਰ ਦੀ ਸਬਸਿਡੀ ਬਿੱਲ ਦੀ ਪੰਡ ਭਾਰੀ ਹੋਣ ਲੱਗ ਪਈ ਹੈ। ਘਰੇਲੂ ਬਿਜਲੀ ਦੇ 'ਜ਼ੀਰੋ ਬਿੱਲਾਂ' ਦਾ ਅੰਕੜਾ ਸਿਖਰ ਵੱਲ ਜਾਣ ਲੱਗ ਪਿਆ ਹੈ। ਬਿਜਲੀ ਸਬਸਿਡੀ ਦਾ ਲਾਹਾ ਲੈਣ 'ਚ ਸਿਰਫ ਸਵਾ ਤਿੰਨ ਫੀਸਦੀ ਖਪਤਕਾਰ ਹੀ ਬਾਕੀ ਬਚੇ ਹਨ।

ਵੇਰਵਿਆਂ ਅਨੁਸਾਰ ਅਕਤੂਬਰ ਵਿਚ 97.17 ਫੀਸਦੀ ਘਰੇਲੂ ਖਪਤਕਾਰਾਂ ਨੂੰ ਬਿਜਲੀ ਸਬਸਿਡੀ ਮਿਲੀ ਹੈ ਜਦਕਿ ਸਿਰਫ ਪੌਣੇ ਤਿੰਨ ਫੀਸਦੀ ਖਪਤਕਾਰਾਂ ਨੂੰ ਹੀ ਬਿਜਲੀ ਦਾ ਪੂਰਾ ਮੁੱਲ ਤਾਰਨਾ ਪਿਆ ਹੈ। ਪੰਜਾਬ ਸਰਕਾਰ ਨੇ ਪਹਿਲੀ ਜੁਲਾਈ ਤੋਂ 600 ਯੂਨਿਟ ਬਿਜਲੀ ਮੁਆਫ ਕਰਨ ਦਾ ਫੈਸਲਾ ਲਾਗੂ ਕੀਤਾ ਸੀ। ਜੁਲਾਈ ਵਿਚ 62.36 ਫੀਸਦੀ, ਅਗਸਤ ਵਿਚ 67.53 ਫੀਸਦੀ ਅਤੇ ਸਤੰਬਰ ਵਿਚ 70.74 ਫੀਸਦੀ ਘਰੇਲੂ ਖਪਤਕਾਰਾਂ ਨੂੰ ਬਿਜਲੀ ਦੇ ਜ਼ੀਰੋ ਬਿੱਲ ਮਿਲੇ ਹਨ। ਜਿਵੇਂ ਜਿਵੇਂ ਮੌਸਮ ਠੰਢਾ ਹੋਣ ਲੱਗ ਪਿਆ ਹੈ, ਜ਼ੀਰੋ ਬਿੱਲਾਂ ਦੀ ਗਿਣਤੀ ਵੀ ਵਧਣ ਲੱਗ ਪਈ ਹੈ।

ਅਕਤੂਬਰ ਵਿਚ 76.07 ਫੀਸਦੀ ਖਪਤਕਾਰਾਂ ਨੂੰ ਬਿਜਲੀ ਦੇ ਜ਼ੀਰੋ ਬਿੱਲ ਪ੍ਰਾਪਤ ਹੋਏ ਹਨ। ਸਰਦੀ ਸ਼ੁਰੂ ਹੋਣ ਨਾਲ ਹੀ 84.58 ਫੀਸਦੀ ਘਰੇਲੂ ਖਪਤਕਾਰਾਂ ਨੂੰ 15 ਨਵੰਬਰ ਤੱਕ ਜ਼ੀਰੋ ਬਿੱਲ ਮਿਲੇ ਹਨ। ਮਾਹਿਰਾਂ ਮੁਤਾਬਕ ਜਿਵੇਂ ਹੀ ਠੰਢ ਹੋਰ ਵਧੇਗੀ, ਜ਼ੀਰੋ ਬਿੱਲਾਂ ਦਾ ਲਾਹਾ ਲੈਣ ਵਾਲੇ ਖਪਤਕਾਰਾਂ ਦੇ ਅੰਕੜੇ ਵਿਚ ਹੋਰ ਵਾਧਾ ਹੋਵੇਗਾ। 13 ਨਵੰਬਰ ਨੂੰ ਜਾਰੀ ਹੋਏ ਬਿੱਲਾਂ 'ਤੇ ਨਜ਼ਰ ਮਾਰੀਏ ਤਾਂ ਕਰੀਬ 87.87 ਫੀਸਦੀ ਖਪਤਕਾਰਾਂ ਨੂੰ ਜ਼ੀਰੋ ਬਿੱਲ ਭੇਜੇ ਗਏ ਹਨ। ਕਾਂਗਰਸ ਸਰਕਾਰ ਦੌਰਾਨ ਐਸ.ਸੀ/ਬੀ.ਸੀ/ਬੀ.ਪੀ.ਐਲ. ਪਰਿਵਾਰਾਂ ਨੂੰ ਪ੍ਰਤੀ ਮਹੀਨਾ 200 ਯੂਨਿਟ ਬਿਜਲੀ ਮੁਆਫ ਸੀ। ਵਰ੍ਹਾ 2021-22 ਦੇ ਅਗਸਤ ਮਹੀਨੇ ਵਿਚ 26.72 ਫੀਸਦੀ ਘਰੇਲੂ ਖਪਤਕਾਰਾਂ ਨੂੰ ਸਬਸਿਡੀ ਦਾ ਲਾਹਾ ਮਿਲਿਆ ਸੀ ਜਦਕਿ ਮੌਜੂਦਾ ਵਰ੍ਹੇ ਅਗਸਤ 'ਚ 96.75 ਫੀਸਦੀ ਖਪਤਕਾਰਾਂ ਨੂੰ ਬਿਜਲੀ ਸਬਸਿਡੀ ਹਾਸਲ ਹੋਈ ਹੈ।

ਪਿਛਲੇ ਮਾਲੀ ਵਰ੍ਹੇ 'ਚ ਅਕਤੂਬਰ ਵਿਚ 28.11 ਫੀਸਦੀ ਘਰੇਲੂ ਖਪਤਕਾਰਾਂ ਨੂੰ ਬਿਜਲੀ ਸਬਸਿਡੀ ਦਾ ਫਾਇਦਾ ਮਿਲਿਆ ਸੀ ਜਦਕਿ ਚਾਲੂ ਵਰ੍ਹੇ ਦੇ ਅਕਤੂਬਰ ਮਹੀਨੇ ਵਿਚ ਬਿਜਲੀ ਸਬਸਿਡੀ ਦਾ ਲਾਹਾ ਲੈਣ ਵਾਲੇ ਖਪਤਕਾਰਾਂ ਦਾ ਅੰਕੜਾ 97.17 ਫੀਸਦੀ ਰਿਹਾ। ਜ਼ੀਰੋ ਬਿੱਲ ਵਾਲੇ ਖਪਤਕਾਰਾਂ ਦੀ ਗਿਣਤੀ ਵਧਣ ਨਾਲ ਸਰਕਾਰ ਦੇ ਖ਼ਜ਼ਾਨੇ 'ਤੇ ਵੀ ਬੋਝ ਵਧੇਗਾ।

ਲੰਘੇ ਤਿੰਨ ਮਹੀਨਿਆਂ ਦੌਰਾਨ ਇਕੱਲੇ ਘਰੇਲੂ ਖਪਤਕਾਰਾਂ ਨੂੰ ਦਿੱਤੀ ਜਾਣ ਵਾਲੀ ਸਬਸਿਡੀ ਦਾ ਬਿੱਲ 2070.91 ਕਰੋੜ ਰੁਪਏ ਬਣ ਗਿਆ ਹੈ ਜੋ ਪਿਛਲੇ ਮਾਲੀ ਵਰ੍ਹੇ ਦੇ ਇਨ੍ਹਾਂ ਤਿੰਨ ਮਹੀਨਿਆਂ ਵਿਚ ਸਿਰਫ 482 ਕਰੋੜ ਰੁਪਏ ਸੀ। ਮਤਲਬ ਕਿ 600 ਯੂਨਿਟ ਬਿਜਲੀ ਮੁਆਫ ਕਰਨ ਨਾਲ ਤਿੰਨ ਮਹੀਨਿਆਂ ਵਿਚ ਹੀ ਕੁੱਲ ਸਬਸਿਡੀ ਵਿਚ 1588 ਕਰੋੜ ਦਾ ਇਜ਼ਾਫਾ ਹੋ ਗਿਆ ਹੈ। ਘਰੇਲੂ ਖਪਤਕਾਰਾਂ ਨੂੰ ਦਿੱਤੀ ਜਾਣ ਵਾਲੀ ਬਿਜਲੀ ਸਬਸਿਡੀ ਵਿਚ ਤਿੰਨ ਰੁਪਏ ਪ੍ਰਤੀ ਯੂਨਿਟ ਦੀ ਛੋਟ ਵੀ ਸ਼ਾਮਲ ਹੈ। ਐਤਕੀਂ ਅਪਰੈਲ ਤੋਂ ਅਕਤੂਬਰ ਤੱਕ ਘਰੇਲੂ ਬਿਜਲੀ ਦੀ ਕੁੱਲ ਸਬਸਿਡੀ 3060 ਕਰੋੜ ਰੁਪਏ ਬਣੀ ਹੈ ਜੋ ਪਿਛਲੇ ਵਰ੍ਹੇ ਇਸੇ ਸਮੇਂ ਦੌਰਾਨ 1071 ਕਰੋੜ ਰੁਪਏ ਸੀ। ਪੰਜਾਬ ਸਰਕਾਰ ਦੇ ਸਿਰ 'ਤੇ ਹਰ ਤਰ੍ਹਾਂ ਦੀ ਬਿਜਲੀ ਸਬਸਿਡੀ ਦਾ ਬੋਝ 18 ਹਜ਼ਾਰ ਕਰੋੜ ਰੁਪਏ ਸਲਾਨਾ ਦਾ ਹੋ ਗਿਆ ਹੈ।

ਪੰਜਾਬ ਸਰਕਾਰ ਵੱਲੋਂ ਝੋਨੇ ਦੇ ਸੀਜ਼ਨ ਦੌਰਾਨ ਜ਼ੋਨ ਬਣਾਏ ਜਾਣ ਅਤੇ ਬਾਰਸ਼ਾਂ ਪੈਣ ਕਰਕੇ ਬਿਜਲੀ ਦੀ ਖਪਤ ਵਿਚ ਜੂਨ ਮਹੀਨੇ ਵਿਚ 11.49 ਫੀਸਦੀ ਅਤੇ ਜੁਲਾਈ ਵਿਚ 15.18 ਫੀਸਦੀ ਦੀ ਕਮੀ ਆਈ ਹੈ। ਅਪਰੈਲ ਤੋਂ ਅਕਤੂਬਰ ਤੱਕ ਖੇਤੀ ਸੈਕਟਰ ਦੀ ਬਿਜਲੀ ਖਪਤ ਵਿਚ 6 ਫੀਸਦੀ ਦਾ ਵਾਧਾ ਹੋਇਆ ਹੈ। ਪਾਵਰਕੌਮ ਨੇ ਝੋਨੇ ਦੇ ਸੀਜ਼ਨ ਦੌਰਾਨ ਬਿਹਤਰ ਕਾਰਗੁਜ਼ਾਰੀ ਦਿਖਾਈ ਹੈ ਜਿਸ ਕਾਰਨ ਕਿਸਾਨਾਂ ਨੂੰ ਝੋਨਾ ਪਾਲਣ ਵਿਚ ਕੋਈ ਮੁਸ਼ਕਲ ਦਾ ਸਾਹਮਣਾ ਨਹੀਂ ਕਰਨਾ ਪਿਆ।

# ਸਿੱਖ ਵਿਦਿਆਰਥੀਆਂ ਨੂੰ ਯੂਨੀਵਰਸਿਟੀ 'ਚ ਕਿਰਪਾਨ ਪਹਿਨਣ ਦੀ ਇਜਾਜ਼ਤ



## ਭਾਰਤੀ ਮੂਲ ਦਾ ਪ੍ਰੋਫੈਸਰ ਯੂਨੀਵਰਸਿਟੀ ਦਾ ਵੀ.ਸੀ. ਬਣਿਆ

**ਟੋਰਾਂਟੋ:** ਭਾਰਤੀ ਮੂਲ ਦੇ ਉਘੇ ਵਨਸਪਤੀ ਮਾਹਿਰ ਪ੍ਰੋਫੈਸਰ ਐਚ. ਦੀਪ ਸੈਣੀ ਨੂੰ ਕੈਨੇਡਾ ਦੀ ਵੱਕਾਰੀ ਮੈਕਗਿਲ ਯੂਨੀਵਰਸਿਟੀ ਦਾ ਉਪ ਕੁਲਪਤੀ ਤੇ ਪ੍ਰਿੰਸੀਪਲ ਨਿਯੁਕਤ ਕੀਤਾ ਗਿਆ ਹੈ। ਮੈਕਗਿਲ ਵਿਚ 10 ਹਜ਼ਾਰ ਤੋਂ ਵੱਧ ਵਿਦੇਸ਼ੀ ਵਿਦਿਆਰਥੀ ਸਿੱਖਿਆ ਹਾਸਲ ਕਰ ਰਹੇ ਹਨ ਜਿਨ੍ਹਾਂ ਵਿਚ ਭਾਰਤੀ ਵੀ ਹਨ। ਕੌਮਾਂਤਰੀ ਪੱਧਰ 'ਤੇ ਮੈਕਗਿਲ ਦੁਨੀਆਂ ਵਿਚ 31ਵੇਂ ਨੰਬਰ ਉਤੇ ਹੈ ਜਦਕਿ ਕੈਨੇਡਾ ਵਿਚ ਇਹ ਸਭ ਤੋਂ ਚੋਟੀ ਦੀ ਯੂਨੀਵਰਸਿਟੀ ਹੈ। ਸੰਨ 2020 ਵਿਚ ਟਾਈਮਜ਼ ਹਾਇਰ ਐਜੂਕੇਸ਼ਨ ਸੂਚੀ ਵਿਚ ਮੈਕਗਿਲ ਸੰਸਾਰ ਵਿਚ 23ਵੇਂ ਨੰਬਰ ਉਤੇ ਸੀ।

**ਨਿਊ ਯਾਰਕ:** ਅਮਰੀਕਾ ਦੀ ਇਕ ਵੱਕਾਰੀ ਯੂਨੀਵਰਸਿਟੀ ਨੇ ਐਲਾਨ ਕੀਤਾ ਹੈ ਕਿ ਉਹ ਸਿੱਖ ਵਿਦਿਆਰਥੀਆਂ ਨੂੰ ਕੈਂਪਸ ਵਿਚ ਕਿਰਪਾਨ (ਸ੍ਰੀ ਸਾਹਿਬ) ਪਹਿਨਣ ਦੀ ਆਗਿਆ ਦੇਵੇਗੀ। ਸਿੱਖ ਧਰਮ ਵਿਚ ਸ੍ਰੀ ਸਾਹਿਬ ਇਕ ਧਾਰਮਿਕ ਚਿੰਨ੍ਹ ਹੈ। ਇਹ ਕਦਮ ਲਗਭਗ ਦੋ ਮਹੀਨੇ ਪਹਿਲਾਂ ਕਿਰਪਾਨ ਰੱਖਣ ਕਾਰਨ ਚਾਰਲਟ ਵਿਚ ਉਤਰੀ ਕੈਰੋਲੀਨਾ ਯੂਨੀਵਰਸਿਟੀ ਦੇ ਇਕ ਵਿਦਿਆਰਥੀ ਨੂੰ ਹਥਕੜੀ ਲਾਏ ਜਾਣ ਦੀ ਘਟਨਾ ਦੀ ਵੀਡੀਓ ਵਾਇਰਲ ਹੋਣ ਮਗਰੋਂ ਚੁੱਕਿਆ ਗਿਆ ਹੈ।

ਉੱਤਰੀ ਕੈਰੋਲੀਨਾ ਯੂਨੀਵਰਸਿਟੀ ਵੱਲੋਂ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਵਿਦਿਆਰਥੀਆਂ ਨੂੰ ਕੈਂਪਸ ਵਿਚ ਕਿਰਪਾਨ ਪਹਿਨਣ ਦੀ ਆਗਿਆ ਦਿੱਤੀ ਜਾਵੇਗੀ, ਬਸ਼ਰਤੇ ਇਸ ਦੀ ਲੰਬਾਈ ਤਿੰਨ ਇੰਚ ਤੋਂ ਵੱਧ ਨਾ ਹੋਵੇ ਅਤੇ ''ਇਸ ਨੂੰ ਹਰ ਸਮੇਂ ਕੱਪੜੇ ਅੰਦਰ ਸਰੀਰ ਨਾਲ ਲਗਾ ਕੇ ਰੱਖਿਆ ਜਾਵੇ।'' ਚਾਂਸਲਰ ਸ਼ੈਰੋਨ ਐੱਲ. ਗਾਬੇਰ ਅਤੇ ਮੁੱਖ ਵਿਭਿੰਨਤਾ ਅਧਿਕਾਰੀ ਬਰੈਂਡਨ ਐੱਲ. ਵੁਲਫ ਦੇ ਦਸਤਖਤਾਂ ਹੇਠ ਜਾਰੀ ਬਿਆਨ ਵਿਚ ਕਿਹਾ ਗਿਆ ਕਿ ਇਹ ਫੈਸਲਾ ਤੁਰਤ ਪ੍ਰਭਾਵ ਨਾਲ ਲਾਗੂ ਹੋਵੇਗਾ। ਬਿਆਨ ਵਿਚ ਕਿਹਾ ਗਿਆ ਹੈ, ''ਵਿਭਿੰਨਤਾ ਅਤੇ ਸਮਾਵੇਸ਼ ਦਫਤਰ ਵੱਲੋਂ ਸੰਸਥਾਗਤ ਅਖੰਡਤਾ ਦੇ ਸਹਿਯੋਗ ਨਾਲ ਸਾਡੇ ਪੁਲਿਸ ਵਿਭਾਗ ਵਿਚ ਇਸ ਹਫਤੇ ਜਾਗਰੂਕਤਾ ਟਰੇਨਿੰਗ ਵੀ ਦਿੱਤੀ ਗਈ ਅਤੇ ਕੈਂਪਸ ਵਿਚ ਸਾਰਿਆਂ ਨੂੰ ਸੱਭਿਆਚਾਰਕ ਸਿੱਖਿਆ ਤੇ ਸਿਖਲਾਈ ਦਾ ਮੌਕਾ ਦੇਣ ਲਈ ਕੰਮ ਕੀਤਾ ਜਾਂਦਾ ਰਹੇਗਾ।'' ਯੂਨੀਵਰਸਿਟੀ ਨੇ ਇਸ ਕਦਮ ਵਿਚ ਮਦਦ ਦੇਣ ਲਈ ਗੈਰ-ਲਾਭਕਾਰੀ ਸੰਗਠਨ 'ਦਿ ਸਿੱਖ ਕੁਲੀਸ਼ਨ' ਅਤੇ 'ਗਲੋਬਲ ਸਿੱਖ' ਕਾਉਂਸਲ' ਸਣੇ ਸਿੱਖ ਆਗੂਆਂ ਦਾ ਧੰਨਵਾਦ ਕੀਤਾ ਹੈ।

# ਸੁਰਿੰਦਰ ਮੱਕੜ ਦੇ ਹਤਿਆਰੇ ਨੂੰ ਉਮਰ ਕੈਦ ਮਿਲੀ

**ਜਲੰਧਰ:** ਅਦਾਲਤ ਨੇ 35 ਸਾਲ ਪੁਰਾਣੇ ਮਾਮਲੇ ਵਿਚ ਸਾਬਕਾ ਵਿਧਾਇਕ ਤੇ ਮੌਜੂਦਾ ਸਮੇਂ ਦੇ ਭਾਜਪਾ ਆਗੂ ਸਰਬਜੀਤ ਸਿੰਘ ਮੱਕੜ ਦੇ ਭਰਾ ਸੁਰਿੰਦਰ ਸਿੰਘ ਮੱਕੜ ਦੀ ਗੋਲੀਆਂ ਮਾਰ ਕੇ ਹੱਤਿਆ ਮਾਮਲੇ ਵਿਚ ਖਾੜਕੂ ਸਤਿੰਦਰਜੀਤ ਸਿੰਘ ਉਰਫ ਮਿੰਟੂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ।



ਮਿੰਟੂ ਖ਼ਿਲਾਫ 22 ਜਨਵਰੀ 1987 ਨੂੰ ਕਤਲ ਦੀ ਧਾਰਾ 302, ਅਸਲਾ ਐਕਟ ਦੀ ਧਾਰਾ 25,54,59 ਅਤੇ ਟਾਡਾ ਐਕਟ ਦੀਆਂ ਧਾਰਾਵਾਂ ਹੇਠ ਮਾਮਲਾ ਦਰਜ ਕੀਤਾ ਗਿਆ ਸੀ। ਇਸ ਸਬੰਧੀ ਸ਼ਿਕਾਇਤਕਰਤਾ ਪੱਖ ਦੇ ਵਕੀਲ ਮਨਦੀਪ ਸਿੰਘ ਸਚਦੇਵਾ ਨੇ ਦੱਸਿਆ ਕਿ ਸਤਿੰਦਰਜੀਤ ਸਿੰਘ ਮਿੰਟੂ ਨੇ ਆਪਣੇ ਤਿੰਨ ਸਾਥੀਆਂ ਸਮੇਤ ਸੁਰਿੰਦਰ ਸਿੰਘ ਮੱਕੜ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ। ਸੁਰਿੰਦਰ ਸਿੰਘ ਮੱਕੜ ਦੀ ਹੱਤਿਆ ਦੇ ਮਾਮਲੇ ਵਿਚ ਨਾਮਜ਼ਦ ਹੋਰ ਖਾੜਕੂਆਂ ਹਰਦੀਪ ਸਿੰਘ ਵਿੱਕੀ, ਹਰਵਿੰਦਰ ਸਿੰਘ ਤੇ ਪਲਵਿੰਦਰ ਸਿੰਘ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਹੈ।

ਇਸ ਸਬੰਧੀ ਵਕੀਲ ਮਨਦੀਪ ਸਿੰਘ ਸਚਦੇਵਾ ਨੇ ਦੱਸਿਆ ਕਿ ਘਟਨਾ ਵਾਲੇ ਦਿਨ ਮਾਡਲ ਟਾਊਨ ਨਾਲ ਲੱਗਦੇ ਗੁਰੂ ਤੇਗ ਬਹਾਦਰ ਨਗਰ ਵਿਖੇ ਸਥਿਤ ਸੁਰਿੰਦਰ ਸਿੰਘ ਦੀ ਕੋਠੀ ਦੀ ਘੰਟੀ ਵੱਜੀ ਤੇ ਨੌਕਰਾਣੀ ਸਵਰਨ ਕੌਰ ਨੇ ਜਿਵੇਂ ਹੀ ਕੋਠੀ ਦਾ ਗੇਟ ਖੋਲ੍ਹਿਆ ਤਾਂ ਖਾੜਕੂ ਸਤਿੰਦਰਜੀਤ ਸਿੰਘ ਉਰਫ ਮਿੰਟੂ, ਹਰਦੀਪ ਸਿੰਘ ਵਿੱਕੀ, ਹਰਵਿੰਦਰ ਸਿੰਘ ਤੇ ਪਲਵਿੰਦਰ ਸਿੰਘ ਘਰ ਅੰਦਰ ਆ ਗਏ। ਇਨ੍ਹਾਂ ਸਾਰਿਆਂ ਕੋਲ ਹਥਿਆਰ ਸਨ ਤੇ ਘਰ ਦੇ ਅੰਦਰ ਆਉਂਦੇ ਹੀ ਇਨ੍ਹਾਂ ਨੇ ਗੋਲੀਆਂ ਚਲਾ ਦਿੱਤੀਆਂ। ਇਸ ਦੌਰਾਨ ਨੌਕਰਾਣੀ ਬਚ ਗਈ, ਪਰ ਗੋਲੀਆਂ ਸੁਰਿੰਦਰ ਸਿੰਘ ਮੱਕੜ ਦੇ ਜਾ ਲੱਗੀਆਂ। ਯਾਦ ਰਹੇ ਕਿ ਸਤਿੰਦਰਜੀਤ ਸਿੰਘ ਮਿੰਟੂ ਨੂੰ ਵਾਰਦਾਤ ਤੋਂ 18 ਸਾਲ ਬਾਅਦ ਕਾਬੂ ਕੀਤਾ ਗਿਆ।

# ਹਰਿਮੰਦਰ ਸਾਹਿਬ ਬਾਰੇ ਟਿੱਪਣੀ ਵਾਲਾ ਸ਼ਿਵ ਸੈਨਾ ਆਗੂ ਗ੍ਰਿਫਤਾਰ

**ਗੁਰਦਾਸਪੁਰ:** ਸ਼ਿਵ ਸੈਨਾ ਆਗੂ ਹਰਵਿੰਦਰ ਸੋਨੀ ਨੂੰ ਸਥਾਨਕ ਪੁਲਿਸ ਨੇ ਉਸ ਦੇ ਗੁਰਦਾਸਪੁਰ ਸਥਿਤ ਘਰ ਤੋਂ ਗ੍ਰਿਫਤਾਰ ਕਰ ਲਿਆ ਹੈ। ਸੋਨੀ ਖਿਲਾਫ ਸ੍ਰੀ ਹਰਿਮੰਦਰ ਸਾਹਿਬ ਤੇ ਸਿੱਖ ਜਥੇਬੰਦੀਆਂ ਪ੍ਰਤੀ ਅਪਮਾਨਜਨਕ ਸ਼ਬਦਾਵਲੀ ਵਰਤਣ ਅਤੇ ਧਾਰਮਿਕ ਭਾਵਨਾਵਾਂ ਭੜਕਾਉਣ ਦੇ ਦੋਸ਼ ਹੇਠ ਕੇਸ ਦਰਜ ਕੀਤਾ ਗਿਆ ਸੀ।



ਇਸ ਮਗਰੋਂ ਸਿੱਖ ਸੰਗਠਨਾਂ ਨੇ ਐਸ.ਐਸ.ਪੀ. ਦਫਤਰ ਦਾ ਘਿਰਾਓ ਕਰ ਕੇ ਸੋਨੀ ਖਿਲਾਫ ਕਾਰਵਾਈ ਦੀ ਮੰਗ ਕੀਤੀ ਸੀ। ਕੇਸ ਦਰਜ ਹੋਣ ਮਗਰੋਂ ਹੁਣ ਤੱਕ ਹਰਵਿੰਦਰ ਸੋਨੀ ਘਰ ਵਿਚ ਹੀ ਨਜ਼ਰਬੰਦ ਸੀ। ਪ੍ਰਾਪਤ ਜਾਣਕਾਰੀ ਅਨੁਸਾਰ ਗ੍ਰਿਫਤਾਰੀ ਦੀ ਮੰਗ ਬਾਰੇ ਕੁਝ ਸਿੱਖ ਜਥੇਬੰਦੀਆਂ ਨੇ ਪੁਲਿਸ ਤੇ ਪ੍ਰਸ਼ਾਸਨ ਨੂੰ ਪੱਤਰ ਦੇ ਕੇ ਮੰਗ ਕੀਤੀ ਸੀ ਕਿ ਸੋਨੀ ਨੂੰ ਤੁਰਤ ਗ੍ਰਿਫਤਾਰ ਕੀਤਾ ਜਾਵੇ, ਜਿਸ ਮਗਰੋਂ ਸੋਨੀ ਨੂੰ ਉਸ ਦੇ ਘਰ ਤੋਂ ਗ੍ਰਿਫਤਾਰ ਕਰ ਕੇ ਅਦਾਲਤ 'ਚ ਪੇਸ਼ ਕੀਤਾ ਗਿਆ ਜਿੱਥੋਂ ਉਸ ਨੂੰ 14 ਦਿਨਾਂ ਲਈ ਨਿਆਇਕ ਹਿਰਾਸਤ 'ਚ ਜੇਲ੍ਹ ਭੇਜ ਦਿੱਤਾ ਗਿਆ ਹੈ। ਇਹ ਕਾਰਵਾਈ ਇਸ ਮਾਮਲੇ ਸਬੰਧੀ ਬਣਾਈ ਗਈ ਜਾਂਚ ਟੀਮ ਦੀ ਰਿਪੋਰਟ ਦੇ ਆਧਾਰ 'ਤੇ ਕੀਤੀ ਗਈ ਹੈ।

# ਮੱਛੀ ਪਾਲਕਾਂ ਨੂੰ ਵਿਸ਼ੇਸ਼ ਰਿਆਇਤਾਂ ਦੇਵੇਗੀ ਸਰਕਾਰ

**ਚੰਡੀਗੜ੍ਹ:** ਪੰਜਾਬ ਦੇ ਮੱਛੀ ਪਾਲਣ, ਪਸ਼ੂ ਪਾਲਣ ਅਤੇ ਡੇਅਰੀ ਵਿਕਾਸ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਸੂਬੇ ਦੇ ਕਿਸਾਨਾਂ ਨੂੰ ਮੱਛੀ ਪਾਲਣ ਨੂੰ ਖੇਤੀਬਾੜੀ ਦੇ ਸਹਾਇਕ ਕਿੱਤੇ ਵਜੋਂ ਅਪਣਾਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਮੱਛੀ ਪਾਲਣ ਦਾ ਕਿੱਤਾ ਅਪਣਾਉਣ ਲਈ 40 ਫੀਸਦੀ ਸਬਸਿਡੀ ਮੁਹੱਈਆ ਕਰਵਾ ਰਹੀ ਹੈ, ਜਿਸ ਦਾ ਕਿਸਾਨਾਂ ਨੂੰ ਵੱਧ ਤੋਂ ਵੱਧ ਲਾਹਾ ਲੈਣਾ ਚਾਹੀਦਾ ਹੈ।


ਵਿਸ਼ਵ ਮੱਛੀ ਪਾਲਣ ਦਿਵਸ ਉਤੇ ਮੱਛੀ ਤੇ ਝੀਂਗਾ ਪਾਲਕਾਂ ਨੂੰ ਵਧਾਈ ਦਿੰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਮੱਛੀ ਪਾਲਣ ਕਿੱਤੇ ਨੂੰ ਸੂਬੇ ਵਿਚ ਹੋਰ ਪ੍ਰਫੁੱਲਿਤ ਕਰਨ ਵਾਸਤੇ ਹਰ ਸੰਭਵ ਸਹਾਇਤਾ ਦੇਣ ਲਈ ਵਚਨਬੱਧ ਹੈ। ਪੰਜਾਬ ਦਾ ਕੁੱਲ 43,691 ਏਕੜ ਰਕਬਾ ਮੱਛੀ ਪਾਲਣ ਅਧੀਨ ਹੈ, ਜਿਸ ਤੋਂ 1,89,647 ਟਨ ਮੱਛੀ ਦਾ ਉਤਪਾਦਨ ਹੋ ਰਿਹਾ ਹੈ। ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਪੰਜਾਬ ਦੇ ਸੇਮ ਅਤੇ ਖਾਰੇ ਪਾਣੀ ਨਾਲ ਪ੍ਰਭਾਵਿਤ ਤੇ ਜ਼ੀਰੋ ਆਮਦਨ ਵਾਲੀਆਂ ਜ਼ਮੀਨਾਂ ਵਿਚ ਝੀਂਗਾ ਮੱਛੀ ਪਾਲੀ ਜਾ ਸਕਦੀ ਹੈ।



ਇਸ ਸਮੇਂ ਕੁੱਲ 1200 ਏਕੜ ਰਕਬਾ ਝੀਂਗਾ ਪਾਲਣ ਅਧੀਨ ਹੈ। ਉਨ੍ਹਾਂ ਕਿਹਾ ਕਿ ਮੱਛੀ ਪਾਲਕਾਂ ਨੂੰ ਵਧੀਆ ਮੱਛੀ ਪੂੰਗ ਮੁਹੱਈਆ ਕਰਵਾਉਣ ਲਈ ਪੰਜਾਬ ਵਿਚ 15 ਸਰਕਾਰੀ ਮੱਛੀ ਪੂੰਗ ਫਾਰਮ ਚੱਲ ਰਹੇ ਹਨ, ਜਦਕਿ ਪਿੰਡ ਕਿੱਲਿਆਂਵਾਲੀ ਵਿਚ ਇਕ ਹੋਰ ਨਵਾਂ ਸਰਕਾਰੀ ਮੱਛੀ ਪੂੰਗ ਫਾਰਮ ਤਿਆਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮੱਛੀ ਦੇ ਸਾਫ-ਸੁਥਰੇ ਮੰਡੀਕਰਨ ਲਈ ਲੁਧਿਆਣਾ ਵਿਚ ਇਕ ਥੋਕ-ਕਮ-ਪ੍ਰਚੂਨ ਸਰਕਾਰੀ ਮੱਛੀ ਮੰਡੀ ਚੱਲ ਰਹੀ ਹੈ ਅਤੇ ਪਟਿਆਲਾ ਵਿਚ ਇਕ ਹੋਰ ਨਵੀਂ ਮੱਛੀ ਮੰਡੀ ਉਸਾਰੀ ਅਧੀਨ ਹੈ, ਜੋ ਕਿ ਛੇਤੀ ਹੀ ਤਿਆਰ ਹੋ ਜਾਵੇਗੀ।

# ਭਾਰਤ ਦੀ ਵਿਕਾਸ ਦਰ 7.1 ਫੀਸਦ ਤੱਕ ਰਹਿਣ ਦਾ ਅਨੁਮਾਨ

**ਨਵੀਂ ਦਿੱਲੀ:** ਡੈਲੌਇਟ ਇੰਡੀਆ ਨੇ ਆਪਣੀ ਰਿਪੋਰਟ 'ਚ ਅਨੁਮਾਨ ਜ਼ਾਹਿਰ ਕੀਤਾ ਹੈ ਕਿ ਵਧਦੀ ਮਹਿੰਗਾਈ ਤੇ ਆਲਮੀ ਅਰਥਚਾਰੇ 'ਚ ਸੁਸਤੀ ਵਿਚਾਲੇ ਭਾਰਤ ਦੀ ਜੀ.ਡੀ.ਪੀ. ਦੀ ਵਿਕਾਸ ਦਰ ਚਾਲੂ ਵਿੱਤੀ ਵਰ੍ਹੇ 2022-23 'ਚ 6.5 ਤੋਂ 7.1 ਫੀਸਦ ਵਿਚਾਲੇ ਰਹੇਗੀ।




ਰਿਪੋਰਟ 'ਚ ਕਿਹਾ ਗਿਆ ਹੈ ਕਿ ਪਿਛਲੇ ਕੁਝ ਮਹੀਨਿਆਂ ਤੋਂ ਉਚੀ ਮਹਿੰਗਾਈ ਦਰ ਨੀਤੀਆਂ ਬਣਾਉਣ ਵਾਲਿਆਂ ਲਈ ਚੁਣੌਤੀ ਬਣੀ ਹੋਈ ਹੈ। ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਨੇ ਅਪਰੈਲ 2022 ਤੋਂ ਮਹਿੰਗਾਈ 'ਤੇ ਠੱਲ੍ਹ ਪਾਉਣ ਲਈ ਵਿਆਜ ਦਰਾਂ 'ਚ 1.9 ਫੀਸਦ ਤੱਕ ਦਾ ਵਾਧਾ ਕੀਤਾ ਹੈ। ਰਿਪੋਰਟ ਅਨੁਸਾਰ ਇਸ ਤੋਂ ਇਲਾਵਾ ਡਾਲਰ ਮਹਿੰਗਾ ਹੋਣ ਕਾਰਨ ਦਰਾਮਦ ਬਿੱਲ ਵਧ ਰਿਹਾ ਹੈ ਜਿਸ ਕਾਰਨ ਮਹਿੰਗਾਈ ਵੀ ਵਧ ਰਹੀ ਹੈ। ਇਸ 'ਚ ਕਿਹਾ ਗਿਆ ਹੈ ਕਿ ਕੁਝ ਵਿਕਸਿਤ ਦੇਸ਼ਾਂ 'ਚ 2022 ਦੇ ਅਖੀਰ ਜਾਂ ਅਗਲੇ ਸਾਲ ਦੀ ਸ਼ੁਰੂਆਤ 'ਚ ਮੰਦੀ ਦੀ ਸਥਿਤੀ ਹੋਰ ਖਰਾਬ ਹੋ ਸਕਦੀ ਹੈ।

# ਰਣਜੀਤ ਸਿੰਘ ਨੇ ਤਖਤ ਪਟਨਾ ਸਾਹਿਬ ਦੇ ਜਥੇਦਾਰ ਵਜੋਂ ਸੇਵਾ ਮੁੜ ਸੰਭਾਲੀ

**ਅੰਮ੍ਰਿਤਸਰ:** ਤਖਤ ਪਟਨਾ ਸਾਹਿਬ ਦੇ ਜਥੇਦਾਰ ਰਣਜੀਤ ਸਿੰਘ ਗੌਹਰ ਨੇ ਬਤੌਰ ਜਥੇਦਾਰ ਤਖਤ ਦੀ ਸੇਵਾ ਮੁੜ ਸੰਭਾਲ ਲਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਕੁਝ ਸਮਾਂ ਪਹਿਲਾਂ ਉਨ੍ਹਾਂ ਨੂੰ ਇਸ ਸੇਵਾ ਤੋਂ ਮੁਅੱਤਲ ਕਰ ਦਿੱਤਾ ਗਿਆ ਸੀ ਤੇ ਬਾਅਦ ਵਿਚ ਉਥੋਂ ਦੇ ਪੰਜ ਪਿਆਰਿਆਂ ਵੱਲੋਂ ਲਗਾਏ ਗਏ ਕੁਝ ਦੋਸ਼ਾਂ ਕਾਰਨ ਉਨ੍ਹਾਂ ਨੂੰ ਤਨਖ਼ਾਹੀਆ ਕਰਾਰ ਦੇ ਦਿੱਤਾ ਗਿਆ ਸੀ।

ਹੁਣ ਉਕਤ ਪੰਜ ਪਿਆਰਿਆਂ ਵਿਚੋਂ ਦੋ ਨੇ ਰਣਜੀਤ ਸਿੰਘ 'ਤੇ ਲਾਏ ਗਏ ਦੋਸ਼ਾਂ ਨਾਲ ਅਸਹਿਮਤੀ ਪ੍ਰਗਟਾਉਂਦਿਆਂ ਉਨ੍ਹਾਂ ਨੂੰ ਮੁਅੱਤਲ ਕਰਨ ਦੇ ਫੈਸਲੇ ਨੂੰ ਗਲਤ ਕਰਾਰ ਦਿੱਤਾ ਹੈ। ਉਨ੍ਹਾਂ ਇਹ ਦੋਸ਼ ਵੀ ਲਾਇਆ ਹੈ ਕਿ ਉਸ ਵੇਲੇ ਦਬਾਅ ਪਾ ਕੇ ਉਨ੍ਹਾਂ ਦੇ ਦਸਤਖ਼ਤ ਲਏ ਗਏ ਸਨ।

# ਹਲਵਾਰਾ ਹਵਾਈ ਅੱਡੇ ਦਾ ਕੰਮ ਸਿਰੇ ਚੜ੍ਹਨ ਦੀ ਆਸ ਬੱਝੀ

**ਲੁਧਿਆਣਾ:** ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਸਰਾਭਾ ਪੁੱਜੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕੌਮਾਂਤਰੀ ਹਵਾਈ ਅੱਡਾ ਹਲਵਾਰਾ ਦੀ ਉਸਾਰੀ ਦਾ ਕੰਮ ਸੂਬਾ ਸਰਕਾਰ ਵੱਲੋਂ ਮੁੜ ਆਪਣੇ ਹੱਥ ਲੈਣ ਅਤੇ ਤਕਰੀਬਨ 50 ਕਰੋੜ ਦੀ ਰਾਸ਼ੀ ਜਾਰੀ ਕਰਨ ਦੇ ਐਲਾਨ ਤੋਂ ਬਾਅਦ ਆਮ ਲੋਕਾਂ ਦੀ ਉਤਸੁਕਤਾ ਵਧ ਗਈ ਹੈ।




ਉਧਰ, ਟਰਮੀਨਲ ਦੀ ਉਸਾਰੀ ਦਾ ਕੰਮ ਕਰਨ ਵਾਲੀ ਸਿਨਰਜੀ ਇੰਡੀਆ ਪ੍ਰਾਈਵੇਟ ਲਿਮਟਿਡ ਨੇ ਟਰਮੀਨਲ ਦੇ ਮੂਲ ਢਾਂਚੇ ਦੀ ਸਫਾਈ ਦਾ ਕੰਮ ਸ਼ੁਰੂ ਕਰ ਦਿੱਤਾ ਹੈ। ਪਹਿਲਾਂ ਕਾਂਗਰਸ ਸਰਕਾਰ ਵੱਲੋਂ ਜਾਰੀ ਕੀਤੇ ਗਏ ਫੰਡ ਮਾਨ ਸਰਕਾਰ ਵੱਲੋਂ ਰੋਕ ਦੇਣ ਕਾਰਨ ਸੂਬਾ ਸਰਕਾਰ ਤੇ ਕੇਂਦਰ ਦੀ ਏਅਰਪੋਰਟ ਅਥਾਰਿਟੀ ਵਿਚ ਮਤਭੇਦ ਪੈਦਾ ਹੋ ਗਏ ਸਨ। ਸੂਬਾ ਸਰਕਾਰ ਵੱਲੋਂ ਫੰਡ ਵਾਪਸ ਲੈਣ ਤੋਂ ਬਾਅਦ ਨਿਰਮਾਣ ਕਾਰਜ ਵਿਚ ਲੱਗੀਆਂ ਸੀਗਲ ਅਤੇ ਸਿਨਰਜੀ ਕੰਪਨੀਆਂ ਨੇ ਵੀ ਕੰਮ ਰੋਕ ਦਿੱਤਾ ਸੀ। ਕੇਂਦਰ ਸਰਕਾਰ ਦੇ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨੇ ਉਸਾਰੀ ਦਾ ਕੰਮ ਏਅਰਪੋਰਟ ਅਥਾਰਿਟੀ ਨੂੰ ਆਪਣੇ ਹੱਥ ਲੈਣ ਅਤੇ ਛੇ ਮਹੀਨੇ ਵਿਚ ਪੂਰਾ ਕਰਨ ਦਾ ਹੁਕਮ ਦਿੱਤਾ ਸੀ। ਹੁਣ ਸੂਬਾ ਸਰਕਾਰ ਵੱਲੋਂ ਮੁੜ ਫੰਡ ਜਾਰੀ ਕਰਨ ਤੋਂ ਬਾਅਦ ਹਵਾਈ ਅੱਡੇ ਦਾ ਕੰਮ ਮੁਕੰਮਲ ਹੋਣ ਦੀ ਆਸ ਬੱਝੀ ਹੈ। ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਐਲਾਨ ਕਰਨ ਤੋਂ ਬਾਅਦ ਲੋਕ ਨਿਰਮਾਣ ਵਿਭਾਗ ਨੇ ਮੁੜ ਕਮਰਕੱਸ ਲਈ ਹੈ ਅਤੇ ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਕਾਗਜ਼ੀ ਕਾਰਵਾਈ ਆਰੰਭ ਦਿੱਤੀ ਹੈ। ਵਿਭਾਗ ਦੇ ਉੱਚ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਹਫਤੇ ਦੇ ਅੰਦਰ-ਅੰਦਰ ਕਾਰਵਾਈ ਮੁਕੰਮਲ ਹੋਣ ਦੀ ਆਸ ਹੈ। ਸੂਬਾ ਸਰਕਾਰ ਅਤੇ ਏਅਰਪੋਰਟ ਅਥਾਰਿਟੀ ਵਲੋਂ ਹਵਾਈ ਅੱਡੇ ਦੀ ਚਾਰਦੀਵਾਰੀ, ਪਹੁੰਚ ਮਾਰਗ ਦੀ ਉਸਾਰੀ 11 ਕਰੋੜ ਦੀ ਲਾਗਤ ਨਾਲ ਕਰਵਾਈ ਗਈ ਹੈ। ਇਸ ਤੋਂ ਇਲਾਵਾ 162 ਏਕੜ ਜਮੀਨ ਦੀ ਖਰੀਦ ਵੀ ਸੂਬਾ ਸਰਕਾਰ ਵੱਲੋਂ ਕੀਤੀ ਗਈ ਹੈ। ਸਮਝੌਤੇ ਅਨੁਸਾਰ ਟਰਮੀਨਲ, ਅੰਦਰੂਨੀ ਸੜਕਾਂ, ਹਵਾਈ ਪੱਟੀ ਤੱਕ ਪਹੁੰਚ, ਪਾਰਕਿੰਗ, ਸੀਵਰੇਜ ਤੇ ਜਲ-ਸਪਲਾਈ ਸਮੇਤ ਕੁਝ ਹੋਰ ਕੰਮ ਕੇਂਦਰ ਸਰਕਾਰ ਵੱਲੋਂ ਕਰਵਾਏ ਜਾਣੇ ਸਨ, ਪਰ ਕੇਂਦਰ ਵੱਲੋਂ ਹੱਥ ਖਿੱਚ ਲੈਣ ਬਾਅਦ ਕਾਂਗਰਸ ਦੀ ਚੰਨੀ ਸਰਕਾਰ ਨੇ ਕੇਂਦਰ ਦੇ ਹਿੱਸੇ ਦੇ 48.90 ਕਰੋੜ ਰੁਪਏ ਵੀ ਜਾਰੀ ਕਰ ਦਿੱਤੇ ਸਨ। ਭਗਵੰਤ ਮਾਨ ਸਰਕਾਰ ਨੇ ਆਉਂਦੇ ਸਾਰ ਇਹ ਰਾਸ਼ੀ ਵਾਪਸ ਮੰਗ ਲਈ ਜਿਸ ਕਾਰਨ ਕੰਮ ਅਧਵਾਟੇ ਹੀ ਰੁਕ ਗਏ ਸਨ।

# ਬੱਸਾਂ ਦੀ ਸਮਾਂ ਸਾਰਨੀ 'ਚ ਪੱਖਪਾਤ ਦੇ ਮਾਮਲੇ 'ਤੇ ਸਰਕਾਰ ਸਖਤ

**ਚੰਡੀਗੜ੍ਹ:** ਬੱਸਾਂ ਦੀ ਸਮਾਂ ਸਾਰਨੀ ਤਿਆਰ ਕਰਨ ਮੌਕੇ ਪੱਖਪਾਤ ਹੋਣ ਦੀਆਂ ਸ਼ਿਕਾਇਤਾਂ ਦਾ ਨੋਟਿਸ ਲੈਂਦਿਆਂ ਪੰਜਾਬ ਦੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਟਰਾਂਸਪੋਰਟ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਹੈ ਕਿ ਸਮਾਂ ਸਾਰਨੀ ਬਣਾਉਣ ਵੇਲੇ ਕਿਸੇ ਵੀ ਕਿਸਮ ਦਾ ਪੱਖਪਾਤ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਸਕੱਤਰ ਟਰਾਂਸਪੋਰਟ ਨੂੰ ਇਸ ਮਾਮਲੇ ਦੀ ਜਾਂਚ ਲਈ ਇਕ ਕਮੇਟੀ ਬਣਾਉਣ ਦੀ ਹਦਾਇਤ ਵੀ ਕੀਤੀ ਹੈ, ਜੋ ਬੱਸਾਂ ਦੀ ਸਮਾਂ ਸਾਰਨੀ ਨਾਲ ਸਬੰਧਤ ਸਾਰੇ ਮਾਮਲਿਆਂ ਦੀ ਮੁੜ ਜਾਂਚ ਕਰੇਗੀ। ਸ੍ਰੀ ਭੁੱਲਰ ਨੇ ਕਿਹਾ ਕਿ ਜੇਕਰ ਸਮਾਂ ਸਾਰਨੀ ਜਾਰੀ ਕਰਨ ਸਮੇਂ ਵੱਡੇ ਬੱਸ ਆਪਰੇਟਰਾਂ ਜਾਂ ਵੱਡੇ ਸਿਆਸੀ ਘਰਾਣਿਆਂ ਪ੍ਰਤੀ ਕੀਤੀ ਗਈ ਕੋਈ ਤਰਫ਼ਦਾਰੀ ਸਾਹਮਣੇ ਆਉਂਦੀ ਹੈ ਤਾਂ ਸਬੰਧਤ ਅਧਿਕਾਰੀਆਂ ਤੇ ਕਰਮਚਾਰੀਆਂ ਵਿਰੁੱਧ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇ।

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸ਼੍ਰੋਮਣੀ ਕਮੇਟੀ ਨੇ ਬੰਦੀ ਸਿੰਘਾਂ ਦੀ ਰਿਹਾਈ ਲਈ ਦਸਤਖਤੀ ਮੁਹਿੰਮ ਦੀ ਰੂਪ ਰੇਖਾ ਉਲੀਕੀ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿਚ ਹੋਈ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਦੌਰਾਨ ਬੰਦੀ ਸਿੰਘਾਂ ਦੀ ਰਿਹਾਈ ਸਬੰਧੀ ਦੇਸ਼ ਵਿਆਪੀ ਦਸਤਖ਼ਤੀ ਮੁਹਿੰਮ ਦੀ ਰੂਪ-ਰੇਖਾ ਉਲੀਕਦਿਆਂ ਇਸ ਲਹਿਰ ਨੂੰ ਦੇਸ਼ ਦੇ ਕੋਨੇ ਕੋਨੇ ਤੱਕ ਫੈਲਾਉਣ ਦਾ ਫੈਸਲਾ ਕੀਤਾ ਗਿਆ।



ਲੰਘੀ 9 ਨਵੰਬਰ ਨੂੰ ਨਵੀਂ ਚੁਣੀ ਗਈ ਕਾਰਜਕਾਰਨੀ ਕਮੇਟੀ ਦੀ ਇਹ ਪਲੇਠੀ ਬੈਠਕ ਸੀ, ਜਿਸ ਵਿਚ ਕਈ ਅਹਿਮ ਫੈਸਲੇ ਲਏ ਗਏ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ 1 ਦਸੰਬਰ 2022 ਤੋਂ ਬੰਦੀ ਸਿੰਘਾਂ ਦੀ ਰਿਹਾਈ ਨੂੰ ਲੈ ਕੇ ਸਰਗਰਮ ਮੁਹਿੰਮ ਅੱਗੇ ਵਧਾਈ ਜਾਵੇਗੀ। ਇਸ ਤਹਿਤ ਬੰਦੀ ਸਿੰਘਾਂ ਦੇ ਕੇਸਾਂ ਅਤੇ ਭੁਗਤੀਆਂ ਸਜ਼ਾਵਾਂ ਬਾਰੇ ਸੰਗਤ ਨੂੰ ਜਾਗਰੂਕਤਾ ਦੇ ਨਾਲ-ਨਾਲ ਪ੍ਰੋਫਾਰਮੇ ਭਰਵਾਏ ਜਾਣਗੇ। ਇਸ ਲਹਿਰ ਨੂੰ ਦੇਸ਼ ਵਿਆਪੀ ਬਣਾਉਣ ਲਈ ਪੰਜਾਬ ਦੇ ਨਾਲ-ਨਾਲ ਸ਼੍ਰੋਮਣੀ ਕਮੇਟੀ ਦੇ ਸਿੱਖ ਮਿਸ਼ਨਾਂ ਅਤੇ ਗੁਰਦੁਆਰਾ ਕਮੇਟੀਆਂ ਰਾਹੀਂ ਵੱਖ-ਵੱਖ ਸੂਬਿਆਂ ਤੱਕ ਪਹੁੰਚ ਬਣਾਈ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਦਾ ਮੁੱਖ ਕੇਂਦਰ ਸ਼੍ਰੋਮਣੀ ਕਮੇਟੀ ਦਫਤਰ ਹੋਵੇਗਾ, ਜਦਕਿ ਪੰਜਾਬ ਦੇ ਹਰ ਜ਼ਿਲ੍ਹੇ ਅਤੇ ਪੰਜਾਬ ਤੋਂ ਬਾਹਰ ਸਿੱਖ ਮਿਸ਼ਨਾਂ ਵਿਖੇ ਸਬ-ਕੇਂਦਰ ਸਥਾਪਤ ਕੀਤੇ ਜਾਣਗੇ। ਖਾਸਕਰ ਪੰਜਾਬ ਅੰਦਰ ਗੁਰਦੁਆਰਾ ਸਾਹਿਬਾਨਾਂ, ਵਿੱਦਿਅਕ ਅਦਾਰਿਆਂ, ਰੇਲਵੇ ਸਟੇਸ਼ਨਾਂ, ਬੱਸ ਅੱਡਿਆਂ, ਸ਼ਹਿਰਾਂ-ਕਸਬਿਆਂ ਦੇ ਅਹਿਮ ਚੌਰਾਹਿਆਂ 'ਤੇ ਕੈਂਪ ਲਗਾ ਕੇ ਪ੍ਰੋਫਾਰਮੇ ਭਰੇ ਜਾਣਗੇ। ਐਡਵੋਕੇਟ ਧਾਮੀ ਨੇ ਦੱਸਿਆ ਕਿ ਪ੍ਰੋਫਾਰਮੇ ਭਰਵਾਉਣ ਦਾ ਕੰਮ ਮੁਕੰਮਲ ਕਰਨ ਬਾਅਦ ਚੰਡੀਗੜ੍ਹ ਵਿਖੇ ਸਮੁੱਚੇ ਸ਼੍ਰੋਮਣੀ ਕਮੇਟੀ ਮੈਂਬਰਾਂ ਵੱਲੋਂ ਇਕ ਦਿਨਾਂ ਰੋਸ ਧਰਨਾ ਹੋਵੇਗਾ ਅਤੇ ਸਾਰੇ ਪ੍ਰੋਫਾਰਮੇ ਗਵਰਨਰ ਪੰਜਾਬ ਨੂੰ ਸੌਂਪੇ ਜਾਣਗੇ। ਉਨ੍ਹਾਂ ਇਹ ਵੀ ਦੱਸਿਆ ਕਿ ਪ੍ਰੋਫਾਰਮੇ ਭਰਵਾਉਣ ਦੌਰਾਨ ਨਾਲੋ-ਨਾਲ ਸਾਰਾ ਰਿਕਾਰਡ ਲਿਖਤੀ ਤੇ ਡਿਜੀਟਲ ਰੂਪ ਵਿਚ ਸੰਭਾਲਣ ਦਾ ਕਾਰਜ ਵੀ ਕੀਤਾ ਜਾਵੇਗਾ।

## ਅਕਾਲ ਤਖਤ ਦੇ ਜਥੇਦਾਰ ਵੱਖਰੇ ਸਿੱਖ ਰਾਜ ਬਾਰੇ ਸਪਸ਼ਟ ਕਰਨ: ਲਾਲਪੁਰਾ

**ਫ਼ਤਹਿਗੜ੍ਹ ਸਾਹਿਬ:** ਕੇਂਦਰੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਸਰਹਿੰਦ ਵਿਚ ਭਾਜਪਾ ਵਰਕਰਾਂ ਨਾਲ ਮੀਟਿੰਗ ਕਰਨ ਮਗਰੋਂ ਕਿਹਾ ਕਿ ਪੰਜਾਬ ਵਿਚ ਸਿੱਖਾਂ ਦੀ 57 ਫ਼ੀਸਦੀ ਆਬਾਦੀ ਹੈ ਤੇ ਉਹ ਖ਼ੁਸ਼ਹਾਲ ਜੀਵਨ ਬਤੀਤ ਕਰ ਰਹੇ ਹਨ।

ਪੰਜਾਬ ਵਿਚੋਂ ਹੀ ਵਿਧਾਇਕ ਅਤੇ ਸੰਸਦ ਮੈਂਬਰ ਵੀ ਵੱਧ ਗਿਣਤੀ ਵਿਚ ਸਿੱਖ ਹੀ ਬਣਦੇ ਹਨ ਪਰ ਫਿਰ ਵੀ ਜਥੇਦਾਰ ਵੱਖਰੇ ਸਿੱਖ ਰਾਜ ਦੀ ਮੰਗ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਸੀ ਕਿ ਜੇਕਰ ਹਿੰਦੂ ਰਾਸ਼ਟਰ ਦੇ ਦਾਅਵੇ ਗ਼ਲਤ ਨਹੀਂ ਤਾਂ ਸਿੱਖ ਰਾਸ਼ਟਰ ਦੀਆਂ ਗੱਲਾਂ ਕਰਨੀਆਂ ਕਿਵੇਂ ਗ਼ਲਤ ਹੋ ਸਕਦੀਆਂ ਹਨ। ਲਾਲਪੁਰਾ ਨੇ ਕਿਹਾ ਕਿ ਉਨ੍ਹਾਂ ਦਾ ਮਨੋਰਥ ਜਥੇਦਾਰ ਦੀ ਸੋਚ ਨੂੰ ਚੁਣੌਤੀ ਦੇਣਾ ਨਹੀਂ ਹੈ ਪਰ ਜਥੇਦਾਰ ਨੂੰ ਇਸ ਮਾਮਲੇ ਨੂੰ ਸਪੱਸ਼ਟ ਕਰਨਾ ਚਾਹੀਦਾ ਹੈ।

# ਵਿਦੇਸ਼ਾਂ 'ਚ ਬੈਠੇ ਗੈਂਗਸਟਰਾਂ ਨੂੰ ਭਾਰਤ ਲਿਆਉਣ ਦੀ ਤਿਆਰੀ

**ਤਰਨ ਤਾਰਨ:** ਡਾਇਰੈਕਟਰ ਜਨਰਲ ਆਫ ਪੁਲਿਸ ਗੌਰਵ ਯਾਦਵ ਨੇ ਸੂਬੇ ਅੰਦਰ ਵਧ ਰਹੇ ਨਸ਼ਿਆਂ ਦੇ ਰੁਝਾਨ ਨੂੰ ਠੱਲ੍ਹਣ 'ਤੇ ਜ਼ੋਰ ਦਿੰਦਿਆਂ ਲੋਕਾਂ ਕੋਲੋਂ ਸਹਿਯੋਗ ਮੰਗਿਆ ਹੈ। ਉਨ੍ਹਾਂ ਮੰਨਿਆ ਕਿ ਸੂਬੇ ਵਿਚ ਨਸ਼ੇ ਵਧ ਗਏ ਹਨ ਪਰ ਨਾਲ ਹੀ ਕਿਹਾ ਕਿ ਨਸ਼ੇ ਖਤਮ ਕਰਨ ਲਈ ਪੁਲਿਸ ਦ੍ਰਿੜ੍ਹ ਹੈ। ਡੀ.ਜੀ.ਪੀ. ਨੇ ਕਿਹਾ ਕਿ ਪੁਲਿਸ ਗੈਂਗਸਟਰਾਂ ਤੇ ਨਸ਼ਿਆਂ ਨੂੰ ਜੜ੍ਹੋਂ ਖਤਮ ਕਰਨ ਲਈ ਦ੍ਰਿੜ੍ਹ ਸੰਕਲਪ ਹੈ ਤੇ ਪੁਲਿਸ ਛੋਟੇ-ਮੋਟੇ ਅਪਰਾਧ ਕਰਨ ਵਾਲੇ ਗੈਂਗਸਟਰਾਂ ਨੂੰ ਮੁੱਖ ਧਾਰਾ ਵਿਚ ਵਾਪਸ ਲਿਆਉਣ ਦੇ ਯਤਨ ਕਰੇਗੀ।

ਉਨ੍ਹਾਂ ਬੀ.ਸੀ.ਐਫ. ਦੇ ਅਧਿਕਾਰ ਖੇਤਰ ਨੂੰ ਵਧਾਉਣ ਦਾ ਸਵਾਗਤ ਕਰਦਿਆਂ ਕਿਹਾ ਕਿ ਪੰਜਾਬ ਪੁਲਿਸ ਬੀ.ਐਸ.ਐਫ. ਨਾਲ ਮਿਲ ਕੇ ਪਾਕਿਸਤਾਨ ਵੱਲੋਂ ਆਉਂਦੇ ਨਸ਼ਿਆਂ ਅਤੇ ਹਥਿਆਰਾਂ ਖਿਲਾਫ਼ ਸਖਤੀ ਕਰੇਗੀ। ਉਨ੍ਹਾਂ ਵਿਦੇਸ਼ਾਂ ਵਿਚ ਬੈਠੇ ਗੈਂਗਸਟਰਾਂ ਨੂੰ ਦੇਸ਼ ਵਾਪਸ ਲਿਆਉਣ ਲਈ ਰੈੱਡ ਕਾਰਨਰ ਨੋਟਿਸ ਜਾਰੀ ਕਰਨ ਬਾਰੇ ਦੱਸਦਿਆਂ ਕਿਹਾ ਕਿ ਇਸ ਸਬੰਧੀ ਭਾਰਤ ਸਰਕਾਰ ਅਤੇ ਇੰਟਰਪੋਲ ਨਾਲ ਰਾਬਤਾ ਵੀ ਕਾਇਮ ਕੀਤਾ ਜਾ ਰਿਹਾ ਹੈ। ਸ੍ਰੀ ਯਾਦਵ ਨੇ ਪਾਕਿਸਤਾਨ ਵਿੱਚ ਰਹਿੰਦੇ ਅਤਿਵਾਦੀ ਹਰਵਿੰਦਰ ਸਿੰਘ ਰਿੰਦਾ ਅਤੇ ਗੈਂਗਸਟਰ ਹੈਪੀ ਸੰਘੇੜਾ ਦੇ ਮਾਰੇ ਜਾਣ ਬਾਰੇ ਕਿਹਾ ਕਿ ਇਸ ਸਬੰਧੀ ਪੰਜਾਬ ਪੁਲਿਸ ਕੋਲੋਂ ਕੋਈ ਅਧਿਕਾਰਤ ਜਾਣਕਾਰੀ ਨਹੀਂ ਹੈ। ਉਨ੍ਹਾਂ ਨਸ਼ਿਆਂ ਖਿਲਾਫ਼ ਪੁਲਿਸ ਦੀ ਕਾਰਗੁਜ਼ਾਰੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪੁਲਿਸ ਨੇ ਇਸ ਸਾਲ 500 ਕਿਲੋਗਰਾਮ ਹੈਰੋਇਨ ਬਰਾਮਦ ਕੀਤੀ ਹੈ ਅਤੇ ਪੰਜਾਬ ਪੁਲਿਸ ਨੇ ਗੁਜਰਾਤ ਸਮੇਤ ਹੋਰਨਾਂ ਥਾਵਾਂ 'ਤੇ ਜਾ ਕੇ ਵੀ ਹੈਰੋਇਨ ਬਰਾਮਦ ਕੀਤੀ ਹੈ।

# ਸ਼੍ਰੋਮਣੀ ਕਮੇਟੀ ਨੇ ਸਿੱਖ ਧਾਰਮਿਕ ਚਿੰਨ੍ਹਾਂ ਵਾਲੇ ਟੈਟੂ ਬਣਵਾਉਣ ਤੋਂ ਵਰਜਿਆ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਸਰੀਰ 'ਤੇ ਸਿੱਖਾਂ ਦੇ ਧਾਰਮਿਕ ਚਿੰਨ੍ਹ ਤੇ ਗੁਰਬਾਣੀ ਦੀਆਂ ਤੁਕਾਂ ਵਾਲੇ ਟੈਟੂ ਬਣਵਾਉਣ ਵਾਲਿਆਂ ਨੂੰ ਵਰਜਦਿਆਂ ਅਜਿਹੀ ਬੇਅਦਬੀ ਨਾ ਕਰਨ ਦੀ ਚਿਤਾਵਨੀ ਦਿੱਤੀ ਹੈ।

ਸ੍ਰੀ ਅਕਾਲ ਤਖ਼ਤ ਵੱਲੋਂ ਜੂਨ 2013 ਵਿਚ ਇਸ ਸਬੰਧੀ ਇਕ ਹੁਕਮਨਾਮਾ ਜਾਰੀ ਕਰਦਿਆਂ ਸਰੀਰ 'ਤੇ ਸਿੱਖ ਧਾਰਮਿਕ ਚਿੰਨ੍ਹਾਂ ਵਾਲੇ ਟੈਟੂ ਬਣਾਉਣ ਤੋਂ ਵਰਜਿਆ ਗਿਆ ਸੀ। ਹਾਲ ਹੀ ਵਿਚ ਸ਼੍ਰੋਮਣੀ ਕਮੇਟੀ ਨੂੰ ਮੁੜ ਅਜਿਹੀਆਂ ਕਈ ਸ਼ਿਕਾਇਤਾਂ ਮਿਲੀਆਂ ਹਨ, ਜਿਨ੍ਹਾਂ ਵਿਚੋਂ ਇਕ ਸ਼ਿਕਾਇਤ ਬ੍ਰਜ਼ੀਲ ਦੀ ਇਕ ਲੜਕੀ ਖਿਲਾਫ ਹੈ, ਜਿਸ ਨੇ ਆਪਣੀ ਲੱਤ 'ਤੇ ਸਿੱਖ ਧਾਰਮਿਕ ਚਿੰਨ੍ਹ ਦਾ ਟੈਟੂ ਬਣਵਾਇਆ ਹੋਇਆ ਹੈ।

ਇਸ ਤੋਂ ਇਲਾਵਾ ਇਕ ਸ਼ਿਕਾਇਤ ਅਮਰੀਕਾ ਵਸਦੇ ਭਾਰਤੀ ਮੂਲ ਦੇ ਵਿਅਕਤੀ ਖਿਲਾਫ ਹੈ, ਜਿਸ ਨੇ ਆਪਣੇ ਸਰੀਰ 'ਤੇ ਗੁਰਬਾਣੀ ਦੀ ਤੁਕ ਵਾਲਾ ਟੈਟੂ ਬਣਵਾਇਆ ਹੈ। ਸ਼੍ਰੋਮਣੀ ਕਮੇਟੀ ਨੇ ਉਕਤ ਦੋਵਾਂ ਖਿਲਾਫ ਭਾਰਤ ਤੇ ਸਬੰਧਤ ਮੁਲਕਾਂ ਦੇ ਸਫ਼ਾਰਤਖ਼ਾਨਿਆਂ ਕੋਲ ਸ਼ਿਕਾਇਤ ਕੀਤੀ ਹੈ। ਇਸ ਦੇ ਨਾਲ ਹੀ ਦੋਵਾਂ ਕੋਲ ਨਿੱਜੀ ਤੌਰ 'ਤੇ ਵੀ ਇਨ੍ਹਾਂ ਟੈਟੂਆਂ ਪ੍ਰਤੀ ਨਾਰਾਜ਼ਗੀ ਜ਼ਾਹਿਰ ਕੀਤੀ ਗਈ ਹੈ। ਇਹ ਸ਼ਿਕਾਇਤਾਂ ਮਿਲਣ ਮਗਰੋਂ ਸ਼੍ਰੋਮਣੀ ਕਮੇਟੀ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਇਸ ਸਬੰਧੀ ਜਾਰੀ ਕੀਤਾ ਹੁਕਮਨਾਮਾ ਸੋਸ਼ਲ ਮੀਡੀਆ 'ਤੇ ਸਾਂਝਾ ਕਰਦਿਆਂ ਅਜਿਹੇ ਟੈਟੂ ਨਾ ਬਣਵਾਉਣ ਲਈ ਕਿਹਾ ਹੈ। ਇਸ ਤੋਂ ਪਹਿਲਾਂ ਪੰਜਾਬੀ ਅਦਾਕਾਰਾ ਨੀਰੂ ਬਾਜਵਾ ਵੱਲੋਂ ਵੀ ਗੁਰਬਾਣੀ ਦੀ ਇਕ ਤੁਕ ਵਾਲਾ ਟੈਟੂ ਬਣਵਾਉਣ ਦਾ ਮਾਮਲਾ ਸਾਹਮਣੇ ਆ ਚੁੱਕਾ ਹੈ। ਇਸੇ ਤਰ੍ਹਾਂ ਅਦਾਕਾਰਾ ਮੰਦਿਰਾ ਬੇਦੀ ਨੇ ਵੀ ਅਜਿਹਾ ਇਕ ਟੈਟੂ ਬਣਵਾਇਆ ਸੀ, ਜਿਸ ਦਾ ਵਿਰੋਧ ਹੋਣ ਮਗਰੋਂ ਉਸ ਨੇ ਜਨਤਕ ਤੌਰ 'ਤੇ ਮੁਆਫੀ ਮੰਗੀ ਸੀ।

## ਚੰਡੀਗੜ੍ਹ 'ਤੇ ਪੰਜਾਬ ਦੇ ਹੱਕ ਦਾ ਮੁੱਦਾ ਭਖਿਆ

*(ਪਹਿਲੇ ਸਫੇ ਦੀ ਬਾਕੀ)*

ਪਿਛਲੇ ਦਿਨੀਂ ਪਾਣੀਆਂ ਦੇ ਮੁੱਦੇ ਉਤੇ ਕੇਂਦਰ ਸਰਕਾਰ ਖੁੱਲ੍ਹ ਕੇ ਹਰਿਆਣੇ ਦੇ ਹੱਕ ਵਿਚ ਭੁਗਤੀ ਹੈ ਤੇ ਪਾਣੀ ਘੱਟ ਉਪਲਬਧ ਹੋਣ ਬਾਰੇ ਪੰਜਾਬ ਦੇ ਪੱਖ ਨੂੰ ਉੱਤਰੀ ਜ਼ੋਨਲ ਕੌਂਸਲ ਦੀ ਮੀਟਿੰਗ 'ਚ ਭੋਰਾ ਵੀ ਤਵੱਜੋ ਨਾ ਦਿੱਤੀ ਗਈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਪਾਣੀਆਂ ਦੀ ਵੰਡ ਦੇ ਮਾਮਲੇ 'ਤੇ ਪੰਜਾਬ ਸਰਕਾਰ ਦੇ ਪੱਖ ਨੂੰ ਕੋਈ ਵਜ਼ਨ ਹੀ ਨਹੀਂ ਦਿੱਤਾ ਗਿਆ। ਇਹ ਕੋਈ ਪਹਿਲਾ ਮੌਕਾ ਨਹੀਂ। ਕੇਂਦਰ ਸਰਕਾਰ ਸੁਪਰੀਮ ਕੋਰਟ ਵਿਚ ਵੀ ਆਖ ਚੁੱਕੀ ਹੈ ਕਿ ਪੰਜਾਬ ਇਸ ਮਸਲੇ ਨੂੰ ਨਿਬੇੜਨ ਲਈ ਸਹਿਯੋਗ ਨਹੀਂ ਕਰ ਰਿਹਾ ਹੈ।

ਹੁਣ ਹਰਿਆਣਾ ਵਿਧਾਨ ਸਭਾ ਦਾ ਨਵਾਂ ਮੁੱਦਾ ਉਭਰਨਾ ਚੰਡੀਗੜ੍ਹ ਉਤੇ ਪੰਜਾਬ ਦੇ ਹੱਕਾਂ ਨੂੰ ਖੋਰਾ ਲਾਉਣ ਲਈ ਹੋਰ ਹੱਲਿਆਂ ਦੇ ਸੰਕੇਤ ਦੇ ਰਿਹਾ ਹੈ। ਹਾਲਾਂਕਿ ਸਿਆਸੀ ਮਾਹਰ ਪੰਜਾਬ ਦੀਆਂ ਸਿਆਸੀ ਧਿਰਾਂ ਦੀ ਇਸ ਮੁੱਦੇ ਉਤੇ ਹੋ ਰਹੀ ਲਾਮਬੰਦੀ ਨੂੰ ਸ਼ੁਭ ਸੰਕੇਤ ਵੀ ਮੰਨ ਰਹੇ ਹਨ। ਇਥੋਂ ਤੱਕ ਕਿ ਇਸ ਵਾਰ ਪੰਜਾਬ ਭਾਜਪਾ ਵੀ ਖੁੱਲ੍ਹ ਕੇ ਚੰਡੀਗੜ੍ਹ ਉਤੇ ਸੂਬੇ (ਪੰਜਾਬ) ਦੇ ਹੱਕਾਂ ਦੀ ਗੱਲ ਕਰਦੀ ਨਜ਼ਰ ਆ ਰਹੀ ਹੈ।

# ਸ਼ਰਾਬ ਮਾਮਲਿਆਂ 'ਚ ਢਿੱਲੀ ਕਾਰਗੁਜ਼ਾਰੀ 'ਤੇ ਪੰਜਾਬ ਦੀ ਖਿਚਾਈ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਪੰਜਾਬ ਵਿਚ ਸ਼ਰਾਬ ਦੇ ਨਾਜਾਇਜ਼ ਕਾਰੋਬਾਰ ਦੇ ਕੁਝ ਮਾਮਲਿਆਂ ਦੀ ਜਾਂਚ ਵਿਚ ਹੋਈ ਪ੍ਰਗਤੀ ਉਤੇ ਅਸੰਤੁਸ਼ਟੀ ਜ਼ਾਹਰ ਕੀਤੀ ਤੇ ਕਿਹਾ ਕਿ ਸੂਬਾ ਇਸ ਮੁੱਦੇ ਨੂੰ ਬਚਕਾਨਾ ਹਰਕਤਾਂ ਵਾਂਗ ਪੇਸ਼ ਕਰ ਰਿਹਾ ਹੈ।

ਸੁਪਰੀਮ ਕੋਰਟ ਜਿਸ ਨੇ ਪਾਇਆ ਕਿ ਗਰੀਬ ਅਤੇ ਦੱਬੇ-ਕੁਚਲੇ ਲੋਕ ਅਜਿਹੇ ਦੁਖਾਂਤ ਦੇ ਪੀੜਤ ਹਨ, ਨੇ ਪੰਜਾਬ ਆਬਕਾਰੀ ਵਿਭਾਗ ਨੂੰ ਇਸ ਸਬੰਧੀ ਵਿਚ ਦਰਜ ਕੀਤੀਆਂ ਕੁਝ ਐਫ.ਆਈ.ਆਰਜ਼ ਦੇ ਵੇਰਵਿਆਂ ਬਾਰੇ ਜਾਣੂ ਕਰਵਾਉਣ ਦੇ ਨਿਰਦੇਸ਼ ਦਿੱਤੇ ਹਨ। ਬੈਂਚ ਨੇ ਕਿਹਾ ਕਿ ਅਜਿਹਾ ਪ੍ਰਤੀਤ ਹੁੰਦਾ ਹੈ ਕਿ ਅਸਲ ਦੋਸ਼ੀਆਂ ਤੱਕ ਪਹੁੰਚਣ ਲਈ ਕੋਈ ਗੰਭੀਰ ਯਤਨ ਨਹੀਂ ਕੀਤੇ ਜਾ ਰਹੇ, ਜੋ ਗੈਰ-ਕਾਨੂੰਨੀ ਸ਼ਰਾਬ ਬਣਾਉਣ ਅਤੇ ਲਿਜਾਣ ਦੇ ਕਾਰੋਬਾਰ ਵਿਚ ਹਨ। ਸੁਪਰੀਮ ਕੋਰਟ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਸਤੰਬਰ 2020 ਦੇ ਹੁਕਮ ਤੋਂ ਪੈਦਾ ਇਕ ਪਟੀਸ਼ਨ ਦੀ ਸੁਣਵਾਈ ਕਰ ਰਹੀ ਸੀ, ਜਿਸ ਨੇ ਨਕਲੀ ਸ਼ਰਾਬ, ਇਸ ਦੀ ਵਿਕਰੀ ਅਤੇ ਅੰਤਰਰਾਜੀ ਤਸਕਰੀ ਸਬੰਧੀ ਪੰਜਾਬ ਵਿਚ ਦਰਜ ਕੁਝ ਐਫ.ਆਈ.ਆਰਜ਼. ਨੂੰ ਸੀ.ਬੀ.ਆਈ. ਨੂੰ ਤਬਦੀਲ ਕਰਨ ਦੀ ਮੰਗ ਕਰਨ ਵਾਲੀ ਪਟੀਸ਼ਨ ਦਾ ਨਿਪਟਾਰਾ ਕਰ ਦਿੱਤਾ ਸੀ।

## ਇਨਾਮੀ ਖਾੜਕੂ ਗ੍ਰਿਫਤਾਰ

**ਨਵੀਂ ਦਿੱਲੀ:** ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਨੇ ਦਿੱਲੀ ਹਵਾਈ ਅੱਡੇ ਤੋਂ 'ਅਤਿ ਲੋੜੀਂਦੇ' ਖਾੜਕੂ ਨੂੰ ਗ੍ਰਿਫਤਾਰ ਕੀਤਾ ਹੈ, ਜਿਸ ਸਿਰ 5 ਲੱਖ ਦਾ ਇਨਾਮ ਸੀ। ਉਸ ਦੀ ਪਛਾਣ ਕੁਲਵਿੰਦਰਜੀਤ ਸਿੰਘ ਉਰਫ 'ਖਾਨਪੁਰੀਆ' ਵਜੋਂ ਦੱਸੀ ਗਈ ਹੈ। ਅਧਿਕਾਰੀਆਂ ਨੇ ਕਿਹਾ ਕਿ ਕਾਬੂ ਕੀਤਾ ਖਾੜਕੂ ਬੱਬਰ ਖਾਲਸਾ ਇੰਟਰਨੈਸ਼ਨਲ ਤੇ ਖਾਲਿਸਤਾਨ ਲਿਬਰੇਸ਼ਨ ਫੋਰਸ (ਕੇ.ਐਲ.ਐਫ.) ਨਾਲ ਜੁੜਿਆ ਹੋਇਆ ਸੀ। ਬੈਂਕਾਕ ਤੋਂ ਦਿੱਲੀ ਹਵਾਈ ਅੱਡੇ ਪੁੱਜੇ ਖਾੜਕੂ ਨੂੰ ਏਜੰਸੀ ਨੇ ਗ੍ਰਿਫਤਾਰ ਕੀਤਾ ਸੀ। ਖਾਨਪੁਰੀਆ ਪੰਜਾਬ ਵਿਚ ਟਾਰਗੈਟ ਕਿਲਿੰਗਜ਼ ਦੀ ਸਾਜਿਸ਼ ਘੜਨ ਦੇ ਨਾਲ ਕਈ ਦਹਿਸ਼ਤੀ ਕੇਸਾਂ ਵਿਚ ਸ਼ਾਮਲ ਤੇ ਲੋੜੀਂਦਾ ਸੀ।

# ਹਤਿਆਰਿਆਂ ਦੀ ਰਿਹਾਈ ਨੂੰ ਚੁਣੌਤੀ ਦੇਵੇਗੀ ਕਾਂਗਰਸ

**ਨਵੀਂ ਦਿੱਲੀ:** ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਕਾਤਲਾਂ ਦੀ ਰਿਹਾਈ ਖਿਲਾਫ਼ ਕਾਂਗਰਸ ਪਾਰਟੀ ਸੁਪਰੀਮ ਕੋਰਟ ਦਾ ਰੁਖ ਕਰੇਗੀ। ਕਾਤਲਾਂ ਦੀ ਰਿਹਾਈ ਤੋਂ 10 ਦਿਨ ਬਾਅਦ ਕਾਂਗਰਸ ਨੇ ਇਸ ਮਾਮਲੇ ਵਿਚ ਮੁੜ ਵਿਚਾਰ ਪਟੀਸ਼ਨ ਦਾਇਰ ਕਰਨ ਦਾ ਫੈਸਲਾ ਕੀਤਾ ਹੈ। ਸੀਨੀਅਰ ਪਾਰਟੀ ਆਗੂ ਤੇ ਵਕੀਲ ਅਭਿਸ਼ੇਕ ਮਨੂੰ ਸਿੰਘਵੀ ਨੇ ਕਿਹਾ ਕਿ ਕਾਂਗਰਸ ਨੇ ਸਿਧਾਂਤਕ ਤੌਰ ਉਤੇ ਸੁਪਰੀਮ ਕੋਰਟ ਦੇ ਫੈਸਲੇ ਦੀ ਸਮੀਖਿਆ ਦੀ ਮੰਗ ਦਾ ਫੈਸਲਾ ਕੀਤਾ ਹੈ ਤੇ ਅਗਲੇ ਕੁਝ ਦਿਨਾਂ ਵਿਚ ਮੁੜ ਵਿਚਾਰ ਪਟੀਸ਼ਨ ਦਾਖਲ ਕੀਤੀ ਜਾਵੇਗੀ।

ਇਹ ਗੱਲ ਜ਼ਿਕਰਯੋਗ ਹੈ ਕਿ ਸੁਪਰੀਮ ਕੋਰਟ ਨੇ ਨਲਿਨੀ ਸ੍ਰੀਹਰਨ ਸਮੇਤ 6 ਦੋਸ਼ੀਆਂ ਨੂੰ ਸਮੇਂ ਤੋਂ ਪਹਿਲਾਂ ਰਿਹਾਅ ਕਰਨ ਦਾ ਆਦੇਸ਼ ਦਿੱਤਾ ਸੀ। ਅਦਾਲਤ ਦਾ ਇਹ ਫੈਸਲਾ ਤਾਮਿਲਨਾਡੂ ਸਰਕਾਰ ਦੀ ਸਿਫਾਰਸ਼ ਦੇ ਆਧਾਰ ਉਤੇ ਕੀਤਾ ਗਿਆ

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੁਰਾ |
| ਜਸਬੀਰ ਕੌਰ ਢਿੱਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਢਿੱਲੋਂ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਨਾਜਾਇਜ਼ ਕਬਜ਼ੇ: ਰਸੂਖਵਾਨਾਂ ਨੂੰ ਹੱਥ ਪਾਉਣ ਤੋਂ ਟਲਣ ਲੱਗੀ ਸਰਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਦੀ ਤਕਰੀਬਨ 80 ਹਜ਼ਾਰ ਏਕੜ ਜ਼ਮੀਨ ਉਤੇ ਨਾਜਾਇਜ਼ ਕਬਜ਼ੇ ਹਨ। ਇਕੱਲੇ ਪੰਚਾਇਤ ਵਿਭਾਗ ਤੋਂ ਬਿਨਾਂ ਕਿਸੇ ਵੀ ਸਰਕਾਰੀ ਮਹਿਕਮੇ ਵੱਲੋਂ ਮੁਸਤੈਦੀ ਨਾਲ ਆਪਣੀ ਜ਼ਮੀਨ ਖਾਲੀ ਕਰਾਉਣ ਵਾਸਤੇ ਕਦੇ ਕੋਈ ਮੁਹਿੰਮ ਨਹੀਂ ਚਲਾਈ ਗਈ।

ਪੰਜਾਬ 'ਚ ਸਭ ਤੋਂ ਵੱਧ ਪੰਚਾਇਤ ਵਿਭਾਗ ਦੀ ਤਕਰੀਬਨ 36 ਹਜ਼ਾਰ ਏਕੜ ਜ਼ਮੀਨ ਉਤੇ ਨਾਜਾਇਜ਼ ਕਬਜ਼ੇ ਹਨ। ਇਸ ਵਿਚੋਂ ਕਰੀਬ 50 ਫੀਸਦੀ ਜ਼ਮੀਨ ਗੈਰ-ਵਾਹੀਯੋਗ ਹੈ। ਪੰਚਾਇਤ ਵਿਭਾਗ ਵੀ ਸਿਰਫ 20 ਫੀਸਦੀ ਜ਼ਮੀਨ ਹੀ ਖਾਲੀ ਕਰਾ ਸਕਿਆ ਹੈ। ਮੁਹਾਲੀ ਜ਼ਿਲ੍ਹੇ 'ਚ ਵੱਡੇ ਨੌਕਰਸ਼ਾਹਾਂ ਤੇ ਸਿਆਸਤਦਾਨਾਂ ਨੇ ਪੰਚਾਇਤੀ ਸ਼ਾਮਲਾਟ 'ਤੇ ਆਪਣੇ ਫਾਰਮ ਹਾਊਸ ਉਸਾਰੇ ਹੋਏ ਹਨ। ਜਸਟਿਸ ਕੁਲਦੀਪ ਸਿੰਘ ਦੀ ਰਿਪੋਰਟ ਨੇ ਇਸ ਧੰਦੇ ਨੂੰ ਬੇਪਰਦ ਕੀਤਾ ਸੀ। ਜੰਗਲਾਤ ਮਹਿਕਮੇ ਦੀ ਕਰੀਬ 22,500 ਏਕੜ ਜ਼ਮੀਨ



'ਤੇ ਨਾਜਾਇਜ਼ ਕਬਜ਼ੇ ਹਨ। ਸ਼ਹਿਰੀ ਖੇਤਰਾਂ ਵਿਚ ਤਾਂ ਗਰੀਨ ਬੈਲਟਾਂ 'ਤੇ ਵੀ ਕਬਜ਼ੇ ਹਨ। ਜੰਗਲਾਤ ਮਹਿਕਮੇ ਨੇ ਕਾਨੂੰਨੀ ਕਾਰਵਾਈ 'ਚ ਵੀ ਕਦੇ ਫੁਰਤੀ ਨਹੀਂ ਦਿਖਾਈ ਹੈ। ਇਸੇ ਤਰ੍ਹਾਂ ਨਹਿਰੀ ਵਿਭਾਗ ਦੀ ਕਰੀਬ ਇਕ ਹਜ਼ਾਰ ਏਕੜ ਤੋਂ ਜ਼ਿਆਦਾ ਜ਼ਮੀਨ ਨਾਜਾਇਜ਼ ਕਬਜ਼ਿਆਂ ਹੇਠ ਹੈ। ਲੁਧਿਆਣਾ 'ਚ ਇਕ ਵੱਡੇ ਸਨਅਤਕਾਰ ਨੇ ਕਰੀਬ 25 ਕਰੋੜ ਦੀ ਨਹਿਰ ਵਿਭਾਗ ਦੀ ਜ਼ਮੀਨ 'ਤੇ ਨਾਜਾਇਜ਼ ਕਬਜ਼ਾ ਕੀਤਾ ਸੀ। ਇਕ ਸਾਬਕਾ ਸੰਸਦ ਮੈਂਬਰ ਦੇ ਭਰਾ ਨੇ ਵੀ ਨਹਿਰੀ ਰੈਸਟ ਹਾਊਸ ਦੀ ਕਰੀਬ ਤਿੰਨ ਏਕੜ ਜ਼ਮੀਨ ਨੱਪੀ ਹੋਈ ਹੈ। ਸਰਹੱਦੀ ਸੂਬੇ ਵਿਚ ਇਕ ਸਾਬਕਾ ਮੰਤਰੀ ਦੇ ਭਤੀਜੇ ਨੇ ਵੀ ਸਰਕਾਰੀ ਖੇਤੀ ਵਾਲੀ ਜ਼ਮੀਨ 'ਤੇ ਕਬਜ਼ਾ ਕੀਤਾ ਹੋਇਆ ਹੈ।

ਪਟਿਆਲਾ ਵਿਚ ਭਾਖੜਾ ਮੇਨ ਲਾਈਨ ਦੀਆਂ ਕਰੀਬ ਦੋ ਦਰਜਨ ਤੋਂ ਜ਼ਿਆਦਾ ਸੰਪਤੀਆਂ 'ਤੇ ਨਾਜਾਇਜ਼ ਕਬਜ਼ੇ ਹਨ। ਰੱਖਿਆ ਵਿਭਾਗ ਦੀ ਪੰਜਾਬ ਵਿਚ ਕਰੀਬ 239 ਏਕੜ ਜ਼ਮੀਨ ਨਾਜਾਇਜ਼ ਕਬਜ਼ਿਆਂ ਹੇਠ ਹੈ। ਸਥਾਨਕ ਸਰਕਾਰਾਂ ਵਿਭਾਗ ਦੀਆਂ ਹਜ਼ਾਰਾਂ ਸੰਪਤੀਆਂ 'ਤੇ ਸ਼ਹਿਰਾਂ ਵਿਚ ਨਾਜਾਇਜ਼ ਕਬਜ਼ੇ ਹਨ। ਲੈਂਡ ਮਾਫੀਆ ਨੂੰ ਸਿਆਸੀ ਸਰਪ੍ਰਸਤੀ ਹੋਣ ਕਰ ਕੇ ਕਦੇ ਵੀ ਇਹ ਗੈਰਕਾਨੂੰਨੀ ਕਾਰੋਬਾਰ ਰੁਕਿਆ ਨਹੀਂ ਹੈ। ਪਾਵਰਕੌਮ ਦੀ ਕਰੀਬ 46 ਏਕੜ ਜ਼ਮੀਨ 'ਤੇ ਵੀ ਨਾਜਾਇਜ਼ ਕਬਜ਼ੇ ਹਨ। ਇਨ੍ਹਾਂ ਦੇ ਕੇਸ ਅਦਾਲਤਾਂ ਵਿਚ ਚੱਲ ਰਹੇ ਹਨ। ਪਾਵਰਕੌਮ ਦੇ ਦੋ ਦਰਜਨ ਬਿਜਲੀ ਗਰਿੱਡਾਂ ਨਾਲ ਪਈ ਜ਼ਮੀਨ 'ਤੇ ਜ਼ਿਆਦਾ ਹਨ। ਜਲੰਧਰ ਤੇ ਲੁਧਿਆਣਾ ਵਿਚ ਵੀ ਪਾਵਰਕੌਮ ਦੀ ਜ਼ਮੀਨ 'ਤੇ ਨਾਜਾਇਜ਼ ਕਬਜ਼ੇ ਹਨ। ਇਸੇ ਤਰ੍ਹਾਂ ਵੱਖ-ਵੱਖ ਵਿਭਾਗਾਂ ਦੀ ਜਾਇਦਾਦ 'ਤੇ ਵੀ ਨਾਜਾਇਜ਼ ਕਬਜ਼ੇ ਹੋਏ ਹਨ।

ਪੰਜਾਬ 'ਚ ਸਭ ਤੋਂ ਵੱਧ ਨਾਜਾਇਜ਼ ਕਬਜ਼ੇ ਵਕਫ਼ ਬੋਰਡ ਦੀ ਜ਼ਮੀਨ 'ਤੇ ਹੋਏ ਹਨ। ਸੂਬੇ ਵਿਚ ਵਕਫ਼ ਬੋਰਡ ਦੀਆਂ ਕਰੀਬ 75,091 ਜਾਇਦਾਦਾਂ ਦੀ ਸ਼ਨਾਖ਼ਤ ਕੀਤੀ ਹੋਈ ਹੈ ਜਿਨ੍ਹਾਂ 'ਚੋਂ 42,606 ਜਾਇਦਾਦਾਂ (57 ਫ਼ੀਸਦੀ) 'ਤੇ ਨਾਜਾਇਜ਼ ਕਬਜ਼ੇ ਹਨ। ਵੱਡੇ ਸ਼ਹਿਰਾਂ ਵਿਚ ਤਾਂ ਲੈਂਡ ਮਾਫ਼ੀਆ ਨੇ ਵਕਫ਼ ਬੋਰਡ ਦੇ ਕਬਰਸਤਾਨ ਤੱਕ ਵੇਚ ਦਿੱਤੇ ਹਨ। ਮੁਸਲਿਮ ਭਾਈਚਾਰੇ ਦੀਆਂ ਪਿੰਡਾਂ ਵਿਚਲੀਆਂ ਜਾਇਦਾਦਾਂ ਖੰਡਰ ਪਈਆਂ ਹਨ। ਬਠਿੰਡਾ ਜ਼ਿਲ੍ਹੇ ਵਿਚ ਸਭ ਤੋਂ ਵੱਧ 10,503 'ਚੋਂ 9406 ਜਾਇਦਾਦਾਂ 'ਤੇ ਨਾਜਾਇਜ਼ ਕਬਜ਼ੇ ਹਨ। ਦੂਜਾ ਨੰਬਰ ਹੁਸ਼ਿਆਰਪੁਰ ਦਾ ਜਿਥੇ 6478 ਜਾਇਦਾਦਾਂ ਅਤੇ ਲੁਧਿਆਣਾ ਜ਼ਿਲ੍ਹੇ ਵਿਚ 5258 ਜਾਇਦਾਦਾਂ 'ਤੇ ਨਾਜਾਇਜ਼ ਕਬਜ਼ੇ ਹਨ।

## ਡੇਰਾ ਪ੍ਰੇਮੀ ਹੱਤਿਆ ਮਾਮਲੇ 'ਚ ਛੇਵਾਂ ਸ਼ੂਟਰ ਮੁਕਾਬਲੇ ਪਿੱਛੋਂ ਗ੍ਰਿਫਤਾਰ





**ਚੰਡੀਗੜ੍ਹ:** ਪੰਜਾਬ ਪੁਲਿਸ ਦੀ ਐਂਟੀ ਗੈਂਗਸਟਰ ਟਾਸਕ ਫੋਰਸ (ਏ.ਜੀ.ਟੀ.ਐਫ.) ਨੇ ਕੋਟਕਪੂਰਾ ਵਿਚ ਡੇਰਾ ਪ੍ਰੇਮੀ ਪ੍ਰਦੀਪ ਸਿੰਘ ਦੀ ਹੱਤਿਆ ਦੇ ਮਾਮਲੇ 'ਚ ਸ਼ਾਮਲ ਛੇਵੇਂ ਸ਼ੂਟਰ ਰਮਜਾਨ ਖਾਨ ਉਰਫ ਰਾਜ ਹੁੱਡਾ ਨੂੰ ਰਾਜਸਥਾਨ ਦੇ ਜੈਪੁਰ ਤੋਂ ਪੁਲਿਸ ਮੁਕਾਬਲਾ ਤੋਂ ਬਾਅਦ ਗ੍ਰਿਫਤਾਰ ਕੀਤਾ ਹੈ। ਡੀ.ਜੀ.ਪੀ. ਗੌਰਵ ਯਾਦਵ ਨੇ ਦੱਸਿਆ ਕਿ ਪੁਲਿਸ ਨੇ ਹੁੱਡਾ ਦੇ ਦੋ ਸਾਥੀਆਂ ਹੈਪੀ ਮੇਹਲਾ (19) ਤੇ ਸਾਹਿਲ ਮੇਹਲਾ (18) ਵਾਸੀ ਹਨੂਮਾਨਗੜ੍ਹ ਨੂੰ ਵੀ ਹਿਰਾਸਤ ਵਿਚ ਲਿਆ ਹੈ।

ਇਨ੍ਹਾਂ ਤੋਂ ਦੋ ਪਿਸਤੌਲ ਵੀ ਬਰਾਮਦ ਕੀਤੇ ਗਏ ਹਨ। ਸੂਬਾ ਪੁਲਿਸ ਮੁਖੀ ਨੇ ਦੱਸਿਆ ਕਿ ਟਾਸਕ ਫੋਰਸ ਨੇ ਮੁਲਜ਼ਮ ਰਮਜਾਨ ਖਾਨ ਦੀ ਭਾਲ ਸ਼ੁਰੂ ਕੀਤੀ ਸੀ। ਇਸ ਤੋਂ ਬਾਅਦ ਡੀ.ਐਸ.ਪੀ. ਬਿਕਰਮ ਬਰਾੜ ਤੇ ਡੀ.ਐਸ.ਪੀ. ਰਾਜਨ ਪਰਮਿੰਦਰ ਦੀ ਅਗਵਾਈ 'ਚ ਪੁਲਿਸ ਟੀਮਾਂ ਨੇ ਜੈਪੁਰ ਵਿਚ ਵਿਨਾਇਕ ਐਨਕਲੇਵ ਕਲੋਨੀ ਦੀ ਇਕ ਇਮਾਰਤ 'ਚ ਮੁਲਜ਼ਮ ਦੀ ਲੋਕੇਸ਼ਨ ਦਾ ਪਤਾ ਲਗਾਉਣ ਵਿਚ ਸਫਲਤਾ ਹਾਸਲ ਕੀਤੀ। ਇਥੇ ਉਹ ਕਿਰਾਏ ਦੇ ਮਕਾਨ ਵਿਚ ਆਪਣੇ ਦੋ ਸਾਥੀਆਂ ਨਾਲ ਛੁਪਿਆ ਹੋਇਆ ਸੀ। ਯਾਦਵ ਨੇ ਦੱਸਿਆ ਕਿ ਕੇਂਦਰੀ ਜਾਂਚ ਏਜੰਸੀਆਂ ਤੇ ਰਾਜਸਥਾਨ ਪੁਲਿਸ ਨੇ ਸਾਂਝੇ ਅਪਰੇਸ਼ਨ ਦੌਰਾਨ ਰਮਜਾਨ ਨੂੰ ਫੜਨ ਦੀ ਕੋਸ਼ਿਸ਼ ਕੀਤੀ ਪਰ ਉਸ ਨੇ ਪੁਲਿਸ ਪਾਰਟੀ 'ਤੇ ਗੋਲੀ ਚਲਾ ਦਿੱਤੀ। ਇਸੇ ਦੌਰਾਨ ਪੰਜਾਬ ਪੁਲਿਸ ਦੀ ਟੀਮ ਵੱਲੋਂ ਕੀਤੀ ਜਵਾਬੀ ਗੋਲੀਬਾਰੀ ਵਿਚ ਉਹ ਜ਼ਖਮੀ ਹੋ ਗਿਆ। ਜ਼ਿਕਰਯੋਗ ਹੈ ਕਿ 10 ਨਵੰਬਰ ਨੂੰ ਸਵੇਰੇ ਕੋਟਕਪੂਰਾ ਵਿਚ ਪ੍ਰਦੀਪ ਸਿੰਘ ਨੂੰ ਉਸ ਦੀ ਦੁਕਾਨ ਦੇ ਬਾਹਰ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਸੀ। ਮੌਕੇ 'ਤੇ ਪੁਲਿਸ ਗਾਰਡ ਵੀ ਮੌਜੂਦ ਸੀ। ਵਾਰਦਾਤ ਦੀ ਜ਼ਿੰਮੇਵਾਰੀ ਕੈਨੇਡਾ ਅਧਾਰਿਤ ਗੈਂਗਸਟਰ ਗੋਲਡੀ ਬਰਾੜ ਨੇ ਲਈ ਸੀ।

## ਬੱਬੂ ਮਾਨ ਨੂੰ ਫੋਨ 'ਤੇ ਧਮਕੀ ਮਿਲਣ ਪਿੱਛੋਂ ਸੁਰੱਖਿਆ ਵਧਾਈ



**ਮੁਹਾਲੀ:** ਇਥੇ ਰਹਿੰਦੇ ਪੰਜਾਬੀ ਗਾਇਕ ਤੇ ਅਦਾਕਾਰ ਬੱਬੂ ਮਾਨ ਨੂੰ ਕਿਸੇ ਅਣਪਛਾਤੇ ਵਿਅਕਤੀ ਵੱਲੋਂ ਫੋਨ 'ਤੇ ਧਮਕੀ ਦਿੱਤੀ ਗਈ ਹੈ। ਇਸ ਸਬੰਧੀ ਸੂਚਨਾ ਮਿਲਣ ਮਗਰੋਂ ਸਥਾਨਕ ਪੁਲਿਸ ਨੇ ਹਰਕਤ ਵਿਚ ਆਉਂਦਿਆਂ ਗਾਇਕ ਦੀ ਸੁਰੱਖਿਆ ਵਿਚ ਵਾਧਾ ਕਰ ਦਿੱਤਾ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਬੱਬੂ ਮਾਨ ਨੂੰ ਇਹ ਧਮਕੀ ਭਰਿਆ ਫੋਨ ਕਰਨ ਵਾਲਾ ਗੈਂਗਸਟਰ ਬੰਬੀਹਾ ਗਰੁੱਪ ਦਾ ਦੱਸਿਆ ਜਾ ਰਿਹਾ ਹੈ। ਧਮਕੀ ਬਾਰੇ ਜਾਣਕਾਰੀ ਮਿਲਣ ਮਗਰੋਂ ਮੁਹਾਲੀ ਪੁਲਿਸ ਨੇ ਬੱਬੂ ਮਾਨ ਦੀ ਸੁਰੱਖਿਆ ਹੋਰ ਸਖਤ ਕਰਦਿਆਂ ਸਥਾਨਕ ਸੈਕਟਰ-71 ਸਥਿਤ ਗਾਇਕ ਦੇ ਘਰ ਦੇ ਬਾਹਰ ਵੱਡੀ ਗਿਣਤੀ ਵਿਚ ਪੁਲਿਸ ਮੁਲਾਜ਼ਮ ਤਾਇਨਾਤ ਕਰ ਦਿੱਤੇ ਹਨ। ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਮੁਹਾਲੀ ਵਿਚ ਹੀ ਰਹਿੰਦੇ ਪੰਜਾਬੀ ਗਾਇਕ ਤੇ ਅਦਾਕਾਰ ਗਿੱਪੀ ਗਰੇਵਾਲ ਨੂੰ ਵੀ ਫਿਰੌਤੀ ਲਈ ਧਮਕੀ ਦਿੱਤੀ ਗਈ ਸੀ।

## ਸ਼ਾਮਲਾਤਾਂ ਦੇ ਹੱਕ ਪੰਚਾਇਤਾਂ ਨੂੰ ਦੇਣ ਬਾਰੇ ਚੁੱਕੇ ਸਵਾਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਸੂਬੇ ਵਿਚ ਮੁਸਤਰਕਾ ਮਾਲਕੀਅਤ ਵਾਲੀਆਂ ਜ਼ਮੀਨਾਂ ਕਿਸਾਨਾਂ ਤੇ ਮਜ਼ਦੂਰਾਂ ਕੋਲੋਂ ਜਬਰੀ ਖੋਹ ਕੇ ਪੰਚਾਇਤਾਂ ਨੂੰ ਦੇਣ ਦੀ ਕਾਰਵਾਈ ਗੈਰ ਸੰਵਿਧਾਨਕ ਕਰਾਰ ਦਿੱਤੀ ਹੈ।



ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਅਜਿਹਾ ਫੈਸਲਾ ਸੂਬੇ ਅੰਦਰ ਉਥਲ-ਪੁਥਲ ਵਾਲਾ ਮਾਹੌਲ ਪੈਦਾ ਕਰ ਦੇਵੇਗਾ। ਸੂਬਾ ਸਰਕਾਰ ਦਾ ਇਹ ਫੈਸਲਾ ਪੰਜਾਬ ਦੇ ਲੋਕਾਂ ਨੂੰ ਅਦਾਲਤਾਂ ਤੇ ਕਾਨੂੰਨਦਾਨਾਂ ਦੇ ਚੱਕਰਾਂ ਵਿਚ ਫਸਾਏਗਾ, ਉਥੇ ਹੀ ਸੂਬੇ ਅੰਦਰ ਲੜਾਈ-ਝਗੜਿਆਂ ਵਾਲੇ ਮਾਹੌਲ ਨੂੰ ਵੀ ਉਤਸ਼ਾਹਿਤ ਕਰੇਗਾ। ਉਨ੍ਹਾਂ ਕਿਹਾ ਕਿ ਸੂਬੇ ਅੰਦਰ ਪਹਿਲਾਂ ਹੀ ਕਾਨੂੰਨ ਵਿਵਸਥਾ ਦੀ ਹਾਲਤ ਤਰਸਯੋਗ ਹੈ ਤੇ ਸਰਕਾਰ ਦੇ ਇਸ ਫੈਸਲੇ ਨਾਲ ਪੰਜਾਬ ਅੰਦਰ ਅਰਾਜਕਤਾ ਅਤੇ ਅਨਿਸ਼ਚਿਤਤਾ ਦੇ ਮਾਹੌਲ ਨੂੰ ਹੋਰ ਹੁਲਾਰਾ ਮਿਲੇਗਾ।

ਚੰਦੂਮਾਜਰਾ ਨੇ 'ਮਰੱਬਾਬੰਦੀ ਕਾਨੂੰਨ 1948' ਦਾ ਜ਼ਿਕਰ ਕਰਦਿਆਂ ਕਿਹਾ ਕਿ ਲੋਕਾਂ ਦੀਆਂ ਆਪਣੀਆਂ ਜ਼ਮੀਨਾਂ ਦੀ ਮਰੱਬਾਬੰਦੀ ਸਮੇਂ ਸਾਂਝੇ ਕੰਮਾਂ ਲਈ ਜ਼ਮੀਨਾਂ ਦਾ ਹਿੱਸਾ ਰੱਖਿਆ ਗਿਆ ਸੀ ਪਰ ਜਿਨ੍ਹਾਂ ਸ਼ਾਮਲਾਤ ਜ਼ਮੀਨਾਂ ਦੀ ਵਰਤੋਂ ਸਾਂਝੇ ਕੰਮਾਂ ਲਈ ਨਹੀਂ ਕੀਤੀ ਗਈ, ਉਨ੍ਹਾਂ ਜ਼ਮੀਨਾਂ ਨੂੰ ਮਾਲਕੀ ਵਾਲੇ ਕਿਸਾਨਾਂ ਵੱਲੋਂ ਆਪਣੇ ਨਾਂ ਕਰਵਾ ਲਿਆ ਗਿਆ ਜੋ ਉਨ੍ਹਾਂ ਦੇ ਬੁਨਿਆਦੀ ਹੱਕ ਬਣਦੇ ਸਨ।

ਇਸ ਤਰ੍ਹਾਂ ਕੋਈ ਵੀ ਸਰਕਾਰ ਕਿਸੇ ਦੀ ਮਾਲਕੀ ਵਾਲੀ ਜਮੀਨ 'ਤੇ ਨਾਜਾਇਜ਼ ਕਬਜ਼ਾ ਨਹੀਂ ਕਰ ਸਕਦੀ। ਸਾਬਕਾ ਸੰਸਦ ਮੈਂਬਰ ਨੇ ਕਿਹਾ ਕਿ ਪੰਚਾਇਤਾਂ ਵੱਲੋਂ ਦਲਿਤ ਭਾਈਚਾਰੇ ਲਈ 25 ਫੀਸਦ ਜ਼ਮੀਨਾਂ ਰਾਖਵੀਆਂ ਰੱਖੀਆਂ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਦਲਿਤ ਭਾਈਚਾਰੇ ਦੇ ਹਿੱਸੇ ਦੀ ਜਮੀਨ ਕੁੱਝ ਰਸੂਖਦਾਰਾਂ ਨੇ ਪੈਸੇ ਦੇ ਜੋਰ 'ਤੇ ਖਰੀਦ ਲਈ, ਜੋ ਕਿ ਗੈਰ ਸੰਵਿਧਾਨਿਕ ਹੈ ਤੇ ਪੰਜਾਬ ਸਰਕਾਰ ਨੂੰ ਇਸ ਵੱਲ ਧਿਆਨ ਦੇਣ ਦੀ ਲੋੜ ਹੈ।

## ਧਰਮੀ ਫੌਜੀਆਂ ਵੱਲੋਂ ਮੰਗਾਂ ਸਬੰਧੀ ਧਾਮੀ ਨਾਲ ਮੁਲਾਕਾਤ

**ਅੰਮ੍ਰਿਤਸਰ:** ਸਮੂਹ ਸਿੱਖ ਧਰਮੀ ਫੌਜੀ ਜੂਨ 1984 ਪਰਿਵਾਰ ਵੈੱਲਫੇਅਰ ਐਸੋਸੀਏਸ਼ਨ ਦੇ ਆਗੂਆਂ ਦਾ ਵਫਦ ਜਥੇਬੰਦੀ ਦੇ ਕੌਮੀ ਪ੍ਰਧਾਨ ਬਲਦੇਵ ਸਿੰਘ ਗੁਰਦਾਸਪੁਰ ਦੀ ਅਗਵਾਈ ਹੇਠ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਮਿਲਿਆ।

ਐਸੋਸੀਏਸ਼ਨ ਦੇ ਪ੍ਰਧਾਨ ਬਲਦੇਵ ਸਿੰਘ ਨੇ ਦੱਸਿਆ ਕਿ ਧਰਮੀ ਫੌਜੀਆਂ ਦੇ ਵਫਦ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨਾਲ ਮੰਗਾਂ ਬਾਰੇ ਚਰਚਾ ਕਰਦਿਆਂ ਤਤਕਾਲੀ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਵੱਲੋਂ ਬੰਦ ਕੀਤੀਆਂ ਸਹੂਲਤਾਂ ਤੇ ਧਰਮੀ ਫੌਜੀਆਂ ਨੂੰ ਵੱਖ-ਵੱਖ ਵਰਗਾਂ ਵਿਚ ਵੰਡਣ ਦੇ ਮਤੇ ਨੂੰ ਰੱਦ ਕਰਨ, ਬੰਦ ਸਹੂਲਤਾਂ ਦੁਬਾਰਾ ਲਾਗੂ ਕਰਨ ਅਤੇ 120 ਦੇ ਕਰੀਬ ਨੌਕਰੀਆਂ ਸਬੰਧੀ ਬਕਾਇਆ ਫਾਈਲਾਂ 'ਤੇ ਵਿਚਾਰ ਕਰਨ ਤੋਂ ਇਲਾਵਾ ਜੀ.ਸੀ.ਐਮ. (ਜਰਨਲ ਕੋਰਟ ਮਾਰਸ਼ਲ) ਵਾਲੇ ਧਰਮੀ ਫੌਜੀਆਂ ਨੂੰ ਪੰਜ ਸਾਲ ਲਈ 50-50 ਹਜ਼ਾਰ ਰੁਪਏ ਸਾਲਾਨਾ ਸਹਾਇਤਾ ਰਾਸ਼ੀ ਜਾਰੀ ਕਰਨ ਬਾਰੇ ਚਰਚਾ ਕੀਤੀ।

ਇਸ ਤੋਂ ਇਲਾਵਾ ਡਿਸਮਿਸ ਫਰੋਮ ਸਰਵਿਸ ਲਗਭਗ 25-30 ਧਰਮੀ ਫੌਜੀਆਂ ਜੋ ਕਿ ਅੱਜ ਤੱਕ ਕਿਸੇ ਗਿਣਤੀ ਵਿਚ ਸ਼ਾਮਲ ਨਹੀਂ ਹਨ, ਬਾਰੇ ਵੀ ਵਿਚਾਰ ਕਰਨ ਦੀ ਅਪੀਲ ਕੀਤੀ ਗਈ। ਬਲਦੇਵ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਭਰੋਸਾ ਦਿੱਤਾ ਹੈ ਕਿ ਮੰਗਾਂ ਨੂੰ ਹਮਦਰਦੀ ਨਾਲ ਵਿਚਾਰਿਆ ਜਾਵੇਗਾ।

## ਮੂਸੇਵਾਲਾ ਦੇ ਮਾਪਿਆਂ ਨੂੰ ਮਿਲ ਕੇ ਭਾਵੁਕ ਹੋਇਆ ਬਰਨਾ ਬੁਆਏ

**ਮਾਨਸਾ:** ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਲਈ ਨਾਈਜੀਰੀਆ ਦੇ ਗਾਇਕ ਬਰਨਾ ਬੁਆਏ ਨੇ ਵੀ ਇਨਸਾਫ ਮੰਗਿਆ ਹੈ। ਸਿੱਧੂ ਮੂਸੇਵਾਲਾ ਦੇ ਮਾਪੇ ਇਸ ਵੇਲੇ ਬਰਤਾਨੀਆ ਵਿਚ ਹਨ ਅਤੇ ਉਹ ਪੁੱਤ ਦੇ ਕਾਤਲਾਂ ਖਿਲਾਫ਼ ਕਾਰਵਾਈ ਨਾ ਹੋਣ ਤੋਂ ਨਾਰਾਜ਼ ਹਨ। ਉਥੇ ਸਿੱਧੂ ਮੂਸੇਵਾਲਾ ਦੇ ਮਾਪਿਆਂ ਦੀ ਨਾਈਜੀਰੀਅਨ ਰੈਪ ਗਾਇਕ ਬਰਨਾ ਬੁਆਏ ਨਾਲ ਮੁਲਾਕਾਤ ਹੋਈ।

ਇਸ ਦੌਰਾਨ ਉਸ ਨੇ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਦੁੱਖ ਸਾਂਝਾ ਕੀਤਾ। ਸਿੱਧੂ ਮੂਸੇਵਾਲਾ ਦੇ ਤਾਇਆ ਚਮਕੌਰ ਸਿੰਘ ਤੋਂ ਮਿਲੀ ਜਾਣਕਾਰੀ ਮੁਤਾਬਕ ਬਰਨਾ ਬੁਆਏ ਬਲਕੌਰ ਸਿੰਘ ਸਿੱਧੂ ਨਾਲ ਪਹਿਲੀ ਮੁਲਾਕਾਤ ਦੌਰਾਨ ਬਹੁਤ ਭਾਵੁਕ ਹੋਇਆ ਅਤੇ ਉਸ ਨੇ ਮਰਹੂਮ



ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀਆਂ ਬਹੁਤ ਸਾਰੀਆਂ ਗੱਲਾਂ ਮਾਪਿਆਂ ਨਾਲ ਸਾਂਝੀਆਂ ਕੀਤੀਆਂ। ਦੱਸਣਯੋਗ ਹੈ ਕਿ ਇਕ ਲਾਈਵ ਸ਼ੋਅ ਦੌਰਾਨ ਬਰਨਾ ਬੁਆਏ ਸਿੱਧੂ ਮੂਸੇਵਾਲਾ ਦਾ ਨਾਂ ਲੈਂਦਿਆਂ ਬਹੁਤ ਭਾਵੁਕ ਹੋ ਗਿਆ ਸੀ ਅਤੇ ਉਸ ਨੇ ਮੂਸੇਵਾਲਾ ਦੇ ਚਰਚਿਤ ਅੰਦਾਜ਼ ਵਿਚ ਉਸ ਨੂੰ ਸ਼ਰਧਾਂਜਲੀ ਦਿੱਤੀ ਸੀ। ਉਸ ਨੇ ਆਪਣੇ ਪੱਟ 'ਤੇ ਥਾਪੀ ਮਾਰ ਕੇ ਹਵਾ ਵਿਚ ਹੱਥ ਲਹਿਰਾਇਆ ਸੀ। ਇਸ ਸ਼ੋਅ ਦੌਰਾਨ ਦਰਸ਼ਕ ਵੀ ਭਾਵੁਕ ਹੋ ਗਏ ਸਨ। ਜ਼ਿਕਰਯੋਗ ਹੈ ਕਿ ਬਰਨਾ ਬੁਆਏ ਅਤੇ ਸਿੱਧੂ ਮੂਸੇਵਾਲਾ ਮਿਕਸਟੇਪ 'ਤੇ ਕੰਮ ਕਰ ਰਹੇ ਸਨ। ਉੱਧਰ, ਪਰਿਵਾਰ ਤੋਂ ਪਤਾ ਲੱਗਿਆ ਹੈ ਕਿ ਬਰਤਾਨੀਆ ਵਿਚ ਰਹਿੰਦੇ ਪੰਜਾਬੀ ਗਾਇਕ ਦੇ ਪ੍ਰਸੰਸਕਾਂ ਨੇ ਮੂਸੇਵਾਲਾ ਦੇ ਪਰਿਵਾਰ ਨੂੰ ਇਨਸਾਫ ਦਿਵਾਉਣ ਲਈ ਮੁਹਿੰਮ ਸ਼ੁਰੂ ਕਰ ਦਿੱਤੀ ਹੈ।

## ਲਾਲਪੁਰਾ ਦੇ ਪੁੱਤਰ 'ਤੇ ਪਿਸਤੌਲ ਤਾਣਨ ਦੇ ਦੋਸ਼ ਅਧੀਨ ਦੋ ਗ੍ਰਿਫਤਾਰ

**ਰੂਪਨਗਰ:** ਜ਼ਿਲ੍ਹਾ ਰੂਪਨਗਰ ਪੁਲਿਸ ਵੱਲੋਂ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਦੇ ਪੁੱਤਰ ਅਜੈਵੀਰ ਸਿੰਘ ਲਾਲਪੁਰਾ ਦੀ ਗੱਡੀ ਘੇਰ ਕੇ ਉਨ੍ਹਾਂ 'ਤੇ ਪਿਸਤੌਲ ਤਾਣਨ ਦੇ ਦੋਸ਼ ਅਧੀਨ ਦੋ ਨੌਜਵਾਨਾਂ ਵਿਰੁੱਧ ਕੇਸ ਦਰਜ ਕੀਤਾ ਗਿਆ ਹੈ।

ਅਜੈਵੀਰ ਸਿੰਘ ਲਾਲਪੁਰਾ ਨੇ ਦੱਸਿਆ ਕਿ ਉਹ ਰਾਤ ਆਪਣੇ ਸਾਥੀ ਸੁਰਿੰਦਰਪਾਲ ਵਾਸੀ ਰੁੜਕੇਮਾਜਰਾ ਨਾਲ ਆਪਣੀ ਰੇਂਜ ਰੋਵਰ ਵਿਚ ਪਿੰਡ ਕਲਵਾਂ ਪਰਤ ਰਹੇ ਸਨ। ਇਸੇ ਦੌਰਾਨ ਬੱਸ ਅੱਡਾ ਬੈਂਸਾਂ ਨੇੜਿਉਂ ਸਵਿੱਫਟ ਕਾਰ ਉਨ੍ਹਾਂ ਦੇ ਪਿੱਛੇ ਲੱਗ ਗਈ। ਰਾਤ 11.30 ਵਜੇ ਦੇ ਕਰੀਬ ਉਹ ਆਜਮਪੁਰ ਬਾਈਪਾਸ ਲੰਘੇ ਤਾਂ ਸਵਿੱਫਟ ਗੱਡੀ ਦੇ ਚਾਲਕ ਨੇ ਉਨ੍ਹਾਂ ਦੀ ਗੱਡੀ ਦੇ ਅੱਗੇ ਲਗਾ ਕੇ ਉਨ੍ਹਾਂ ਨੂੰ ਘੇਰ ਲਿਆ। ਗੱਡੀ ਵਿਚੋਂ ਉਤਰੇ ਦੋ ਨੌਜਵਾਨਾਂ ਵਿਚੋਂ ਇਕ ਨੇ ਉਨ੍ਹਾਂ 'ਤੇ ਪਿਸਤੌਲ ਤਾਣ ਕੇ ਗੱਡੀ ਵਿਚੋਂ ਥੱਲੇ ਉਤਾਰ ਲਿਆ ਤੇ ਉਨ੍ਹਾਂ ਨੂੰ ਮੰਦਾ-ਚੰਗਾ ਬੋਲਦੇ ਰਹੇ। ਇਸੇ ਦੌਰਾਨ ਪੁਲਿਸ ਦੀ ਪੀ.ਸੀ.ਆਰ. ਆਉਣ 'ਤੇ ਦੋਵੇਂ ਫਰਾਰ ਹੋ ਗਏ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਸੁਰੱਖਿਆ ਮੁਲਾਜ਼ਮ ਵੀ ਉਨ੍ਹਾਂ ਦੇ ਨਾਲ ਸਨ ਪਰ ਨੌਜਵਾਨਾਂ ਨੇ ਉਨ੍ਹਾਂ ਦੀ ਵੀ ਕੋਈ ਪ੍ਰਵਾਹ ਨਹੀਂ ਕੀਤੀ। ਮੁਲਜ਼ਮਾਂ ਦੀ ਪਛਾਣ ਜਸਪ੍ਰੀਤ ਸਿੰਘ ਤੇ ਜਸਕਰਨ ਸਿੰਘ ਵਾਸੀ ਤਖਤਗੜ੍ਹ ਵਜੋਂ ਹੋਈ ਹੈ।

## ਮੂਸੇਵਾਲਾ ਕਤਲ: ਗੋਲਡੀ ਬਰਾੜ ਖਿਲਾਫ ਰੈੱਡ ਕਾਰਨਰ ਨੋਟਿਸ ਜਾਰੀ

**ਚੰਡੀਗੜ੍ਹ:** ਗਾਇਕ ਸਿੱਧੂ ਮੂਸੇਵਾਲਾ ਕਤਲ ਕਾਂਡ ਦੇ ਮਾਸਟਰਮਾਈਂਡ ਨੂੰ ਪੰਜਾਬ ਪੁਲਿਸ ਵੱਲੋਂ ਭਾਰਤ ਲਿਆਉਣ ਲਈ ਰੈੱਡ ਕਾਰਨਰ ਨੋਟਿਸ ਜਾਰੀ ਕੀਤਾ ਗਿਆ ਹੈ। ਸੂਬਾ ਪੁਲਿਸ ਮੁਖੀ ਗੌਰਵ ਯਾਦਵ ਨੇ ਇਸ ਬਾਰੇ ਟਵੀਟ ਕੀਤਾ ਹੈ।

ਉਨ੍ਹਾਂ ਦੱਸਿਆ ਕਿ ਉੱਤਰੀ ਅਮਰੀਕਾ ਸਥਿਤ ਗੈਂਗਸਟਰ ਗੋਲਡੀ ਬਰਾੜ ਨੂੰ ਭਾਰਤ ਲਿਆਉਣ ਲਈ ਰੈੱਡ ਕਾਰਨਰ ਨੋਟਿਸ ਜਾਰੀ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਸਿੱਧੂ ਮੂਸੇਵਾਲਾ ਕਤਲ ਕਾਂਡ ਤੋਂ ਇਲਾਵਾ ਪੰਜਾਬ ਸਮੇਤ ਕਈ ਸੂਬਿਆਂ ਦੀ ਪੁਲਿਸ ਗੋਲਡੀ ਬਰਾੜ ਦੀ ਭਾਲ ਕਰ ਰਹੀ ਹੈ। ਪੰਜਾਬ ਪੁਲਿਸ ਕੋਲ ਪੱਕੀ ਜਾਣਕਾਰੀ ਹੈ ਕਿ ਸਿੱਧੂ ਮੂਸੇਵਾਲਾ ਕਤਲ ਕਾਂਡ ਦਾ ਮਾਸਟਰਮਾਈਂਡ ਗੈਂਗਸਟਰ ਸਤਿੰਦਰ ਸਿੰਘ ਉਰਫ ਗੋਲਡੀ ਬਰਾੜ ਇਸ ਸਮੇਂ ਉੱਤਰੀ ਅਮਰੀਕਾ ਵਿਚ ਹੈ। ਪੰਜਾਬ ਪੁਲਿਸ ਅਤੇ ਹੋਰ ਰਾਜਾਂ ਦੀ ਪੁਲਿਸ ਲਗਾਤਾਰ ਉਸ ਦੇ ਟਿਕਾਣੇ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਤੋਂ ਪਹਿਲਾਂ ਗੋਲਡੀ ਬਰਾੜ ਕੈਨੇਡਾ ਭੱਜ ਗਿਆ ਸੀ, ਪਰ ਉਥੇ ਖਤਰੇ ਨੂੰ ਭਾਂਪਦਿਆਂ ਉਹ ਉੱਤਰੀ ਅਮਰੀਕਾ ਨੂੰ ਚਲਾ ਗਿਆ ਦੱਸਿਆ ਜਾ ਰਿਹਾ ਹੈ। ਸੂਤਰਾਂ ਮੁਤਾਬਕ ਗੋਲਡੀ ਬਰਾੜ ਆਪਣਾ ਬਚਾਅ ਕਰਨ ਲਈ ਕੈਲੀਫੋਰਨੀਆ ਵਿਚ ਕਾਨੂੰਨੀ ਸ਼ਰਨ ਲੈਣ ਦੀ ਵੀ ਕੋਸ਼ਿਸ਼ ਕਰ ਰਿਹਾ ਹੈ।

# ਕਿਸਾਨ ਜਥੇਬੰਦੀਆਂ ਨੂੰ 'ਸਲਾਹ' ਦੇ ਕੇ ਬੁਰੇ ਫਸੇ ਭਗਵੰਤ ਮਾਨ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਧਰਨਾ ਲਗਾ ਕੇ ਬੈਠੀਆਂ ਕੁਝ ਕਿਸਾਨ ਯੂਨੀਅਨਾਂ ਉਤੇ ਤਲਖ਼ ਟਿੱਪਣੀ ਪਿੱਛੋਂ ਜਿਥੇ ਸੂਬੇ ਦੀ ਸਿਆਸਤ ਭਖ ਗਈ ਹੈ, ਉਥੇ ਕਿਸਾਨ ਜਥੇਬੰਦੀਆਂ ਵੀ ਸਰਕਾਰ ਖਿਲਾਫ ਆਰ-ਪਾਰ ਦੀ ਲੜਾਈ ਲਈ ਨਿੱਤਰ ਆਈਆਂ ਹਨ।

ਵਿਰੋਧੀ ਸਿਆਸੀ ਧਿਰਾਂ ਵੱਲੋਂ 'ਆਪ' ਸਰਕਾਰ ਦੀ ਘੇਰਾਬੰਦੀ ਕੀਤੀ ਜਾਣ ਲੱਗੀ ਹੈ। ਕਿਸਾਨ ਧਿਰਾਂ ਨੇ ਵੀ ਮੁੱਖ ਮੰਤਰੀ 'ਤੇ ਮੋੜਵਾਂ ਹਮਲਾ ਕੀਤਾ ਹੈ। ਦੱਸਣਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਕੈਬਨਿਟ ਮੀਟਿੰਗ ਮਗਰੋਂ ਕਿਹਾ ਸੀ ਕਿ ਸੂਬੇ ਵਿਚ ਕਿਸਾਨਾਂ ਦੇ ਧਰਨਿਆਂ ਕਰ ਕੇ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪ੍ਰਦਰਸ਼ਨ ਕਰਨਾ ਕਿਸਾਨਾਂ ਦਾ ਹੱਕ ਹੈ ਪਰ ਸੜਕਾਂ 'ਤੇ ਧਰਨੇ ਲਾਉਣ ਦੀ ਥਾਂ ਵਿਧਾਇਕਾਂ ਤੇ ਮੰਤਰੀਆਂ ਦੀਆਂ ਕੋਠੀਆਂ ਦੇ ਬਾਹਰ ਧਰਨੇ ਲਾਏ ਜਾ ਸਕਦੇ ਹਨ।

ਮੁੱਖ ਮੰਤਰੀ ਦੀ ਟਿੱਪਣੀ ਪਿੱਛੋਂ ਭਾਰਤੀ ਕਿਸਾਨ ਯੂਨੀਅਨ (ਸਿੱਧੂਪੁਰ) ਦੇ ਸੂਬਾ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਕਿਸਾਨਾਂ ਦੀਆਂ ਮੰਗਾਂ ਮਨਵਾਉਣ ਲਈ ਮਰਨ ਵਰਤ 'ਤੇ ਬੈਠ ਗਏ ਹਨ। ਡੱਲੇਵਾਲ ਨੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਨੇ ਕਿਸਾਨਾਂ ਦੀਆਂ ਮੰਨੀਆਂ ਹੋਈਆਂ ਮੰਗਾਂ ਹਾਲੇ ਤੱਕ ਲਾਗੂ ਨਹੀਂ ਕੀਤੀਆਂ ਹਨ, ਜਿਨ੍ਹਾਂ ਨੂੰ ਮਨਵਾਉਣ ਲਈ ਉਹ ਮਰਨ ਵਰਤ 'ਤੇ ਬੈਠ ਰਹੇ ਹਨ। ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਕਿ ਮੁੱਖ ਮੰਤਰੀ ਨੇ ਪਰਾਲੀ ਸਾੜਨ ਵਾਲੇ ਕਿਸਾਨਾਂ ਖਿਲਾਫ਼ ਕਾਨੂੰਨੀ ਕਾਰਵਾਈ ਨਾ ਕਰਨ, ਖੰਡ ਮਿੱਲਾਂ ਦੀ ਸ਼ੁਰੂਆਤ 5 ਨਵੰਬਰ ਤੋਂ ਕਰਨ ਅਤੇ ਲੰਬੇ ਸਮੇਂ ਤੋਂ ਕਿਸਾਨਾਂ ਦੇ ਕਬਜ਼ੇ ਹੇਠ ਚੱਲ ਰਹੀ ਜਮੀਨ ਦੀ ਮਾਲਕੀ ਕਿਸਾਨਾਂ ਨੂੰ ਦੇਣ ਦੀ ਹਾਮੀ ਭਰੀ ਸੀ, ਪਰ ਹਾਲੇ ਤੱਕ ਇਨ੍ਹਾਂ ਮੰਗਾਂ 'ਤੇ ਅਮਲ ਨਹੀਂ ਕੀਤਾ ਗਿਆ ਹੈ।

ਭਾਰਤੀ ਕਿਸਾਨ ਯੂਨੀਅਨ (ਸਿਰਸਾ) ਦੇ ਪ੍ਰਧਾਨ ਬਲਦੇਵ ਸਿੰਘ ਸਿਰਸਾ ਨੇ ਕਿਹਾ ਕਿ ਮੁੱਖ ਮੰਤਰੀ ਵੱਲੋਂ ਇਹ ਲੋਕਾਂ ਨੂੰ ਕਿਸਾਨ ਯੂਨੀਅਨਾਂ ਦੇ ਖ਼ਿਲਾਫ਼ ਭੜਕਾਉਣ ਦੀ ਸਾਜ਼ਿਸ਼ ਹੈ ਅਤੇ ਇੱਕ ਜ਼ਿੰਮੇਵਾਰੀ ਵਾਲੀ ਕੁਰਸੀ 'ਤੇ ਬੈਠ ਕੇ ਅਜਿਹੇ ਬਿਆਨ ਦੇਣੇ ਕਿਸੇ ਪੱਖੋਂ ਜਾਇਜ਼ ਨਹੀਂ ਹਨ। ਸਿਰਸਾ ਨੇ ਕਿਹਾ ਕਿ ਜੇਕਰ ਸਰਕਾਰ ਨੇ ਮੰਨੀਆਂ ਮੰਗਾਂ ਲਾਗੂ ਨਾ ਕੀਤੀਆਂ ਤਾਂ ਸ਼ਨਿਚਰਵਾਰ ਦੁਪਹਿਰ ਮਗਰੋਂ ਕਿਸਾਨ ਯੂਨੀਅਨ ਦਾ ਇੱਕ ਪ੍ਰਤੀਨਿਧ ਮਰਨ ਵਰਤ 'ਤੇ ਬੈਠੇਗਾ।

ਭਾਜਪਾ ਦੇ ਸੀਨੀਅਰ ਆਗੂ ਮਨਜਿੰਦਰ ਸਿੰਘ ਸਿਰਸਾ ਨੇ ਮੁੱਖ ਮੰਤਰੀ ਦੇ ਬਿਆਨ ਨੂੰ ਮੰਦਭਾਗਾ ਕਰਾਰ ਦਿੰਦਿਆਂ ਕਿਹਾ ਹੈ ਕਿ ਕਿਸਾਨ ਧਿਰਾਂ ਦੇ ਵਿਰੋਧ ਕਰ ਕੇ ਹੀ ਤਿੰਨ ਖੇਤੀ ਕਾਨੂੰਨ ਵਾਪਸ ਹੋਏ ਸਨ ਅਤੇ ਉਦੋਂ 'ਆਪ' ਆਗੂ ਪ੍ਰਦਰਸ਼ਨਕਾਰੀਆਂ ਲਈ ਪਾਣੀ ਆਦਿ ਦੇ ਪ੍ਰਬੰਧਾਂ ਵਿਚ ਜੁਟੇ ਹੋਏ ਸਨ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਧਰਨੇ ਦੇਣ ਦਾ ਕੋਈ ਚਾਅ ਨਹੀਂ ਹੈ ਅਤੇ ਜੇਕਰ ਸਰਕਾਰ ਕਿਸਾਨਾਂ ਦੇ ਮਸਲੇ ਹੱਲ ਕਰੇ ਤਾਂ ਕਿਸਾਨਾਂ ਨੂੰ ਧਰਨੇ ਦੇਣ ਦੀ ਲੋੜ ਹੀ ਨਹੀਂ ਪਵੇਗੀ। ਸਿਰਸਾ ਨੇ ਕਿਹਾ ਕਿ ਪਹਿਲਾਂ 'ਆਪ' ਵਾਲੇ ਕੇਂਦਰ ਸਰਕਾਰ ਖ਼ਿਲਾਫ਼ ਲੱਗੇ ਧਰਨਿਆਂ ਨੂੰ ਲੈ ਕੇ ਕਿਸਾਨ ਧਿਰਾਂ ਦੀ ਤਾਰੀਫ਼ ਕਰਦੇ ਸਨ ਅਤੇ ਹੁਣ ਮੁੱਖ ਮੰਤਰੀ ਭਗਵੰਤ ਮਾਨ ਕਿਸਾਨਾਂ ਦੇ ਖਿਲਾਫ ਖੜ੍ਹੇ ਹੋ ਗਏ ਹਨ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਕਿਸਾਨਾਂ ਨਾਲ ਕੀਤੇ ਵਾਅਦੇ ਪੂਰੇ ਕਰੇ।

ਸ਼੍ਰੋਮਣੀ ਅਕਾਲੀ ਦਲ ਨੇ ਅਜਿਹੀ ਸ਼ਬਦਾਵਲੀ ਵਰਤਣ ਬਦਲੇ ਮੁੱਖ ਮੰਤਰੀ ਨੂੰ ਕਿਸਾਨ ਜਥੇਬੰਦੀਆਂ ਕੋਲੋਂ ਮੁਆਫ਼ੀ ਮੰਗਣ ਲਈ ਕਿਹਾ ਹੈ। ਸਾਬਕਾ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਕਿਸਾਨ ਧਿਰਾਂ ਤਾਂ ਮੰਨੀਆਂ ਮੰਗਾਂ ਨੂੰ ਲਾਗੂ ਕਰਾਉਣ ਦੀ ਗੱਲ ਆਖ ਰਹੀਆਂ ਹਨ, ਇਸ ਵਾਸਤੇ ਮੁੱਖ ਮੰਤਰੀ ਫ਼ੌਰੀ ਇਨ੍ਹਾਂ ਮੰਗਾਂ ਨੂੰ ਲਾਗੂ ਕਰਨ ਵਾਸਤੇ ਨੋਟੀਫ਼ਿਕੇਸ਼ਨ ਜਾਰੀ ਕਰਨ। ਉਨ੍ਹਾਂ ਸਲਾਹ ਦਿੱਤੀ, ''ਮੁੱਖ ਮੰਤਰੀ ਸਿਆਣਪ ਤੋਂ ਕੰਮ ਲੈਣ ਅਤੇ ਗੈਰ-ਜ਼ਿੰਮੇਵਾਰਾਨਾ ਬਿਆਨਾਂ ਨਾਲ ਸੂਬੇ ਦਾ ਮਾਹੌਲ ਨਾ ਖ਼ਰਾਬ ਕਰਨ।'' ਬੀ.ਕੇ.ਯੂ. (ਉਗਰਾਹਾਂ) ਦੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਵੀ ਮੁੱਖ ਮੰਤਰੀ ਦੇ ਬਿਆਨ ਦੀ ਆਲੋਚਨਾ ਕੀਤੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਖ਼ੁਦ ਕਿਸਾਨ ਹਨ ਤੇ ਉਹ ਗੈਰ-ਸੰਵੇਦਨਸ਼ੀਲ ਕਿਵੇਂ ਹੋ ਸਕਦੇ ਹਨ? ਉਨ੍ਹਾਂ ਕਿਹਾ ਕਿ ਜਦੋਂ ਮੰਗਾਂ ਪੂਰੀਆਂ ਨਹੀਂ ਹੁੰਦੀਆਂ ਹਨ ਤਾਂ ਕਿਸਾਨ ਨਿਰਾਸ਼ਾ ਵਿਚ ਧਰਨੇ ਦਿੰਦੇ ਹਨ। ਕੀਤੇ ਵਾਅਦੇ ਦੇ ਉਲਟ ਸਿਰਫ਼ 10 ਫ਼ੀਸਦੀ ਮੂੰਗੀ ਹੀ ਖ਼ਰੀਦੀ ਗਈ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਕਿਸਾਨਾਂ ਦੀਆਂ ਕੁਰਬਾਨੀਆਂ ਤੇ ਸੰਘਰਸ਼ਾਂ ਨੂੰ ਨਜ਼ਰਅੰਦਾਜ਼ ਕਰ ਰਹੇ ਹਨ। ਇਸੇ ਦੌਰਾਨ ਪੰਜਾਬ ਕਿਸਾਨ ਯੂਨੀਅਨ ਦੇ ਪ੍ਰਧਾਨ ਰੁਲਦੂ ਸਿੰਘ ਮਾਨਸਾ ਨੇ ਕਿਹਾ ਕਿ ਕੁਝ ਕਿਸਾਨ ਧਿਰਾਂ ਦਾ ਧਰਨਾ ਲਾਉਣਾ ਗ਼ਲਤ ਨਹੀਂ ਬਲਕਿ ਉਨ੍ਹਾਂ ਦਾ ਤਰੀਕਾ ਗ਼ਲਤ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਨੂੰ ਸਮਾਂ ਦੇਣਾ ਚਾਹੀਦਾ ਹੈ।




## 'ਆਪ' ਉਤੇ ਕਿਸਾਨਾਂ ਨਾਲ ਵਾਅਦਾਖਿਲਾਫੀ ਦੇ ਦੋਸ਼

**ਚੰਡੀਗੜ੍ਹ:** ਪੰਜਾਬ ਭਾਜਪਾ ਦੇ ਜਨਰਲ ਸਕੱਤਰ ਜੀਵਨ ਗੁਪਤਾ ਨੇ ਦੋਸ਼ ਲਾਇਆ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਕਿਸਾਨੀ ਲਈ ਹੁਣ ਤੱਕ ਕੀਤੇ ਗਏ ਐਲਾਨਾਂ ਵਿਚੋਂ ਇਕ ਵੀ ਪੂਰਾ ਨਹੀਂ ਕੀਤਾ ਗਿਆ ਹੈ ਸਗੋਂ ਵਾਅਦਾਖਿਲਾਫ਼ੀ ਹੀ ਕੀਤੀ ਗਈ ਹੈ। ਜੀਵਨ ਗੁਪਤਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਸਾਨ ਜਥੇਬੰਦੀਆਂ ਦੇ ਆਗੂਆਂ ਨਾਲ ਕਈ ਮੀਟਿੰਗਾਂ ਕਰ ਕੇ ਉਨ੍ਹਾਂ ਦੀਆਂ ਮੰਗਾਂ ਮੰਨੀਆਂ ਹਨ ਪਰ ਹਾਲੇ ਤੱਕ ਉਨ੍ਹਾਂ ਵਿਚੋਂ ਕੋਈ ਵੀ ਮੰਗ ਪੂਰੀ ਨਹੀਂ ਕੀਤੀ ਹੈ।

## ਸਰਕਾਰ ਕਿਸਾਨੀ ਮੰਗਾਂ ਪੂਰੀਆਂ ਕਰਨ 'ਚ ਨਾਕਾਮ: ਬਾਜਵਾ

**ਚੰਡੀਗੜ੍ਹ:** ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਤੇ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕਿਸਾਨਾਂ ਬਾਰੇ ਦਿੱਤੇ ਬਿਆਨ ਨੂੰ ਮੰਦਭਾਗਾ ਕਰਾਰ ਦਿੱਤਾ ਹੈ। ਸ੍ਰੀ ਬਾਜਵਾ ਨੇ ਕਿਹਾ ਕਿ ਦਿੱਲੀ ਦੀਆਂ ਬਰੂਹਾਂ 'ਤੇ ਇਕ ਸਾਲ ਤੋਂ ਵੱਧ ਸਮਾਂ ਚੱਲਣ ਵਾਲੇ ਕਿਸਾਨ ਅੰਦੋਲਨ ਦੀ ਅਗਵਾਈ ਪੰਜਾਬ ਨੇ ਕੀਤੀ ਹੈ ਅਤੇ 'ਆਪ' ਸਰਕਾਰ ਅੱਠ ਮਹੀਨਿਆਂ ਵਿਚ ਕਿਸਾਨਾਂ ਦੀਆਂ ਮੰਗਾਂ ਨੂੰ ਪੂਰਾ ਕਰਨ ਵਿਚ ਨਾਕਾਮ ਰਹੀ ਹੈ। ਉਨ੍ਹਾਂ ਕਿਹਾ ਕਿ ਕਿਸਾਨ ਅੰਦੋਲਨ ਦੌਰਾਨ 700 ਤੋਂ ਵੱਧ ਕਿਸਾਨ ਸ਼ਹੀਦ ਹੋ ਗਏ ਸਨ, ਜਿਨ੍ਹਾਂ ਵਿਚੋਂ ਕੁਝ ਕਿਸਾਨਾਂ ਦੇ ਪਰਿਵਾਰਾਂ ਨੂੰ ਨੌਕਰੀਆਂ ਤੇ ਮੁਆਵਜ਼ਾ ਨਹੀਂ ਮਿਲਿਆ ਹੈ, ਉਹ ਪਹਿਲ ਦੇ ਆਧਾਰ 'ਤੇ ਦਿੱਤਾ ਜਾਣਾ ਚਾਹੀਦਾ ਹੈ।

## ਜ਼ਮੀਨੀ ਰਿਕਾਰਡ 'ਚੋਂ ਕਿਸਾਨਾਂ ਦੀਆਂ ਲਾਲ ਐਂਟਰੀਆਂ ਖਤਮ ਕੀਤੀਆਂ ਜਾਣ: ਮਜੀਠੀਆ

**ਚੰਡੀਗੜ੍ਹ:** ਸਾਬਕਾ ਮਾਲ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਮੰਗ ਕੀਤੀ ਕਿ ਸਰਕਾਰ ਹਜ਼ਾਰਾਂ ਕਿਸਾਨਾਂ ਦੇ ਜ਼ਮੀਨੀ ਰਿਕਾਰਡ ਵਿਚ ਕੀਤੀਆਂ ਲਾਲ ਐਂਟਰੀਆਂ ਤੁਰਤ ਖਾਰਜ ਕਰੇ। ਉਨ੍ਹਾਂ ਕਿਹਾ ਕਿ ਕਿਸਾਨ ਪਰਾਲੀ ਸਾੜਨ ਲਈ ਇਸ ਲਈ ਮਜਬੂਰ ਹੋਏ ਕਿਉਂਕਿ ਮੁੱਖ ਮੰਤਰੀ ਭਗਵੰਤ ਮਾਨ ਪਰਾਲੀ ਦੀ ਸੰਭਾਲ 'ਤੇ ਹੁੰਦੇ ਖਰਚ ਦਾ ਮੁਆਵਜ਼ਾ ਕਿਸਾਨਾਂ ਨੂੰ ਦੇਣ ਵਿਚ ਫੇਲ੍ਹ ਹੋਏ। ਮਜੀਠੀਆ ਨੇ ਕਿਹਾ ਕਿ ਅਕਾਲੀ ਦਲ ਪਹਿਲਾਂ ਹੀ ਸੰਕਟ ਵਿਚ ਕਿਸਾਨਾਂ ਦੇ ਨਾਲ ਹੈ ਤੇ ਪਾਰਟੀ ਕਿਸਾਨਾਂ 'ਤੇ ਪਰਾਲੀ ਸਾੜਨ ਲਈ ਲਗਾਏ ਜਰਮਾਨੇ ਵੀ ਕਿਸੇ ਵੀ ਕੀਮਤ 'ਤੇ ਨਹੀਂ ਵਸੂਲਣ ਦੇਵੇਗਾ।

# ਸੰਯੁਕਤ ਕਿਸਾਨ ਮੋਰਚੇ ਨੇ ਪੰਜਾਬ ਭਰ ਵਿਚ ਫਤਹਿ ਦਿਵਸ ਮਨਾਇਆ

**ਚੰਡੀਗੜ੍ਹ:** ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਪੰਜਾਬ ਦੀਆਂ ਕਿਸਾਨ-ਜਥੇਬੰਦੀਆਂ ਵੱਲੋਂ ਸੂਬੇ ਵਿਚ ਵੱਖ-ਵੱਖ ਥਾਈਂ ਕਿਸਾਨ ਮੋਰਚੇ ਦੀ ਜਿੱਤ ਦੀ ਵਰ੍ਹੇਗੰਢ ਨੂੰ 'ਫਤਹਿ ਦਿਵਸ' ਵਜੋਂ ਮਨਾਇਆ। ਇਸ ਮੌਕੇ ਕਿਸਾਨ ਜਥੇਬੰਦੀਆਂ ਨੇ ਪਿੰਡਾਂ, ਸ਼ਹਿਰਾਂ ਵਿਚ ਵੱਡੇ ਇਕੱਠ ਕਰਦਿਆਂ ਅੰਦੋਲਨ ਦੀਆਂ ਯਾਦਾਂ ਤਾਜ਼ਾ ਕੀਤੀਆਂ ਤੇ ਸ਼ਹੀਦ ਹੋਏ 700 ਤੋਂ ਵੱਧ ਕਿਸਾਨਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ।



ਕਿਸਾਨਾਂ ਨੇ ਆਪਣੇ ਘਰਾਂ 'ਤੇ ਰੋਸ਼ਨੀਆਂ ਕਰ ਕੇ ਦੀਪਮਾਲਾ ਕੀਤੀ। ਜ਼ਿਕਰਯੋਗ ਹੈ ਕਿ ਪਿਛਲੇ ਸਾਲ 19 ਨਵੰਬਰ ਨੂੰ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਪੁਰਬ ਵਾਲੇ ਦਿਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਤਿੰਨੋਂ ਵਿਵਾਦਤ ਖੇਤੀ ਕਾਨੂੰਨ ਵਾਪਸ ਲੈਣ ਦਾ ਐਲਾਨ ਕੀਤਾ ਸੀ। ਭਾਰਤੀ ਕਿਸਾਨ ਯੂਨੀਅਨ ਏਕਤਾ (ਡਕੌਂਦਾ) ਦੇ ਪ੍ਰਧਾਨ ਬੂਟਾ ਸਿੰਘ ਬੁਰਜਗਿੱਲ ਤੇ ਜਨਰਲ ਸਕੱਤਰ ਜਗਮੋਹਨ ਸਿੰਘ ਪਟਿਆਲਾ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਆਪਣੀ ਮਨਮਰਜ਼ੀ ਕਰਦਿਆਂ ਤਿੰਨ ਖੇਤੀ ਕਾਨੂੰਨਾਂ ਨੂੰ ਕਿਸਾਨਾਂ 'ਤੇ ਥੋਪਣ 'ਤੇ ਕੋਸ਼ਿਸ਼ ਕੀਤੀ ਸੀ।

ਇਸ ਦੇ ਵਿਰੋਧ ਵਿਚ ਦੇਸ਼ ਭਰ ਦੀਆਂ ਕਿਸਾਨ ਜਥੇਬੰਦੀਆਂ ਨੇ ਦਿੱਲੀ ਦੀਆਂ ਬਰੂਹਾਂ 'ਤੇ 13 ਮਹੀਨੇ ਸੰਘਰਸ਼ ਕੀਤਾ ਤੇ ਕੇਂਦਰ ਸਰਕਾਰ ਨੂੰ ਕਿਸਾਨਾਂ ਦੇ ਸੰਘਰਸ਼ ਅੱਗੇ ਝੁਕਣਾ ਪਿਆ ਸੀ। ਕਿਸਾਨ ਆਗੂਆਂ ਨੇ ਕਿਹਾ ਕਿ ਉਸ ਵੇਲੇ ਕੇਂਦਰ ਸਰਕਾਰ ਵੱਲੋਂ ਕੀਤੇ ਗਏ ਕਈ ਐਲਾਨ ਹਾਲੇ ਤੱਕ ਅਮਲੀ ਰੂਪ ਵਿੱਚ ਲਾਗੂ ਨਹੀਂ ਕੀਤੇ ਗਏ।

## 'ਮੁਆਫੀਵੀਰ' ਕਿਸਾਨ ਅੰਦੋਲਨ ਅੱਗੇ ਝੁਕਿਆ ਪਰ ਨੀਅਤ ਨਹੀਂ ਬਦਲੀ: ਰਾਹੁਲ

**ਨਵੀਂ ਦਿੱਲੀ:** ਕਾਂਗਰਸ ਆਗੂ ਰਾਹੁਲ ਗਾਂਧੀ ਨੇ ਖੇਤੀ ਕਾਨੂੰਨ ਵਾਪਸ ਲੈਣ ਦੇ ਇਕ ਸਾਲ ਪੂਰਾ ਹੋਣ 'ਤੇ ਦੋਸ਼ ਲਾਇਆ ਕਿ 'ਮੁਆਫੀਵੀਰ' ਨੂੰ ਸੱਤਿਆਗ੍ਰਹਿ ਦੀ ਤਾਕਤ ਅੱਗੇ ਝੁਕਣਾ ਪਿਆ, ਪਰ ਨੀਅਤ ਨਹੀਂ ਬਦਲੀ। ਉਨ੍ਹਾਂ ਟਵੀਟ ਕੀਤਾ, ''733 ਕਿਸਾਨ ਸ਼ਹੀਦ ਹੋਏ ਸਨ। 'ਮੁਆਫੀਵੀਰ' ਨੂੰ ਸੱਤਿਆਗ੍ਰਹਿ ਦੀ ਤਾਕਤ ਅੱਗੇ ਝੁਕਣਾ ਪਿਆ ਸੀ, ਪਰ ਨੀਅਤ ਨਹੀਂ ਬਦਲੀ।'' ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਿਛਲੇ ਸਾਲ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਦੇਸ਼ ਨੂੰ ਸੰਬੋਧਨ ਕਰਦਿਆਂ ਤਿੰਨ ਖੇਤੀ ਕਾਨੂੰਨ ਵਾਪਸ ਲੈਣ ਦਾ ਐਲਾਨ ਕੀਤਾ ਸੀ।

# ਕਾਨੂੰਨ-ਵਿਵਸਥਾ: ਭਗਵੰਤ ਮਾਨ ਵੱਲੋਂ ਵਿਰੋਧੀ ਧਿਰਾਂ ਨੂੰ ਮੋੜਵਾਂ ਜਵਾਬ

ਚੰਡੀਗੜ੍ਹ: ਪੰਜਾਬ 'ਚ ਕਾਨੂੰਨ-ਵਿਵਸਥਾ ਦੀ ਹਾਲਤ ਦੇ ਮੁੱਦੇ 'ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸੂਬੇ ਦੀ 'ਆਪ' ਸਰਕਾਰ ਨੂੰ ਨਿਸ਼ਾਨੇ 'ਤੇ ਲਿਆ ਹੈ। ਹੋਰਨਾਂ ਸਿਆਸੀ ਧਿਰਾਂ ਨੇ ਵੀ ਇਸ ਮਾਮਲੇ 'ਤੇ ਪੰਜਾਬ ਸਰਕਾਰ ਦੀ ਘੇਰਾਬੰਦੀ ਸ਼ੁਰੂ ਕਰ ਦਿੱਤੀ ਹੈ।

ਇਸੇ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਸਾਰੀਆਂ ਧਿਰਾਂ ਨੂੰ ਤਿੱਖਾ ਜਵਾਬ ਦਿੱਤਾ ਹੈ। ਉਨ੍ਹਾਂ ਪਲਟਵਾਰ ਕਰਦਿਆਂ ਕਿਹਾ ਕਿ ਪੰਜਾਬ ਵਿਚ ਯੂਪੀ ਤੇ ਬਿਹਾਰ ਨਾਲੋਂ ਘੱਟ ਅਪਰਾਧ ਹੈ ਅਤੇ ਕੁਝ ਛੋਟੀਆਂ ਘਟਨਾਵਾਂ ਹੀ ਪੰਜਾਬ ਵਿਚ ਵਾਪਰੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਦੱਸਣਯੋਗ ਹੈ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇਕ ਇੰਟਰਵਿਊ ਵਿਚ ਕਿਹਾ ਹੈ ਕਿ ਪੰਜਾਬ ਵਿਚ 'ਆਪ' ਸਰਕਾਰ ਬਣਨ ਮਗਰੋਂ ਹਾਲਾਤ ਬਦਤਰ ਹੋਏ ਹਨ ਅਤੇ ਕਾਨੂੰਨ-ਵਿਵਸਥਾ ਨਿੱਘਰੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਪੰਜਾਬ ਵਿਚ ਹਾਲਾਤ ਵਿਗੜਨ ਨਹੀਂ ਦੇਵੇਗੀ ਤੇ ਸੂਬਾ ਸਰਕਾਰ ਤੇ ਕੇਂਦਰ ਇਸ ਬਾਰੇ ਮਿਲ ਕੇ ਕੰਮ ਕਰਨਗੇ। ਕੁਝ ਦਿਨ ਪਹਿਲਾਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਕਿਹਾ ਸੀ ਕਿ 'ਆਪ' ਸਰਕਾਰ ਨੇ ਆਉਂਦੇ ਚਾਰ ਸਾਲਾਂ ਵਿਚ ਪੰਜਾਬ 'ਚ ਇਸ ਤਰ੍ਹਾਂ ਦੇ ਹਾਲਾਤ ਪੈਦਾ ਕਰ ਦੇਣੇ ਹਨ ਜਿਸ ਤਰ੍ਹਾਂ ਤਾਲਿਬਾਨ ਨੇ ਅਫ਼ਗਾਨਿਸਤਾਨ ਵਿਚ ਕੀਤਾ ਹੈ।

ਮੁੱਖ ਮੰਤਰੀ ਨੇ ਟਵੀਟ ਕੀਤਾ 'ਜਿਨ੍ਹਾਂ ਦੇ ਰਾਜ 'ਚ ਜੇਲ੍ਹਾਂ ਬਰੇਕ ਹੋਈਆਂ, ਧੀ ਦੀ ਇੱਜ਼ਤ ਬਚਾਉਂਦੇ ਪੁਲਿਸ ਅਫਸਰ ਨੂੰ ਬਾਜ਼ਾਰ ਵਿਚ ਗੋਲੀ ਮਾਰੀ ਗਈ, ਗੈਂਗਸਟਰ ਪੈਦਾ ਕੀਤੇ ਗਏ, ਤਸਕਰਾਂ ਦੇ ਸਮਝੌਤੇ ਕਰਾਏ ਗਏ, ਉਹ ਹੁਣ ਅਮਨ ਸ਼ਾਂਤੀ ਦਾ ਹਿਸਾਬ ਮੰਗ ਰਹੇ ਹਨ, ਜਿਵੇਂ ਤਾਲਿਬਾਨ ਮੋਮਬੱਤੀ ਮਾਰਚ ਕੱਢ ਕੇ ਸ਼ਾਂਤੀ ਦੀ ਗੱਲ ਕਰਦੇ ਹੋਣ।' ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਪੰਜਾਬ ਵਿਚ ਅਮਨ-ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਣ ਲਈ ਵਚਨਬੱਧ ਹੈ ਅਤੇ ਕਿਸੇ ਵੀ ਸਮਾਜ ਵਿਰੋਧੀ ਅਨਸਰ ਨੂੰ ਸੂਬੇ ਦੀ ਅਮਨ-ਸ਼ਾਂਤੀ ਅਤੇ ਭਾਈਚਾਰਕ ਸਾਂਝ ਭੰਗ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਸੂਬੇ ਵਿਚ ਸ਼ਰਾਰਤੀ ਅਨਸਰਾਂ ਕਾਰਨ ਕੁਝ ਮੰਦਭਾਗੀਆਂ ਘਟਨਾਵਾਂ ਵਾਪਰੀਆਂ ਹਨ ਪਰ ਫਿਰ ਵੀ ਪੰਜਾਬ ਵਿੱਚ 'ਆਪ' ਸਰਕਾਰ ਨੇ ਅਮਨ-ਕਾਨੂੰਨ ਦੀ ਵਿਵਸਥਾ ਬਰਕਰਾਰ ਰੱਖੀ ਹੈ। ਅੰਮ੍ਰਿਤਸਰ ਵਿਚ ਸੁਧੀਰ ਸੂਰੀ ਅਤੇ ਕੋਟਕਪੂਰਾ ਵਿਚ ਡੇਰਾ ਪੈਰੋਕਾਰ ਪ੍ਰਦੀਪ ਸਿੰਘ ਦੇ ਕਤਲ ਮਗਰੋਂ ਸੂਬੇ ਵਿਚ ਅਮਨ ਕਾਨੂੰਨ ਦੀ ਵਿਵਸਥਾ ਦਾ ਮੁੱਦਾ ਮੁੜ ਉੱਭਰ ਕੇ ਸਾਹਮਣੇ ਆਇਆ ਹੈ।



## ਮਾੜੀ ਕਾਰਗੁਜ਼ਾਰੀ ਕਾਰਨ ਗਵਰਨਰੀ ਰਾਜ ਲੱਗ ਸਕਦਾ: ਚੰਦੂਮਾਜਰਾ

**ਸ੍ਰੀ ਅਨੰਦਪੁਰ ਸਾਹਿਬ:** ਸਾਬਕਾ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਪੰਜਾਬ ਦੇ ਅਮਨ ਕਾਨੂੰਨ ਦੀ ਸਥਿਤੀ 'ਤੇ ਬੋਲਣਾ ਇਹ ਇਸ਼ਾਰਾ ਕਰਦਾ ਹੈ ਕਿ ਆਉਣ ਵਾਲੇ ਸਮੇਂ ਵਿਚ ਪੰਜਾਬ ਅੰਦਰ ਗਵਰਨਰੀ ਰਾਜ ਲਾਗੂ ਕੀਤਾ ਜਾ ਸਕਦਾ ਹੈ, ਜੋ ਇਹ ਸੰਘੀ ਢਾਂਚੇ ਲਈ ਬਹੁਤ ਵੱਡਾ ਖਤਰਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਅਜਿਹੀ ਸਥਿਤੀ ਲਈ ਸਿੱਧੇ ਤੌਰ 'ਤੇ 'ਆਪ' ਸਰਕਾਰ ਜ਼ਿੰਮੇਵਾਰ ਹੋਵੇਗੀ। ਉਨ੍ਹਾਂ ਕਿਹਾ ਕਿ ਸੂਬੇ ਵਿਚ ਅਮਨ ਕਾਨੂੰਨ ਦੀ ਸਥਿਤੀ ਵਿਗੜ ਚੁੱਕੀ ਹੈ, ਪਰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਸਮੇਤ ਸਮੁੱਚੀ ਕੈਬਨਿਟ ਪੰਜਾਬ ਵਾਸੀਆਂ ਨੂੰ ਲਾਵਾਰਸ ਛੱਡ ਕੇ ਗੁਜਰਾਤ ਡੇਰੇ ਲਾਈ ਬੈਠੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਸਰਕਾਰ ਸੂਬੇ 'ਚੋਂ ਨਾਜਾਇਜ਼ ਮਾਈਨਿੰਗ ਰਾਹੀਂ ਪੈਸਾ ਕਮਾ ਕੇ ਗੁਜਰਾਤ ਵਿਚ ਖਰਚ ਰਹੀ ਹੈ।

## 'ਆਪ' ਕੇਂਦਰ ਨੂੰ ਦਖਲ ਦਾ ਮੌਕਾ ਦੇ ਰਹੀ: ਰਾਜਾ ਵੜਿੰਗ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕੇਂਦਰ ਵੱਲੋਂ ਸੂਬੇ ਵਿਚ ਅਮਨ-ਕਾਨੂੰਨ ਦੇ ਮੁੱਦੇ 'ਤੇ ਸਵਾਲ ਉਠਾਉਣ ਉਤੇ 'ਆਪ' ਸਰਕਾਰ 'ਤੇ ਵਿਅੰਗ ਕਸਦਿਆਂ ਕਿਹਾ ਕਿ ਸੂਬਾ ਸਰਕਾਰ ਭਾਜਪਾ ਨੂੰ ਪੰਜਾਬ ਦੇ ਮਾਮਲਿਆਂ ਵਿਚ ਦਖਲ ਦੇਣ ਦਾ ਮੌਕਾ ਦੇ ਰਹੀ ਹੈ। ਸੂਬਾ ਕਾਂਗਰਸ ਪ੍ਰਧਾਨ ਨੇ ਕਿਹਾ ਕਿ ਕੇਂਦਰ ਵੱਲੋਂ ਜਾਂਚ ਦੀ ਗੱਲ ਕਰਨੀ ਕਿਸੇ ਵੀ ਸੂਬਾ ਸਰਕਾਰ ਲਈ ਚੰਗੀ ਗੱਲ ਨਹੀਂ ਹੈ, ਖਾਸ ਕਰਕੇ ਕਾਨੂੰਨ-ਵਿਵਸਥਾ ਦੇ ਮੁੱਦੇ ਤੇ, ਪਰ 'ਆਪ' ਸਰਕਾਰ ਨੇ ਕੇਂਦਰ ਨੂੰ ਇਹ ਮੌਕਾ ਦਿੱਤਾ ਹੈ।

# ਨਾਇਬ ਤਹਿਸੀਲਦਾਰ ਭਰਤੀ ਘੁਟਾਲੇ ਦੀਆਂ ਪਰਤਾਂ ਖੁੱਲ੍ਹਣ ਲੱਗੀਆਂ

**ਪਟਿਆਲਾ:** ਨਾਇਬ ਤਹਿਸੀਲਦਾਰਾਂ ਦੀਆਂ 78 ਅਸਾਮੀਆਂ ਦੀ ਭਰਤੀ ਲਈ ਮਈ 'ਚ ਹੋਏ ਇਮਤਿਹਾਨ ਦੌਰਾਨ ਆਧੁਨਿਕ ਤਕਨੀਕ ਰਾਹੀਂ ਨਕਲ ਕਰਵਾਉਣ ਦੇ ਮਾਮਲੇ ਵਿਚ ਨਾਇਬ ਤਹਿਸੀਲਦਾਰ ਚੁਣੇ ਗਏ ਦੋ ਉਮੀਦਵਾਰਾਂ ਨੂੰ ਗ੍ਰਿਫਤਾਰ ਕੀਤਾ ਹੈ। ਨਕਲ ਕਰਵਾਉਣ ਵਾਲੇ ਗਰੋਹ ਦਾ ਪਰਦਾਫਾਸ਼ ਕਰਦਿਆਂ ਪਟਿਆਲਾ ਪੁਲਿਸ ਨੇ ਪਿਛਲੇ ਦਿਨੀਂ ਪੰਜ ਜਣਿਆਂ ਨੂੰ ਗ੍ਰਿਫਤਾਰ ਕੀਤਾ ਸੀ। ਹੁਣ ਫੜੇ ਗਏ ਦੋ ਜਣਿਆਂ 'ਚ ਬਲਰਾਜ ਸਿੰਘ ਵਿੱਕੀ ਵਾਸੀ ਪਿੰਡ ਬਸਹਿਰਾ ਜ਼ਿਲ੍ਹਾ ਸੰਗਰੂਰ ਨੇ ਨਤੀਜੇ ਦੌਰਾਨ ਦੂਜਾ ਰੈਂਕ ਹਾਸਲ ਕੀਤਾ ਸੀ ਜਦਕਿ ਵਰਿੰਦਰਪਾਲ ਚੌਧਰੀ ਵਾਸੀ ਪਿੰਡ ਦੇਧਨਾ ਜ਼ਿਲ੍ਹਾ ਪਟਿਆਲਾ ਦਾ 21ਵਾਂ ਰੈਂਕ ਸੀ।

ਥਾਣਾ ਕੋਤਵਾਲੀ ਪਟਿਆਲਾ ਵਿਚ ਦਰਜ ਕੇਸ ਤਹਿਤ 'ਚ ਗ੍ਰਿਫਤਾਰ ਕੀਤੇ ਗਏ ਇਨ੍ਹਾਂ ਦੋਵਾਂ ਦਾ ਇਥੇ ਅਦਾਲਤ 'ਚ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਲ ਕਰ ਲਿਆ ਗਿਆ ਹੈ। ਇਸ ਭਰਤੀ ਤੇ ਨਕਲ ਘੁਟਾਲੇ 'ਚ ਪਹਿਲਾਂ ਗ੍ਰਿਫਤਾਰ ਕੀਤੇ ਗਏ ਪੰਜ ਮੁਲਜ਼ਮਾਂ ਵਿਚੋਂ ਤਿੰਨ ਹਰਿਆਣਾ ਤੇ ਦੋ ਪੰਜਾਬ ਦੇ ਵਸਨੀਕ ਹਨ। ਦੱਸਣਯੋਗ ਹੈ ਕਿ 'ਆਪ' ਸਰਕਾਰ ਬਣਨ ਤੋਂ ਤੁਰਤ ਬਾਅਦ 22 ਮਈ 2022 ਨੂੰ ਨਾਇਬ ਤਹਿਸੀਲਦਾਰਾਂ ਦੀਆਂ 78 ਅਸਾਮੀਆਂ ਲਈ ਹੋਏ ਲਿਖਤੀ ਇਮਤਿਹਾਨ ਦਾ ਨਤੀਜਾ 8 ਸਤੰਬਰ ਨੂੰ ਐਲਾਨਿਆ ਗਿਆ ਸੀ। ਨਤੀਜੇ ਦੇ ਤੁਰਤ ਬਾਅਦ ਇਸ ਇਮਤਿਹਾਨ 'ਚ ਗੜਬੜੀ ਹੋਈ ਹੋਣ ਦਾ ਵਿਵਾਦ ਖੜ੍ਹਾ ਹੋ ਗਿਆ।




### ਭਰਤੀ ਘੁਟਾਲੇ ਦੀ ਵਿਜੀਲੈਂਸ ਜਾਂਚ ਹੋਵੇ: ਖਹਿਰਾ

**ਜਲੰਧਰ:** ਭੁਲੱਥ ਤੋਂ ਕਾਂਗਰਸੀ ਵਿਧਾਇਕ ਸੁਖਪਾਲ ਖਹਿਰਾ ਨੇ ਨਾਇਬ ਤਹਿਸੀਲਦਾਰਾਂ ਦੀ ਭਰਤੀ 'ਚ ਕਥਿਤ ਘੁਟਾਲੇ ਦੀ ਅਦਾਲਤ ਦੀ ਨਿਗਰਾਨੀ ਹੇਠ ਵਿਜੀਲੈਂਸ ਤੋਂ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਕੇਸ ਵਿਚ ਪੰਜ ਵਿਅਕਤੀਆਂ ਦੀ ਗ੍ਰਿਫਤਾਰੀ ਹੀ ਕਾਫੀ ਨਹੀਂ ਹੈ ਕਿਉਂਕਿ ਫੜੇ ਗਏ ਪੰਜ ਜਣਿਆਂ ਨੂੰ ਤਾਂ ਸਿਰਫ ਬਲੀ ਦਾ ਬੱਕਰਾ ਬਣਾਇਆ ਜਾ ਰਿਹਾ ਹੈ ਜਦਕਿ ਅਸਲ ਗੁਨਾਹਗਾਰ ਹੋਰ ਹਨ।

ਭਰਤੀ 'ਚ ਗੜਬੜੀ ਦਾ ਇਹ ਮਾਮਲਾ ਸਭ ਤੋਂ ਪਹਿਲਾਂ ਕਾਂਗਰਸੀ ਵਿਧਾਇਕ ਸੁਖਪਾਲ ਖਹਿਰਾ ਨੇ ਉਠਾਇਆ ਸੀ। ਪਟਿਆਲਾ ਪੁਲਿਸ ਨੇ ਘੁਟਾਲੇ ਦਾ ਪਰਦਾਫਾਸ਼ ਕਰਦਿਆਂ ਖੁਲਾਸਾ ਕੀਤਾ ਸੀ ਕਿ ਭਰਤੀ ਲਈ ਇਮਤਿਹਾਨ ਦੌਰਾਨ ਪ੍ਰਤੀ ਉਮੀਦਵਾਰ 20 ਤੋਂ 22 ਲੱਖ ਰੁਪਏ 'ਚ ਕੀਤੇ ਗਏ ਸੌਦੇ ਤਹਿਤ ਇਕ ਗਰੋਹ ਵੱਲੋਂ ਆਧੁਨਿਕ ਉਪਕਰਨਾਂ ਦੀ ਵਰਤੋਂ ਕਰਦਿਆਂ ਨਕਲ ਕਰਵਾਈ ਗਈ ਹੈ। ਇਸ ਚੱਲਦਿਆਂ ਆਈਜੀ ਮੁਖਵਿੰਦਰ ਸਿੰਘ ਛੀਨਾ ਅਤੇ ਐਸ.ਐਸ.ਪੀ. ਵਰੁਣ ਸ਼ਰਮਾ ਨੇ ਪੰਜ ਜਣਿਆਂ ਨੂੰ ਗ੍ਰਿਫਤਾਰ ਕਰਨ ਦਾ ਖੁਲਾਸਾ ਕੀਤਾ ਸੀ ਅਤੇ ਇਸੇ ਕੜੀ ਤਹਿਤ ਹੀ ਦੋ ਉਮੀਦਵਾਰ ਵੀ ਕਾਬੂ ਕੀਤੇ ਗਏ ਹਨ।

ਜਾਂਚ ਮੁਤਾਬਕ ਕੁਝ ਵਿਅਕਤੀਆਂ ਦੇ ਇਸ ਲਈ ਫਾਰਮ ਭਰਵਾਏ ਗਏ ਤਾਂ ਜੋ ਉਹ ਉਮੀਦਵਾਰਾਂ ਵਜੋਂ ਪ੍ਰੀਖਿਆ ਕੇਂਦਰ ਪਹੁੰਚ ਸਕਣ। ਉਨ੍ਹਾਂ ਦਾ ਕੰਮ ਛੁਪਾ ਕੇ ਲਿਜਾਏ ਗਏ ਵਾਇਰਲੈਸ ਕੈਮਰਿਆਂ ਰਾਹੀਂ ਪ੍ਰਸ਼ਨ ਪੱਤਰ ਦੀ ਫੋਟੋ ਬਾਹਰ ਬੈਠੇ ਗਰੋਹ ਦੇ ਮੈਂਬਰਾਂ ਤੱਕ ਪੁੱਜਦੀ ਕਰਨੀ ਸੀ। ਪ੍ਰਸ਼ਨ ਪੱਤਰ ਹੱਲ ਕਰਨ ਲਈ ਹਰਿਆਣਾ 'ਚ ਬਣਾਏ ਗਏ ਕੰਟਰੋਲ ਰੂਮ 'ਚ ਮਾਹਿਰ ਬਿਠਾਏ ਗਏ ਸਨ ਤੇ ਪ੍ਰਸ਼ਨਾਂ ਦੇ ਤਿਆਰ ਕੀਤੇ ਗਏ ਉੱਤਰ ਗਰੋਹ ਦੇ ਮੈਂਬਰਾਂ ਵੱਲੋਂ ਮੋਬਾਈਲ ਫੋਨ ਦੇ ਸਿਮ ਕਾਰਡ ਦੇ ਆਕਾਰ ਦੀ 'ਜੀ.ਐਸ.ਐਮ' ਨਾਮਕ ਡਿਵਾਈਸ ਰਾਹੀਂ ਪ੍ਰੀਖਿਆ ਕੇਂਦਰਾਂ ਦੇ ਅੰਦਰ ਬੈਠੇ ਆਪਣੇ ਗਾਹਕ ਉਮੀਦਵਾਰਾਂ ਨੂੰ ਬੋਲ-ਬੋਲ ਕੇ ਕਰਵਾਏ ਗਏ। ਭਾਵੇਂ ਹਾਲੇ ਮਾਮਲੇ ਦੀ ਜਾਂਚ ਜਾਰੀ ਹੈ ਪਰ ਪੁਲਿਸ ਦਾ ਤਰਕ ਹੈ ਕਿ ਗ੍ਰਿਫਤਾਰ ਕੀਤੇ ਗਏ ਦੋ ਉਮੀਦਵਾਰਾਂ ਦਾ ਦੂਜਾ ਅਤੇ 21ਵਾਂ ਰੈਂਕ ਉਕਤ ਪ੍ਰਕਿਰਿਆ ਤਹਿਤ ਕੀਤੀ ਗਈ ਨਕਲ ਕਾਰਨ ਹੀ ਆਇਆ ਸੀ। ਪੁਲਿਸ ਅਧਿਕਾਰੀਆਂ ਨੇ ਅਗਲੇ ਦਿਨੀਂ ਹੋਰ ਗ੍ਰਿਫਤਾਰੀਆਂ ਹੋਣ ਦੇ ਸੰਕੇਤ ਵੀ ਦਿੱਤੇ ਹਨ। ਦੂਜੇ ਪਾਸੇ ਭਾਵੇਂ ਪੁਲਿਸ ਹਾਲੇ ਖੁਲਾਸਾ ਨਹੀਂ ਕਰ ਪਰ ਅਜੇ ਪਤਾ ਲੱਗਿਆ ਹੈ ਫੜੇ ਗਏ ਇਸ ਗਰੋਹ ਨੇ ਹਰਿਆਣਾ 'ਚ ਵੀ ਇਸੇ ਤਰਜ਼ 'ਤੇ ਸਰਕਾਰੀ ਨੌਕਰੀਆਂ 'ਚ ਭਰਤੀ ਲਈ ਉਮੀਦਵਾਰਾਂ ਨੂੰ ਨਕਲ ਕਰਵਾਉਣ ਦੀ ਗੱਲ ਕਬੂਲੀ ਹੈ।

### ਨਿਆਇਕ ਜਾਂਚ ਹੋਣੀ ਚਾਹੀਦੀ: ਬਾਜਵਾ

**ਚੰਡੀਗੜ੍ਹ:** ਸੀਨੀਅਰ ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਇਸ ਕਥਿਤ ਧੋਖਾਧੜੀ ਵਿਚ ਸ਼ਾਮਲ ਵੱਡੀਆਂ ਮੱਛੀਆਂ ਨੂੰ ਫੜਨ ਲਈ ਨਿਆਇਕ ਜਾਂਚ ਹੋਣੀ ਚਾਹੀਦੀ ਹੈ। ਪੰਜਾਬ ਦੀ 'ਆਪ' ਸਰਕਾਰ ਦੇ ਕੁਝ ਵੱਡੇ ਲੋਕਾਂ ਜਾਂ ਕਿਸੇ ਸੀਨੀਅਰ ਨੌਕਰਸ਼ਾਹ ਦੀ ਇਸ ਕਥਿਤ ਰੈਕੇਟ ਵਿਚ ਭੂਮਿਕਾ ਉਤੇ ਸ਼ੱਕ ਕਰਦੇ ਹੋਏ ਬਾਜਵਾ ਨੇ ਦੋਸ਼ ਲਾਇਆ ਕਿ 'ਆਪ' ਸਰਕਾਰ ਦੇ ਕਿਸੇ ਵਿਅਕਤੀ ਜਾਂ ਕਿਸੇ ਸੀਨੀਅਰ ਨੌਕਰਸ਼ਾਹ ਦੀ ਮਿਲੀਭੁਗਤ ਤੋਂ ਬਿਨਾਂ ਹੀ ਅਜਿਹਾ ਸੋਚਿਆ ਸਮਝਿਆ ਅਤੇ ਹਾਈਟੈੱਕ ਘੋਟਾਲਾ ਹੋਣਾ ਨਾਮੁਮਕਨ ਹੈ।

### ਮਜੀਠੀਆ ਨੇ ਸਰਕਾਰ ਨੂੰ ਘੇਰਿਆ

**ਚੰਡੀਗੜ੍ਹ:** ਸਾਬਕਾ ਮੰਤਰੀ ਤੇ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੇ ਮੰਗ ਕੀਤੀ ਕਿ ਨਾਇਬ ਤਹਿਸੀਲਦਾਰ ਦੀ ਭਰਤੀ ਵਿਚ ਬਹੁ ਕਰੋੜੀ ਘੁਟਾਲੇ ਦੀ ਜਾਂਚ ਸੀ.ਬੀ.ਆਈ ਤੋਂ ਕਰਵਾਈ ਜਾਵੇ ਜਾਂ ਫਿਰ ਇਸ ਦੀ ਨਿਆਇਕ ਜਾਂਚ ਕਰਵਾਈ ਜਾਵੇ ਕਿਉਂਕਿ ਇਸ ਮਾਮਲੇ ਵਿਚ ਪ੍ਰੀਖਿਆ ਪ੍ਰਕਿਰਿਆ ਵਿਚ ਗਲਤ ਕੰਮ ਕਰਨ ਦਾ ਖੁਲਾਸਾ ਕੁਝ ਹੇਠਲੇ ਪੱਧਰ ਦੇ ਮੁਲਜ਼ਮਾਂ ਦੀ ਗ੍ਰਿਫਤਾਰੀ ਨਾਲ ਹੋਇਆ ਹੈ। ਮਜੀਠੀਆ ਨੇ ਕਿਹਾ ਕਿ ਮੁੱਖ ਮੰਤਰੀ ਇਸ ਮਾਮਲੇ ਦੀ ਜਾਂਚ ਸੀ.ਬੀ.ਆਈ ਜਾਂ ਫਿਰ ਹਾਈਕੋਰਟ ਦੇ ਮੌਜੂਦਾ ਜੱਜ ਹਵਾਲੇ ਕਰਨ।

# ਸੁਰੱਖਿਆ ਮੁਲਾਜ਼ਮ ਵਾਪਸ ਕਰਨ ਲੱਗੇ ਸ਼ਿਵ ਸੈਨਾ ਆਗੂ

**ਲੁਧਿਆਣਾ:** ਸ਼ਿਵ ਸੈਨਾ ਆਗੂਆਂ ਨੇ ਕੱਟੜਪੰਥੀਆਂ ਤੋਂ ਮਿਲ ਰਹੀਆਂ ਧਮਕੀਆਂ ਮਗਰੋਂ ਪੁਲਿਸ ਵੱਲੋਂ ਨਾਲ ਤਾਇਨਾਤ ਕੀਤੇ ਗਏ ਸੁਰੱਖਿਆ ਮੁਲਾਜ਼ਮ ਵਾਪਸ ਕਰ ਦਿੱਤੇ ਹਨ। ਸ਼ਿਵ ਸੈਨਾ (ਬਾਲ ਠਾਕਰੇ) ਦੇ ਸੂਬਾ ਤਰਜਮਾਨ ਚੰਦਰਕਾਂਤ ਚੱਢਾ ਅਤੇ ਉਨ੍ਹਾਂ ਦੀ ਟੀਮ ਦੇ ਚਾਰ ਹੋਰ ਮੈਂਬਰਾਂ ਨੇ ਸੁਰੱਖਿਆ ਮੁਲਾਜ਼ਮ ਵਾਪਸ ਕੀਤੇ ਹਨ। ਚੱਢਾ ਦੇ ਨਾਲ ਆਏ ਆਗੂਆਂ ਨੇ ਕਿਹਾ ਕਿ ਉਹ ਆਪਣੀ ਰੱਖਿਆ ਆਪ ਕਰਨਗੇ ਕਿਉਂਕਿ ਉਹ ਖੁਦ ਆਪਣੀ ਰੱਖਿਆ ਕਰਨ ਦੇ ਸਮਰੱਥ ਹਨ।

ਆਗੂਆਂ ਨੇ ਪੁਲਿਸ ਕਮਿਸ਼ਨਰ ਮਨਦੀਪ ਸਿੰਘ ਸਿੱਧੂ ਨਾਲ ਮੁਲਾਕਾਤ ਕਰਨ ਤੋਂ ਬਾਅਦ ਸਰਕਾਰੀ ਸੁਰੱਖਿਆ ਵਾਪਸ ਕਰ ਦਿੱਤੀ ਤੇ ਇਕੱਲੇ ਹੀ ਦਫਤਰ 'ਚੋਂ ਬਾਹਰ ਨਿਕਲੇ। ਹਾਲਾਂਕਿ, ਉਨ੍ਹਾਂ ਦੀ ਸੁਰੱਖਿਆ 'ਚ ਤਾਇਨਾਤ ਸੁਰੱਖਿਆ ਮੁਲਾਜ਼ਮਾਂ ਨੇ ਆਗੂਆਂ ਦਾ ਪਿੱਛਾ ਨਹੀਂ ਛੱਡਿਆ ਪਰ ਸ਼ਿਵ ਸੈਨਾ ਆਗੂ ਉਨ੍ਹਾਂ ਨੂੰ ਚਕਮਾ ਦੇ ਕੇ ਇਕੱਲੇ ਹੀ ਆਪਣੀਆਂ ਗੱਡੀਆਂ ਲੈ ਕੇ ਨਿਕਲ ਗਏ।

ਚੰਦਰਕਾਂਤ ਚੱਢਾ ਨੇ ਕਿਹਾ ਕਿ ਸਰਕਾਰੀ ਸੁਰੱਖਿਆ ਵਾਪਸ ਕਰਨ ਦਾ ਫੈਸਲਾ ਸੂਬਾ ਪ੍ਰਧਾਨ ਯੋਗਰਾਜ ਸ਼ਰਮਾ ਦੇ ਹੁਕਮਾਂ ਤੋਂ ਬਾਅਦ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਜੇਕਰ ਕੋਈ ਸ਼ਿਵ ਸੈਨਿਕ ਆਪਣੇ ਧਰਮ ਦੀ ਗੱਲ ਕਰਦਾ ਹੈ ਜਾਂ ਫਿਰ ਕੱਟੜਪੰਥੀਆਂ ਖਿਲਾਫ ਬੋਲਦਾ ਹੈ ਤਾਂ ਸਾਰੇ ਕਹਿੰਦੇ ਹਨ ਕਿ ਸੁਰੱਖਿਆ ਮੁਲਾਜ਼ਮਾਂ ਲਈ ਇਹ ਸਭ ਕੁਝ ਕੀਤਾ ਜਾ ਰਿਹਾ ਹੈ ਪਰ ਉਹ ਸਾਰਿਆਂ ਨੂੰ ਇਹ ਦੱਸਣਾ ਚਾਹੁੰਦੇ ਹਨ ਕਿ ਉਹ ਆਪਣੇ ਸਮਾਜ ਅਤੇ ਧਰਮ ਲਈ ਕੰਮ ਕਰ ਰਹੇ ਹਨ ਅਤੇ ਕਰਦੇ ਰਹਿਣਗੇ। ਉਨ੍ਹਾਂ ਨੂੰ ਸਰਕਾਰੀ ਸੁਰੱਖਿਆ ਦੀ ਲੋੜ ਨਹੀਂ ਹੈ। ਉਨ੍ਹਾਂ ਦੇ ਨਾਲ-ਨਾਲ ਪੂਰੇ ਪੰਜਾਬ ਦੇ ਸ਼ਿਵ ਸੈਨਾ (ਬਾਲ ਠਾਕਰੇ) ਦੇ ਆਗੂਆਂ ਨੇ ਸੁਰੱਖਿਆ ਵਾਪਸ ਕਰ ਦਿੱਤੀ ਹੈ। ਚੱਢਾ ਮੁਤਾਬਕ ਉਨ੍ਹਾਂ ਦੇ ਨਾਲ ਚਾਰ ਹੋਰ ਸਾਥੀਆਂ ਨੇ ਸਰਕਾਰੀ ਸੁਰੱਖਿਆ ਵਾਪਸ ਕੀਤੀ ਹੈ।

# ਭਾਜਪਾ 'ਚ ਗਏ ਆਗੂਆਂ ਨੂੰ ਐਕਸ ਸ਼੍ਰੇਣੀ ਦੀ ਸੁਰੱਖਿਆ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਪੰਜਾਬ 'ਚ ਭਾਜਪਾ ਦੇ ਚਾਰ ਆਗੂਆਂ ਬਲਬੀਰ ਸਿੰਘ ਸਿੱਧੂ ਤੇ ਗੁਰਪ੍ਰੀਤ ਸਿੰਘ ਕਾਂਗੜ (ਸਾਬਕਾ ਮੰਤਰੀ) ਅਤੇ ਸਾਬਕਾ ਵਿਧਾਇਕ ਜਗਦੀਪ ਸਿੰਘ ਨਕਈ ਤੇ ਅਮਰਜੀਤ ਸਿੰਘ ਟਿੱਕਾ ਨੂੰ 'ਐਕਸ' ਸ਼੍ਰੇਣੀ ਦੀ ਸੁਰੱਖਿਆ ਮੁਹੱਈਆ ਕਰਵਾਈ ਹੈ।

ਇਹ ਚਾਰੇ ਆਗੂ ਪਿੱਛੇ ਜਿਹੇ ਕਾਂਗਰਸ ਛੱਡ ਕੇ ਭਾਜਪਾ 'ਚ ਸ਼ਾਮਲ ਹੋਏ ਹਨ। ਸੂਤਰਾਂ ਮੁਤਾਬਕ ਕੇਂਦਰੀ ਗ੍ਰਹਿ ਮੰਤਰਾਲੇ ਨੇ ਸੀ.ਆਰ.ਪੀ.ਐਫ. ਨੂੰ ਹੁਕਮ ਜਾਰੀ ਕੀਤੇ ਹਨ ਕਿ ਭਾਜਪਾ ਦੇ ਇਨ੍ਹਾਂ ਆਗੂਆਂ ਨੂੰ 24 ਘੰਟੇ 'ਐਕਸ' ਸ਼੍ਰੇਣੀ ਦੀ ਸੁਰੱਖਿਆ ਪ੍ਰਦਾਨ ਕੀਤੀ ਜਾਵੇ। ਜਾਣਕਾਰੀ



ਮੁਤਾਬਕ ਖੁਫੀਆ ਬਿਊਰੋ (ਆਈ.ਬੀ.) ਨੇ ਚਾਰੋਂ ਭਾਜਪਾ ਆਗੂਆਂ ਦੀ ਜਾਨ ਨੂੰ ਖਤਰੇ ਦੀਆਂ ਰਿਪੋਰਟਾਂ ਮਗਰੋਂ ਉਨ੍ਹਾਂ ਦੀ ਸੁਰੱਖਿਆ ਦਾ ਮੁਲਾਂਕਣ ਕੀਤਾ ਗਿਆ ਸੀ। ਇਸ ਤੋਂ ਪਹਿਲਾਂ ਅਕਤੂਬਰ 'ਚ ਕੇਂਦਰ ਸਰਕਾਰ ਨੇ ਆਈ.ਬੀ. ਦੀ ਰਿਪੋਰਟ ਦੇ ਆਧਾਰ 'ਤੇ ਪੰਜਾਬ ਦੇ ਪੰਜ ਭਾਜਪਾ ਆਗੂਆਂ ਨੂੰ 'ਵਾਈ' ਸ਼੍ਰੇਣੀ ਦੀ ਸੁਰੱਖਿਆ ਮੁਹੱਈਆ ਕਰਵਾਈ ਸੀ।

ਕੇਂਦਰੀ ਗ੍ਰਹਿ ਮੰਤਰਾਲਾ ਇੰਟੈਲੀਜੈਂਸ ਬਿਊਰੋ ਦੀਆਂ ਰਿਪੋਰਟਾਂ ਦੇ ਆਧਾਰ 'ਤੇ ਆਗੂਆਂ ਨੂੰ ਸੀ.ਆਰ.ਪੀ.ਐਫ. ਤੇ ਸੀ.ਆਈ.ਐਸ.ਐਫ. ਵਰਗੀਆਂ ਕੇਂਦਰੀ ਹਥਿਆਰਬੰਦ ਪੁਲਿਸ ਬਲਾਂ ਰਾਹੀਂ 'ਐਕਸ, ਵਾਈ, ਵਾਈ ਪਲੱਸ, ਜ਼ੈੱਡ ਅਤੇ ਜ਼ੈੱਡ ਪਲੱਸ' ਸ਼੍ਰੇਣੀ ਦੀ ਸੁਰੱਖਿਆ ਮੁਹੱਈਆ ਕਰਵਾਉਂਦਾ ਹੈ।

# ਹੁਣ ਗੰਨ ਹਾਊਸਾਂ ਉਤੇ ਸਖਤੀ ਕਰਨ ਲੱਗੀ ਮਾਨ ਸਰਕਾਰ

**ਚੰਡੀਗੜ੍ਹ:** ਡਾਇਰੈਕਟਰ ਜਨਰਲ ਪੁਲਿਸ (ਡੀ.ਜੀ.ਪੀ.) ਪੰਜਾਬ ਗੌਰਵ ਯਾਦਵ ਨੇ ਸੂਬੇ ਭਰ 'ਚ ਗੰਨ ਹਾਊਸਾਂ ਸਬੰਧੀ ਸਾਰੀਆਂ ਦੁਕਾਨਾਂ ਤੇ ਅਹਾਤਿਆਂ ਦੇ ਸਟਾਕ ਦੀ ਤਿਮਾਹੀ ਆਧਾਰ 'ਤੇ ਜਾਂਚ ਲਾਜ਼ਮੀ ਕਰਨ ਦੇ ਆਦੇਸ਼ ਦਿੱਤੇ ਹਨ। ਇਸ ਤੋਂ ਪਹਿਲਾਂ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਗੰਨ ਕਲਚਰ ਨੂੰ ਠੱਲ੍ਹਣ ਲਈ ਸਾਰੇ ਮੌਜੂਦਾ ਅਸਲਾ ਲਾਇਸੈਂਸਾਂ ਦੀ ਸਮੀਖਿਆ ਕਰਨ ਦੇ ਹੁਕਮ ਜਾਰੀ ਕੀਤੇ ਗਏ ਸਨ।

ਡੀ.ਜੀ.ਪੀ. ਨੇ ਸੂਬੇ ਦੀਆਂ ਸਾਰੀਆਂ ਰੇਂਜਾਂ ਦੇ ਇੰਸਪੈਕਟਰ ਜਨਰਲਾਂ/ਡਿਪਟੀ ਇੰਸਪੈਕਟਰ ਜਨਰਲਾਂ ਅਤੇ ਸਾਰੇ ਕਮਿਸ਼ਨਰਾਂ/ਐਸ.ਐਸ.ਪੀਜ਼. ਨੂੰ ਹੁਕਮ ਦਿੱਤੇ ਹਨ ਕਿ ਪੰਜਾਬ ਪੁਲਿਸ ਨਿਯਮ, 1934 ਦਾ ਨਿਯਮ 20.14



ਪੁਲਿਸ ਦੇ ਗਜ਼ਟਿਡ ਅਧਿਕਾਰੀਆਂ ਨੂੰ ਆਰਮਜ਼ ਐਕਟ ਅਧੀਨ ਹਰ ਤਿਮਾਹੀ 'ਚ ਸਾਰੇ ਲਾਇਸੈਂਸਸ਼ੁਦਾ ਨਿਰਮਾਤਾਵਾਂ ਅਤੇ ਡੀਲਰਾਂ ਦੀਆਂ ਦੁਕਾਨਾਂ ਅਤ ਅਹਾਤਿਆਂ ਦੇ ਸਟਾਕ ਦੀ ਜਾਂਚ ਕਰਨ ਲਈ ਅਧਿਕਾਰਤ ਕਰਦਾ ਹੈ। ਡੀ.ਜੀ.ਪੀ. ਗੌਰਵ ਯਾਦਵ ਨੇ ਸਾਰੇ ਸੀਪੀਜ਼/ਐਸ.ਐਸ.ਪੀਜ਼. ਨੂੰ ਇਹ ਯਕੀਨੀ ਬਣਾਉਣ ਲਈ ਨਿਰਦੇਸ਼ ਦਿੱਤੇ ਕਿ ਡੀ.ਐਸ.ਪੀਜ਼/ਏ.ਸੀ.ਪੀ. ਹਰ ਤਿਮਾਹੀ ਵਿਚ ਆਪਣੀਆਂ ਸਬ-ਡਿਵੀਜ਼ਨਾਂ ਵਿਚ ਪੈਂਦੇ ਸਾਰੇ ਗੰਨ ਹਾਊਸਾਂ, ਹਥਿਆਰਾਂ ਨਾਲ ਸਬੰਧਤ ਦੁਕਾਨਾਂ ਤੇ ਅਹਾਤਿਆਂ ਦੇ ਸਟਾਕ ਦੀ ਲਾਜ਼ਮੀ ਤੌਰ 'ਤੇ ਜਾਂਚ ਕਰਨ। ਇਸ ਤੋਂ ਇਲਾਵਾ ਉਨ੍ਹਾਂ ਜ਼ਿਲ੍ਹਾ ਪੁਲਿਸ ਸੁਪਰਡੈਂਟ ਨੂੰ ਹਰ ਸਾਲ ਘੱਟੋ-ਘੱਟ ਇਕ ਵਾਰ ਨਿਰੀਖਣ ਕਰਨ ਦੀ ਹਦਾਇਤ ਕੀਤੀ ਹੈ। ਦੱਸਣਯੋਗ ਹੈ ਕਿ ਪੰਜਾਬ ਵਿਚ ਭਾਰਤ ਦੀ ਕੁੱਲ ਆਬਾਦੀ ਦਾ ਸਿਰਫ 2 ਫੀਸਦੀ ਹੋਣ ਦੇ ਬਾਵਜੂਦ ਕੁੱਲ ਲਾਇਸੈਂਸਸ਼ੁਦਾ ਹਥਿਆਰਾਂ ਦਾ ਲਗਭਗ 10 ਫੀਸਦੀ ਮੌਜੂਦ ਹੈ, ਜੋ ਚਾਰ ਲੱਖ ਦੇ ਕਰੀਬ ਬਣਦਾ ਹੈ।

## 'ਅਕਾਲ ਤਖਤ ਦੇ ਜਥੇਦਾਰ ਦੀ ਨਿਯੁਕਤੀ ਸਿੱਖ ਪੰਥ ਕਰੇ'

**ਚੰਡੀਗੜ੍ਹ:** ਇੰਟਰਨੈਸ਼ਨਲ ਸਿੱਖ ਕਨਫੈਡਰੇਸ਼ਨ ਨੇ ਚੰਡੀਗੜ੍ਹ ਦੇ ਸੈਕਟਰ-28 ਸਥਿਤ ਕੇਂਦਰੀ ਗੁਰੂ ਸਿੰਘ ਸਭਾ ਤੇ ਇੰਸਟੀਚਿਊਟ ਆਫ ਸਿੱਖ ਸਟੱਡੀਜ਼ ਦੇ ਸਹਿਯੋਗ ਨਾਲ ਇਕ ਵਿਚਾਰ-ਚਰਚਾ ਕਰਵਾਈ, ਜਿਸ ਵਿਚ ਅਕਾਲ ਤਖਤ ਦੀ ਖੁਦਮੁਖਤਿਆਰੀ ਕਾਇਮ ਕਰਨ ਲਈ ਜਥੇਦਾਰ ਦੀ ਨਿਯੁਕਤੀ ਸ਼੍ਰੋਮਣੀ ਕਮੇਟੀ ਦੀ ਥਾਂ ਸਿੱਖ ਪੰਥ ਵੱਲੋਂ ਕਰਵਾਏ ਜਾਣ ਦੀ ਮੰਗ ਰੱਖੀ ਗਈ। ਅਕਾਲ ਤਖਤ ਦੇ ਸਾਬਕਾ ਜਥੇਦਾਰ ਪ੍ਰੋ. ਮਨਜੀਤ ਸਿੰਘ ਨੇ ਕਿਹਾ ਕਿ ਜਥੇਦਾਰ ਦੀ ਜ਼ਿੰਮੇਵਾਰੀ ਪੰਥ-ਪ੍ਰਵਾਨਿਤ ਸਿੱਖ ਰਹਿਤ ਮਰਿਆਦਾ ਨੂੰ ਅਮਲੀ ਤੌਰ 'ਤੇ ਲਾਗੂ ਕਰਵਾਉਣ ਤੇ ਪੰਥ ਦੀ ਏਕਤਾ ਨੂੰ ਕਾਇਮ ਰੱਖਣ ਦੀ ਹੁੰਦੀ ਹੈ, ਪਰ ਅਫਸੋਸ ਕਿ ਮੌਜੂਦਾ ਜਥੇਦਾਰਾਂ ਦੀ ਚੋਣ ਪੰਥ ਵੱਲੋਂ ਨਹੀਂ ਸਗੋਂ ਸ਼੍ਰੋਮਣੀ ਕਮੇਟੀ ਰਾਹੀਂ ਹੁੰਦੀ ਹੈ।

# ਪੈਟਰੋਲ ਪੰਪ ਲੁੱਟਣ ਦੇ ਮਾਮਲੇ ਵਿਚ ਪੰਜਾਬ ਭਾਜਪਾ ਆਗੂ ਦਾ ਪੁੱਤ ਗ੍ਰਿਫਤਾਰ

**ਲੁਧਿਆਣਾ:** ਫੋਕਲ ਪੁਆਇੰਟ ਇਲਾਕੇ ਵਿਚ ਪੈਟਰੋਲ ਪੰਪ ਨੂੰ ਲੁੱਟਣ ਦੀ ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਕੁਹਾੜਾ ਕੋਲ ਏ.ਟੀ.ਐਮ. ਲੁੱਟਣ ਦੀ ਕੋਸ਼ਿਸ਼ ਦੌਰਾਨ ਗੋਲੀ ਚਲਾਉਣ ਦੇ ਦੋਸ਼ ਹੇਠ ਪੁਲਿਸ ਨੇ ਭਾਰਤੀ ਜਨਤਾ ਪਾਰਟੀ ਦੇ ਕੌਮੀ ਸਕੱਤਰ ਸੁਖਵਿੰਦਰਪਾਲ ਸਿੰਘ ਗਰੇਵਾਲ ਦੇ ਪੁੱਤਰ ਸਣੇ 2 ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਮੁਲਜ਼ਮ ਨੂੰ ਜਦੋਂ ਪੁਲਿਸ ਨੇ ਚੰਡੀਗੜ੍ਹ ਤੋਂ ਗ੍ਰਿਫਤਾਰ ਕੀਤਾ ਤਾਂ ਮੁਲਜ਼ਮ ਨੇ ਪੁਲਿਸ ਮੁਲਾਜ਼ਮ 'ਤੇ ਤੇਜ਼ਧਾਰ ਹਥਿਆਰ ਨਾਲ ਹਮਲਾ ਕਰ ਉਸ ਨੂੰ ਜ਼ਖ਼ਮੀ ਕਰ ਦਿੱਤਾ, ਪਰ ਪੁਲਿਸ ਨੇ ਮੁਸਤੈਦੀ ਦਿਖਾ ਕੇ ਮੁਲਜ਼ਮ ਨੂੰ ਕਾਬੂ ਕਰ ਲਿਆ।



ਮੁਲਜ਼ਮ ਦੀ ਪਛਾਣ ਉਦੈ ਰਾਜ ਗਰੇਵਾਲ ਵਜੋਂ ਹੋਈ ਹੈ, ਜਦੋਂਕਿ ਉਸ ਦਾ ਦੂਜਾ ਸਾਥੀ ਪਿੰਡ ਧੌਲਾ ਵਾਸੀ ਅਮ੍ਰਿਤਰਾਜ ਸਿੰਘ ਹੈ। ਪੁਲਿਸ ਮੁਲਜ਼ਮਾਂ ਤੋਂ ਪੁੱਛਗਿਛ ਕਰਨ 'ਚ ਲੱਗੀ ਹੋਈ ਹੈ। ਉਧਰ, ਭਾਜਪਾ ਨੇਤਾ ਸੁਖਵਿੰਦਰਪਾਲ ਸਿੰਘ ਗਰੇਵਾਲ ਨੇ ਦੱਸਿਆ ਕਿ ਉਹ ਆਪਣੇ ਪੁੱਤਰ ਨੂੰ 2015 ਵਿਚ ਹੀ ਬੇਦਖਲ ਕਰ ਚੁੱਕੇ ਹਨ। ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਉਦੈ ਰਾਜ ਸਿੰਘ ਆਪਣੇ ਪਰਿਵਾਰ ਤੋਂ ਵੱਖ ਰਹਿੰਦਾ ਸੀ। ਲੁੱਟ ਕਾਂਡ ਨੂੰ ਅੰਜਾਮ ਦੇਣ ਤੋਂ ਪਹਿਲਾਂ ਉਸ ਨੇ ਹਾਂਡਾ ਸਿਟੀ ਕਾਰ ਦੀ ਨੰਬਰ ਪਲੇਟ ਉਤਾਰੀ ਤੇ ਪੈਟਰੋਲ ਪੰਪ 'ਤੇ ਲੁੱਟ ਦੀ ਵਾਰਦਾਤ ਨੂੰ ਅੰਜਾਮ ਦਿੱਤਾ। ਮੁਲਜ਼ਮਾਂ ਦਾ ਇੱਥੇ ਦਿਲ ਨਹੀਂ ਭਰਿਆ ਅਤੇ ਉਹ ਕੁਹਾੜਾ ਦੇ ਕੋਲ ਪੰਜਾਬ ਨੈਸ਼ਨਲ ਬੈਂਕ ਦੇ ਏ.ਟੀ.ਐਮ. ਨੂੰ ਲੁੱਟਣ ਲਈ ਅੰਦਰ ਦਾਖਲ ਹੋ ਗਏ। ਏ.ਟੀ.ਐਮ. ਮਸ਼ੀਨ ਨਾ ਟੁੱਟੀ ਤਾਂ ਮੁਲਜ਼ਮਾਂ ਨੇ ਉੱਥੇ ਗੋਲੀ ਚਲਾ ਦਿੱਤੀ। ਗੋਲੀ ਨਾਲ ਵੀ ਮਸ਼ੀਨ ਨੂੰ ਕੋਈ ਨੁਕਸਾਨ ਨਹੀਂ ਪੁੱਜਿਆ ਤਾਂ ਮੁਲਜ਼ਮ ਉੱਥੋਂ ਫਰਾਰ ਹੋ ਗਏ। ਇਹ ਸਾਰੀ ਘਟਨਾ ਮਸ਼ੀਨ 'ਚ ਲੱਗੇ ਸੀ.ਸੀ.ਟੀ.ਵੀ. ਕੈਮਰੇ 'ਚ ਕੈਦ ਹੋ ਗਈ। ਪੁਲਿਸ ਜਾਂਚ ਦੌਰਾਨ ਪਤਾ ਲੱਗਿਆ ਕਿ ਲੁੱਟ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਵਾਲਾ ਕੋਈ ਹੋਰ ਨਹੀਂ ਬਲਕਿ ਭਾਜਪਾ ਆਗੂ ਸੁਖਵਿੰਦਰ ਪਾਲ ਸਿੰਘ ਗਰੇਵਾਲ ਦਾ ਪੁੱਤਰ ਉਦੈ ਗਰੇਵਾਲ ਹੈ ਤੇ ਉਹ ਚੰਡੀਗੜ੍ਹ 'ਚ ਹੈ। ਇਸ ਦੌਰਾਨ ਮੁਲਜ਼ਮ ਦੇ ਪਿਤਾ ਸੁਖਵਿੰਦਰਪਾਲ ਸਿੰਘ ਗਰੇਵਾਲ ਨੇ ਕਿਹਾ ਕਿ ਉਨ੍ਹਾਂ ਆਪਣੇ ਪੁੱਤਰ ਨੂੰ ਪਹਿਲਾਂ ਹੀ ਜਾਇਦਾਦ ਵਿਚੋਂ ਬੇਦਖਲ ਕੀਤਾ ਹੋਇਆ ਹੈ।

# ਕੇਜਰੀਵਾਲ ਦੇ ਮੰਤਰੀ ਦੀ ਜੇਲ੍ਹ 'ਚ ਮਾਲਸ਼ ਦੇ ਮਾਮਲੇ ਉਤੇ ਭਖੀ ਸਿਆਸਤ

**ਵੀਂ ਦਿੱਲੀ:** ਦਿੱਲੀ ਦੇ ਜੇਲ੍ਹ ਮੰਤਰੀ ਸਤੇਂਦਰ ਜੈਨ ਦੀ ਤਿਹਾੜ ਜੇਲ੍ਹ 'ਚ ਮਾਲਸ਼ ਕਰਵਾਉਣ ਦੀ ਵੀਡੀਓ ਵਾਇਰਲ ਹੋਣ ਨਾਲ ਕੇਂਦਰ ਸ਼ਾਸਿਤ ਪ੍ਰਦੇਸ਼ 'ਚ ਐਮ.ਸੀ.ਡੀ. ਚੋਣਾਂ ਤੋਂ ਪਹਿਲਾਂ ਸਿਆਸਤ ਭਖ ਗਈ ਹੈ। ਤਿਹਾੜ ਜੇਲ੍ਹ ਦੇ ਸੁਪਰਡੈਂਟ ਅਜੀਤ ਕੁਮਾਰ ਵੱਲੋਂ ਸਤੇਂਦਰ ਜੈਨ ਨੂੰ ਕਥਿਤ ਤੌਰ 'ਤੇ ਵੀ.ਆਈ.ਪੀ. ਸਹੂਲਤਾਂ ਦੇਣ ਦੇ ਦੋਸ਼ ਹੇਠ ਮੁਅੱਤਲ ਕੀਤੇ ਜਾਣ ਦੇ ਕੁਝ ਦਿਨਾਂ ਬਾਅਦ ਇਹ ਵੀਡੀਓ ਵਾਇਰਲ ਹੋਈ ਹੈ।

ਭਾਜਪਾ ਅਤੇ ਕਾਂਗਰਸ ਨੇ ਮੁੱਖ ਮੰਤਰੀ ਤੇ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਇਸ ਮਾਮਲੇ 'ਚ ਖ਼ਾਮੋਸ਼ੀ 'ਤੇ ਸਵਾਲ ਉਠਾਉਂਦਿਆਂ ਕਿਹਾ ਹੈ ਕਿ ਆਮ ਆਦਮੀ ਪਾਰਟੀ ਹੁਣ 'ਸਪਾਅ ਐਂਡ ਮਸਾਜ ਪਾਰਟੀ' ਬਣ ਗਈ ਹੈ। ਉਧਰ 'ਆਪ' ਨੇ ਦੋਸ਼ ਲਾਇਆ ਹੈ ਕਿ ਗੁਜਰਾਤ ਵਿਧਾਨ ਸਭਾ ਅਤੇ ਐਮ.ਸੀ.ਡੀ. ਦੀਆਂ ਚੋਣਾਂ 'ਚ ਹਾਰ ਨੂੰ ਦੇਖਦਿਆਂ ਭਾਜਪਾ ਨੇ ਇਹ ਵੀਡੀਓ ਲੀਕ ਕਰਵਾਈ ਹੈ ਜਦਕਿ ਸਤੇਂਦਰ ਜੈਨ ਰੀੜ੍ਹ ਦੀ ਹੱਡੀ 'ਚ ਸੱਟ ਲੱਗਣ ਕਾਰਨ ਫਿਜ਼ੀਓਥੈਰੇਪੀ ਕਰਵਾ ਰਹੇ ਸਨ। ਈਡੀ ਵੱਲੋਂ ਮਨੀ ਲਾਂਡਰਿੰਗ ਮਾਮਲੇ ਵਿੱਚ ਗ੍ਰਿਫਤਾਰ ਕੀਤੇ ਗਏ ਜੈਨ ਦਾ ਤਿਹਾੜ ਜੇਲ੍ਹ ਦੇ ਅੰਦਰ ਵਿਸ਼ੇਸ਼ ਇਲਾਜ ਕਰਵਾਉਣ ਦੇ ਲਗਭਗ 10 ਦਿਨਾਂ ਬਾਅਦ ਸ਼ਨਿਚਰਵਾਰ ਨੂੰ ਸੋਸ਼ਲ





ਮੀਡੀਆ 'ਤੇ ਵੀਡੀਓ ਸਾਹਮਣੇ ਆਏ ਹਨ।

13 ਸਤੰਬਰ ਦੀ ਸੀ.ਸੀ.ਟੀ.ਵੀ. ਫੁਟੇਜ ਵਿਚ ਮੰਤਰੀ ਜੇਲ੍ਹ ਅੰਦਰ ਬਿਸਤਰੇ 'ਤੇ ਕੁਝ ਕਾਗਜ਼ ਪੜ੍ਹਦਿਆਂ ਦਿਖਾਈ ਦੇ ਰਿਹਾ ਹੈ ਜਦੋਂ ਕਿ ਉਸ ਕੋਲ ਬੈਠਾ ਇਕ ਵਿਅਕਤੀ ਉਨ੍ਹਾਂ ਦੇ ਪੈਰਾਂ ਦੀ ਮਾਲਸ਼ ਕਰਦਾ ਦਿਖਾਈ ਦੇ ਰਿਹਾ ਹੈ। ਭਾਜਪਾ ਦੇ ਰਾਸ਼ਟਰੀ ਬੁਲਾਰੇ ਸ਼ਹਿਜ਼ਾਦ ਪੂਨਾਵਾਲਾ ਨੇ ਆਪਣੇ ਅਧਿਕਾਰਤ ਟਵਿੱਟਰ ਹੈਂਡਲ 'ਤੇ ਸਾਂਝੇ ਕੀਤੇ ਗਏ ਵੀਡੀਓ ਨਾਲ ਟਵੀਟ ਕੀਤਾ, 'ਸਜਾ ਦੀ ਬਜਾਏ ਸਤੇਂਦਰ ਜੈਨ ਨੂੰ ਪੂਰਾ ਵੀ.ਵੀ.ਆਈ.ਪੀ. ਮਜ਼ਾ ਮਿਲ ਰਿਹਾ ਹੈ? ਤਿਹਾੜ ਜੇਲ੍ਹ ਦੇ ਅੰਦਰ ਮਾਲਸ਼? ਹਵਾਲਾਬਾਜ਼, ਜਿਨ੍ਹਾਂ ਨੂੰ 5 ਮਹੀਨਿਆਂ ਤੋਂ ਜ਼ਮਾਨਤ ਨਹੀਂ ਮਿਲੀ ਹੈ, ਦੇ ਸਿਰ ਦੀ ਮਾਲਸ਼! 'ਆਪ' ਸਰਕਾਰ ਵੱਲੋਂ ਚਲਾਈ ਜਾ ਰਹੀ ਜੇਲ੍ਹ ਵਿਚ ਨਿਯਮਾਂ ਦੀ ਉਲੰਘਣਾ ਹੋ ਰਹੀ ਹੈ।' ਭਾਜਪਾ ਦੇ ਇਕ ਹੋਰ ਤਰਜਮਾਨ ਗੌਰਵ ਭਾਟੀਆ ਨੇ ਕਿਹਾ ਕਿ ਆਮ ਆਦਮੀ ਪਾਰਟੀ 'ਸਪਾ ਅਤੇ ਮਸਾਜ ਪਾਰਟੀ' ਬਣ ਗਈ ਹੈ। ਉਨ੍ਹਾਂ ਵੀਡੀਓ ਦਾ ਹਵਾਲਾ ਦਿੰਦਿਆਂ ਕੇਜਰੀਵਾਲ ਨੂੰ ਚੁਣੌਤੀ ਦਿੱਤੀ ਹੈ ਕਿ ਉਹ ਜੇਲ੍ਹ 'ਚ ਜੈਨ ਨੂੰ ਮਿਲ ਰਹੀ ਵੀ.ਆਈ.ਪੀ. ਸਹੂਲਤ ਦਾ ਜਵਾਬ ਦੇਣ।

## ਭਾਜਪਾ ਨੇ ਹਾਰ ਦੇ ਡਰ 'ਚੋਂ ਵੀਡੀਓ ਲੀਕ ਕੀਤੀ: ਸਿਸੋਦੀਆ

**ਨਵੀਂ ਦਿੱਲੀ:** ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਭਾਜਪਾ 'ਤੇ ਦੋਸ਼ ਲਾਇਆ ਹੈ ਕਿ ਉਸ ਨੇ ਗੁਜਰਾਤ ਵਿਧਾਨ ਸਭਾ ਅਤੇ ਐਮ.ਸੀ.ਡੀ. ਚੋਣਾਂ 'ਚ ਹਾਰ ਦੇ ਡਰ ਕਾਰਨ ਸਤੇਂਦਰ ਜੈਨ ਦੀ ਜੇਲ੍ਹ 'ਚ ਮਾਲਸ਼ ਕਰਾਉਣ ਦੀ ਵੀਡੀਓ ਲੀਕ ਕਰਵਾਈ ਹੈ। ਉਨ੍ਹਾਂ ਦਾਅਵਾ ਕੀਤਾ ਕਿ ਜੈਨ ਦੀ ਰੀੜ੍ਹ ਦੀ ਹੱਡੀ 'ਚ ਸੱਟ ਕਾਰਨ ਫਿਜ਼ੀਓਥੈਰੇਪੀ ਕਰਵਾ ਰਹੇ ਸਨ। ਭਗਵਾ ਪਾਰਟੀ 'ਤੇ ਸੌੜੀ ਸਿਆਸਤ ਕਰਨ ਦਾ ਦੋਸ਼ ਲਾਉਂਦਿਆਂ ਉਨ੍ਹਾਂ ਕਿਹਾ ਕਿ ਜੈਨ ਜੇਲ੍ਹ 'ਚ ਡਿੱਗ ਗਏ ਸਨ ਜਿਸ ਕਾਰਨ ਉਨ੍ਹਾਂ ਨੂੰ ਰੀੜ੍ਹ ਦੀ ਹੱਡੀ ਦੇ ਦੋ ਅਪਰੇਸ਼ਨ ਵੀ ਕਰਾਉਣੇ ਪਏ ਸਨ ਅਤੇ ਡਾਕਟਰਾਂ ਨੇ ਹੀ ਉਨ੍ਹਾਂ ਨੂੰ ਫਿਜ਼ੀਓਥੈਰੇਪੀ ਕਰਾਉਣ ਦੀ ਸਲਾਹ ਦਿੱਤੀ ਸੀ।

## ਅਕਾਲੀ ਦਲ ਨੇ ਕੇਜਰੀਵਾਲ ਦਾ ਅਸਤੀਫਾ ਮੰਗਿਆ


**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਮੰਤਰੀ ਤੇ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਭਗਵੰਤ ਮਾਨ 'ਤੇ ਦਿੱਲੀ ਤੇ ਪੰਜਾਬ ਦੀਆਂ ਜੇਲ੍ਹਾਂ ਵਿਚ ਅਪਰਾਧੀਆਂ ਦੇ ਗੱਠਜੋੜ ਦੀ ਪੁਸ਼ਤਪਨਾਹੀ ਕਰਨ ਦਾ ਦੋਸ਼ ਲਾਇਆ ਹੈ। ਉਨ੍ਹਾਂ ਕੇਂਦਰ ਸਰਕਾਰ ਅਤੇ ਸੁਪਰੀਮ ਕੋਰਟ ਤੇ ਹਾਈ ਕੋਰਟ ਨੂੰ ਇਸ ਮਾਮਲੇ ਦਾ ਨੋਟਿਸ ਲੈਣ ਦੀ ਅਪੀਲ ਕੀਤੀ ਹੈ। ਦਿੱਲੀ ਦੇ ਜੇਲ੍ਹ ਮੰਤਰੀ ਵੱਲੋਂ ਜੇਲ੍ਹ ਵਿਚ ਮਾਲਸ਼ ਕਰਵਾਏ ਜਾਣ ਦੀ ਵੀਡੀਓ ਦਿਖਾਉਂਦਿਆਂ ਸ੍ਰੀ ਮਜੀਠੀਆ ਨੇ ਮੰਗ ਕੀਤੀ ਹੈ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਆਪਣਾ ਅਸਤੀਫਾ ਦੇਣ ਅਤੇ ਜੇਲ੍ਹ ਮੰਤਰੀ ਸਤਿੰਦਰ ਜੈਨ ਨੂੰ ਤੁਰੰਤ ਬਰਖ਼ਾਸਤ ਕੀਤਾ ਜਾਵੇ।

# ਸਰਕਾਰੀ ਵਿਭਾਗਾਂ 'ਚ 30 ਲੱਖ ਅਸਾਮੀਆਂ ਖਾਲੀ: ਖੜਗੇ

**ਨਵੀਂ ਦਿੱਲੀ:** ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਨੌਕਰੀਆਂ ਦੇ ਮੁੱਦੇ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਨਿਸ਼ਾਨੇ 'ਤੇ ਲੈਂਦਿਆਂ ਦਾਅਵਾ ਕੀਤਾ ਕਿ ਵੱਖ-ਵੱਖ ਸਰਕਾਰੀ ਵਿਭਾਗਾਂ ਵਿਚ 30 ਲੱਖ ਤੋਂ ਵੱਧ ਅਸਾਮੀਆਂ ਖਾਲੀ ਹਨ ਪਰ ਪ੍ਰਧਾਨ ਮੰਤਰੀ ਨੇ ਸਿਰਫ 75,000 ਨਿਯੁਕਤੀ ਪੱਤਰ ਹੀ ਵੰਡੇ ਹਨ।

ਉਨ੍ਹਾਂ ਦਾ ਇਹ ਬਿਆਨ ਇੱਕ ਮੀਡੀਆ ਰਿਪੋਰਟ ਵਿਚ ਕੀਤੇ ਗਏ ਦਾਅਵੇ ਮਗਰੋਂ ਆਇਆ ਹੈ, ਜਿਸ ਵਿਚ ਕਿਹਾ ਗਿਆ ਹੈ ਕਿ ਕੇਂਦਰੀ ਸਕੱਤਰੇਤ ਸੇਵਾਵਾਂ ਵਿਚ ਸਿਰਫ 1600 ਅਸਾਮੀਆਂ ਖਾਲੀ ਰਹਿ ਗਈਆਂ ਹਨ। ਖੜਗੇ ਨੇ ਟਵੀਟ ਕਰਦਿਆਂ ਕਿਹਾ, "ਪ੍ਰਧਾਨ ਮੰਤਰੀ ਮੋਦੀ ਨੇ ਹਰ ਸਾਲ ਦੋ ਕਰੋੜ ਨੌਕਰੀਆਂ ਦੇਣ ਦਾ ਵਾਅਦਾ ਕੀਤਾ ਸੀ। ਅੱਠ ਸਾਲਾਂ ਦੌਰਾਨ 16 ਕਰੋੜ ਨੌਕਰੀਆਂ ਪੈਦਾ ਕੀਤੀਆਂ ਜਾਣੀਆਂ ਚਾਹੀਦੀਆਂ ਸਨ। ਵੱਖ-ਵੱਖ ਸਰਕਾਰੀ ਵਿਭਾਗਾਂ ਵਿਚ 30 ਲੱਖ ਤੋਂ ਵੱਧ ਅਸਾਮੀਆਂ ਖਾਲੀ ਹਨ ਪਰ ਪ੍ਰਧਾਨ ਮੰਤਰੀ ਮੋਦੀ ਨੇ ਸਿਰਫ 75000 ਨਿਯੁਕਤੀ ਪੱਤਰ ਹੀ ਵੰਡੇ ਹਨ।" ਉਨ੍ਹਾਂ ਸਵਾਲ ਕੀਤਾ ਕਿ ਕੇਂਦਰੀ ਸਕੱਤਰੇਤ ਵਿਚ ਪ੍ਰਧਾਨ ਮੰਤਰੀ ਦਫਤਰ ਅਧੀਨ ਸਿੱਧੇ ਤੌਰ 'ਤੇ 1600 ਅਸਾਮੀਆਂ ਖਾਲੀ ਕਿਉਂ ਹਨ। ਪਿਛਲੇ ਮਹੀਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 'ਰੁਜ਼ਗਾਰ ਮੇਲਾ' ਸ਼ੁਰੂ ਕਰਦਿਆਂ ਪਿਛਲੇ ਅੱਠ ਸਾਲਾਂ ਦੌਰਾਨ ਨੌਕਰੀਆਂ ਪੈਦਾ ਕਰਨ ਲਈ ਸਰਕਾਰ ਦੀਆਂ ਕੋਸ਼ਿਸ਼ਾਂ 'ਤੇ ਜੋਰ ਦਿੱਤਾ ਸੀ। ਇਸ ਦੌਰਾਨ ਪਹਿਲੇ ਪੜਾਅ ਤਹਿਤ ਵੱਖ-ਵੱਖ ਸਰਕਾਰੀ ਵਿਭਾਗਾਂ ਵਿਚ ਨੌਕਰੀਆਂ ਲਈ 75000 ਲੋਕਾਂ ਨੂੰ ਨਿਯੁਕਤੀ ਪੱਤਰ ਵੰਡੇ ਸਨ। ਕਾਂਗਰਸ ਨੌਜਵਾਨਾਂ ਲਈ ਨੌਕਰੀਆਂ ਦੀ ਘਾਟ ਅਤੇ ਵਧ ਰਹੀ ਬੇਰੁਜ਼ਗਾਰੀ ਦੇ ਮੁੱਦੇ 'ਤੇ ਲਗਾਤਾਰ ਕੇਂਦਰ ਸਰਕਾਰ ਦਾ ਘਿਰਾਓ ਕਰ ਰਹੀ ਹੈ।

## ਟਵਿੱਟਰ ਦੇ ਨਵੇਂ ਮਾਲਕ ਮਸਕ ਨੇ ਟਰੰਪ ਦਾ ਅਕਾਊਂਟ ਬਹਾਲ ਕੀਤਾ



**ਨਿਊ ਯਾਰਕ:** ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਦਾ ਟਵਿੱਟਰ ਅਕਾਊਂਟ ਬਹਾਲ ਹੋ ਗਿਆ ਹੈ। ਸੋਸ਼ਲ ਮੀਡੀਆ ਕੰਪਨੀ ਦੇ ਨਵੇਂ ਮਾਲਕ ਐਲਨ ਮਸਕ ਨੇ ਇਸ ਬਾਰੇ ਐਲਾਨ ਕੀਤਾ। ਮਸਕ ਨੇ ਪਹਿਲਾਂ ਅਕਾਊਂਟ ਬਹਾਲ ਕਰਨ ਜਾਂ ਨਾ ਕਰਨ ਬਾਰੇ ਟਵਿੱਟਰ 'ਤੇ ਲੋਕਾਂ ਕੋਲੋਂ ਚੋਣ ਕਰਵਾਈ ਜਿਸ ਵਿਚ ਹਲਕੇ ਫਰਕ ਨਾਲ ਜ਼ਿਆਦਾ ਲੋਕਾਂ ਨੇ ਅਕਾਊਂਟ ਬਹਾਲ ਕਰਨ ਦਾ ਪੱਖ ਪੂਰਿਆ। ਜ਼ਿਕਰਯੋਗ ਹੈ ਕਿ ਜਨਵਰੀ 2021 ਵਿਚ ਟਵਿੱਟਰ ਦੀ ਪੁਰਾਣੀ ਮੈਨੇਜਮੈਂਟ ਨੇ ਟਰੰਪ ਦਾ ਅਕਾਊਂਟ ਉਸ ਵੇਲੇ ਸਥਾਈ ਤੌਰ 'ਤੇ ਬੰਦ ਕਰ ਦਿੱਤਾ ਸੀ ਜਦ ਛੇ ਜਨਵਰੀ ਨੂੰ ਅਮਰੀਕਾ ਦੀ ਕੈਪੀਟਲ ਹਿੱਲ 'ਤੇ ਟਰੰਪ ਦੇ ਸਮਰਥਕਾਂ ਨੇ ਹੰਗਾਮਾ ਕੀਤਾ ਸੀ। ਅਮਰੀਕਾ ਦੀ ਸੰਸਦ ਜਦ ਜੋਅ ਬਾਇਡਨ ਦੀ ਜਿੱਤ ਉਤੇ ਮੋਹਰ ਲਾ ਰਹੀ ਸੀ, ਉਸ ਵੇਲੇ ਟਰੰਪ ਸਮਰਥਕਾਂ ਨੇ ਕੈਪੀਟਲ ਹਿੱਲ 'ਤੇ ਹਮਲਾ ਕਰ ਦਿੱਤਾ ਸੀ। ਮਸਕ ਨੇ ਟਵੀਟ ਕੀਤਾ, 'ਲੋਕਾਂ ਨੇ ਬੋਲ ਕੇ ਦੱਸ ਦਿੱਤਾ ਹੈ। ਟਰੰਪ ਦਾ ਅਕਾਊਂਟ ਬਹਾਲ ਹੋਵੇਗਾ।'

# ਮੋਦੀ ਦੇ ਸਹਿਪਾਠੀਏ ਲੱਭਣ ਵਾਲੀ ਪਟੀਸ਼ਨ 'ਤੇ ਸੁਣਵਾਈ ਮੁਲਤਵੀ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ ਕੇਂਦਰੀ ਸੂਚਨਾ ਕਮਿਸ਼ਨ (ਸੀ.ਆਈ.ਸੀ.) ਦੇ ਹੁਕਮਾਂ ਨੂੰ ਚੁਣੌਤੀ ਦਿੰਦੀ ਦਿੱਲੀ ਯੂਨੀਵਰਸਿਟੀ ਦੀ ਪਟੀਸ਼ਨ 'ਤੇ ਸੁਣਵਾਈ ਅਗਲੇ ਸਾਲ 3 ਮਈ ਤੱਕ ਮੁਲਤਵੀ ਕਰ ਦਿੱਤੀ ਹੈ। ਸੀ.ਆਈ.ਸੀ. ਨੇ ਯੂਨੀਵਰਸਿਟੀ ਨੂੰ ਸਾਲ 1978 ਵਿਚ ਬੀ.ਏ. ਦੀ ਪ੍ਰੀਖਿਆ ਪਾਸ ਕਰਨ ਵਾਲੇ ਸਾਰੇ ਵਿਦਿਆਰਥੀਆਂ ਦਾ ਰਿਕਾਰਡ ਘੋਖਣ ਸਬੰਧੀ ਇਜਾਜ਼ਤ ਦੇਣ ਦੇ ਹੁਕਮ ਦਿੱਤੇ ਸਨ।



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਇਸੇ ਸਾਲ 'ਚ ਬੀਏ ਪਾਸ ਕੀਤੀ ਸੀ। ਹਾਈ ਕੋਰਟ ਨੇ ਕਮਿਸ਼ਨ ਦੇ 21 ਦਸੰਬਰ 2016 ਦੀ ਤਰੀਕ ਵਾਲੇ ਹੁਕਮਾਂ 'ਤੇ 23 ਜਨਵਰੀ 2017 ਨੂੰ ਰੋਕ ਲਾ ਦਿੱਤੀ ਸੀ। ਜਸਟਿਸ ਯਸ਼ਵੰਤ ਸਿਨਹਾ ਨੇ 15 ਨਵੰਬਰ ਨੂੰ ਪਾਸ ਹੁਕਮਾਂ ਵਿਚ ਕਿਹਾ ਕਿ ਦਿੱਲੀ ਯੂਨੀਵਰਸਿਟੀ ਵੱਲੋਂ ਕੋਈ ਵੀ ਪੇਸ਼ ਨਹੀਂ ਹੋਇਆ, ਲਿਹਾਜ਼ਾ ਕੇਸ ਦੀ ਸੁਣਵਾਈ 3 ਮਈ ਤੱਕ ਮੁਲਤਵੀ ਕੀਤੀ ਜਾਂਦੀ ਹੈ। ਕੋਰਟ ਇਸ ਕੇਸ ਵਿਚ ਦਿੱਲੀ ਯੂਨੀਵਰਸਿਟੀ ਵੱਲੋਂ ਦਿੱਤੀ ਚੁਣੌਤੀ ਤੋਂ ਇਲਾਵਾ ਕੁਝ ਹੋਰਨਾਂ ਪਟੀਸ਼ਨਾਂ 'ਤੇ ਵੀ ਸੁਣਵਾਈ ਕਰ ਰਹੀ ਹੈ, ਜਿਸ ਵਿਚ ਕੁਝ ਪ੍ਰੀਖਿਆਵਾਂ ਦੇ ਨਤੀਜਿਆਂ ਦੇ ਵੇਰਵੇ ਨਸ਼ਰ ਕਰਨ ਨਾਲ ਜੁੜੇ ਕਾਨੂੰਨੀ ਨੁਕਤਿਆਂ ਨੂੰ ਉਠਾਇਆ ਗਿਆ ਹੈ। ਸੀ.ਆਈ.ਸੀ. ਨੇ ਇਹ ਹੁਕਮ ਕਾਰਕੁਨ ਨੀਰਜ ਵੱਲੋਂ ਆਰ.ਟੀ.ਆਈ. ਐਕਟ ਤਹਿਤ ਪਟੀਸ਼ਨ 'ਤੇ ਕੀਤੇ ਸਨ ਜਿਸ ਵਿਚ ਤੋਂ 1978 'ਚ ਬੀ.ਏ. ਪਾਸ ਕਰਨ ਵਾਲੇ ਵਿਦਿਆਰਥੀਆਂ ਦੇ ਵੇਰਵੇ ਮੰਗੇ ਗਏ ਸਨ।

## ਮੁਕੇਸ਼ ਤੇ ਨੀਤਾ ਅੰਬਾਨੀ ਬਣੇ ਨਾਨਾ-ਨਾਨੀ

**ਨਵੀਂ ਦਿੱਲੀ:** ਅਰਬਪਤੀ ਮੁਕੇਸ਼ ਅੰਬਾਨੀ ਦੀ ਧੀ ਈਸ਼ਾ ਅਤੇ ਜਵਾਈ ਆਨੰਦ ਪੀਰਾਮਲ ਦੇ ਘਰ ਜੌੜੇ ਬੱਚਿਆਂ ਨੇ ਜਨਮ ਲਿਆ ਹੈ, ਜਿਨ੍ਹਾਂ ਵਿਚ ਇਕ ਮੁੰਡਾ ਤੇ ਇਕ ਕੁੜੀ ਹੈ। ਲੜਕੀ ਦਾ ਨਾਂ ਆਦੀਆ ਅਤੇ ਲੜਕੇ ਦਾ ਨਾਂ ਕ੍ਰਿਸ਼ਨ ਰੱਖਿਆ ਗਿਆ ਹੈ। ਪਰਿਵਾਰ ਵੱਲੋਂ ਮੀਡੀਆ ਨੂੰ ਦਿੱਤੇ ਬਿਆਨ ਵਿਚ ਕਿਹਾ ਗਿਆ ਹੈ, "ਸਾਨੂੰ ਇਹ ਦੱਸਦਿਆਂ ਖੁਸ਼ੀ ਹੋ ਰਹੀ ਹੈ ਕਿ ਸਾਡੇ ਬੱਚਿਆਂ ਈਸ਼ਾ ਅਤੇ ਆਨੰਦ ਨੂੰ ਪ੍ਰਮਾਤਮਾ ਨੇ 19 ਨਵੰਬਰ 2022 ਨੂੰ ਜੌੜੇ ਬੱਚਿਆਂ ਦੀ ਦਾਤ ਬਖਸ਼ੀ ਹੈ।" ਸੂਤਰਾਂ ਅਨੁਸਾਰ, ਬੱਚਿਆਂ ਦੀ ਡਿਲੀਵਰੀ ਅਮਰੀਕਾ ਵਿਚ ਹੋਈ ਸੀ। ਅੰਬਾਨੀ ਦੇ ਤਿੰਨ ਬੱਚੇ ਹਨ, ਜਿਨ੍ਹਾਂ ਵਿਚ ਅਕਾਸ਼, ਈਸ਼ਾ ਅਤੇ ਅਨੰਤ ਸ਼ਾਮਲ ਹਨ। ਈਸ਼ਾ ਦਾ ਵਿਆਹ ਪਿਰਾਮਲ ਗਰੁੱਪ ਦੇ ਅਜੈ ਅਤੇ ਸਵਾਤੀ ਪਿਰਾਮਲ ਦੇ ਪੁੱਤਰ ਆਨੰਦ ਨਾਲ 12 ਦਸੰਬਰ 2018 ਨੂੰ ਹੋਇਆ ਸੀ।

## ਪੰਜਾਬ ਨੂੰ ਵਿੱਤੀ ਸੰਕਟ 'ਚੋਂ ਕੱਢਣ ਲਈ ਸਰਕਾਰ ਯਤਨਸ਼ੀਲ: ਚੀਮਾ

**ਪਟਿਆਲਾ:** ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਰਵਾਇਤੀ ਪਾਰਟੀਆਂ ਵੱਲੋਂ ਪੰਜਾਬ ਦੇ ਫੰਡਾਂ ਅਤੇ ਹੋਰ ਸਾਧਨਾਂ ਦੀ ਕੀਤੀ ਗਈ ਦੁਰਵਰਤੋਂ ਕਾਰਨ ਪੰਜਾਬ ਨੂੰ ਵਿੱਤੀ ਤੌਰ 'ਤੇ ਮਾੜੇ ਦੌਰ ਵਿਚੋਂ ਲੰਘਣਾ ਪੈ ਰਿਹਾ ਹੈ।

ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਦੀਆਂ ਉਸਾਰੂ ਨੀਤੀਆਂ ਨਾਲ ਪੰਜਾਬ ਦੀ ਹਾਲਤ ਸੁਧਾਰਨ ਲਈ ਯਤਨਸ਼ੀਲ ਹੈ। ਚੀਮਾ ਨੇ ਕਿਹਾ ਕਿ ਪੰਜਾਬੀ 'ਵਰਸਿਟੀ ਦੇ ਮਾੜੇ ਵਿੱਤੀ ਹਾਲਤ ਲਈ ਪਿਛਲੀਆਂ ਸਰਕਾਰਾਂ ਦੀਆਂ ਨੀਤੀਆਂ ਹੀ ਜ਼ਿੰਮੇਵਾਰ ਸਨ ਪਰ ਹੁਣ ਯੂਨੀਵਰਸਿਟੀ ਦੀ ਵਿੱਤੀ ਹਾਲਤ ਸੁਧਰ ਰਹੀ ਹੈ।

# ਜਲਵਾਯੂ ਤਬਦੀਲੀ ਨਾਲ ਹੁੰਦੇ ਨੁਕਸਾਨ ਦੀ ਪੂਰਤੀ ਲਈ ਫੰਡ ਕਾਇਮ ਕਰਨ 'ਤੇ ਸਹਿਮਤੀ

**ਸ਼ਰਮ ਅਲ-ਸ਼ੇਖ:** ਮਿਸਰ ਵਿਚ ਸੰਯੁਕਤ ਰਾਸ਼ਟਰ ਜਲਵਾਯੂ ਸੰਮੇਲਨ (ਕੋਪ-27) ਦੌਰਾਨ ਜਲਵਾਯੂ ਤਬਦੀਲੀ ਦੇ ਮਾੜੇ ਅਸਰਾਂ ਨਾਲ ਨਜਿੱਠਣ ਲਈ ਫੰਡ ਸਥਾਪਿਤ ਕਰਨ ਬਾਰੇ ਇਕ ਸਮਝੌਤਾ ਸਿਰੇ ਚੜ੍ਹ ਗਿਆ ਹੈ। ਇਹ ਪਹਿਲੀ ਵਾਰ ਹੈ ਜਦ ਸੰਸਾਰ ਦੇ ਦੇਸ਼ਾਂ ਨੇ ਗਰੀਬ ਮੁਲਕਾਂ ਵਿਚ ਜਲਵਾਯੂ ਤਬਦੀਲੀ ਕਾਰਨ ਹੋ ਰਹੇ ਨੁਕਸਾਨ ਦੀ ਪੂਰਤੀ ਲਈ ਅਦਾਇਗੀ ਕਰਨ ਦਾ ਫੈਸਲਾ ਲਿਆ ਹੈ।

ਉਂਝ ਐਤਕੀਂ ਵੀ ਆਲਮੀ ਤਪਸ਼ ਦੇ ਮੁਢਲੇ ਕਾਰਨ ਜੈਵਿਕ ਈਂਧਨਾਂ ਦਾ ਹੱਲ ਲੱਭਣ ਬਾਰੇ ਗੱਲ ਕਿਸੇ ਸਿਰੇ ਨਹੀਂ ਲੱਗ ਸਕੀ ਹੈ। ਨਵਾਂ ਕਾਇਮ ਹੋਣ ਵਾਲਾ ਫੰਡ ਜਲਵਾਯੂ ਤਬਦੀਲੀ ਕਾਰਨ ਆਉਂਦੀਆਂ ਆਫਤਾਂ ਨਾਲ ਹੁੰਦੀ ਤਬਾਹੀ ਕਾਰਨ ਹੁੰਦੇ ਨੁਕਸਾਨ ਤੇ ਹਾਨੀ ਦੀ ਪੂਰਤੀ ਲਈ ਕਾਇਮ ਕੀਤਾ ਜਾਵੇਗਾ। ਗਰੀਬ ਮੁਲਕਾਂ ਲਈ ਇਹ ਵੱਡੀ ਜਿੱਤ ਹੈ ਜੋ ਲੰਮੇ ਸਮੇਂ ਤੋਂ ਅਜਿਹੇ ਮੁਆਵਜ਼ੇ ਦੀ ਮੰਗ ਕਰ ਰਹੇ ਸਨ। ਜ਼ਿਕਰਯੋਗ ਹੈ ਕਿ ਜਲਵਾਯੂ ਤਬਦੀਲੀ ਕਾਰਨ ਵਿਕਾਸਸ਼ੀਲ ਸੰਸਾਰ ਨੂੰ ਹੜ੍ਹਾਂ, ਸੋਕਿਆਂ, ਭੁੱਖਮਰੀ ਤੇ ਗਰਮੀ ਦੀ ਮਾਰ ਪੈ ਰਹੀ ਹੈ। ਸੰਯੁਕਤ ਰਾਸ਼ਟਰ ਦੇ ਜਲਵਾਯੂ ਸੰਗਠਨ ਦੇ ਮੁਖੀ ਸਾਈਮਨ ਸਟੀਲ




ਨੇ ਕਿਹਾ, 'ਕੋਪ-27 ਦੌਰਾਨ ਹੋਏ ਸਮਝੌਤੇ ਸਾਡੀ ਸਾਰੀ ਦੁਨੀਆ ਲਈ ਜਿੱਤ ਵਾਂਗ ਹਨ।' ਭਾਰਤ ਸਣੇ ਕਈ ਹੋਰ ਮੁਲਕਾਂ ਨੇ ਇਸ ਸਮਝੌਤੇ ਨੂੰ ਇਤਿਹਾਸਕ ਕਰਾਰ ਦਿੰਦਿਆਂ ਕਿਹਾ ਕਿ ਦੁਨੀਆ ਨੇ ਇਸ ਲਈ ਲੰਮੀ ਉਡੀਕ ਕੀਤੀ ਹੈ।

ਕੋਪ-27 ਦੇ ਸਮਾਪਤੀ ਸਮਾਰੋਹ ਵਿਚ ਕੇਂਦਰੀ ਵਾਤਾਵਰਨ ਮੰਤਰੀ ਭੁਪੇਂਦਰ ਯਾਦਵ ਨੇ ਕਿਹਾ ਕਿ ਦੁਨੀਆ ਨੂੰ ਕਿਸਾਨਾਂ ਉਤੇ 'ਗ੍ਰੀਨਹਾਊਸ ਗੈਸਾਂ ਦੀ ਨਿਕਾਸੀ ਘਟਾਉਣ' ਦੀ ਜ਼ਿੰਮੇਵਾਰੀ ਦਾ ਬੋਝ ਨਹੀਂ ਪਾਉਣਾ ਚਾਹੀਦਾ। ਯਾਦਵ ਨੇ ਸੰਮੇਲਨ ਦੀ ਪ੍ਰਧਾਨਗੀ ਕਰਨ ਵਾਲੇ ਮਿਸਰ ਨੂੰ ਸੰਬੋਧਨ ਕਰਦਿਆਂ ਕਿਹਾ, 'ਆਮ ਸਹਿਮਤੀ ਬਣਾਉਣ ਲਈ ਤੁਹਾਡੇ ਅਣਥੱਕ ਯਤਨਾਂ ਲਈ ਅਸੀਂ ਤੁਹਾਨੂੰ ਵਧਾਈ ਦਿੰਦੇ ਹਾਂ।' ਭਾਰਤ ਨੇ ਕੋਪ-27 ਵਿਚ ਖੇਤੀ ਵਿਰੋਧੀ ਕਦਮਾਂ ਲਈ ਵਿਕਸਿਤ ਦੇਸ਼ਾਂ ਦਾ ਵਿਰੋਧ ਕਰਦਿਆਂ ਕਿਹਾ ਸੀ ਕਿ ਅਮੀਰ ਦੇਸ਼ ਆਪਣੀ ਜੀਵਨਸ਼ੈਲੀ ਵਿਚ ਬਦਲਾਅ ਕਰ ਕੇ ਨਿਕਾਸੀ ਨਹੀਂ ਘਟਾਉਣਾ ਚਾਹੁੰਦੇ ਤੇ ਉਹ 'ਵਿਦੇਸ਼ ਵਿਚ ਸਸਤੇ ਹੱਲ ਖੋਜ ਰਹੇ ਹਨ।' ਜ਼ਿਕਰਯੋਗ ਹੈ ਕਿ ਭਾਰਤ ਦੀ ਜੀ.ਡੀ.ਪੀ. ਵਿਚ ਖੇਤੀ ਦਾ ਲਗਭਗ 17 ਪ੍ਰਤੀਸ਼ਤ ਹਿੱਸਾ ਹੈ ਤੇ ਇਹ ਕਰੀਬ 57 ਪ੍ਰਤੀਸ਼ਤ ਆਬਾਦੀ ਲਈ ਆਮਦਨੀ ਦਾ ਮੁੱਢਲਾ ਸਰੋਤ ਹੈ। ਯਾਦਵ ਨੇ ਸ਼ਰਮ ਅਲ-ਸ਼ੇਖ ਵਿਚ ਕੀਤੇ ਗਏ ਸਮਝੌਤੇ ਸਬੰਧੀ ਮੁੱਖ ਫੈਸਲੇ ਵਿਚ, 'ਜਲਵਾਯੂ ਤਬਦੀਲੀ ਨਾਲ ਨਜਿੱਠਣ ਦੇ ਯਤਨਾਂ ਜਰੀਏ ਬਦਲਾਅ ਤਹਿਤ ਟਿਕਾਊ ਜੀਵਨ ਸ਼ੈਲੀ ਤੇ ਖਪਤ ਅਤੇ ਉਤਪਾਦਨ ਦੀ ਹੰਢਣਸਾਰ ਪ੍ਰਣਾਲੀ ਨੂੰ ਅਪਣਾਉਣ' ਨੂੰ ਸ਼ਾਮਲ ਕਰਨ ਦਾ ਸਵਾਗਤ ਕੀਤਾ।

## ਉਤਰੀ ਕੋਰੀਆ ਵੱਲੋਂ ਯੂ.ਐਨ. ਜਨਰਲ ਸਕੱਤਰ ਅਮਰੀਕਾ ਦੀ ਕਠਪੁਤਲੀ ਕਰਾਰ

**ਸਿਓਲ:** ਉੱਤਰੀ ਕੋਰੀਆ ਦੀ ਵਿਦੇਸ਼ ਮੰਤਰੀ ਚੋਏ ਸੋਨ ਹੁਈ ਨੇ ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਅੰਤੋਨੀਓ ਗੁਟੇਰੇਜ ਨੂੰ 'ਅਮਰੀਕਾ ਦੀ ਕਠਪੁਤਲੀ' ਕਰਾਰ ਦਿੱਤਾ ਹੈ। ਉਨ੍ਹਾਂ ਨੇ ਉੱਤਰੀ ਕੋਰੀਆ ਵੱਲੋਂ ਹਾਲ ਹੀ ਕੀਤੇ ਅੰਤਰ-ਮਹਾਂਦੀਪੀ ਬੈਲਿਸਟਿਕ ਮਿਜ਼ਾਈਲ ਪ੍ਰੀਖਣ ਖਿਲਾਫ ਅਮਰੀਕਾ ਦੀ ਅਗਵਾਈ ਵਾਲੇ ਨਿੰਦਾ ਮਤੇ ਵਿਚ ਸ਼ਾਮਲ ਹੋਣ ਲਈ ਸੰਯੁਕਤ ਰਾਸ਼ਟਰ ਮੁਖੀ ਦੀ ਨਿਖੇਧੀ ਕੀਤੀ। ਦੱਸਣਯੋਗ ਹੈ ਕਿ ਸੰਯੁਕਤ ਰਾਸ਼ਟਰ ਦੇ ਸਕੱਤਰ-ਜਨਰਲ ਅੰਤੋਨੀਓ ਗੁਟੇਰੇਜ ਨੇ ਉਤਰੀ ਕੋਰੀਆ ਦੇ ਆਈ.ਸੀ.ਬੀ.ਐਮ. ਲਾਂਚ ਦੀ ਸਖਤ ਨਿੰਦਾ ਕਰਦਿਆਂ ਇਕ ਬਿਆਨ ਜਾਰੀ ਕੀਤਾ ਅਤੇ ਉੱਤਰ ਕੋਰੀਆ ਨੂੰ "ਕਿਸੇ ਵੀ ਹੋਰ ਭੜਕਾਊ ਕਾਰਵਾਈ ਤੋਂ ਤੁਰੰਤ ਬਚਣ" ਲਈ ਆਪਣੀ ਅਪੀਲ ਨੂੰ ਦੁਹਰਾਇਆ ਸੀ।

# ਗੁਰਭਜਨ ਗਿੱਲ ਨੂੰ 'ਨੰਦ ਲਾਲ ਨੂਰਪੁਰੀ ਐਵਾਰਡ' ਲਈ ਚੁਣੇ ਜਾਣ 'ਤੇ ਮੁਬਾਰਕਬਾਦ

**ਸਰੀ:** ਲੋਕ ਮੰਚ ਪੰਜਾਬ ਵੱਲੋਂ ਪੰਜਾਬੀ ਸ਼ਾਇਰ, ਗੀਤਕਾਰ ਗੁਰਭਜਨ ਗਿੱਲ ਨੂੰ ਨੰਦ ਲਾਲ ਨੂਰਪੁਰੀ ਐਵਾਰਡ ਦੇਣ ਦੇ ਫੈਸਲੇ ਦਾ ਸਵਾਗਤ ਕਰਦਿਆਂ ਗਰੇਟਰ ਵੈਨਕੂਵਰ ਦੇ ਲੇਖਕਾਂ ਨੇ ਸ. ਗਿੱਲ ਨੂੰ ਵਧਾਈ ਦਿੱਤੀ ਅਤੇ ਲੋਕ ਮੰਚ ਪੰਜਾਬ ਦੀ ਪ੍ਰਬੰਧਕੀ ਕਮੇਟੀ ਦਾ ਧੰਨਵਾਦ ਕੀਤਾ ਹੈ।



ਵੈਨਕੂਵਰ ਵਿਚਾਰ ਮੰਚ ਦੇ ਲੇਖਕਾਂ ਨੇ ਇਕ ਸੰਖੇਪ ਮੀਟਿੰਗ ਕਰ ਕੇ ਇਸ ਐਲਾਨ 'ਤੇ ਖੁਸ਼ੀ ਪ੍ਰਗਟ ਕਰਦਿਆਂ ਗੁਰਭਜਨ ਗਿੱਲ ਨੂੰ ਮੁਬਾਰਕਬਾਦ ਦਿੱਤੀ ਅਤੇ ਕਿਹਾ ਕਿ ਇਸ ਨਾਲ ਜਿੱਥੇ ਪੰਜਾਬੀ ਸੱਭਿਆਚਾਰਕ ਗੀਤਕਾਰੀ ਦਾ ਮਾਣ ਸਤਿਕਾਰ ਵਧਿਆ ਹੈ ਉੱਥੇ ਹੀ ਸੱਭਿਅਕ ਅਤੇ ਉਸਾਰੂ ਗੀਤਕਾਰਾਂ ਲਈ ਇਹ ਇਕ ਬੇਹੱਦ ਉਤਸ਼ਾਹਜਨਕ ਕਦਮ ਹੋਵੇਗਾ। ਮੰਚ ਦੇ ਬੁਲਾਰੇ ਅਤੇ ਪ੍ਰਸਿੱਧ ਸ਼ਾਇਰ ਮੋਹਨ ਗਿੱਲ ਨੇ ਕਿਹਾ ਕਿ ਗੁਰਭਜਨ ਗਿੱਲ ਇਕ ਸਮਰੱਥ ਸ਼ਾਇਰ ਅਤੇ ਮੰਨੇ ਹੋਏ ਗੀਤਕਾਰ ਹਨ। ਉਨ੍ਹਾਂ ਦੇ ਗੀਤਾਂ ਦੀਆਂ ਦੋ ਪੁਸਤਕਾਂ 'ਫੁੱਲਾਂ ਦੀ ਝਾਂਜਰ' ਅਤੇ 'ਪਿੱਪਲ ਪੱਤੀਆਂ' ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਉਨ੍ਹਾਂ ਦੇ ਬਹੁਤ ਸਾਰੇ ਗੀਤ ਪੰਜਾਬੀ ਦੇ ਨਾਮੀ ਕਲਾਕਾਰਾਂ ਦੀ ਆਵਾਜ਼ ਵਿਚ ਰਿਕਾਰਡ ਹੋ ਚੁੱਕੇ ਹਨ। ਵਿਸ਼ੇਸ਼ ਤੌਰ 'ਤੇ ਉਨ੍ਹਾਂ ਦਾ ਗੀਤ 'ਲੋਰੀ' ਏਨਾ ਹਰਮਨ ਪਿਆਰਾ ਹੋਇਆ ਹੈ ਕਿ ਬਹੁਤ ਸਾਰੇ ਪੰਜਾਬੀ ਗਾਇਕ ਇਸ ਨੂੰ ਗਾ ਕੇ ਮਾਣਮੱਤਾ ਮਹਿਸੂਸ ਕਰ ਰਹੇ ਹਨ। ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ, ਹਰਦਮ ਸਿੰਘ ਮਾਨ, ਜਰਨੈਲ ਸਿੰਘ ਆਰਟਿਸਟ, ਚਮਕੌਰ ਸਿੰਘ ਸੇਖੋਂ, ਨਵਦੀਪ ਗਿੱਲ, ਅੰਗਰੇਜ਼ ਬਰਾੜ, ਪਰਮਜੀਤ ਸਿੰਘ ਸੇਖੋਂ, ਜਸਕਰਨ ਸਿੰਘ ਅਤੇ ਨਵਰੂਪ ਸਿੰਘ ਨੇ ਇਸ ਐਲਾਨ ਨੂੰ ਉਸਾਰੂ ਪੰਜਾਬੀ ਗੀਤਕਾਰਾਂ ਲਈ ਸ਼ੁੱਭ ਸ਼ਗਨ ਦੱਸਦਿਆਂ ਗੁਰਭਜਨ ਗਿੱਲ ਨੂੰ ਵਧਾਈ ਦਿੱਤੀ ਅਤੇ ਲੋਕ ਮੰਚ ਪੰਜਾਬ ਦਾ ਧੰਨਵਾਦ ਕੀਤਾ।

ਇਕ ਵੱਖਰੇ ਬਿਆਨ ਰਾਹੀਂ ਵਿਰਾਸਤ ਫਾਊਂਡੇਸ਼ਨ ਦੇ ਭੁਪਿੰਦਰ ਸਿੰਘ ਮੱਲ੍ਹੀ ਅਤੇ ਸਮੁੱਚੀ ਟੀਮ ਵੱਲੋਂ ਗੁਰਭਜਨ ਗਿੱਲ ਨੂੰ ਪੰਜਾਬੀ ਸਾਹਿਤ ਤੇ ਸੱਭਿਆਚਾਰ ਦੀ ਸੁਚੇਤ ਅੱਖ, ਪ੍ਰਤਿਭਾਮਾਨ ਤੇ ਰੂਹਦਾਰ ਸ਼ਖ਼ਸੀਅਤ ਦਸਦਿਆਂ ਨੰਦ ਲਾਲ ਨੂਰਪੁਰੀ ਪੁਰਸਕਾਰ ਦੀ ਚੋਣ ਕਰਨ ਲਈ ਲੋਕ ਮੰਚ ਪੰਜਾਬ ਦਾ ਧੰਨਵਾਦ ਕੀਤਾ ਅਤੇ ਸ. ਗਿੱਲ ਨੂੰ ਮੁਬਾਰਕਬਾਦ ਦਿੱਤੀ। ਆਪਣੀਆਂ ਸ਼ੁੱਭ ਕਾਮਨਾਵਾਂ ਪੇਸ਼ ਕਰਦਿਆਂ ਵਿਰਾਸਤ ਫਾਊਂਡੇਸ਼ਨ ਦੇ ਆਗੂਆਂ ਨੇ ਇਸ ਗੱਲੋਂ ਵੀ ਖੁਸ਼ੀ ਜ਼ਾਹਰ ਕੀਤੀ ਹੈ ਕਿ ਗੁਰਭਜਨ ਗਿੱਲ ਨੇ ਪੁਰਸਕਾਰ ਨੂੰ ਇਸ ਵਾਅਦੇ ਨਾਲ ਸਵੀਕਾਰ ਕੀਤਾ ਕਿ ਉਹ ਇਸ ਪੁਰਸਕਾਰ ਦੀ ਲਾਜ ਰੱਖਣ ਲਈ ਪੂਰੀ ਕੋਸ਼ਿਸ਼ ਕਰਨਗੇ।


ਸਾਊਥ ਏਸ਼ੀਅਨ ਰੀਵਿਊ, ਜੀਵੇ ਪੰਜਾਬ ਅਦਬੀ ਸੰਗਤ ਅਤੇ ਰਣਧੀਰ ਢਿੱਲੋਂ ਵੱਲੋਂ ਵੀ ਗੁਰਭਜਨ ਗਿੱਲ ਨੂੰ ਵਧਾਈ ਦਿੱਤੀ ਗਈ ਹੈ।

# ਬਲਵਿੰਦਰ ਸਿੰਘ ਗਰੇਵਾਲ ਦੀ ਪੁਸਤਕ 'ਡਬੋਲੀਆ' ਨੂੰ ਮਿਲਿਆ 'ਢਾਹਾਂ ਐਵਾਰਡ'

### ਅਰਵਿੰਦਰ ਕੌਰ ਧਾਲੀਵਾਲ ਅਤੇ ਜਾਵੇਦ ਬੂਟਾ ਦੀਆਂ ਕਿਤਾਬਾਂ ਨੂੰ 10-10 ਹਜ਼ਾਰ ਡਾਲਰ ਦਾ ਇਨਾਮ

**ਸਰੀ:** ਬਲਵਿੰਦਰ ਸਿੰਘ ਗਰੇਵਾਲ ਦੇ ਕਹਾਣੀ ਸੰਗ੍ਰਹਿ 'ਡਬੋਲੀਆ' ਨੂੰ ਇਸ ਸਾਲ ਦਾ 25,000 ਡਾਲਰ ਦੀ ਰਾਸ਼ੀ ਵਾਲਾ 'ਢਾਹਾਂ ਐਵਾਰਡ' ਹਾਸਲ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਇਹ ਐਲਾਨ ਬੀਤੇ ਦਿਨੀਂ ਸਰੀ ਵਿਖੇ ਇਕ ਸਮਾਗਮ ਦੌਰਾਨ ਕੀਤਾ ਗਿਆ। ਅਰਵਿੰਦਰ ਕੌਰ ਧਾਲੀਵਾਲ ਦੇ ਕਹਾਣੀ ਸੰਗ੍ਰਹਿ 'ਝਾਂਜਰ ਵਾਲੇ ਪੈਰ' ਅਤੇ ਜਾਵੇਦ ਬੂਟਾ ਦੇ 'ਚੌਲਾਂ ਦੀ ਬੁਰਕੀ' ਨੂੰ 10-10 ਹਜ਼ਾਰ ਡਾਲਰ ਦੇ ਇਨਾਮ ਲਈ ਚੁਣਿਆ ਗਿਆ। ਜ਼ਿਕਰਯੋਗ ਹੈ ਕਿ ਬਲਵਿੰਦਰ ਸਿੰਘ ਗਰੇਵਾਲ ਅਤੇ ਅਰਵਿੰਦਰ ਕੌਰ ਧਾਲੀਵਾਲ ਭਾਰਤ ਦੇ ਵਸਨੀਕ ਹਨ ਅਤੇ ਜਾਵੇਦ ਬੂਟਾ ਅਮਰੀਕਾ ਦਾ ਸ਼ਹਿਰੀ ਹੈ। ਇਸ ਐਵਾਰਡ ਲਈ ਪਹਿਲੇ ਅਤੇ ਦੂਜੇ ਇਨਾਮ ਲਈ ਪੁਸਤਕਾਂ ਦੀ ਚੋਣ ਤਿੰਨ ਮੈਂਬਰੀ ਫਾਈਨਲ ਜਿਊਰੀ ਨੇ ਕੀਤੀ। ਇਸ ਜਿਊਰੀ ਵਿਚ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ (ਕੈਨੇਡਾ), ਪ੍ਰੋ. ਜਸਪਾਲ ਘਈ (ਭਾਰਤ) ਅਤੇ ਜਨਾਬ ਮੁਨੀਰ ਗੁੱਜਰ (ਪਾਕਿਸਤਾਨ) ਸ਼ਾਮਲ ਸਨ।

ਕੈਨੇਡਾ-ਇੰਡੀਆ ਐਜੂਕੇਸ਼ਨ ਸੋਸਾਇਟੀ ਦੇ ਸੰਸਥਾਪਕ ਪ੍ਰਧਾਨ ਬਰਜ ਢਾਹਾਂ ਨੇ ਦੱਸਿਆ ਕਿ ਇਸ ਇਨਾਮ ਦੀ ਸਥਾਪਨਾ ਤਕਰੀਬਨ ਇਕ ਦਹਾਕਾ ਪਹਿਲਾਂ ਪੰਜਾਬੀ ਸਾਹਿਤ ਨੂੰ ਉਤਸ਼ਾਹਿਤ ਕਰਨ ਅਤੇ ਦੋਹਾਂ ਪੰਜਾਬੀ ਲਿਪੀਆਂ (ਗੁਰਮੁਖੀ ਅਤੇ ਸ਼ਾਹਮੁਖੀ) ਵਿਚ ਵਾਰਤਕ ਦੇ ਲੇਖਕਾਂ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਕੀਤੀ ਸੀ। ਇਸ ਵਿਚ ਤਿੰਨ ਲੇਖਕਾਂ ਨੂੰ ਕੁੱਲ 45,000 ਡਾਲਰ ਦੀ ਰਾਸ਼ੀ ਇਨਾਮ ਵਜੋਂ ਦਿੱਤੀ ਜਾਂਦੀ ਹੈ। ਇਸ ਸਾਲ ਇਸ ਐਵਾਰਡ ਲਈ ਉਨ੍ਹਾਂ ਨੂੰ



ਭਾਰਤ, ਪਾਕਿਸਤਾਨ, ਯੂ.ਕੇ., ਯੂ.ਐੱਸ.ਏ. ਅਤੇ ਆਸਟ੍ਰੇਲੀਆ ਤੋਂ ਵੱਡੀ ਗਿਣਤੀ ਵਿਚ ਲੇਖਕਾਂ ਦੀਆਂ ਪੁਸਤਕਾਂ ਪ੍ਰਾਪਤ ਹੋਈਆਂ ਸਨ।

## ਫਲੋਰਿਡਾ ਦੇ ਤੱਟ ਨੇੜੇ ਕਿਸ਼ਤੀ ਡੁੱਬਣ ਕਾਰਨ 5 ਪ੍ਰਵਾਸੀਆਂ ਦੀ ਮੌਤ

**ਫਲੋਰਿਡਾ:** ਇੱਥੇ ਤੱਟ ਤੋਂ ਤਕਰੀਬਨ 50 ਮੀਲ ਦੂਰ ਲਿਟਲ ਟਾਰਚ ਕੀਅ ਨੇੜੇ ਇਕ ਕਿਸ਼ਤੀ ਦੇ ਡੁੱਬਣ ਨਾਲ 5 ਪ੍ਰਵਾਸੀਆਂ ਦੀ ਮੌਤ ਹੋ ਗਈ। ਇਹ ਜਾਣਕਾਰੀ ਯੂ ਐਸ ਕੋਸਟ ਗਾਰਡ ਨੇ ਦਿੱਤੀ ਹੈ। ਇਹ ਲੋਕ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ 'ਚ ਦਾਖਲ ਹੋਣ ਦੀ ਕੋਸ਼ਿਸ਼ ਵਿਚ ਸਨ। ਕੋਸਟ ਗਾਰਡ ਅਨੁਸਾਰ ਘੱਟੋ ਘੱਟ 14 ਵਿਅਕਤੀ ਕਿਸ਼ਤੀ ਵਿਚ ਸਵਾਰ ਸਨ, ਜਿਨ੍ਹਾਂ ਵਿਚੋਂ 9 ਨੂੰ ਬਚਾ ਲਿਆ ਗਿਆ। ਇਕ ਲਾਸ਼ ਬਰਾਮਦ ਕਰ ਲਈ ਗਈ ਹੈ ਤੇ ਬਾਕੀ 4 ਪ੍ਰਵਾਸੀ ਜਿਨ੍ਹਾਂ ਬਾਰੇ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਉਹ ਡੁੱਬ ਗਏ ਹਨ, ਦੀਆਂ ਲਾਸ਼ਾਂ ਲੱਭਣ ਦੇ ਯਤਨ ਕੀਤੇ ਜਾ ਰਹੇ ਹਨ।

# ਈ-ਦੀਵਾਨ ਸੁਸਾਇਟੀ ਵਲੋਂ ਗੁਰਪੁਰਬ ਨੂੰ ਸਮਰਪਿਤ ਕੌਮਾਂਤਰੀ ਕਵੀ ਦਰਬਾਰ ਕਰਾਏ ਗਏ

**ਕੈਲਗਰੀ:** ਈ-ਦੀਵਾਨ ਸੋਸਾਇਟੀ ਕੈਲਗਰੀ ਵਲੋਂ, 12 ਤੇ 13 ਨਵੰਬਰ ਨੂੰ ਆਪਣੇ ਹਫਤਾਵਾਰ ਸਮਾਗਮਾਂ ਵਿਚ, ਸ੍ਰੀ ਗੁਰੂ ਨਾਨਕ ਦੇਵ ਜੀ ਦੇ 553ਵੇਂ ਆਗਮਨ ਪੁਰਬ ਨੂੰ ਸਮਰਪਿਤ, ਆਨਲਾਈਨ ਕੌਮਾਂਤਰੀ ਕਵੀ ਦਰਬਾਰ ਕਰਾਏ ਗਏ, ਜਿਨ੍ਹਾਂ ਵਿਚ ਦੇਸ਼ ਵਿਦੇਸ਼ ਤੋਂ ਮਹਾਨ ਪੰਥਕ ਕਵੀ/ ਕਵਿੱਤਰੀਆਂ ਨੇ ਸ਼ਿਰਕਤ ਕੀਤੀ। ਕੋਵਿਡ ਦੌਰਾਨ ਸ਼ੁਰੂ ਹੋਈ ਇਹ ਸੰਸਥਾ, ਖਾਸ ਦਿਹਾੜਿਆਂ 'ਤੇ ਕਵੀ ਦਰਬਾਰ ਕਰਾ ਕੇ, ਦਸਮੇਸ਼ ਪਿਤਾ ਦੀ ਚਲਾਈ ਹੋਈ ਇਸ ਪਰੰਪਰਾ ਨੂੰ ਅੱਗੇ ਤੋਰਨ ਵਿਚ ਵਿਸ਼ੇਸ਼ ਯੋਗਦਾਨ ਪਾ ਰਹੀ ਹੈ।

ਸਮਾਗਮ ਦੇ ਪਹਿਲੇ ਦਿਨ ਸੰਸਥਾ ਦੇ ਸੰਸਥਾਪਕ ਤੇ ਸੰਚਾਲਕ ਜਗਬੀਰ ਸਿੰਘ ਅਤੇ ਗੁਰਦੀਸ਼ ਕੌਰ ਗਰੇਵਾਲ ਨੇ ਮੰਚ ਸੰਚਾਲਨ ਕੀਤਾ। ਜਗਬੀਰ ਸਿੰਘ ਨੇ ਨਵੀਂ ਸੰਗਤ ਨੂੰ ਸਭਾ ਦੀ ਕਾਰਗੁਜ਼ਾਰੀ ਬਾਰੇ ਜਾਣਕਾਰੀ ਦਿੱਤੀ ਅਤੇ ਕਵੀ ਸਾਹਿਬਾਨ ਨੂੰ 'ਜੀ ਆਇਆਂ' ਕਿਹਾ। ਗੁਰਦੀਸ਼ ਕੌਰ ਗਰੇਵਾਲ ਨੇ ਦੇਸ਼ ਵਿਦੇਸ਼ ਤੋਂ ਪਹੁੰਚੇ ਕਵੀ ਸਾਹਿਬਾਨ ਦੀ ਜਾਣ ਪਛਾਣ ਕਰਾਉਂਦਿਆਂ, ਸਭ ਨੂੰ ਸੱਦਾ ਦਿੱਤਾ।

12 ਨਵੰਬਰ ਦੇ ਕਵੀ ਦਰਬਾਰ ਦੀ ਸ਼ੁਰੂਆਤ ਵਿਚ ਲੁਧਿਆਣਾ ਤੋਂ ਪਹੁੰਚੇ ਨਾਮਵਰ ਗੀਤਕਾਰ ਤੇ ਗਾਇਕ, ਕਰਮਜੀਤ ਸਿੰਘ ਗਰੇਵਾਲ ਨੇ ਬਾਬੇ ਨਾਨਕ ਦੇ ਫਲਸਫੇ ਨੂੰ ਦਰਸਾਉਂਦਾ ਆਪਣਾ ਗੀਤ ਗਾ ਕੇ ਰੰਗ ਬੰਨ੍ਹ ਦਿੱਤਾ। ਗੁਰਦਾਸਪੁਰ ਦੀ ਨੌਜਵਾਨ ਅਧਿਆਪਕ ਸ਼ਾਇਰਾ ਹਰਮੀਤ ਕੌਰ ਮੀਤ ਅਤੇ ਲੁਧਿਆਣਾ ਦੇ ਨਾਮਵਰ ਸ਼ਾਇਰ ਅਮਰਜੀਤ ਸਿੰਘ ਸ਼ੇਰਪੁਰੀ ਨੇ ਗੁਰੂ ਨਾਨਕ ਪਾਤਸ਼ਾਹ ਦੀ ਮਹਿਮਾ 'ਚ ਲਿਖੇ ਆਪੋ ਆਪਣੇ ਗੀਤ ਸੁਣਾ ਕੇ ਮਾਹੌਲ ਸੁਰਮਈ ਬਣਾਈ ਰੱਖਿਆ। ਜਲੰਧਰ ਤੋਂ ਪੰਥਕ ਸ਼ਾਇਰ ਤੇ ਪ੍ਰਚਾਰਕ ਦਲਬੀਰ ਸਿੰਘ ਰਿਆੜ ਨੇ ਆਪਣੀ ਬੈਂਤ ਛੰਦ 'ਚ ਲਿਖੀ ਕਵਿਤਾ ਸਾਂਝੀ ਕੀਤੀ। ਇੰਗਲੈਂਡ ਤੋਂ ਸ਼ਾਇਰਾ ਮਨਜੀਤ ਕੌਰ ਪੱਡਾ ਨੇ ਅਜੋਕੇ ਹਾਲਾਤ ਨੂੰ ਦਰਸਾਉਂਦੀਆਂ ਆਪਣੀਆਂ ਦੋ ਭਾਵਪੂਰਤ ਛੋਟੀਆਂ ਰਚਨਾਵਾਂ ਨਾਲ ਸਾਂਝ ਪਾਈ। ਦੁਨੀਆਂ ਦੀ ਪਹਿਲੀ ਔਰਤ ਹੈੱਡ ਗ੍ਰੰਥੀ, ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਨੇ ਆਪਣੀਆਂ ਰੁਬਾਈਆਂ ਗਾਉਣ ਉਪਰੰਤ, ਬਾਬੇ ਨਾਨਕ ਦੇ ਜਨਮ ਸਮੇਂ ਦਾ ਦ੍ਰਿਸ਼ ਵਰਣਨ ਕਰਦੀ ਹੋਈ ਕਵਿਤਾ ਸੁਣਾ ਕੇ, ਖੂਬ ਦਾਦ ਖੱਟੀ। ਟੋਰਾਂਟੋ ਤੋਂ ਪਰਮੀਤ ਸਿੰਘ ਨੇ ਆਪਣੀਆਂ ਬੇਟੀਆਂ ਨਾਲ, ਗੁਰਦੀਸ਼ ਕੌਰ ਦਾ ਲਿਖਿਆ ਗੀਤ 'ਛੇੜ ਮਰਦਾਨਿਆਂ ਰਬਾਬ..' ਗਾ ਕੇ ਮਾਹੌਲ ਸੰਗੀਤਮਈ ਬਣਾ ਦਿੱਤਾ। ਟੋਰਾਂਟੋ ਤੋਂ ਨਾਮਵਰ ਸ਼ਾਇਰਾ ਸੁੰਦਰਪਾਲ ਕੌਰ ਰਾਜਾਸਾਂਸੀ ਨੇ ਆਪਣੀ ਕਬਿੱਤ ਛੰਦ 'ਚ ਲਿਖੀ ਕਵਿਤਾ ਨੂੰ ਤਰੰਨੁਮ ਵਿਚ ਸੁਣਾ ਕੇ ਜੈਕਾਰੇ ਖੱਟੇ। ਲਾਹੌਰ ਤੋਂ ਡਾ. ਕਲਿਆਣ ਸਿੰਘ ਕਲਿਆਣ ਅਤੇ ਸਾਊਥ ਕੋਰੀਆ ਤੋਂ ਅਮਨਬੀਰ ਸਿੰਘ ਧਾਮੀ ਕਿਸੇ ਖਾਸ ਵਜ੍ਹਾ ਕਾਰਨ ਹਾਜ਼ਰ ਨਹੀਂ ਹੋ ਸਕੇ। ਅੰਤ ਵਿਚ ਹੋਸਟ ਗੁਰਦੀਸ਼ ਕੌਰ ਨੇ ਵੀ, ਕਬਿੱਤ ਛੰਦ 'ਚ ਲਿਖੀ ਆਪਣੀ ਕਵਿਤਾ- 'ਸਤਿਗੁਰ ਨਾਨਕ ਪ੍ਰਗਟਿਆ' ਸੰਗਤ ਨਾਲ ਸਾਂਝੀ ਕੀਤੀ।




13 ਨਵੰਬਰ ਦੇ ਕਵੀ ਦਰਬਾਰ ਵਿਚ 16 ਕਵੀਆਂ ਨੇ ਭਾਗ ਲਿਆ। ਇਸ ਵਿਚ ਮੰਚ ਸੰਚਾਲਨ ਦੀ ਸੇਵਾ ਗੁਰਦੀਸ਼ ਕੌਰ, ਕਰਮਜੀਤ ਸਿੰਘ ਨੂਰ ਤੇ ਜਗਬੀਰ ਸਿੰਘ ਨੇ ਨਿਭਾਈ। ਪ੍ਰੋਗਰਾਮ ਦੀ ਆਰੰਭਤਾ, ਟੋਰਾਂਟੋ ਤੋਂ ਅਮਿਤੋਜ਼ ਕੌਰ ਤੇ ਅਨੁਰੀਤ ਕੌਰ ਨੇ ਸ਼ਬਦ ਗਾਇਨ ਨਾਲ ਕੀਤੀ। ਉਪਰੰਤ ਇੰਡੀਆ, ਟੋਰਾਂਟੋ, ਕੈਲਗਰੀ ਤੇ ਐਡਮਿੰਟਨ ਤੋਂ ਆਏ ਕਵੀ ਕਵਿੱਤਰੀਆਂ ਨੇ ਗੁਰੂ ਨਾਨਕ ਪਾਤਸ਼ਾਹ ਦੇ ਜੀਵਨ ਅਤੇ ਸਿੱਖਿਆਵਾਂ ਨੂੰ ਦਰਸਾਉਂਦੀਆਂ, ਆਪਣੀਆਂ ਕਵਿਤਾਵਾਂ ਤੇ ਗੀਤਾਂ ਰਾਹੀਂ, ਇਸ ਕਵੀ ਦਰਬਾਰ ਦੀ ਸ਼ੋਭਾ ਵਧਾਈ। ਇਨ੍ਹਾਂ ਵਿਚ ਨਾਮਵਰ ਪੰਥਕ ਸ਼ਾਇਰ ਇੰਜ. ਕਰਮਜੀਤ ਸਿੰਘ ਨੂਰ ਜਲੰਧਰ, ਕੁਲਵੰਤ ਸਿੰਘ ਰਫੀਕ ਤੇ ਗੁਰਸ਼ਰਨ ਸਿੰਘ ਪਰਵਾਨਾ ਸ਼ਾਹਬਾਦ ਮਾਰਕੰਡਾ, ਪਰਮਜੀਤ ਕੌਰ ਮਹਿਕ ਲੁਧਿਆਣਾ, ਸਰਬਜੀਤ ਕੌਰ ਸਰਬ ਉਤਰਾਖੰਡ, ਬ੍ਰਿਜਮਿੰਦਰ ਕੌਰ ਜੈਪੁਰ, ਸੁਜਾਨ ਸਿੰਘ ਸੁਜਾਨ ਟੋਰਾਂਟੋ, ਡਾ. ਬਲਦੇਵ ਸਿੰਘ ਐਡਮਿੰਟਨ, ਜਸਵੀਰ ਕੌਰ ਗਿੱਲ ਕੈਲਗਰੀ ਅਤੇ ਨਵੀਂ ਪੀੜ੍ਹੀ ਦੀ ਤਰਜ਼ਮਾਨੀ ਕਰਦੀਆਂ ਹੋਈਆਂ ਬੱਚੀਆਂ, ਟੋਰਾਂਟੋ ਤੋਂ- ਅਮਿਤੋਜ਼ ਕੌਰ, ਅਨੁਰੀਤ ਕੌਰ, ਪਰਨੀਤ ਕੌਰ, ਸਿਮਰਲੀਨ ਕੌਰ, ਗੁਰਨੂਰ ਕੌਰ ਅਤੇ ਕੈਲਗਰੀ ਤੋਂ ਬਿਸਾਜਨੂਰ ਕੌਰ, ਮਨਰੀਤ ਕੌਰ ਨੇ ਵੀ ਹਾਜ਼ਰੀ ਲਵਾਈ। ਡਾ. ਹਰੀ ਸਿੰਘ ਜਾਚਕ ਕਿਸੇ ਕਾਰਨ ਹਾਜ਼ਰ ਨਹੀਂ ਹੋ ਸਕੇ।

ਦੋਵੇਂ ਦਿਨ, ਸੰਗਤ ਨੇ ਜੈਕਾਰਿਆਂ ਰਾਹੀਂ ਇਸ ਕਵੀ ਦਰਬਾਰ ਨੂੰ ਭਰਪੂਰ ਹੁੰਗਾਰਾ ਦਿੱਤਾ। ਡਾ. ਬਲਰਾਜ ਸਿੰਘ ਅਤੇ ਜਗਬੀਰ ਸਿੰਘ ਨੇ ਕਵੀ ਸਾਹਿਬਾਨ ਦਾ ਧੰਨਵਾਦ ਕੀਤਾ ਅਤੇ ਇਸ ਸੰਸਥਾ ਵਲੋਂ ਸ਼ੁਰੂ ਕੀਤੇ ਆਨਲਾਈਨ ਮਹੀਨਾਵਾਰ ਮੈਗਜ਼ੀਨ 'ਸਾਂਝੀ ਵਿਰਾਸਤ' ਦੀ ਜਾਣਕਾਰੀ ਦਿੱਤੀ। ਆਨੰਦ ਸਾਹਿਬ ਦੇ ਪਾਠ ਅਤੇ ਅਰਦਾਸ ਨਾਲ ਸਮਾਗਮ ਦੀ ਸਮਾਪਤੀ ਹੋਈ। ਇਸ ਤਰ੍ਹਾਂ ਇਹ ਸਮਾਗਮ ਸਰੋਤਿਆਂ ਦੇ ਮਨਾਂ 'ਤੇ ਅਮਿੱਟ ਛਾਪ ਛੱਡਦੇ ਹੋਏ ਸੰਪੂਰਨ ਹੋਏ। ਵਧੇਰੇ ਜਾਣਕਾਰੀ ਲਈ ਡਾ. ਬਲਰਾਜ ਸਿੰਘ ਨਾਲ 403 978 2419 ਜਾਂ ਜਗਬੀਰ ਸਿੰਘ ਨਾਲ 587 718 8100 'ਤੇ ਸੰਪਰਕ ਕੀਤਾ ਜਾ ਸਕਦਾ ਹੈ।

*-ਰਿਪੋਰਟ: ਗੁਰਦੀਸ਼ ਕੌਰ ਗਰੇਵਾਲ*
*ਫੋਨ: 403 404 1450*

# ਡਾ. ਕ੍ਰਿਤਿਕਾ ਖੁੰਗਰ ਨੇ ਜਿੱਤਿਆ 'ਮਿਸਿਜ਼ ਇੰਡੀਆ' ਦਾ ਖ਼ਿਤਾਬ

### ਐਨਸੀਆਰ 'ਚ ਹੋਇਆ ਵਿਸ਼ਾਲ ਮਿਸ-ਮਿਸਿਜ਼ ਫੈਸ਼ਨਿਸਟਾ 2022 ਦਾ ਆਯੋਜਨ

**ਸਿਰਸਾ:** ਸਿਰਸਾ ਦੀ ਧੀ ਅਤੇ ਮਲੋਟ ਦੇ ਸਚਦੇਵਾ ਪਰਿਵਾਰ ਦੀ ਨੂੰਹ ਮਲੋਟ ਵਾਸੀ ਡਾ. ਕ੍ਰਿਤਿਕਾ ਖੁੰਗਰ ਨੇ ਐਨ.ਸੀ.ਆਰ. 'ਚ ਕਰਵਾਏ ਮਿਸ-ਮਿਸਿਜ਼ ਇੰਡੀਆ ਫੈਸ਼ਨਿਸ਼ਟਾ-2022 ਵਿਚ ਮਿਸਿਜ਼ ਇੰਡੀਆ ਦਾ ਖਿਤਾਬ ਜਿੱਤ ਕੇ ਮਾਪਿਆਂ ਅਤੇ ਸੂਬੇ ਦਾ ਨਾਂਅ ਰੌਸ਼ਨ ਕੀਤਾ ਹੈ। ਡਾ. ਕ੍ਰਿਤਿਕਾ ਖੁੰਗਰ ਦੀ ਇਸ ਸਫ਼ਲਤਾ 'ਤੇ ਪਤੀ ਇੰਜੀਨੀਅਰ ਰੁਪਿੰਦਰ ਸੱਚਦੇਵਾ ਅਤੇ ਸੱਸ ਨਰਿੰਦਰ ਕੌਰ ਨੇ ਵੀ ਉਸ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਉਹ ਉਸ ਦੀ ਕਾਮਯਾਬੀ 'ਤੇ ਮਾਣ ਮਹਿਸੂਸ ਕਰ ਰਹੇ ਹਨ।

ਮਿਸਿਜ਼ ਇੰਡੀਆ ਦਾ ਖ਼ਿਤਾਬ ਜਿੱਤਣ 'ਤੇ ਖੁਸ਼ੀ 'ਚ ਖੀਵੀ ਹੋਈ ਡਾ. ਕ੍ਰਿਤਿਕਾ ਖੁੰਗਰ ਨੇ ਆਖਿਆ, ਮੈਂ ਖੁਸ਼ ਹਾਂ ਅਤੇ ਮੇਰੇ ਸਹੁਰਾ ਸਵ. ਸ੍ਰੀ ਇੰਦਰਮੋਹਨ ਸੱਚਦੇਵਾ ਦਾ ਮੇਰੇ ਇਸ ਮੁਕਾਮ ਤੱਕ ਪਹੁੰਚਣ ਦਾ ਸੁਫਨਾ ਸੀ।' ਡਾ. ਖੁੰਗਰ ਨੇ ਕਿਹਾ ਕਿ ਉਹ ਵਿਸ਼ਵਾਸ ਨਹੀਂ ਕਰ ਸਕਦੇ ਸਨ ਕਿ ਇਕ ਆਮ ਸ਼ਖ਼ਸੀਅਤ ਦੀ ਔਰਤ ਵੀ ਇੰਨਾ ਵੱਡਾ ਖਿਤਾਬ ਜਿੱਤ ਸਕਦੀ ਹੈ। ਉਸ ਨੇ ਆਪਣੀ ਇਸ ਕਾਮਯਾਬੀ ਦਾ ਸਿਹਰਾ ਆਪਣੇ ਮਾਤਾ-ਪਿਤਾ ਅਤੇ ਸਹੁਰੇ ਪਰਿਵਾਰ ਨੂੰ ਦਿੱਤਾ, ਜਿਨ੍ਹਾਂ ਨੇ ਉਸ ਨੂੰ ਇਸ ਮੁਕਾਮ ਤੱਕ ਪਹੁੰਚਣ ਲਈ ਉਤਸ਼ਾਹਿਤ ਕੀਤਾ। ਇਸ ਮੌਕੇ ਏਜੀਐੱਸ ਦੇ ਨਿਰਦੇਸ਼ਕ ਅਮਿਤ ਗਰਗ ਅਤੇ ਗੰਦਰਭ ਸੰਗੀਤ ਕਾਲਜ ਦੇ ਸੈਕਟਰੀ ਕਰੁਣ ਗੋਇਲ ਨੇ ਦੱਸਿਆ ਕਿ ਮਿਸਿਜ਼ ਇੰਡੀਆ ਪ੍ਰੋਗਰਾਮ ਭਾਗੀਦਾਰਾਂ 'ਚ ਨਵੇਂ ਹੁਨਰ ਦਾ ਵਿਕਾਸ ਕਰਦਾ ਹੈ। ਇਸ ਤਰ੍ਹਾਂ ਦੇ ਮੁਕਾਬਲੇ ਔਰਤਾਂ ਦੀ ਛੁਪੀ ਪ੍ਰਤਿਭਾ ਨੂੰ ਨਵਾਂ ਮੰਚ ਪ੍ਰਦਾਨ ਕਰਦੇ ਹਨ। ਮਿਸ-ਮਿਸਿਜ਼ ਇੰਡੀਆ ਫੈਸ਼ਨਿਸ਼ਟਾ-2022 ਦੇ ਜਿਊਰੀ ਪੈਨਲ ਵਿਚ ਸ਼ਾਮਿਲ ਸੁਬਰਤੀ ਯੂਨੀਵਰਸਿਟੀ ਦੇ ਫਾਈਨ ਆਰਟਸ ਵਿਭਾਗ ਦੇ ਡੀਨ ਡਾ. ਪਿੰਟੂ ਮਿਸ਼ਰਾ, ਪ੍ਰਸਿੱਧ ਫੈਸ਼ਨ ਡਿਜ਼ਾਈਨਰ ਭਾਰਤੀ ਮਲਹੋਤਰਾ ਅਤੇ ਏਜੀਐਸ ਗਰੁੱਪ ਦੀ ਬ੍ਰਾਂਡ ਅੰਬੈਸਡਰ ਨਿਸ਼ਾ ਮੌਰਿਆ ਜੋ ਕਿ ਖੁਦ ਮਿਸ ਯੂਨੀਵਰਸ ਡਿਵਾਈਨ ਰਹਿ ਚੁੱਕੀ ਹੈ, ਨੇ ਸ਼ਿਰਕਤ ਕੀਤੀ। ਸੈਲੀਬ੍ਰਿਟੀ ਦੇ ਰੂਪ ਵਿਚ ਟੀਵੀ ਕਲਾਕਾਰ ਜੁਨੈਦ ਖਾਨ, ਨਿਧੀ ਬਖ਼ਸ਼ੀ ਅਤੇ ਸੁਪਰ ਮਾਡਲ ਰਿਸ਼ਾ ਹਾਈਸਨ ਨੇ ਸਾਰੇ ਮੁਕਾਬਲੇਬਾਜ਼ਾਂ ਦਾ ਹੌਸਲਾ ਵਧਾਇਆ। ਮਿਸ



ਇੰਡੀਆ ਐਨਸੀਆਰ ਦੀ ਤੂਬਾ ਸੈਫ ਬਣੀ ਅਤੇ ਮਿਸਿਜ਼ ਇੰਡੀਆ ਦਾ ਖ਼ਿਤਾਬ ਡਾ. ਕ੍ਰਿਤਿਕਾ ਖੁੰਗਰ ਦੇ ਸਿਰ ਸਜਿਆ।

'ਮਿਸ-ਮਿਸਿਜ਼ ਇੰਡੀਆ ਫੈਸ਼ਨਿਸ਼ਟਾ-2022' ਦੇ ਆਯੋਜਕ ਤ੍ਰਿਪਤੀ ਚੰਦਰਾ ਅਤੇ ਅਮਿਤ ਕੁਮਾਰ ਨੇ ਵੱਖ ਵੱਖ ਸੂਬਿਆਂ ਤੋਂ ਆਈਆਂ ਮਹਿਲਾਵਾਂ ਦਾ ਹੌਸਲਾ ਵਧਾਇਆ ਅਤੇ ਜਿੱਤ ਲਈ ਉਤਸ਼ਾਹਿਤ ਕੀਤਾ। ਸੈਲੀਬ੍ਰਿਟੀ ਮੇਕਅੱਪ ਆਰਟਿਸਟ ਸ਼ਾਲਿਨੀ ਬਿਊਟੀ ਹਾਊਸ ਦੀ ਪੂਰੀ ਟੀਮ ਨੇ ਸਾਰੇ ਮੁਕਾਬਲੇਬਾਜ਼ਾਂ ਦਾ ਮੇਕਅਪ ਕੀਤਾ। ਪ੍ਰਸਿੱਧ ਡਿਜ਼ਾਈਨਰ ਅਜਰਾ ਅੰਸਾਰੀ ਦੀਆਂ ਡਿਜ਼ਾਈਨ ਕੀਤੀਆਂ ਡਰੈੱਸਾਂ ਮੁਕਾਬਲੇਬਾਜ਼ਾਂ ਨੇ ਪਹਿਨੀਆਂ।

ਪੰਜਾਬ ਟਾਈਮਜ਼

*ਸਨਿਚਰਵਾਰ, 26 ਨਵੰਬਰ 2022*

## ਭਾਜਪਾ ਦੀ ਚੋਣ ਸਿਆਸਤ

ਜਿਉਂ-ਜਿਉਂ 2024 ਵਾਲੀਆਂ ਲੋਕ ਸਭਾ ਚੋਣਾਂ ਨੇੜੇ ਆ ਰਹੀਆਂ ਹਨ, ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਵੋਟਰਾਂ ਖਾਸ ਕਰਕੇ ਹਿੰਦੂ ਵੋਟਰਾਂ ਨੂੰ ਆਪਣੇ ਵੱਲ ਖਿੱਚਣ ਲਈ ਹਰ ਸੰਭਵ ਕਾਰਵਾਈ ਕਰ ਰਹੀ ਹੈ। ਆਰਥਿਕ ਪੱਖ ਤੋਂ ਪਛੜੇ ਲੋਕਾਂ ਲਈ ਰਾਖਵਾਂਕਰਨ ਅਜਿਹਾ ਹੀ ਇਕ ਮੁੱਦਾ ਹੈ ਜਿਸ ਦਾ ਮੁੱਖ ਮਕਸਦ ਹੇਠਲੇ ਤਬਕੇ ਦੇ ਲੋਕਾਂ ਨੂੰ ਆਪਣੇ ਲਈ ਵੋਟਾਂ ਪਾਉਣ ਬਾਰੇ ਸੋਚਣ ਲਈ ਮਜਬੂਰ ਕਰਨਾ ਹੈ। ਇਹ ਵੱਖਰੀ ਗੱਲ ਹੈ ਕਿ ਅਜਿਹੇ ਫੈਸਲਿਆਂ ਨਾਲ ਮੋਦੀ ਸਰਕਾਰ ਕਈ ਵਾਰ ਬੜੀ ਕਸੂਤੀ ਸਥਿਤੀ ਵਿਚ ਵੀ ਫਸ ਜਾਂਦੀ ਹੈ। ਰਾਖਵਾਂਕਰਨ ਦੇ ਇਸ ਫੈਸਲੇ ਨਾਲ ਵੀ ਅਜਿਹਾ ਕੁਝ ਹੀ ਵਾਪਰਿਆ ਹੈ। ਯਾਦ ਰਹੇ ਕਿ ਮੋਦੀ ਸਰਕਾਰ ਨੇ 2019 ਵਿਚ ਸੰਵਿਧਾਨ ਵਿਚ 103ਵੀਂ ਸੋਧ ਕਰ ਕੇ ਘੱਟ ਆਮਦਨ ਵਾਲੇ ਉਨ੍ਹਾਂ ਲੋਕਾਂ ਲਈ ਰਾਖਵਾਂਕਰਨ ਕੀਤਾ ਸੀ ਜਿਨ੍ਹਾਂ ਨੂੰ ਪਹਿਲਾਂ ਜਾਤ/ਜਾਤੀ ਆਧਾਰਿਤ ਰਾਖਵਾਂਕਰਨ ਦੀਆਂ ਸਹੂਲਤਾਂ ਪ੍ਰਾਪਤ ਨਹੀਂ ਸਨ। ਪਹਿਲਾਂ ਇਹ ਸਹੂਲਤਾਂ ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨ-ਜਾਤੀਆਂ ਅਤੇ ਪਛੜੇ ਵਰਗਾਂ ਦੇ ਲੋਕਾਂ ਨੂੰ ਪ੍ਰਾਪਤ ਸਨ। 103ਵੀਂ ਸੋਧ ਤਹਿਤ ਘੱਟ ਆਮਦਨ ਵਾਲੇ ਉਨ੍ਹਾਂ ਲੋਕਾਂ ਲਈ 10 ਫ਼ੀਸਦੀ ਰਾਖਵਾਂਕਰਨ ਕੀਤਾ ਗਿਆ ਜਿਨ੍ਹਾਂ ਨੂੰ ਤਥਾਕਥਿਤ ਉੱਚੀਆਂ ਜਾਤਾਂ ਵਿਚ ਸ਼ਾਮਲ ਕੀਤਾ ਜਾਂਦਾ ਹੈ; ਇਹ ਸਹੂਲਤ ਉਨ੍ਹਾਂ ਪਰਿਵਾਰਾਂ ਦੇ ਬੱਚਿਆਂ ਨੂੰ ਮਿਲਣੀ ਹੈ ਜਿਨ੍ਹਾਂ ਦੀ ਸਾਲਾਨਾ ਆਮਦਨ 8 ਲੱਖ ਰੁਪਏ ਤਕ ਹੈ। 7 ਨਵੰਬਰ ਨੂੰ ਹੋਈ ਇਕ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ 3-2 ਦੇ ਬਹੁਗਿਣਤੀ ਫ਼ੈਸਲੇ ਵਿਚ 103ਵੀਂ ਸੋਧ ਨੂੰ ਸਹੀ ਮੰਨਿਆ।

ਹੁਣ ਇਕ ਪਟੀਸ਼ਨਕਰਤਾ ਨੇ ਮਦਰਾਸ ਹਾਈ ਕੋਰਟ ਦੇ ਮਦੁਰਾਈ ਬੈਂਚ ਵਿਚ ਪਟੀਸ਼ਨ ਕਰ ਕੇ ਇਹ ਸਵਾਲ ਉਠਾਇਆ ਹੈ ਕਿ ਜੇ 8 ਲੱਖ ਰੁਪਏ ਤਕ ਦੀ ਸਾਲਾਨਾ ਆਮਦਨ ਤਕ ਦੇ ਲੋਕਾਂ ਨੂੰ ਆਰਥਿਕ ਤੌਰ 'ਤੇ ਪਛੜੀ ਜਾਂ ਕਮਜ਼ੋਰ ਸ਼੍ਰੇਣੀ ਮੰਨਿਆ ਗਿਆ ਹੈ ਤਾਂ ਕੇਂਦਰ ਸਰਕਾਰ ਢਾਈ ਲੱਖ ਰੁਪਏ ਸਾਲਾਨਾ ਆਮਦਨ ਵਾਲੇ ਵਿਅਕਤੀਆਂ ਤੋਂ ਆਮਦਨ ਟੈਕਸ ਕਿਵੇਂ ਉਗਰਾਹੁੰਦੀ ਹੈ। ਪਟੀਸ਼ਨਕਰਤਾ ਦੀ ਦਲੀਲ ਇਹ ਬਣਦੀ ਹੈ ਕਿ ਜੇ ਕੇਂਦਰ ਸਰਕਾਰ 8 ਲੱਖ ਰੁਪਏ ਦੀ ਸਾਲਾਨਾ ਆਮਦਨ ਵਾਲੇ ਲੋਕਾਂ ਨੂੰ ਆਰਥਿਕ ਪੱਖ ਤੋਂ ਕਮਜ਼ੋਰ ਮੰਨਦੀ ਹੈ ਤਾਂ 8 ਲੱਖ ਰੁਪਏ ਤਕ ਸਾਲਾਨਾ ਆਮਦਨ ਵਾਲੇ ਵਿਅਕਤੀਆਂ 'ਤੇ ਆਮਦਨ ਕਰ ਨਹੀਂ ਲੱਗਣਾ ਚਾਹੀਦਾ, ਸਰਕਾਰ ਦੀਆਂ ਨੀਤੀਆਂ ਵਿਚ ਵਿਰੋਧਾਭਾਸ ਹੈ। ਆਮਦਨ ਕਰ ਵਿਭਾਗ ਅਨੁਸਾਰ ਢਾਈ ਲੱਖ ਰੁਪਏ ਸਾਲਾਨਾ ਤੋਂ ਜ਼ਿਆਦਾ ਆਮਦਨ ਵਾਲੇ ਵਿਅਕਤੀਆਂ ਦੀ ਕਮਾਈ 'ਤੇ ਟੈਕਸ ਲਗਾਉਣ ਦੇ ਅਰਥ ਹਨ ਕਿ ਇਸ ਤੋਂ ਵੱਧ ਆਮਦਨ ਵਾਲੇ ਵਿਅਕਤੀ ਟੈਕਸ ਭਰਨ ਦੀ ਸਮਰੱਥਾ ਰੱਖਦੇ ਹਨ ਅਤੇ ਉਨ੍ਹਾਂ ਦੀ ਆਮਦਨ ਦੇਸ਼ ਦੀ ਵੱਡੀ ਗਿਣਤੀ ਦੇ ਲੋਕਾਂ ਤੋਂ ਵੱਧ ਹੈ। 2021 ਦੇ ਅੰਕੜਿਆਂ ਅਨੁਸਾਰ 136 ਕਰੋੜ ਵਸੋਂ ਵਾਲੇ ਦੇਸ਼ ਵਿਚ ਲਗਭਗ 8.13 ਕਰੋੜ ਵਿਅਕਤੀ ਜਿਨ੍ਹਾਂ ਵਿਚ ਕੰਪਨੀਆਂ ਅਤੇ ਕਾਰਪੋਰੇਟ ਅਦਾਰੇ ਵੀ ਸ਼ਾਮਲ ਹਨ, ਆਮਦਨ ਕਰ ਦਿੰਦੇ ਹਨ। ਦਲੀਲ ਦਿੱਤੀ ਜਾਂਦੀ ਹੈ ਕਿ 2.5 ਲੱਖ ਰੁਪਏ ਸਾਲਾਨਾ ਤੋਂ ਵੱਧ ਆਮਦਨ ਵਾਲੇ ਬਹੁਤ ਸਾਰੇ ਗ਼ੈਰ-ਰਸਮੀ ਖੇਤਰ ਵਿਚ ਕੰਮ ਕਰਨ ਵਾਲੇ ਲੋਕ ਆਮਦਨ ਕਰ ਨਹੀਂ ਦਿੰਦੇ।

ਉਠਾਏ ਗਏ ਸਵਾਲ ਤੋਂ ਇਹ ਤਰਕ ਪੈਦਾ ਹੁੰਦਾ ਹੈ ਕਿ ਜੇ 8 ਲੱਖ ਰੁਪਏ ਤਕ ਸਾਲਾਨਾ ਆਮਦਨ ਵਾਲੇ ਵਿਅਕਤੀ/ਪਰਿਵਾਰ ਆਰਥਿਕ ਤੌਰ 'ਤੇ ਕਮਜ਼ੋਰ ਸਮਝੇ ਜਾਂਦੇ ਹਨ ਤਾਂ ਇੰਨੀ ਸਾਲਾਨਾ ਆਮਦਨੀ ਵਾਲੇ ਵਿਅਕਤੀਆਂ 'ਤੇ ਆਮਦਨ ਕਰ ਨਾ ਲਗਾਇਆ ਜਾਵੇ ਜਾਂ ਆਰਥਿਕ ਤੌਰ 'ਤੇ ਪਛੜੇ ਹੋਣ ਕਾਰਨ ਦਿੱਤਾ ਜਾਣ ਵਾਲਾ ਰਾਖਵਾਂਕਰਨ ਢਾਈ ਲੱਖ ਰੁਪਏ ਸਾਲਾਨਾ ਆਮਦਨ ਵਾਲੇ ਪਰਿਵਾਰਾਂ ਨੂੰ ਹੀ ਦਿੱਤਾ ਜਾਵੇ। ਇਹ ਤੱਥ ਵੀ ਯਾਦ ਰੱਖਣ ਯੋਗ ਹੈ ਕਿ ਸੁਪਰੀਮ ਕੋਰਟ ਦੇ ਸੰਵਿਧਾਨਕ ਬੈਂਚ ਦੇ 2 ਜੱਜ ਵੱਖ-ਵੱਖ ਕਾਰਨਾਂ ਕਰ ਕੇ ਨਿਰੋਲ ਆਰਥਿਕ ਆਧਾਰ 'ਤੇ ਰਾਖਵਾਂਕਰਨ ਕਰਨ ਲਈ ਸਹਿਮਤ ਨਹੀਂ ਸਨ। ਆਮਦਨ ਕਰ ਦੀ ਧਾਰਾ 87 ਏ ਅਨੁਸਾਰ ਜੇ ਕਿਸੇ ਵਿਅਕਤੀ ਦੀ ਸਾਲਾਨਾ ਕੁੱਲ ਆਮਦਨ 5 ਲੱਖ ਰੁਪਏ ਤਕ ਹੈ ਤਾਂ ਉਸ ਨੂੰ ਛੋਟ ਮਿਲਦੀ ਹੈ ਅਤੇ ਉਸ ਨੂੰ ਨਾਂ-ਮਾਤਰ ਜਾਂ ਬਹੁਤ ਥੋੜ੍ਹਾ ਆਮਦਨ ਕਰ ਦੇਣਾ ਪੈਂਦਾ ਹੈ। ਇਸ ਸਭ ਕੁਝ ਦੇ ਬਾਵਜੂਦ ਨਵੀਂ ਪਟੀਸ਼ਨ ਸਰਕਾਰ ਦੀਆਂ ਨੀਤੀਆਂ ਵਿਚਲੇ ਪਾੜੇ 'ਤੇ ਉਂਗਲ ਰੱਖਦੀ ਹੈ ਕਿ ਆਰਥਿਕ ਤੌਰ 'ਤੇ ਪਛੜੇ ਹੋਣ ਦੀ ਸੀਮਾ ਕਿਵੇਂ ਨਿਰਧਾਰਤ ਕੀਤੀ ਗਈ ਹੈ। ਇਸ ਪਟੀਸ਼ਨ ਤੋਂ ਇਹ ਦਲੀਲ ਵੀ ਉੱਭਰਦੀ ਹੈ ਕਿ ਆਰਥਿਕ ਆਧਾਰ 'ਤੇ ਰਾਖਵਾਂਕਰਨ ਦੇ ਫ਼ਾਇਦੇ ਉਨ੍ਹਾਂ ਵਿਅਕਤੀਆਂ ਨੂੰ ਬਹੁਤ ਥੋੜ੍ਹੇ ਮਿਲਣਗੇ ਜਿਨ੍ਹਾਂ ਦੀ ਆਮਦਨ ਬਹੁਤ ਘੱਟ ਹੈ। ਭਾਰਤ ਵਿਚ 2020-21 ਵਿਚ ਪ੍ਰਤੀ ਵਿਅਕਤੀ ਸਾਲਾਨਾ ਆਮਦਨ 1.28 ਲੱਖ ਰੁਪਏ ਸੀ; ਜੇ ਘਰ ਦੇ ਦੋ ਵਿਅਕਤੀ ਕੰਮ ਕਰਦੇ ਹੋਣ ਤਾਂ ਇਹ ਆਮਦਨ 2.56 ਲੱਖ ਰੁਪਏ ਸਾਲਾਨਾ ਹੋਵੇਗੀ; ਇਸ ਤਰ੍ਹਾਂ ਭਾਰਤ ਵਿਚ ਵਿਆਪਕ ਆਰਥਿਕ ਪਛੜੇਵਾਂ ਮੌਜੂਦ ਹੈ। ਗ਼ੈਰ-ਰਸਮੀ ਖੇਤਰ ਵਿਚ ਕੰਮ ਕਰਨ ਵਾਲੇ ਕਾਮਿਆਂ ਨੂੰ ਕਿਸੇ ਵੀ ਆਧਾਰ 'ਤੇ ਰਾਖਵਾਂਕਰਨ ਦੇ ਫ਼ਾਇਦੇ ਬਹੁਤ ਸੀਮਤ ਰੂਪ ਵਿਚ ਮਿਲਦੇ ਹਨ। ਸਰਕਾਰ ਦੇ 80 ਲੱਖ ਲੋਕਾਂ ਨੂੰ ਮੁਫ਼ਤ ਰਾਸ਼ਨ ਦੇਣ ਦੇ ਅੰਕੜੇ ਖ਼ੁਦ ਵਿਆਪਕ ਪੱਧਰ 'ਤੇ ਮੌਜੂਦ ਆਰਥਿਕ ਨਾ-ਬਰਾਬਰੀ ਦੀ ਗਵਾਹੀ ਦਿੰਦੇ ਹਨ। ਅਸਲ ਵਿਚ ਭਾਰਤ ਅੰਦਰ 1991 ਵਿਚ ਜਦੋਂ ਤੋਂ ਨਵੀਆਂ ਆਰਥਿਕ ਨੀਤੀਆਂ ਆਰੰਭ ਹੋਈਆਂ ਹਨ, ਸਮਾਜ ਅੰਦਰ ਨਾ-ਬਰਾਬਰੀ ਵਾਲਾ ਪਾੜਾ ਲਗਾਤਾਰ ਵਧ ਰਿਹਾ ਹੈ। ਇਹ ਵੀ ਧਿਆਨਯੋਗ ਹੈ ਕਿ 2014 ਵਿਚ ਮੋਦੀ ਸਰਕਾਰ ਬਣਨ ਤੋਂ ਬਾਅਦ ਆਰਥਿਕ ਨੀਤੀਆਂ ਦੀ ਚਾਲ ਬਹੁਤ ਜ਼ਿਆਦਾ ਤੇਜ਼ ਕਰ ਦਿੱਤੀ ਗਈ ਹੈ। ਸਿੱਟੇ ਵਜੋਂ ਇਸ ਸਮੇਂ ਦੌਰਾਨ ਨਾ-ਬਰਾਬਰੀ ਵਾਲਾ ਪਾੜਾ ਵਧੇਰੇ ਵਧਿਆ ਹੈ। ਇਹ ਤੱਥ ਵੀ ਉਭਰ ਕੇ ਸਾਹਮਣੇ ਆ ਰਹੇ ਹਨ ਕਿ ਕਮਜ਼ੋਰ ਵਿਰੋਧੀ ਧਿਰ ਹੋਣ ਕਾਰਨ ਮੋਦੀ ਸਰਕਾਰ ਬਹੁਤ ਸਾਰੇ ਮਾਮਲਿਆਂ ਵਿਚ ਆਪਣੀ ਮਨਮਰਜ਼ੀ ਵੀ ਕਰ ਰਹੀ ਹੈ। ਹੁਣ ਲੋਕ ਸਭਾ ਚੋਣਾਂ ਭਾਵੇਂ ਨੇੜੇ ਢੁੱਕ ਰਹੀਆਂ ਹਨ ਅਤੇ ਭਾਰਤੀ ਜਨਤਾ ਪਾਰਟੀ ਆਪਣੀ ਫਿਰਕੂ ਸਿਆਸਤ ਨਾਲ ਸਿਆਸੀ ਸਮੀਕਰਨ ਆਪਣੇ ਹੱਕ ਵਿਚ ਬਦਲਣ ਲਈ ਪੂਰਾ ਜ਼ੋਰ ਲਾ ਰਹੀ ਜਦਕਿ ਵਿਰੋਧੀ ਧਿਰ ਦੀ ਏਕਤਾ ਦਾ ਮੂੰਹ-ਮੱਥਾ ਅਜੇ ਤੱਕ ਬਣਿਆ ਨਹੀਂ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਤਰਲੇ ਤੱਕੜੀ ਦੇ

ਮਸਲੇ ਕਈ ਉਠਾ ਕੇ ਦੇਖ ਲਏ ਨੇ, ਪੈਰ ਉੱਖੜੇ ਫੇਰ ਜਮਾਉਣ ਦੇ ਲਈ।
ਬੰਦੀ ਸਿੰਘਾਂ ਦੀ ਵੇਦਨਾ ਬੜੀ ਗਾਈ, ਸਿੱਖ ਵੋਟਰਾਂ ਤਾਈਂ ਭਰਮਾਉਣ ਦੇ ਲਈ।
ਮੈਂਬਰ 'ਸਾਂਭ ਕੇ' 'ਸ੍ਰੋਮਣੀ; ਜੇਬ੍ਹ ਪਾਈ, 'ਤਾਣ' ਆਪਣਾ ਜ਼ਰਾ ਦਿਖਾਉਣ ਦੇ ਲਈ।
ਗੁਪਤੀ 'ਪਾਪੜ' ਵੀ ਵੇਲਦੇ ਸੁਣੀ ਦੇ ਨੇ, ਫਿਰ ਪੰਜਾਬ ਨੂੰ ਬੁੱਧੂ ਬਣਾਉਣ ਦੇ ਲਈ।
'ਪਤੀ' ਸਾਬਕਾ ਨਹੀਂ ਹੀ ਕਰੀ ਜਾਂਦਾ, ਹੋਂਦ ਆਪਣੀ ਬਚਾਉਣ ਦੇ ਲਈ।
ਤਰਲੇ ਕਰਦੀ ਐ 'ਤੱਕੜੀ' ਫੇਰ ਮੁੜ ਕੇ, ਨਾਲ ਕਮਲ ਦੇ ਯਾਰੀਆਂ ਲਾਉਣ ਦੇ ਲਈ।

# ਕਿਸਾਨ ਧਰਨੇ ਅਤੇ ਭਗਵੰਤ ਮਾਨ ਦੇ ਬਿਆਨ ਦੇ ਮਾਇਨੇ

*ਧਰਨਿਆਂ ਬਾਰੇ ਮੁੱਖ ਮੰਤਰੀ ਭਗਵੰਤ ਮਾਨ ਦਾ ਬਿਆਨ ਬਹੁਤ ਗੈਰ-ਜ਼ਿੰਮੇਵਾਰਾਨਾ ਹੈ। ਆਮ ਆਦਮੀ ਪਾਰਟੀ ਜਿਸ ਦਾ ਜਨਮ ਹੀ ਧਰਨਾ-ਸਿਆਸਤ ਵਿਚੋਂ ਹੋਇਆ ਅਤੇ ਭਗਵੰਤ ਮਾਨ ਮੁੱਖ ਮੰਤਰੀ ਬਣਨ ਤੋਂ ਪਹਿਲਾਂ ਧਰਨਾ-ਸਿਆਸਤ ਦੇ ਸਮਰਥਕ ਰਹੇ ਹਨ ਪਰ ਸੱਤਾ ਹਾਸਲ ਕਰਨ ਤੋਂ ਬਾਅਦ ਉਹ ਉਕਾ ਹੀ ਬਦਲ ਗਏ ਹਨ। ਨੌਜਵਾਨ ਪੱਤਰਕਾਰ ਨਵਕਿਰਨ ਸਿੰਘ ਪੱਤੀ ਨੇ ਇਸ ਮਸਲੇ ਬਾਰੇ ਅਹਿਮ ਟਿੱਪਣੀ ਕੀਤੀ ਹੈ।*

ਪੰਜਾਬ ਸਰਕਾਰ ਨਾਲ ਸਬੰਧਿਤ ਕਿਸਾਨ ਮੰਗਾਂ ਦੇ ਹੱਲ ਲਈ ਭਾਰਤੀ ਕਿਸਾਨ ਯੂਨੀਅਨ (ਸਿੱਧੂਪੁਰ) ਨੇ ਪਿਛਲੇ ਹਫਤੇ ਤੋਂ ਪੰਜਾਬ ਵਿਚ ਛੇ ਥਾਵਾਂ 'ਤੇ ਸੜਕੀ ਆਵਾਜਾਈ ਜਾਮ ਕਰ ਕੇ ਧਰਨੇ ਸ਼ੁਰੂ ਕੀਤੇ। ਸੂਬਾ ਸਰਕਾਰ ਦੀ ਪਹਿਲੀ ਜ਼ਿੰਮੇਵਾਰੀ ਬਣਦੀ ਸੀ ਕਿ ਉਹ ਕਿਸਾਨਾਂ ਨੂੰ ਬੁਲਾ ਕੇ ਉਹਨਾਂ ਦੀ ਗੱਲ ਸੁਣਦੀ ਪਰ ਮੁੱਖ ਮੰਤਰੀ ਨੇ ਗੱਲਬਾਤ ਦਾ ਸੱਦਾ ਦੇਣ ਦੀ ਬਜਾਇ ਮੀਡੀਆ ਵਿਚ ਬਿਆਨ ਦਿੱਤਾ ਕਿ "ਧਰਨਾ ਲਾਉਣਾ ਡੀ.ਸੀ. ਦਫਤਰ ਲਾਓ, ਐਮ.ਐਲ.ਏ. ਜਾਂ ਮੰਤਰੀ ਦੇ ਘਰ ਅੱਗੇ ਜਾਓ ਪਰ ਲੋਕਾਂ ਨੂੰ ਤੰਗ ਨਾ ਕੀਤਾ ਜਾਵੇ, ਪਬਲਿਕ ਆਪ ਕਹਿੰਦੀ ਹੈ ਕਿ ਸਾਨੂੰ ਕਿਉਂ ਤੰਗ ਕੀਤਾ। ਸਾਰੀਆਂ ਨਹੀਂ, ਕੁਝ ਜਥੇਬੰਦੀਆਂ ਸਿਰਫ



ਆਪਣੀ ਹਾਜ਼ਰੀ ਲਵਾਉਣ ਲਈ ਧਰਨਾ ਦਿੰਦੀਆਂ ਹਨ ਕਿਉਂਕਿ ਕੁਝ ਜਥੇਬੰਦੀਆਂ ਨੇ ਆਪਣਾ ਖਰਚਾ ਵੀ ਦਿਖਾਉਣਾ ਹੁੰਦਾ ਹੈ। ਫਿਰ ਇੱਧਰੋਂ ਉੱਧਰੋਂ ਫੰਡ ਵੀ ਇਕੱਠੇ ਕਰਨੇ ਹੁੰਦੇ ਹਨ।" ਮੁੱਖ ਮੰਤਰੀ ਇੱਥੇ ਹੀ ਨਹੀਂ ਰੁਕੇ ਬਲਕਿ ਅੱਗੇ ਕਹਿੰਦੇ ਹਨ ਕਿ ਜਥੇਬੰਦੀਆਂ ਮਹੀਨੇ ਵੰਡ ਕੇ ਧਰਨੇ ਲਾਉਂਦੀਆਂ ਹਨ।

**ਨਵਕਿਰਨ ਸਿੰਘ ਪੱਤੀ**
ਈਮੇਲ: n4navkiran@gmail.com

ਸੰਵਾਦ ਦਾ ਰਾਹ ਅਪਣਾਉਣ ਦੀ ਬਜਾਇ ਇਸ ਤਰ੍ਹਾਂ ਦੀ ਬਿਆਨਬਾਜ਼ੀ ਕਰਨ ਵਾਲੇ ਮੁੱਖ ਮੰਤਰੀ ਕੋਈ ਪਹਿਲੇ ਆਗੂ ਨਹੀਂ ਬਲਕਿ ਕੁਰਸੀ ਚੀਜ਼ ਹੀ ਐਸੀ ਹੈ ਕਿ ਸੱਤਾ 'ਚ ਰਹੀਆਂ ਪਿਛਲੀਆਂ ਰਵਾਇਤੀ ਸਿਆਸੀ ਪਾਰਟੀਆਂ ਦੇ ਆਗੂ ਵੀ ਇਸ ਤਰ੍ਹਾਂ ਦੀ ਹੀ ਬਿਆਨਬਾਜ਼ੀ ਕਰਦੇ ਰਹੇ ਸਨ। ਜਦ ਅਕਾਲੀ-ਭਾਜਪਾ ਗੱਠਜੋੜ ਦੀ ਸਰਕਾਰ ਸੀ, ਉਸ ਸਮੇਂ ਸੁਖਬੀਰ ਸਿੰਘ ਬਾਦਲ ਨੇ ਧਰਨਾਕਾਰੀ ਕਿਸਾਨਾਂ ਨੂੰ ਵਿਹਲੜ ਕਹਿ ਦਿੱਤਾ ਸੀ ਤੇ ਉਸ ਸਮੇਂ ਵੀ ਹੱਕੀ ਸੰਘਰਸ਼ ਲਾਠੀਚਾਰਜਾਂ ਨਾਲ ਦਬਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਸਨ। ਇਹੋ ਕੁਝ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸਮੇਂ ਚੱਲਦਾ ਰਿਹਾ। ਹੁਣ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੀ ਮੁੱਖ ਮੰਤਰੀ ਭਗਵੰਤ ਮਾਨ ਦੀ ਹਾਂ ਵਿਚ ਹਾਂ ਮਿਲਾਉਂਦਿਆਂ ਕਿਸਾਨਾਂ ਨੂੰ ਬਿਨਾ ਮੰਗਿਆਂ ਭਗਵੰਤ ਮਾਨ ਵਾਲੀ ਨਸੀਹਤ ਦੇ ਚੁੱਕੇ ਹਨ। ਮੁੱਖ ਮੰਤਰੀ ਵੱਲੋਂ ਸੜਕੀ ਆਵਾਜਾਈ ਰੋਕਣ ਦੀ ਬਜਾਇ ਡੀ.ਸੀ. ਦਫਤਰਾਂ, ਮੰਤਰੀਆਂ ਦੇ ਘਰਾਂ ਅੱਗੇ ਧਰਨੇ ਦੇਣ ਦੀ ਦਲੀਲ ਕਹਿਣ, ਸੁਣਨ ਨੂੰ ਤਾਂ ਬਹੁਤ ਚੰਗੀ ਲੱਗਦੀ ਹੈ ਪਰ ਜੇ ਅਸੀਂ ਇੱਕ ਛੋਟੀ ਜਿਹੀ ਝਾਤ ਬੇਰੁਜ਼ਗਾਰ ਯੂਨੀਅਨ ਦੇ ਪਿਛਲੇ ਤਿੰਨ ਸਾਲ ਦੇ ਸੰਘਰਸ਼ੀ ਤਜਰਬੇ 'ਤੇ ਮਾਰੀਏ ਤਾਂ ਸਾਨੂੰ ਅਹਿਸਾਸ ਹੋਵੇਗਾ ਕਿ ਸਰਕਾਰਾਂ ਇਸ ਤਰ੍ਹਾਂ ਦੇ ਧਰਨਿਆਂ ਨੂੰ ਗੌਲਦੀਆਂ ਹੀ ਨਹੀਂ ਹਨ।

ਕੈਪਟਨ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਸਮੇਂ ਰੁਜ਼ਗਾਰ ਦੀ ਮੰਗ ਖਾਤਰ ਅਧਿਆਪਕ ਯੋਗਤਾ ਪ੍ਰੀਖਿਆ (ਟੈੱਟ) ਪਾਸ ਬੇਰੁਜ਼ਗਾਰ ਬੀ.ਐਡ. ਅਧਿਆਪਕਾਂ ਨੇ ਉਸ ਸਮੇਂ ਦੇ ਸਿੱਖਿਆ ਮੰਤਰੀ ਵਿਜੇਇੰਦਰ ਸਿੰਗਲਾ ਦੇ ਜ਼ਿਲ੍ਹਾ ਸੰਗਰੂਰ ਦੇ ਡੀ.ਸੀ. ਦਫਤਰ ਅੱਗੇ 5 ਸਤੰਬਰ 2019 ਨੂੰ ਸ਼ਾਂਤਮਈ ਪੱਕਾ ਧਰਨਾ ਸ਼ੁਰੂ ਕੀਤਾ ਤੇ ਇਸ ਧਰਨੇ ਵਿਚ ਪੰਜਾਬ ਦੇ ਐਮ.ਏ/ਐਮ.ਐਸਸੀ. ਬੀ.ਐਡ. ਪਾਸ ਮੁੰਡੇ, ਕੁੜੀਆਂ ਦਿਨ-ਰਾਤ ਬੈਠੇ ਰਹੇ ਪਰ ਸਰਕਾਰ ਨੇ ਇਸ ਧਰਨੇ ਨੂੰ ਗੌਲਿਆ ਨਹੀਂ ਤੇ 2 ਅਪਰੈਲ 2020 ਤੱਕ ਅੰਦਾਜ਼ਨ 6 ਮਹੀਨੇ ਬਾਅਦ ਕਰੋਨਾ ਵਾਇਰਸ ਕਾਰਨ ਇਸ ਧਰਨੇ ਨੂੰ ਮੁਲਤਵੀ ਕਰਨਾ ਪਿਆ ਸੀ।

ਉਸ ਤੋਂ ਬਾਅਦ ਇਹੋ ਜਥੇਬੰਦੀ ਟੈੱਟ ਪਾਸ ਬੇਰੁਜ਼ਗਾਰ ਬੀ.ਐਡ. ਅਧਿਆਪਕ ਯੂਨੀਅਨ ਨੇ 31 ਦਸੰਬਰ 2020 ਨੂੰ ਸਿੱਖਿਆ ਮੰਤਰੀ



ਵਿਜੇਇੰਦਰ ਸਿੰਗਲਾ ਦੀ ਸੰਗਰੂਰ ਕੋਠੀ ਅੱਗੇ ਧਰਨਾ ਸ਼ੁਰੂ ਕੀਤਾ। ਹੈਰਾਨੀਜਨਕ ਤੱਥ ਇਹ ਹੈ ਕਿ ਸਿੱਖਿਆ ਮੰਤਰੀ 9 ਮਹੀਨੇ ਆਪਣੀ ਸੰਗਰੂਰ ਵਾਲੀ ਕੋਠੀ ਹੀ ਨਹੀਂ ਵੜਿਆ ਤੇ ਉਸ ਨੇ ਆਪਣੀ ਰਿਹਾਇਸ਼ ਪਟਿਆਲਾ, ਚੰਡੀਗੜ੍ਹ ਬਣਾ ਲਈ। ਜਦ ਕੈਪਟਨ ਅਮਰਿੰਦਰ ਸਿੰਘ ਨੂੰ ਲਾਂਭੇ ਕਰ ਕੇ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾਇਆ ਗਿਆ ਤਾਂ ਉਸ ਸਮੇਂ ਸਿੱਖਿਆ ਮੰਤਰੀ ਦਾ ਅਹੁਦਾ ਪਰਗਟ ਸਿੰਘ ਨੂੰ ਦਿੱਤਾ ਗਿਆ। ਆਖੀਰ 273 ਦਿਨ ਬਾਅਦ ਬੇਰੁਜ਼ਗਾਰਾਂ ਨੂੰ ਵਿਜੇਇੰਦਰ ਸਿੰਗਲਾ ਦੀ ਰਿਹਾਇਸ਼ ਅੱਗਿਓਂ ਧਰਨਾ ਚੁੱਕ ਕੇ ਨਵੇਂ ਸਿੱਖਿਆ ਮੰਤਰੀ ਦੇ ਸ਼ਹਿਰ ਤਬਦੀਲ ਕਰਨਾ ਪਿਆ ਸੀ।

ਬੇਰੁਜ਼ਗਾਰ ਅਧਿਆਪਕਾਂ ਨੇ 28 ਅਕਤੂਬਰ 2021 ਤੋਂ ਜਲੰਧਰ ਬੱਸ ਅੱਡੇ ਵਿਚ ਸੜਕੀ ਆਵਾਜਾਈ ਰੋਕੇ ਬਗੈਰ ਪੱਕਾ ਧਰਨਾ ਸ਼ੁਰੂ ਕੀਤਾ ਜੋ ਚੋਣ ਜ਼ਾਬਤਾ ਲੱਗਣ ਕਾਰਨ 10 ਜਨਵਰੀ 2021 ਨੂੰ ਚੁੱਕਣਾ ਪਿਆ ਸੀ। ਕਹਿਣ ਦਾ ਭਾਵ, ਡੀ.ਸੀ. ਦਫਤਰਾਂ, ਮੰਤਰੀਆਂ, ਵਿਧਾਇਕਾਂ ਦੇ ਘਰ ਘੇਰ ਕੇ ਪੱਕੇ ਧਰਨੇ ਲਾ-ਲਾ ਕੇ ਪੰਜਾਬ ਦੇ ਲੋਕਾਂ ਨੇ ਦੇਖੇ ਹੋਏ ਹਨ ਪਰ ਸਰਕਾਰਾਂ ਇੰਨੀਆਂ ਜ਼ਿਆਦਾ ਬੋਲੀਆਂ ਹੋ ਚੁੱਕੀਆਂ ਹਨ ਕਿ ਉਹਨਾਂ ਨੂੰ ਛੇਤੀ ਕੀਤਿਆਂ ਕੁਝ ਸੁਣਾਈ ਹੀ ਨਹੀਂ ਦਿੰਦਾ।

ਅਗਲੀ ਹੈਰਾਨੀ ਇਸ ਗੱਲ ਦੀ ਵੀ ਹੋ ਰਹੀ ਹੈ ਕਿ ਉਸ ਪਾਰਟੀ ਦਾ ਲੀਡਰ ਧਰਨਿਆਂ 'ਤੇ ਟੋਟਕੇ ਛੱਡ ਰਿਹਾ ਹੈ ਜਿਸ ਪਾਰਟੀ ਦਾ ਜਨਮ ਹੀ ਧਰਨਿਆਂ ਵਿਚੋਂ ਹੋਇਆ ਹੈ। ਆਮ ਆਦਮੀ ਪਾਰਟੀ ਦਾ ਜਨਮ ਭ੍ਰਿਸ਼ਟਾਚਾਰ ਖਿਲਾਫ ਅੰਨਾ ਹਜ਼ਾਰੇ ਦੀ ਅਗਵਾਈ ਹੇਠ ਲੱਗੇ ਧਰਨੇ ਵਿਚੋਂ ਹੋਇਆ ਹੈ ਤੇ ਆਪਣੇ ਜਨਮ ਤੋਂ ਬਾਅਦ ਵੀ 'ਆਪ' ਧਰਨੇ ਲਾਉਂਦੀ ਰਹੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਕਾਮੇਡੀ ਦੌਰਾਨ ਇੱਕ-ਦੋ ਵਾਰ ਅਧਿਆਪਕਾਂ ਦੇ ਧਰਨਿਆਂ ਬਾਰੇ ਹਲਕੀਆਂ ਟਿੱਪਣੀਆਂ ਕਰਨ ਤੋਂ ਬਗੈਰ ਭਗਵੰਤ ਮਾਨ ਨੇ ਸਾਰੀ ਉਮਰ ਹੱਕੀ ਧਰਨਿਆਂ ਦਾ ਸਮਰਥਨ ਕੀਤਾ ਹੈ ਤੇ ਖੁਦ ਵੀ ਕਈ ਵਾਰ ਕਿਸਾਨ ਧਰਨਿਆਂ ਵਿਚ ਹਾਜ਼ਰੀ ਭਰੀ ਹੈ ਪਰ ਹੁਣ ਸੱਤਾ ਮਿਲਣ ਤੋਂ ਬਾਅਦ ਉਨ੍ਹਾਂ ਇਸ ਤਰ੍ਹਾਂ ਦੀਆਂ ਟਿੱਪਣੀਆਂ ਕੀਤੀਆਂ ਹਨ।

ਸੱਤਾ ਵਿਚ ਆਉਣ ਤੋਂ ਪਹਿਲਾਂ 'ਆਪ' ਆਗੂ ਦਾਅਵਾ ਕਰਦੇ ਸਨ ਕਿ ਇੱਕ ਵਾਰ ਸਰਕਾਰ ਬਣ ਲੈਣ ਦਿਓ, ਫਿਰ ਲੋਕਾਂ ਦੇ ਸਾਰੇ ਮਸਲੇ ਹੱਲ ਕਰ ਦਿੱਤੇ ਜਾਣਗੇ ਤੇ ਪੰਜਾਬ ਵਿਚ ਕੋਈ ਧਰਨਾ ਨਹੀਂ ਲੱਗੇਗਾ ਪਰ ਪਿਛਲੇ ਅੱਠ ਮਹੀਨਿਆਂ ਦੌਰਾਨ ਬੇਰੁਜ਼ਗਾਰਾਂ ਦੀਆਂ ਦਰਜਨਾਂ ਜਥੇਬੰਦੀਆਂ ਮੁੱਖ ਮੰਤਰੀ ਦੇ ਸ਼ਹਿਰ ਸੰਗਰੂਰ ਵਿਚ ਧਰਨੇ ਲਾ ਚੁੱਕੇ ਹਨ। ਹਰੀ ਸਿਆਹੀ ਵਾਲਾ ਪੈੱਨ ਪੰਜਾਬ ਦੇ ਵੱਡੀ ਗਿਣਤੀ ਬੇਰੁਜ਼ਗਾਰਾਂ ਦੀ ਜ਼ਿੰਦਗੀ ਨਹੀਂ ਸੁਧਾਰ ਸਕਿਆ ਹੈ। ਪਿਛਲੇ ਦਿਨੀਂ ਭਗਵੰਤ ਮਾਨ ਦੀ ਸੰਗਰੂਰ ਰਿਹਾਇਸ਼ ਅੱਗੇ ਨੰਬਰਦਾਰਾਂ ਨੇ ਆਪਣੀਆਂ ਮੰਗਾਂ ਸਬੰਧੀ ਧਰਨਾ ਦਿੱਤਾ ਸੀ, ਜਦ ਧਰਨਾ ਦੇਣ ਉਪਰੰਤ ਉਹ ਘਰ ਚਲੇ ਗਏ ਤਾਂ ਉਹਨਾਂ ਨੂੰ ਪਤਾ ਲੱਗਾ ਕਿ ਨੰਬਰਦਾਰ ਯੂਨੀਅਨ ਆਗੂਆਂ ਖਿਲਾਫ ਪੁਲਿਸ ਨੇ ਕੇਸ ਦਰਜ ਕਰ ਲਿਆ ਹੈ।

ਇੱਕ ਪਾਸੇ ਮੁੱਖ ਮੰਤਰੀ ਸੜਕਾਂ ਰੋਕਣ ਦੀ ਬਜਾਇ ਮੰਤਰੀਆਂ ਦੇ ਘਰਾਂ ਅੱਗੇ ਧਰਨੇ ਲਾਉਣ ਦੀ ਸਲਾਹ ਦੇ ਰਹੇ ਹਨ; ਦੂਜੇ ਪਾਸੇ ਮੁੱਖ ਮੰਤਰੀ ਦੀ ਰਿਹਾਇਸ਼ ਅੱਗੇ ਧਰਨੇ 'ਤੇ ਬੈਠੇ ਬੇਰੁਜ਼ਗਾਰਾਂ ਦੀ ਰਾਤ ਨੂੰ ਜਬਰੀ ਬੱਸ ਭਰ ਕੇ ਲੱਗਭੱਗ 100 ਕਿਲੋਮੀਟਰ ਦੂਰ ਉਤਾਰ ਆਏ ਸਨ ਜਦਕਿ ਉਹ ਬੇਰੁਜ਼ਗਾਰ ਸ਼ਾਂਤਮਈ ਧਰਨਾ ਹੀ ਦੇ ਰਹੇ ਸਨ।

ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੇ ਬਣਾਏ ਸੰਯੁਕਤ ਕਿਸਾਨ ਮੋਰਚਾ (ਗੈਰਸਿਆਸੀ) ਨਾਲ ਕਿਸੇ ਦੇ ਮੱਤਭੇਦ ਹੋ ਸਕਦੇ ਹਨ, ਉਹਨਾਂ ਵੱਲੋਂ ਬਾਕੀ ਕਿਸਾਨ ਜਥੇਬੰਦੀਆਂ ਤੋਂ ਪਹਿਲਾਂ ਕਾਹਲੀ-ਕਾਹਲੀ ਦਿੱਤੇ ਜਾ ਰਹੇ ਵਧਵੇਂ ਸੱਦਿਆਂ ਨਾਲ ਕਿਸੇ ਦੀ ਸਹਿਮਤੀ ਜਾਂ ਅਸਹਿਮਤੀ ਹੋ ਸਕਦੀ ਹੈ ਪਰ ਸਰਕਾਰ ਨੂੰ ਇਸ ਗੱਲ 'ਤੇ ਸਾਂਝੇ ਰੂਪ ਵਿਚ ਟੋਕਿਆ ਜਾਣਾ ਚਾਹੀਦਾ ਹੈ ਕਿ ਉਹ ਮਸਲਾ ਹੱਲ ਕਰਨ ਵੱਲ ਤੁਰਨ ਦੀ ਬਜਾਇ ਉਲਟਾ ਮਸਲਾ ਉਠਾਉਣ ਦੇ ਢੰਗ ਨੂੰ ਨਿਸ਼ਾਨਾ ਬਣਾਏ। ਗੱਲ ਸਹੇ ਦੀ ਨਹੀਂ ਬਲਕਿ ਪਹੇ ਦੀ ਹੈ।

ਖੇਤੀ ਕਾਨੂੰਨਾਂ ਖਿਲਾਫ ਚੱਲੇ ਇਤਿਹਾਸਕ ਕਿਸਾਨ ਅੰਦੋਲਨ ਦੌਰਾਨ ਕਿਸਾਨ ਜਥੇਬੰਦੀਆਂ ਦੇ ਧਰਨੇ ਕਾਰਨ ਕਈ ਮਹੀਨੇ ਸਿੰਘੂ ਬਾਰਡਰ ਦਿੱਲੀ 'ਤੇ ਸੜਕੀ ਆਵਾਜਾਈ ਰੁਕੀ ਰਹੀ ਤੇ ਉਸ ਸਮੇਂ 'ਆਪ' ਆਗੂ ਉਸ ਧਰਨੇ ਦੀ ਹਮਾਇਤ ਕਰਦੇ ਸਨ ਤੇ ਹੁਣ ਜਦ ਸੂਬੇ ਵਿਚ ਖੁਦ ਦੀ ਸਰਕਾਰ ਬਣੀ ਤਾਂ ਇਸ ਤਰ੍ਹਾਂ ਦਾ ਰੁਖ ਅਖਤਿਆਰ ਕਰ ਲਿਆ ਹੈ। ਮੁੱਖ ਮੰਤਰੀ ਦੇ ਬਿਆਨ ਤੋਂ ਲੱਗਭਗ ਇੱਕ ਮਹੀਨਾ ਪਹਿਲਾਂ ਇਹਨਾਂ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਫਰਮਾਨ ਜਾਰੀ ਕੀਤਾ ਸੀ ਕਿ ਉਹ ਧਰਨੇ ਲਾਉਣ ਵਾਲੀਆਂ ਅਧਿਆਪਕ ਯੂਨੀਅਨਾਂ ਨਾਲ ਮੀਟਿੰਗ ਨਹੀਂ ਕਰਨਗੇ। ਉਨ੍ਹਾਂ ਕਿਹਾ ਸੀ ਕਿ ਉਹ ਸਿੱਖਿਆ ਵਿਭਾਗ ਨੂੰ ਧਰਨਾ ਮੁਕਤ ਵਿਭਾਗ ਬਣਾਉਣਗੇ। ਆਪਣੀਆਂ ਹੱਕੀ ਮੰਗਾਂ ਲਈ ਟੈਂਕੀ 'ਤੇ ਚੜ੍ਹੀ ਬੇਰੁਜ਼ਗਾਰ ਪੀ.ਟੀ.ਆਈ. ਅਧਿਆਪਕਾ ਬਾਰੇ ਉਨ੍ਹਾਂ ਕਿਹਾ ਸੀ ਕਿ ਟੈਂਕੀ ਤੋਂ ਉਤਰਨ 'ਤੇ ਹੀ ਗੱਲਬਾਤ ਹੋਵੇਗੀ। ਇਸੇ ਕਰ ਕੇ ਪਹਿਲਾਂ ਬੇਰੁਜ਼ਗਾਰ ਅਧਿਆਪਕਾਂ ਨੂੰ ਪਾਣੀ ਵਾਲੀ ਟੈਂਕੀਆਂ 'ਤੇ ਚੜ੍ਹ-ਚੜ੍ਹ ਸਮਰਥਨ ਦੇਣ ਵਾਲੇ ਇਹਨਾਂ ਆਗੂਆਂ ਵਿਚ ਆਈ ਸਿਫਤੀ ਤਬਦੀਲੀ ਨੂੰ ਸਮਝਣਾ ਬਹੁਤ ਜ਼ਰੂਰੀ ਹੈ।

ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਸੜਕੀ ਅਤੇ ਰੇਲ ਆਵਾਜਾਈ ਠੱਪ ਕਰਨ ਨਾਲ ਆਮ ਰਾਹਗੀਰਾਂ ਨੂੰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਪਰ ਇਸ ਸਭ ਲਈ ਸਿਰਫ ਧਰਨਾਕਾਰੀਆਂ ਨੂੰ ਦੋਸ਼ੀ ਠਹਿਰਾ ਦੇਣਾ ਵੀ ਠੀਕ ਨਹੀਂ ਹੈ ਕਿਉਂਕਿ ਸਰਕਾਰ ਵੱਲੋਂ ਮਸਲਾ ਹੱਲ ਨਾ ਕਰਨ 'ਤੇ ਪੀੜਤ ਧਿਰ ਸੰਘਰਸ਼ ਲਈ ਨਿੱਕਲਦੀ ਹੈ। ਚੱਕਾ ਜਾਮ ਕਰਨ ਤੋਂ ਪਹਿਲਾਂ ਸੰਘਰਸ਼ ਦੇ ਕਈ ਪੜਾਅ ਹੁੰਦੇ ਹਨ, ਇਸ ਲਈ ਕਿਸਾਨ ਜਥੇਬੰਦੀਆਂ ਨੂੰ ਵੀ ਚਾਹੀਦਾ ਹੈ ਕਿ ਉਹ ਚੱਕਾ ਜਾਮ ਨੂੰ ਵਿਸ਼ੇਸ਼ ਹਾਲਤਾਂ ਵਿਚ ਹਕੂਮਤ 'ਤੇ ਦਬਾਅ ਬਣਾਉਣ ਲਈ ਵਰਤਣ ਪਰ ਮੁੱਖ ਜ਼ਿੰਮੇਵਾਰੀ ਸਰਕਾਰ ਦੀ ਹੀ ਬਣਦੀ ਹੈ ਕਿ ਉਹ ਲੋਕਾਂ ਦੇ ਮਸਲੇ ਹੱਲ ਕਰਨ ਨੂੰ ਤਰਜੀਹ ਦੇਵੇ ਤੇ ਅਜਿਹਾ ਮਾਹੌਲ ਹੀ ਨਾ ਪੈਦਾ ਹੋਣ ਦੇਵੇ ਕਿ ਲੋਕ ਚੱਕਾ ਜਾਮ ਦੇ ਰਾਹ ਪੈਣ। ਜਾਮ ਲੱਗਣ ਦੀ ਸੂਰਤ ਵਿਚ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਲੋਕਾਂ ਲਈ ਬਦਲਵੇਂ ਪ੍ਰਬੰਧ ਕਰੇ।

# ਮਾਨਵੀ ਆਜ਼ਾਦੀ ਜ਼ਰੂਰੀ ਜਾਂ ਸਰਕਾਰ ਦਾ ਰੁਤਬਾ?

ਆਨੰਦ ਤੇਲਤੁੰਬੜੇ ਨੂੰ ਬੰਬੇ ਹਾਈ ਕੋਰਟ ਦੇ ਦੋ ਮੈਂਬਰੀ ਬੈਂਚ ਨੇ ਜ਼ਮਾਨਤ ਦੇ ਦਿੱਤੀ ਹੈ; ਦੂਜੇ ਪਾਸੇ, ਸੁਪਰੀਮ ਕੋਰਟ ਨੇ ਗੌਤਮ ਨਵਲਖਾ ਨੂੰ ਤਲੋਜਾ ਜੇਲ੍ਹ ਵਿਚੋਂ ਬਾਹਰ ਕੱਢ ਕੇ ਘਰ ਵਿਚ ਨਜ਼ਰਬੰਦ ਰੱਖਣ ਦੇ ਹੁਕਮ ਦਿੱਤੇ ਹਨ। ਜਿਸ ਦਲੀਲ ਨਾਲ ਆਨੰਦ ਨੂੰ ਜ਼ਮਾਨਤ ਮਿਲੀ ਹੈ, ਉਸੇ ਦਲੀਲ ਨਾਲ ਗੌਤਮ ਨੂੰ ਵੀ ਜ਼ਮਾਨਤ ਦਿੱਤੀ ਜਾਣੀ ਚਾਹੀਦੀ ਹੈ ਪਰ ਉਸ ਦੀ ਉਮਰ ਅਤੇ ਸਿਹਤ ਨੂੰ ਦੇਖਦੇ ਹੋਏ ਅਦਾਲਤ ਨੇ ਉਸ ਉਪਰ ਮਹਿਜ਼ ਰਹਿਮ ਕਰਨ ਦੀ ਇਜਾਜ਼ਤ ਖੁਦ ਨੂੰ ਦਿੱਤੀ ਹੈ।

ਬੰਬੇ ਹਾਈ ਕੋਰਟ ਦੇ ਜਸਟਿਸ ਗਡਕਰੀ ਅਤੇ ਜਸਟਿਸ ਜਾਦਵ ਦੇ ਬੈਂਚ ਦਾ ਇਹ ਫੈਸਲਾ ਬਹੁਤ ਮਹੱਤਵਪੂਰਨ ਹੈ ਕਿਉਂਕਿ ਇਸੇ ਬੈਂਚ ਨੇ ਹਾਲ ਹੀ ਵਿਚ ਇਸੇ ਕੇਸ ਵਿਚ ਜੋਤੀ ਜਗਤਾਪ ਅਤੇ ਹਨੀ ਬਾਬੂ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਦੋਵਾਂ ਕੇਸਾਂ ਵਿਚ, ਅਦਾਲਤ ਨੇ



**ਪ੍ਰੋਫੈਸਰ ਅਪੂਰਵਾਨੰਦ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਸਰਕਾਰੀ ਪੱਖ ਦੇ ਦੋਸ਼ਾਂ ਦੀ ਜਾਂਚ ਕਰਨ ਲਈ ਦੋ ਤਰੀਕੇ ਜਾਂ ਦੋ ਵੱਖੋ-ਵੱਖਰੇ ਰਵੱਈਏ ਦਿਖਾਏ। ਆਨੰਦ ਨੂੰ ਜ਼ਮਾਨਤ ਨਾ ਦੇਣ ਦੀ ਸਰਕਾਰੀ ਪੱਖ ਜਾਂ ਭਾਰਤੀ ਸਟੇਟ ਦੀ ਅਪੀਲ ਅਦਾਲਤ ਨੇ ਰੱਦ ਕਰ ਦਿੱਤੀ। ਉਸ ਨੇ ਉਨ੍ਹਾਂ ਉਪਰ ਲਗਾਏ ਗਏ ਦੋਸ਼ਾਂ ਦੀ ਜਾਂਚ 'ਚ ਦੇਖਿਆ ਕਿ ਸਰਕਾਰੀ ਪੱਖ ਦੋਸ਼ਾਂ ਨੂੰ ਸਾਬਤ ਕਰਨ ਲਈ ਨਾ ਤਾਂ ਪੁਖਤਾ ਸਬੂਤ ਦੇ ਪਾ ਰਿਹਾ ਹੈ ਅਤੇ ਨਾ ਹੀ ਉਸ ਦੀਆਂ ਦਲੀਲਾਂ ਵਿਚ ਕੋਈ ਦਮ ਹੈ।

**ਭੀਮਾ ਕੋਰੇਗਾਓਂ:** ਹੁਣ ਜ਼ਰਾ ਚੇਤੇ ਕਰੋ ਕਿ ਆਨੰਦ, ਗੌਤਮ, ਹਨੀ ਬਾਬੂ, ਜੋਤੀ ਜਗਤਾਪ ਜੇਲ੍ਹ ਵਿਚ ਕਿਉਂ ਹਨ! ਪਹਿਲੀ ਜਨਵਰੀ 2018 ਨੂੰ ਮਹਾਰਾਸ਼ਟਰ ਵਿਚ ਪੁਣੇ ਨੇੜੇ ਭੀਮਾ ਕੋਰੇਗਾਓਂ ਵਿਚ ਹਜ਼ਾਰਾਂ ਦਲਿਤ ਪੇਸ਼ਵਿਆਂ ਵਿਰੁੱਧ ਅੰਗਰੇਜ਼ੀ ਫ਼ੌਜ ਦੀ ਮਹਾਰ ਟੁਕੜੀ ਦੀ ਜਿੱਤ ਦੇ ਦੋ ਸੌ ਸਾਲਾਨਾ ਜਸ਼ਨ ਮਨਾਉਣ ਲਈ ਉਥੇ ਜੁੜੇ ਸਨ। ਇਕ ਸ਼ਾਮ ਪਹਿਲਾਂ ਸ਼ਨੀਵਾਰ ਵਾੜਾ ਵਿਚ ਹੋਏ ਐਲਗਾਰ ਪ੍ਰੀਸ਼ਦ ਨਾਂ ਦੇ ਇਕੱਠ ਵਿਚ ਬਹੁਤ ਸਾਰੇ ਲੋਕਾਂ ਨੇ ਜੋ ਭਾਸ਼ਣ ਦਿੱਤੇ ਅਤੇ ਗੀਤ ਗਾਏ, ਉਨ੍ਹਾਂ ਵਿਚ ਸਰਕਾਰ ਦੀ ਆਲੋਚਨਾ ਹੋਣੀ ਹੀ ਸੀ।

ਇਸ ਪਿੱਛੋਂ ਭੀਮਾ ਕੋਰੇਗਾਓਂ ਸਮਾਗਮ 'ਚ ਹਿੱਸਾ ਲੈ ਰਹੇ ਲੋਕਾਂ 'ਤੇ ਹਮਲਾ ਕੀਤਾ ਗਿਆ। ਇਕ ਵਿਅਕਤੀ ਦੀ ਜਾਨ ਚਲੀ ਗਈ ਅਤੇ ਕਈ ਜ਼ਖ਼ਮੀ ਹੋਏ। ਭੀੜ ਨੂੰ ਹਿੰਸਾ ਲਈ ਉਕਸਾਉਣ ਦੇ ਦੋਸ਼ੀ ਦੋ ਸਥਾਨਕ ਅਤੇ ਪ੍ਰਭਾਵਸ਼ਾਲੀ ਹਿੰਦੂਤਵੀ ਆਗੂ ਸੰਭਾਜੀ ਭਿੜੇ ਅਤੇ ਮਿਲਿੰਦ ਏਕਬੋਟੇ ਸਨ। ਉਨ੍ਹਾਂ ਵਿਰੁੱਧ ਪੁਲਿਸ ਕੋਲ ਸ਼ਿਕਾਇਤ ਵੀ ਦਰਜ ਕਰਵਾਈ ਗਈ ਪਰ ਅੱਜ ਤੱਕ ਉਨ੍ਹਾਂ ਉਪਰ ਕੋਈ ਕਾਰਵਾਈ ਨਹੀਂ ਹੋਈ। ਇਸ ਤੋਂ ਬਾਅਦ ਮਹਾਰਾਸ਼ਟਰ ਵਿਚ ਦਲਿਤਾਂ ਨੇ ਜ਼ਬਰਦਸਤ ਵਿਰੋਧ ਪ੍ਰਦਰਸ਼ਨ ਕੀਤੇ।

**ਐਲਗਾਰ ਪ੍ਰੀਸ਼ਦ ਖ਼ਿਲਾਫ਼ ਜਾਂਚ:** ਪੁਲਿਸ ਨੇ ਹਿੰਸਾ ਦੀ ਜਾਂਚ ਵਿਚ ਦਿਲਚਸਪੀ ਲੈਣ ਦੀ ਬਜਾਇ ਐਲਗਾਰ ਪ੍ਰੀਸ਼ਦ ਵਿਰੁੱਧ ਜਾਂਚ ਸ਼ੁਰੂ ਕਰ ਦਿੱਤੀ। ਇਲਜ਼ਾਮ ਇਹ ਲਗਾਇਆ ਕਿ ਐਲਗਾਰ ਪ੍ਰੀਸ਼ਦ ਵਿਚ ਦਿੱਤੇ ਭੜਕਾਊ, ਸਰਕਾਰ ਵਿਰੋਧੀ ਅਤੇ ਫੁੱਟ ਪਾਊ ਭਾਸ਼ਣਾਂ ਅਤੇ ਗੀਤਾਂ ਕਾਰਨ ਹਿੰਸਾ ਭੜਕੀ। ਇਹ ਅਜੀਬ ਦਲੀਲ ਸੀ। ਜੇ ਦਲਿਤਾਂ ਨੇ ਭਾਸ਼ਣਾਂ ਜਾਂ ਗੀਤਾਂ ਤੋਂ ਉਤੇਜਿਤ ਹੋ ਕੇ ਹਿੰਸਾ ਕੀਤੀ ਹੁੰਦੀ ਤਾਂ ਵੀ ਇਸ ਦੋਸ਼ 'ਤੇ ਵਿਚਾਰ ਕੀਤਾ ਜਾ ਸਕਦਾ ਸੀ ਪਰ ਹਿੰਸਾ ਤਾਂ ਦਲਿਤਾਂ ਉਪਰ ਕੀਤੀ ਗਈ। ਕੀ ਪੁਲਿਸ ਇਹ ਕਹਿਣਾ ਚਾਹੁੰਦੀ ਹੈ ਕਿ ਇਨ੍ਹਾਂ ਭਾਸ਼ਣਾਂ ਅਤੇ ਗੀਤਾਂ ਨੂੰ ਸੁਣ ਕੇ ਹਿੰਦੂਤਵੀ ਕਾਰਕੁਨ ਭੜਕ ਗਏ ਅਤੇ ਇਸ ਕਾਰਨ ਉਨ੍ਹਾਂ ਨੇ ਹਿੰਸਾ ਕੀਤੀ?... ਭਾਵ, ਦਲਿਤਾਂ ਨੂੰ ਉਨ੍ਹਾਂ ਉਪਰ ਹੋਈ ਹਿੰਸਾ ਲਈ ਜ਼ਿੰਮੇਵਾਰ ਠਹਿਰਾਇਆ ਗਿਆ! ਜਿਵੇਂ ਔਰਤਾਂ ਨੂੰ ਅਕਸਰ ਕਿਹਾ ਜਾਂਦਾ ਹੈ ਕਿ ਉਹ ਕੱਪੜਿਆਂ, ਹਾਵ-ਭਾਵ ਨਾਲ ਮਰਦਾਂ ਨੂੰ ਆਪਣੇ ਉਪਰ ਹਿੰਸਾ ਲਈ ਉਕਸਾਉਂਦੀਆਂ ਹਨ!

**ਵਿਆਪਕ ਮਾਓਵਾਦੀ ਸਾਜ਼ਿਸ਼:** ਪੁਲਿਸ ਇੱਥੇ ਨਹੀਂ ਰੁਕੀ। ਇਸ ਨੇ ਐਲਗਾਰ ਪ੍ਰੀਸ਼ਦ ਦੇ ਪ੍ਰਬੰਧ ਨੂੰ ਹਿੰਸਾ ਪਿਛਲੀ ਸਾਜ਼ਿਸ਼ ਦਾ ਹਿੱਸਾ ਮੰਨਦਿਆਂ ਜਾਂਚ ਸ਼ੁਰੂ ਕੀਤੀ। ਪੁਲਿਸ ਜਾਂਚ ਦਾ ਘੇਰਾ ਵਧਾਉਂਦੀ ਗਈ ਅਤੇ ਇਸ ਨੇ ਦਾਅਵਾ ਕੀਤਾ ਕਿ ਇਸ ਦੀ ਜਾਂਚ 'ਚ ਮੁਲਕ-ਵਿਆਪੀ 'ਵਿਆਪਕ ਮਾਓਵਾਦੀ ਸਾਜ਼ਿਸ਼' ਸਾਹਮਣੇ ਆਈ ਹੈ ਜਿਸ ਦੇ ਇਰਾਦੇ ਭਿਆਨਕ ਸਨ। ਇਹ ਸਰਕਾਰ ਨੂੰ ਦਹਿਸ਼ਤਜ਼ਦਾ ਕਰਨਾ ਚਾਹੁੰਦੀ ਸੀ, ਸਾਜ਼ਿਸ਼ ਘਾੜਿਆਂ ਦਾ ਇਰਾਦਾ ਪ੍ਰਧਾਨ ਮੰਤਰੀ ਦੀ ਹੱਤਿਆ ਕਰਨ ਦਾ ਸੀ, ਇਹ ਖੁਲਾਸਾ ਪੁਲਿਸ ਨੇ ਆਪਣੀ 'ਛਾਣਬੀਣ' ਰਾਹੀਂ ਕੀਤਾ।

**ਸ਼ਹਿਰੀ ਨਕਸਲੀ:** ਇਸ 'ਸਾਜ਼ਿਸ਼ ਦੇ ਦਿਮਾਗਾਂ' ਦੀ ਖੋਜ ਕਰਦੇ ਹੋਏ ਪੁਲਿਸ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨਾ ਸ਼ੁਰੂ ਕਰ ਦਿੱਤਾ ਜਿਨ੍ਹਾਂ ਨੂੰ ਅੱਜ ਕੱਲ੍ਹ ਦੀ ਸਰਕਾਰੀ ਬੋਲੀ ਵਿਚ ਮਾਓਵਾਦੀ ਜਾਂ ਸ਼ਹਿਰੀ ਨਕਸਲੀ ਕਿਹਾ ਜਾਂਦਾ ਹੈ। ਅਸੀਂ ਆਮ ਤੌਰ 'ਤੇ ਸਰਕਾਰ ਦੀ ਬੋਲੀ 'ਤੇ ਸਵਾਲ ਨਹੀਂ ਉਠਾਉਂਦੇ। ਇਸ ਲਈ ਮੀਡੀਆ ਦੇ ਵੱਡੇ ਹਿੱਸੇ ਨੇ ਮੰਨ ਲਿਆ ਕਿ ਆਦਿਵਾਸੀਆਂ ਦੇ ਹੱਕਾਂ ਲਈ ਲੜਨ ਵਾਲੇ ਫਾਦਰ ਸਟੈਨ ਸਵਾਮੀ, ਸੁਧਾ ਭਾਰਦਵਾਜ, ਅੰਗਰੇਜ਼ੀ ਦੇ ਪ੍ਰੋਫੈਸਰ ਹਨੀ ਬਾਬੂ, ਦਲਿਤ ਵਿਦਵਾਨ ਡਾ. ਆਨੰਦ ਤੇਲਤੁੰਬੜੇ, ਕਲਾਕਾਰ ਜੋਤੀ ਜਗਤਾਪ, ਕਵੀ ਤੇ ਸਿਆਸੀ ਕਾਰਕੁਨ ਵਰਾਵਰਾ ਰਾਓ, ਪੱਤਰਕਾਰ ਤੇ ਮਨੁੱਖੀ ਹੱਕਾਂ ਦੇ ਕਾਰਕੁਨ ਗੌਤਮ ਨਵਲੱਖਾ ਸਮੇਤ ਗ੍ਰਿਫ਼ਤਾਰ ਕੀਤੇ 16 ਜਣੇ ਸ਼ਹਿਰੀ ਨਕਸਲੀ ਹਨ।

**ਰੋਨਾ ਵਿਲਸਨ ਤੋਂ ਬਰਾਮਦ ਚਿੱਠੀ:** ਪੁਣੇ ਪੁਲਿਸ ਨੇ ਲੋਕਾਂ ਨੂੰ ਦੱਸਣਾ ਸ਼ੁਰੂ ਕਰ ਦਿੱਤਾ ਕਿ ਇਹ ਸਾਰੇ ਲੋਕ ਪ੍ਰਧਾਨ ਮੰਤਰੀ ਨੂੰ ਕਤਲ ਕਰਨ ਬਾਰੇ ਵੀ ਸੋਚ ਰਹੇ ਸਨ। ਇਸ ਦੇ ਸਬੂਤ ਵਜੋਂ ਦਿੱਲੀ ਤੋਂ ਕਾਰਕੁਨ ਰੋਨਾ ਵਿਲਸਨ ਦੇ ਕੰਪਿਊਟਰ 'ਚੋਂ 'ਬਰਾਮਦ ਹੋਈ' ਐਸੀ ਚਿੱਠੀ ਪੇਸ਼ ਕੀਤੀ ਗਈ ਜਿਸ ਉਪਰ ਲਿਖਣ ਵਾਲੇ ਦੇ ਦਸਤਖ਼ਤ ਨਹੀਂ ਸਨ ਅਤੇ ਜਿਸ ਨੂੰ ਪੜ੍ਹ ਕੇ



*ਪ੍ਰੋ. ਆਨੰਦ ਤੇਲਤੁੰਬੜੇ ਦੀ ਇਕ ਪੁਰਾਣੀ ਤਸਵੀਰ।*

ਸਾਧਾਰਨ ਬੁੱਧੀ ਵਾਲਾ ਵਿਅਕਤੀ ਵੀ ਸਮਝ ਸਕਦਾ ਹੈ ਕਿ ਪੁਲਿਸ ਨੇ ਇਹ ਜਾਅਲੀ ਸਬੂਤ ਘੜਿਆ ਹੈ। ਇਸ ਚਿੱਠੀ ਦੀ ਮਦਦ ਨਾਲ ਆਨੰਦ ਨੂੰ ਗ੍ਰਿਫ਼ਤਾਰ ਕੀਤਾ ਗਿਆ।

ਆਨੰਦ ਉਪਰ ਪੁਲਿਸ ਦਾ ਇਲਜ਼ਾਮ ਇਹ ਹੈ ਕਿ ਉਹ ਮਾਓਵਾਦੀਆਂ ਦਾ ਵੱਡਾ ਬੁੱਧੀਜੀਵੀ ਹੈ, ਐਲਗਾਰ ਪ੍ਰੀਸ਼ਦ ਪਿੱਛੇ ਉਸੇ ਦਾ ਦਿਮਾਗ ਸੀ, ਉਹ ਮਾਓਵਾਦੀ ਪਾਰਟੀ ਦੇ ਸੀਨੀਅਰ ਨੇਤਾ ਮਿਲਿੰਦ ਤੇਲਤੁੰਬੜੇ ਨਾਲ ਮਿਲ ਕੇ ਸਾਜ਼ਿਸ਼ ਰਚ ਰਿਹਾ ਸੀ। ਮਾਓਵਾਦੀ ਪਾਰਟੀ ਉਨ੍ਹਾਂ ਨੂੰ ਪੈਸੇ ਦੇ ਕੇ ਵਿਦੇਸ਼ਾਂ ਵਿਚ ਸੈਮੀਨਾਰਾਂ ਵਗੈਰਾ 'ਚ ਭੇਜਦੀ ਸੀ ਜਿੱਥੋਂ ਉਹ ਖ਼ਤਰਨਾਕ ਅਧਿਐਨ ਸਮੱਗਰੀ ਲਿਆ ਕੇ ਮਾਓਵਾਦੀਆਂ ਨੂੰ ਦਿੰਦਾ ਸੀ।

ਪੁਲਿਸ ਨੇ ਆਨੰਦ ਉਪਰ ਇਹ ਦੋਸ਼ ਲਗਾਉਂਦੇ ਹੋਏ ਕਿਹਾ ਕਿ ਉਹ ਦਹਿਸ਼ਤਵਾਦੀ ਸਰਗਰਮੀਆਂ 'ਚ ਸ਼ਾਮਲ ਸੀ। ਉਸ ਵਿਰੁੱਧ ਸਭ ਤੋਂ ਸਖ਼ਤ ਦਹਿਸ਼ਤਵਾਦ ਵਿਰੋਧੀ ਕਾਨੂੰਨ ਯੂ.ਏ.ਪੀ.ਏ. ਦੀਆਂ ਸਭ ਤੋਂ ਕਰੜੀਆਂ ਧਾਰਾਵਾਂ ਲਗਾਈਆਂ ਗਈਆਂ। ਇਸ ਦਾ ਮਤਲਬ ਇਹ ਸੀ ਕਿ ਉਸ ਨੂੰ ਕਿਸੇ ਵੀ ਤਰ੍ਹਾਂ ਜ਼ਮਾਨਤ ਨਹੀਂ ਮਿਲ ਸਕਦੀ ਸੀ।

ਯੂ.ਏ.ਪੀ.ਏ. ਦੀ ਵਰਤੋਂ ਦਹਿਸ਼ਤਵਾਦੀ ਹਿੰਸਾ ਦਾ ਮੁਕਾਬਲਾ ਕਰਨ ਦੇ ਨਾਂ 'ਤੇ ਕੀਤੀ ਜਾਂਦੀ ਹੈ। ਇਸੇ ਕਰ ਕੇ ਬਾਕੀ ਜੁਰਮਾਂ ਨਾਲੋਂ ਇਸ ਵਿਚ ਵੱਖਰਾ ਰਵੱਈਆ ਅਪਣਾਇਆ ਜਾਂਦਾ ਹੈ। ਦੋਸ਼ੀ ਪੂਰੀ ਤਰ੍ਹਾਂ ਬੇਵੱਸ ਹੁੰਦਾ ਹੈ। ਅਦਾਲਤ ਨੂੰ ਜ਼ਮਾਨਤ ਦੇ ਪੜਾਅ 'ਤੇ ਪੁਲਿਸ ਦੇ ਦਾਅਵਿਆਂ ਦੀ ਸਚਾਈ ਦੀ ਜਾਂਚ ਕਰਨ ਦੀ ਮਨਾਹੀ ਹੈ; ਭਾਵ ਪੁਲਿਸ ਜੋ ਕਹਿ ਰਹੀ ਹੈ, ਅਦਾਲਤ ਨੂੰ ਉਸੇ ਨੂੰ ਮੰਨਣਾ ਪਵੇਗਾ; ਭਾਵ ਮੁਕੱਦਮੇ ਦੀ ਸੁਣਵਾਈ ਪੂਰੀ ਹੋਣ ਤੱਕ ਜਿਸ ਨੂੰ ਦਸ ਸਾਲ ਲੱਗ ਸਕਦੇ ਹਨ, ਦੋਸ਼ੀ ਸਿਰਫ਼ ਲਾਏ ਗਏ ਦੋਸ਼ਾਂ ਦੇ ਆਧਾਰ 'ਤੇ ਜੇਲ੍ਹ ਵਿਚ ਸੜਨ ਲਈ ਮਜਬੂਰ ਹਨ।

ਬੰਬੇ ਹਾਈ ਕੋਰਟ ਦੇ ਉਪਰੋਕਤ ਬੈਂਚ ਨੇ ਵੱਖਰਾ ਰਵੱਈਆ ਅਪਣਾਇਆ। ਬੈਂਚ ਨੇ ਆਨੰਦ ਖ਼ਿਲਾਫ਼ ਪੁਲੀਸ ਦੇ ਦੋਸ਼ਾਂ ਦੀ ਬਾਰੀਕੀ ਨਾਲ ਜਾਂਚ ਕੀਤੀ। ਉਸ ਨੇ ਕਿਹਾ ਕਿ ਕਿਉਂਕਿ ਦੋਸ਼ ਦਹਿਸ਼ਤਗਰਦੀ ਦੇ ਹਨ, ਇਸ ਲਈ ਜ਼ਰੂਰੀ ਹੈ ਕਿ ਇਹ ਹਰ ਤਰ੍ਹਾਂ ਦੀ ਜਾਂਚ 'ਤੇ ਪੂਰੇ ਉਤਰਨ। ਜਦੋਂ ਕਾਨੂੰਨ ਇੰਨਾ ਸਖ਼ਤ ਹੋਵੇ ਕਿ ਮੁਲਜ਼ਮ ਬਿਨਾ ਦੋਸ਼ ਸਾਬਤ ਕੀਤੇ ਸਾਲਾਂਬੱਧੀ ਜੇਲ੍ਹ ਵਿਚ ਰਹਿਣ ਲਈ ਸਰਾਪੇ ਹੋਣ ਤਾਂ ਉਨ੍ਹਾਂ ਦੀ ਸਚਾਈ ਦੀ ਜਾਂਚ ਵੀ ਓਨੀ ਹੀ ਸਖ਼ਤ ਹੋਣੀ ਚਾਹੀਦੀ ਹੈ। ਸਵਾਲ ਵਿਅਕਤੀ ਦੀ ਸੁਤੰਤਰਤਾ ਦਾ ਹੈ। ਸਟੇਟ ਦੇ ਸਾਰੇ ਅਦਾਰਿਆਂ ਨੂੰ ਇਸ ਦੀ ਰੱਖਿਆ ਲਈ ਕੰਮ ਕਰਨਾ ਪਵੇਗਾ। ਉਸ ਸੁਤੰਤਰਤਾ ਨਾਲ ਬਿਨਾ ਕਿਸੇ ਜਾਇਜ਼ ਕਾਰਨ ਦੇ ਸਮਝੌਤਾ ਨਹੀਂ ਕੀਤਾ ਜਾ ਸਕਦਾ।

ਕਿੱਥੇ ਹਨ ਸਬੂਤ?

ਆਨੰਦ ਮਰਹੂਮ ਮਾਓਵਾਦੀ ਆਗੂ ਮਿਲਿੰਦ ਦਾ ਭਰਾ ਹੈ ਪਰ ਇਸ ਤੋਂ ਇਹ ਸਾਬਤ ਨਹੀਂ ਹੁੰਦਾ ਕਿ ਉਹ ਖ਼ੁਦ ਮਾਓਵਾਦੀ ਹੈ। ਜੇ ਪੁਲਿਸ ਦੀ ਇਹ ਗੱਲ ਵੀ ਮੰਨ ਲਈ ਜਾਵੇ ਕਿ ਉਹ ਮਾਓਵਾਦੀ ਪਾਰਟੀ ਨਾਲ ਸਬੰਧਿਤ ਹੈ, ਹਾਲਾਂਕਿ ਪੁਲਿਸ ਇਸ ਦਾ ਕੋਈ ਸਬੂਤ ਪੇਸ਼ ਨਹੀਂ ਕਰ ਸਕੀ, ਫਿਰ ਵੀ ਇਹ ਸਬੂਤ ਨਹੀਂ ਹੈ ਕਿ ਉਹ ਕਿਸੇ ਹਿੰਸਕ ਕਾਰਵਾਈ ਵਿਚ ਸ਼ਾਮਲ ਸੀ। ਨਾ ਮਿਲਿੰਦ ਨਾਲ ਉਸ ਦੀਆਂ ਮਿਲਣੀਆਂ ਦਾ ਕੋਈ ਸਬੂਤ ਪੇਸ਼ ਕੀਤਾ ਗਿਆ। ਨਾ ਇਸ ਦਾ ਕੋਈ ਸਬੂਤ ਹੈ ਕਿ ਮਾਓਵਾਦੀ ਪਾਰਟੀ ਉਸ ਨੂੰ ਪੈਸੇ ਦਿੰਦੀ ਸੀ।

**ਉਮਰ ਖ਼ਾਲਿਦ ਕੇਸ:** ਇਸ ਬੈਂਚ ਨੇ ਪੁਲੀਸ ਵੱਲੋਂ ਪੇਸ਼ ਕੀਤੀਆਂ ਤਜਵੀਜ਼ਾਂ 'ਤੇ ਮੋਹਰ ਲਾਉਣ ਤੋਂ ਇਨਕਾਰ ਕਰ ਦਿੱਤਾ। ਇਸ ਬੈਂਚ ਨੇ ਉਹ ਨਹੀਂ ਕੀਤਾ ਜੋ ਦਿੱਲੀ ਦੀ ਅਦਾਲਤ ਨੇ ਉਮਰ ਖ਼ਾਲਿਦ ਦੀ ਜ਼ਮਾਨਤ ਦੀ ਅਰਜ਼ੀ ਰੱਦ ਕਰਨ ਲਈ ਕੀਤਾ ਸੀ। ਦਿੱਲੀ ਹਾਈ ਕੋਰਟ ਨੇ ਕਿਹਾ ਕਿ ਉਮਰ ਖ਼ਾਲਿਦ ਨੇ 'ਇਨਕਲਾਬ' ਜਾਂ 'ਕ੍ਰਾਂਤੀਕਾਰੀ' ਵਰਗੇ ਭਿਆਨਕ ਸ਼ਬਦਾਂ ਦੀ ਵਰਤੋਂ ਕੀਤੀ ਜਿਨ੍ਹਾਂ 'ਚੋਂ ਖ਼ੂਨ-ਖ਼ਰਾਬੇ ਦੀ ਬੂ ਆਉਂਦੀ ਹੈ। ਪੁਲਿਸ ਤੋਂ ਸੌ ਕਦਮ ਅੱਗੇ ਜਾ ਕੇ ਅਦਾਲਤ ਨੇ ਬਿਨਾ ਕਿਸੇ ਸਬੂਤ ਦੇ ਉਮਰ ਨੂੰ ਖ਼ੂੰਖਾਰ ਸ਼ਖ਼ਸ ਵਾਂਗ ਪੇਸ਼ ਕੀਤਾ; ਭਾਵ, ਅਦਾਲਤ ਨੇ ਹੀ ਉਮਰ 'ਤੇ ਦੋਸ਼ ਲਾਉਣੇ ਸ਼ੁਰੂ ਕਰ ਦਿੱਤੇ।

ਦਿੱਲੀ ਪੁਲਿਸ ਕੋਲ ਕੋਈ ਸਬੂਤ ਨਹੀਂ ਹੈ ਕਿ ਦਿੱਲੀ ਹਿੰਸਾ ਲਈ ਉਮਰ ਕਿਸੇ ਵੀ ਤਰ੍ਹਾਂ ਜ਼ਿੰਮੇਵਾਰ ਹੈ ਪਰ ਅਦਾਲਤ ਨੇ ਪੁਲਿਸ ਤੋਂ ਸਬੂਤ ਮੰਗਣ ਦੀ ਬਜਾਇ ਖ਼ੁਦ ਹੀ ਸਬੂਤ ਤਜਵੀਜ਼ ਕਰਨੇ ਸ਼ੁਰੂ ਕਰ ਦਿੱਤੇ ਕਿ ਸਿਰਫ਼ ਇਨਕਲਾਬੀ ਇਸਤਕਬਾਲ ਜਾਂ ਕ੍ਰਾਂਤੀਕਾਰੀ ਸ਼ੁਭਕਾਮਨਾਵਾਂ ਕਹਿਣਾ ਹੀ ਸਾਬਤ ਕਰਦਾ ਹੈ ਕਿ ਉਮਰ ਦਾ ਇਰਾਦਾ ਖ਼ੂਨ-ਖ਼ਰਾਬਾ ਕਰਾਉਣਾ ਸੀ। ਇਸ ਤੋਂ ਬਾਅਦ ਉਮਰ ਕੋਲ ਕਿਹੜੀ ਦਲੀਲ ਬਾਕੀ ਰਹਿ ਜਾਂਦੀ ਹੈ?

ਬੰਬੇ ਅਦਾਲਤ ਨੇ ਅਜਿਹਾ ਨਹੀਂ ਕੀਤਾ। ਉਸ ਨੂੰ ਪੁਲਿਸ ਦੀ ਮਦਦ ਕਰਨ ਲਈ ਕੋਈ ਕਾਲਪਨਿਕ ਕਹਾਣੀ ਘੜਨ ਵਿਚ ਦਿਲਚਸਪੀ ਨਹੀਂ ਸੀ; ਹਾਲਾਂਕਿ ਜਿਵੇਂ ਅਸੀਂ ਪਹਿਲਾਂ ਲਿਖਿਆ ਹੈ, ਉਸੇ ਅਦਾਲਤ ਨੇ ਕੁਝ ਦਿਨ ਪਹਿਲਾਂ ਜੋਤੀ ਜਗਤਾਪ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰਨ ਵਿਚ ਦਿੱਲੀ ਅਦਾਲਤ ਵਰਗਾ ਹੀ ਰੁਖ਼ ਅਪਣਾਇਆ। ਜੋਤੀ ਨੇ ਆਪਣੇ ਗੀਤਾਂ 'ਚ ਸਰਕਾਰ 'ਤੇ ਵਿਅੰਗ ਕੱਸਿਆ ਸੀ, ਸਰਕਾਰ ਦੀਆਂ ਨੀਤੀਆਂ ਦੀ ਆਲੋਚਨਾ ਕੀਤੀ ਸੀ; ਤੇ ਇਹ ਉਸ ਦੇ ਦਿਮਾਗ ਦੇ ਦਹਿਸ਼ਤਵਾਦੀ ਹੋਣ ਦਾ ਚੋਖਾ ਸਬੂਤ ਸੀ!

ਆਨੰਦ ਵਾਂਗ ਹੀ ਪ੍ਰੋਫੈਸਰ ਹਨੀ ਬਾਬੂ ਦੇ ਖ਼ਿਲਾਫ਼ ਵੀ ਕੋਈ ਸਬੂਤ ਨਹੀਂ ਹੈ ਪਰ ਦੋਵਾਂ ਦੀਆਂ ਜ਼ਮਾਨਤ ਅਰਜ਼ੀਆਂ ਰੱਦ ਕਰ ਦਿੱਤੀਆਂ ਗਈਆਂ। ਇਸ ਦਾ ਮਤਲਬ ਇਹੀ ਹੈ ਕਿ ਸਾਡੀਆਂ ਅਦਾਲਤਾਂ ਇਸ ਅਤਿ-ਰਾਸ਼ਟਰਵਾਦੀ ਸਮੇਂ 'ਚ ਵਿਅਕਤੀ ਦੀ ਸੁਤੰਤਰਤਾ ਨਾਲੋਂ ਰਾਜ ਦੇ ਰੁਤਬੇ ਦੀ ਰਾਖੀ ਕਰਨ ਲਈ ਵਧੇਰੇ ਫ਼ਿਕਰਮੰਦ ਹਨ। ਇਹ ਸੰਵਿਧਾਨ ਨਹੀਂ, ਸਰਕਾਰ ਦੀ ਸੁਰੱਖਿਆ ਨੂੰ ਆਪਣੀ ਜ਼ਿੰਮੇਵਾਰੀ ਸਮਝੀ ਬੈਠੀਆਂ ਹਨ। ਇਸ ਲਈ ਆਨੰਦ ਨੂੰ ਜ਼ਮਾਨਤ ਦੇਣ ਸਮੇਂ ਯੂ.ਏ.ਪੀ.ਏ. ਦੀ ਵਰਤੋਂ ਦੇ ਪੁਲਿਸ ਦੇ ਦਾਅਵਿਆਂ ਦੀ ਜਾਂਚ ਕਰਨ ਲਈ ਉਸ ਨੇ ਜੋ ਸਖ਼ਤ ਕਸੌਟੀ ਅਪਣਾਈ ਹੈ, ਉਹ ਅਪਵਾਦ ਬਣ ਕੇ ਨਾ ਰਹਿ ਜਾਵੇ, ਇਸ ਦੀ ਉਮੀਦ ਹੀ ਕੀਤੀ ਜਾ ਸਕਦੀ ਹੈ।

ਜ਼ਮਾਨਤ ਦੇ ਬਾਵਜੂਦ ਆਨੰਦ ਜੇਲ੍ਹ ਵਿਚ ਹੈ ਕਿਉਂਕਿ ਸਟੇਟ ਇਸ ਫ਼ੈਸਲੇ ਦੇ ਖ਼ਿਲਾਫ਼ ਸੁਪਰੀਮ ਕੋਰਟ 'ਚ ਜਾਣਾ ਚਾਹੁੰਦਾ ਹੈ। ਸਟੇਟ ਨੂੰ ਉਥੇ ਉਮੀਦ ਹੈ ਕਿਉਂਕਿ ਪ੍ਰੋਫੈਸਰ ਸਾਈਬਾਬਾ ਨੂੰ ਬੰਬੇ ਅਦਾਲਤ ਦੁਆਰਾ ਬਰੀ ਕੀਤੇ ਜਾਣ ਤੋਂ ਬਾਅਦ ਸੁਪਰੀਮ ਕੋਰਟ ਨੇ ਤੁਰੰਤ ਉਸ ਆਦੇਸ਼ ਉਪਰ ਰੋਕ ਲਗਾ ਦਿੱਤੀ ਸੀ। ਆਨੰਦ ਦੀ ਜ਼ਮਾਨਤ ਦੇ ਮਾਮਲੇ ਵਿਚ ਵੀ ਸੁਪਰੀਮ ਕੋਰਟ ਅਜਿਹਾ ਹੀ ਕਰੇਗੀ, ਸਟੇਟ ਇਹ ਮੰਨ ਕੇ ਚੱਲ ਰਿਹਾ ਹੈ।

ਲਿਹਾਜ਼ਾ ਇਸ ਹਫ਼ਤੇ ਸਾਨੂੰ ਇਕ ਵਾਰ ਫਿਰ ਪਤਾ ਲੱਗੇਗਾ ਕਿ ਸਾਡੀ ਸੁਪਰੀਮ ਕੋਰਟ ਦੀ ਨਜ਼ਰ 'ਚ ਅੱਜ ਵਿਅਕਤੀ ਦੀ ਸੁਤੰਤਰਤਾ ਦੀ ਕੀਮਤ ਕਿੰਨੀ ਹੈ!

# ਵਾਤਾਵਰਨ ਸੰਕਟ ਅਤੇ ਸੰਸਾਰ

ਸ਼ੁਰੂ ਹੋਣ ਤੋਂ ਪਹਿਲਾਂ ਹੀ ਕਿਆਸ ਲੱਗ ਜਾਂਦੇ ਹਨ ਕਿ ਵਾਤਾਵਰਨ ਬਾਰੇ ਆਲਮੀ ਕਾਨਫਰੰਸ ਦਾ ਕੀ ਸਿੱਟਾ ਆਵੇਗਾ। ਅੰਤਿਮ ਲੜਾਈ ਦੇ ਆਸਾਰ ਬਣ ਜਾਂਦੇ ਹਨ, ਬਹੁਤ ਸਾਰੀ ਬਿਆਨਬਾਜ਼ੀ ਹੁੰਦੀ ਹੈ, ਆਖ਼ਿਰੀ ਪਲਾਂ 'ਤੇ ਗੱਲਬਾਤ ਨੂੰ ਟੁੱਟਣ ਤੋਂ ਬਚਾਉਣ ਲਈ ਕੁਝ ਸਮਝੌਤੇ ਕਰ ਲਏ ਜਾਂਦੇ ਹਨ ਅਤੇ ਅੰਤ ਨੂੰ ਥੱਕ ਟੁੱਟ ਕੇ ਡੈਲੀਗੇਟ ਘਰਾਂ ਨੂੰ ਪਰਤ ਜਾਂਦੇ ਹਨ। ਫਿਰ ਬਹੁਤਾ ਕੁਝ ਨਹੀਂ ਵਾਪਰਦਾ।

**ਟੀ.ਐਨ. ਨੈਨਾਨ**

ਜੇ ਟੀਚੇ ਤੈਅ ਕਰਨ ਦਾ ਕਾਨਫਰੰਸ ਦਾ ਦਬਾਓ ਨਾ ਹੋਵੇ ਤਾਂ ਸ਼ਾਇਦ ਹੋਰ ਵੀ ਘੱਟ ਵਾਪਰੇਗਾ। ਠੀਕ ਇਸੇ ਕਾਰਨ ਕਰ ਕੇ ਪਿਛਲੇ 50 ਸਾਲਾਂ ਦਾ ਰਿਕਾਰਡ (1972 ਵਿਚ ਵਾਤਾਵਰਨ ਬਾਰੇ ਸਟਾਕਹੋਮ ਵਿਚ ਹੋਈ ਪਹਿਲੀ ਕਾਨਫਰੰਸ ਤੋਂ ਲੈ ਕੇ) ਵਾਤਾਵਰਨ ਦੇ ਸੰਕਟ ਪ੍ਰਤੀ ਉਪਰਾਮਤਾ ਨਾਲ ਭਰਿਆ ਨਜ਼ਰ ਆਉਂਦਾ ਹੈ।

ਇਸ ਦੇ ਬਾਵਜੂਦ ਇਹ ਸੋਚਣਾ ਗਲਤ ਹੋਵੇਗਾ ਕਿ ਕੋਈ ਪ੍ਰਾਪਤੀ ਹੋਈ ਹੀ ਨਹੀਂ ਹੈ। ਰਫ਼ਤਾਰ ਭਾਵੇਂ ਬਹੁਤ ਮੱਠੀ ਹੈ ਪਰ ਕਾਫ਼ੀ ਪ੍ਰਗਤੀ ਹੋਈ ਹੈ ਹਾਲਾਂਕਿ ਇਸ ਮੱਠੀ ਰਫ਼ਤਾਰ ਦੀ ਦੁਨੀਆ, ਖ਼ਾਸਕਰ ਇਸ ਦੀ ਗਰੀਬ ਜਨਤਾ ਨੂੰ ਬਹੁਤ ਭਾਰੀ ਕੀਮਤ ਤਾਰਨੀ ਪਵੇਗੀ। ਹਰ ਸਾਲ ਸਰਦੀ ਦੀ ਆਮਦ ਮੌਕੇ ਜਦੋਂ ਦਿੱਲੀ ਤੇ ਇਸ ਦਾ ਨੇੜਲਾ ਖੇਤਰ ਜ਼ਹਿਰੀਲਾ ਗੈਸ ਚੈਂਬਰ ਬਣ ਜਾਂਦਾ ਹੈ ਤਾਂ ਇਸ ਦੀ ਤੁਲਨਾ ਦੁਨੀਆ ਭਰ ਦੇ ਹਾਲਾਤ ਨਾਲ ਕੀਤੀ ਜਾਂਦੀ ਹੈ। ਕਈ ਦਹਾਕਿਆਂ ਤੋਂ ਆਫ਼ਤ ਦੀਆਂ ਪੇਸ਼ੀਨਗੋਈਆਂ ਕੀਤੀਆਂ ਜਾ ਰਹੀਆਂ ਸਨ ਤੇ ਕੁਝ ਦਰੁਸਤੀ ਕਦਮ ਵੀ ਉਠਾਏ ਗਏ ਪਰ ਅੱਜ ਜੋ ਹਕੀਕਤ ਹੈ, ਉਹ ਆਫ਼ਤ ਤੋਂ ਘੱਟ ਨਹੀਂ ਹੈ। ਜਦੋਂ ਕਲੱਬ ਆਫ ਰੋਮ ਵਲੋਂ 1972 ਵਿਚ 'ਲਿਮਿਟ ਟੂ ਗਰੋਥ' (ਵਿਕਾਸ ਦੀ ਸੀਮਾ) ਨਾਂ ਦੀ ਕਿਤਾਬ ਪ੍ਰਕਾਸ਼ਤ ਕਰਵਾਈ ਗਈ ਸੀ ਤਾਂ ਇਹ ਹੱਥੋ-ਹੱਥ ਵਿਕੀ ਸੀ ਤੇ ਪਰ ਇਸ ਦੇ ਮੂਲ ਸੰਦੇਸ਼ ਦੀ ਕਈ ਲੋਕਾਂ ਵਲੋਂ ਨੁਕਤਾਚੀਨੀ ਕੀਤੀ ਗਈ ਸੀ।

ਬਹਰਹਾਲ, ਇਹ ਫ਼ੈਸਲਾਕੁਨ ਸੰਮੇਲਨ ਸੀ। ਇਸ ਦੀ ਵੀਹਵੀਂ ਵਰ੍ਹੇਗੰਢ 'ਤੇ ਰੀਓ ਡੀ ਜਨੀਰੋ ਵਿਖੇ ਹੋਏ 'ਧਰਤ ਸੰਮੇਲਨ' ਵਿਚ ਜਲਵਾਯੂ ਤਬਦੀਲੀ ਬਾਰੇ ਅਹਿਦਨਾਮੇ ਦਾ ਚੌਖਟਾ ਤਿਆਰ ਕੀਤਾ ਗਿਆ। ਇਸ ਤੋਂ ਬਾਅਦ ਹੋਈਆਂ ਕਈ ਹੋਰ ਕਾਨਫਰੰਸਾਂ ਸਦਕਾ 1997 ਵਿਚ ਕਿਓਟੋ ਪ੍ਰੋਟੋਕਾਲ ਤੈਅ ਪਾਇਆ ਜਿਸ ਵਿਚ ਤਿੰਨ ਦਰਜਨ ਵਿਕਸਤ ਅਰਥਚਾਰਿਆਂ ਨੂੰ ਕਿਹਾ ਗਿਆ ਕਿ ਉਹ ਆਪੋ-ਆਪਣੀ ਕਾਰਬਨ ਗੈਸਾਂ ਦੀ ਨਿਕਾਸੀ ਘਟਾ ਕੇ 1990 ਦੇ ਪੱਧਰ ਤੱਕ ਲੈ ਕੇ ਆਉਣ। 2005 ਤੱਕ ਸੰਧੀ ਦੀ ਪ੍ਰੋੜਤਾ ਦਾ ਅਮਲ ਚਲਦਾ ਰਿਹਾ ਤੇ ਸਮੇਂ ਸਮੇਂ 'ਤੇ ਕਾਰਬਨ ਡਾਇਆਕਸਾਈਡ ਦੀ ਨਿਕਾਸੀ ਦੇ ਟੀਚੇ ਤੈਅ ਕੀਤੇ ਜਾਂਦੇ ਰਹੇ। ਕੋਈ ਟੀਚਾ ਅਜਿਹਾ ਨਹੀਂ ਸੀ ਜੋ ਪੂਰਾ ਹੋ ਸਕਿਆ; ਫਿਰ ਵੀ ਹੋਰ ਕਾਨਫਰੰਸਾਂ ਹੁੰਦੀਆਂ ਰਹੀਆਂ (ਕੋਪਨਹੇਗਨ-2009, ਪੈਰਿਸ-2015 ਆਦਿ)। ਹੁਣ ਟੀਚਿਆਂ ਨਾਲ ਅਸੂਲ ਵੀ ਜੋੜ ਦਿੱਤੇ ਗਏ ਹਨ ਜਿਨ੍ਹਾਂ ਚੋਂ ਸਭ ਤੋਂ ਅਹਿਮ ਅਸੂਲ ਇਹ ਹੈ ਕਿ ਪ੍ਰਦੂਸ਼ਣ ਘਟਾਉਣ ਅਤੇ ਇਸ ਕਰ ਕੇ ਹੋਏ ਨੁਕਸਾਨ ਦੀ ਭਰਪਾਈ ਦੀ ਮੁੱਖ ਜ਼ਿੰਮੇਵਾਰੀ ਪ੍ਰਮੁੱਖ ਪ੍ਰਦੂਸ਼ਣਕਾਰੀਆਂ ਦੀ ਬਣਦੀ ਹੈ। ਹੁਣ ਕੁਝ ਲੋਕ ਇਸ ਵਿਚਾਰ 'ਤੇ ਹੱਸ ਛੱਡਦੇ ਹਨ।


ਸੋ, ਹੁਣ ਅਸੀਂ ਕਿੱਥੇ ਖੜ੍ਹੇ ਹਾਂ? ਸਨਅਤੀ ਕ੍ਰਾਂਤੀ ਵੇਲੇ ਦੇ ਪੱਧਰ ਤੋਂ ਔਸਤਨ ਆਲਮੀ ਤਾਪਮਾਨ 1.5 ਡਿਗਰੀ ਸੈਲਸੀਅਸ ਤੱਕ ਸੀਮਤ ਰੱਖਣ ਦੀ ਆਫ਼ਤ ਸੀਮਾ ਦੇ 80 ਫ਼ੀਸਦ ਤੱਕ ਦੁਨੀਆ ਪਹਿਲਾਂ ਹੀ ਢੁਕ ਚੁੱਕੀ ਹੈ। ਜਿਸ ਹਿਸਾਬ ਨਾਲ ਕਾਰਬਨ ਗੈਸਾਂ ਦੀ ਨਿਕਾਸੀ ਹੋ ਰਹੀ ਹੈ, ਉਸ ਤੋਂ ਜਾਪ ਰਿਹਾ ਹੈ ਕਿ ਔਸਤਨ ਆਲਮੀ ਤਪਸ਼ ਪੂਰਵ ਸਨਅਤੀ ਕ੍ਰਾਂਤੀ ਦੇ ਪੱਧਰ ਤੋਂ 2 ਡਿਗਰੀ ਸੈਲਸੀਅਸ ਤੋਂ ਵੀ ਉਪਰ ਚਲਿਆ ਜਾਵੇਗਾ। ਦੁਨੀਆ ਵਾਯੂਮੰਡਲ ਵਿਚ ਕਾਰਬਨ ਦੇ ਕੁੱਲ ਲੋਡ ਦਾ ਦੋ ਤਿਹਾਈ ਹਿੱਸਾ ਕਵਰ ਕਰ ਚੁੱਕੀ ਹੈ। ਇਸ ਲਈ ਜਲਵਾਯੂ ਤਬਦੀਲੀ ਸਾਡੇ ਸਿਰਾਂ 'ਤੇ ਮੰਡਰਾ ਰਹੀ ਹੈ। ਕਰੋੜਾਂ ਲੋਕਾਂ, ਖ਼ਾਸਕਰ ਗ਼ਰੀਬਾਂ ਨੂੰ ਇਸ ਦੀ ਕੀਮਤ ਅਦਾ ਕਰਨੀ ਪੈ ਰਹੀ ਹੈ ਜਾਂ ਪਵੇਗੀ। ਦੁਨੀਆ ਦੇ ਬਹੁਤ ਸਾਰੇ ਖੇਤਰ ਰਹਿਣ ਲਾਇਕ ਨਹੀਂ ਬਚਣਗੇ। ਪ੍ਰਜਾਤੀਆਂ ਦੀ ਤਬਾਹੀ ਬਹੁਤ ਤੇਜ਼ ਹੋ ਜਾਵੇਗੀ। ਇਸ ਕਿਸਮ ਦੇ ਕੁਦਰਤੀ, ਆਰਥਿਕ ਤੇ ਮਨੁੱਖੀ ਸਿੱਟੇ ਸਾਹਮਣੇ ਆਉਣਗੇ ਕਿ ਸਰਕਾਰਾਂ ਕੋਲ ਇਨ੍ਹਾਂ ਨਾਲ ਸਿੱਝਣ ਦੇ ਸਾਧਨ ਨਹੀਂ ਹੋਣਗੇ। ਇਸ ਨਾਲ ਤਬਾਹੀ ਕਈ ਗੁਣਾ ਵਧ ਜਾਵੇਗੀ।

ਚੰਗੀ ਖ਼ਬਰ ਇਹ ਹੈ ਕਿ ਕਈ ਅਮੀਰ, ਉੱਤਰ ਸਨਅਤੀ ਅਰਥਚਾਰਿਆਂ ਨੇ ਆਪੋ-ਆਪਣੀ ਕਾਰਬਨ ਨਿਕਾਸੀ ਘਟਾਉਣੀ ਸ਼ੁਰੂ ਕਰ ਦਿੱਤੀ ਹੈ। ਕਈ ਹੋਰਨਾਂ (ਭਾਰਤ ਸਣੇ) ਨੇ ਬਹੁਤ ਜ਼ਿਆਦਾ ਊਰਜਾ ਖਪਤ ਕਰਨ ਵਾਲੀ ਆਰਥਿਕ ਸਰਗਰਮੀ ਨੂੰ ਘਟਾਇਆ ਹੈ ਜਦਕਿ ਵਰਤੋਂ ਵਿਚ ਲਿਆਂਦੀ ਜਾ ਰਹੀ ਊਰਜਾ ਵੀ ਸਵੱਛ ਹੋ ਰਹੀ ਹੈ। ਹਾਲਾਂਕਿ 'ਨੈੱਟ ਜ਼ੀਰੋ' ਕਾਰਬਨ ਨਿਕਾਸੀ ਦੇ ਟੀਚੇ ਨੂੰ ਪੂਰਾ ਹੋਣ ਵਿਚ ਕਈ ਦਹਾਕੇ ਲੱਗ ਜਾਣਗੇ ਪਰ ਤਾਂ ਵੀ ਇਹ ਟੀਚਾ ਤੈਅ ਕਰਨਾ ਵੀ ਆਪਣੇ ਆਪ ਵਿਚ ਇਕ ਵੱਡੀ ਪ੍ਰਾਪਤੀ ਤੋਂ ਘੱਟ ਨਹੀਂ ਹੈ।

ਪਿਛਲੇ 50 ਸਾਲਾਂ ਦੇ ਸਬਕ ਕੀ ਹਨ? ਪਹਿਲਾ, ਕਾਨਫਰੰਸਾਂ ਵਿਚ ਹੁੰਦੀ ਜੁਮਲੇਬਾਜ਼ੀ ਜਿਵੇਂ ਇਸ ਵੇਲੇ ਸ਼ਰਮ-ਅਲ-ਸ਼ੇਖ਼ (ਮਿਸਰ) ਵਿਚ ਹੋ ਰਹੀ ਹੈ, ਦੇ ਬਾਵਜੂਦ ਇਸ ਕਿਸਮ ਦੀਆਂ ਮੀਟਿੰਗਾਂ ਨਾਲ ਅਕਸਰ ਸੂਈ ਸਰਕਦੀ ਤਾਂ ਰਹਿੰਦੀ ਹੈ ਪਰ ਇਸ ਦੀ ਰਫ਼ਤਾਰ ਇੰਨੀ ਮੱਠੀ ਹੁੰਦੀ ਹੈ ਕਿ ਅਕਸਰ ਦੇਰ ਹੋ ਜਾਂਦੀ ਹੈ। ਕਈ ਵਾਰ ਸੂਈ ਪੁੱਠੀ ਵੀ ਗਿੜਨ ਲੱਗ ਪੈਂਦੀ ਹੈ ਜਿਵੇਂ ਯੂਕਰੇਨ-ਰੂਸ ਯੁੱਧ ਵਿਚ ਹੋਇਆ ਹੈ ਕਿ ਕੋਲੇ ਦੀ ਵਰਤੋਂ ਦਾ ਵਿਰੋਧ ਕਰਨ ਵਾਲੇ ਮੁਲਕਾਂ ਨੂੰ ਆਪੋ-ਆਪਣੇ ਤਾਪ ਬਿਜਲੀ ਘਰ ਮੁੜ ਚਲਾਉਣੇ ਪੈ ਰਹੇ ਹਨ। ਦੂਜਾ, ਵਾਰ ਵਾਰ ਵਾਅਦੇ ਕਰਨ ਦੇ ਬਾਵਜੂਦ ਅਜੇ ਤੱਕ ਕੋਈ ਵੀ ਅਮੀਰ ਮੁਲਕ ਜਲਵਾਯੂ ਤਬਦੀਲੀ ਨਾਲ ਸਿੱਝਣ ਲਈ ਗ਼ਰੀਬ ਮੁਲਕਾਂ ਦੀ ਮਦਦ ਲਈ ਕੋਈ ਵੱਡੀ ਰਕਮ ਦੇਣ ਲਈ ਤਿਆਰ ਨਹੀਂ ਹੈ ਹਾਲਾਂਕਿ ਇਹ ਸਮੱਸਿਆ ਗਰੀਬਾਂ ਕਰ ਕੇ ਪੈਦਾ ਨਹੀਂ ਹੋਈ ਹੈ। ਤੀਜਾ, ਬਹੁਤ ਘੱਟ ਦੇਸ਼ ਹਨ ਜੋ ਆਪਣੀਆਂ ਕਾਰਬਨ ਨਿਕਾਸੀ ਵਾਲੀਆਂ ਜੀਵਨ ਸ਼ੈਲੀਆਂ (ਖਾਣ ਪੀਣ ਦੀਆਂ ਆਦਤਾਂ ਤੋਂ ਸ਼ੁਰੂ ਕਰ ਕੇ) ਬਦਲਣ ਲਈ ਤਿਆਰ ਹਨ। ਇਨ੍ਹਾਂ ਤੋਂ ਬਿਨਾ ਤਕਨਾਲੋਜੀ ਕੁਝ ਕੁ ਹੱਲ ਮੁਹੱਈਆ ਕਰਵਾ ਸਕਦੀ ਹੈ ਪਰ ਪੂਰਾ ਹੱਲ ਨਹੀਂ ਦੇ ਸਕਦੀ। ਆਖ਼ਰੀ ਇਹ ਕਿ 'ਵਿਕਾਸ' ਦੇ ਤਬਾਹਕਾਰੀ ਪਹਿਲੂ ਦਾ ਹਿਸਾਬ ਕਿਤਾਬ ਉਦੋਂ ਤੱਕ ਨਹੀਂ ਲੱਗ ਸਕੇਗਾ ਜਦੋਂ ਤੱਕ ਕੌਮੀ ਲੇਖੇ ਜੋਖਿਆਂ ਵਿਚ ਕੁਦਰਤੀ ਸਰੋਤਾਂ ਦੇ ਹੋਏ ਘਾਣ ਦੇ ਹਿਸਾਬ ਨੂੰ ਨਹੀਂ ਜੋੜਿਆ ਜਾਂਦਾ। ਇਸ ਲਈ ਨਵੀਂ ਪਰਿਭਾਸ਼ਾ ਘੜਨੀ ਪੈਣੀ ਹੈ ਅਤੇ ਕੈਂਬਰਿਜ ਦੇ ਡੌਨ ਪਾਰਥਾ ਦਾਸਗੁਪਤਾ ਦੀ ਅਗਵਾਈ ਹੇਠਲੀ ਕਮੇਟੀ ਨੇ 2013 ਵਿਚ ਇਸ ਹਿਸਾਬ ਨੂੰ ਸ਼ਾਮਲ ਕਰਨ ਦੀ ਸਿਫ਼ਾਰਸ਼ ਕੀਤੀ ਸੀ। ਹੁਣ ਕਿਸੇ ਨੂੰ ਨਹੀਂ ਪਤਾ ਕਿ ਵਾਤਾਵਰਨ ਮੰਤਰਾਲੇ ਦੇ ਕਿਹੜੇ ਖੂੰਜੇ ਵਿਚ ਇਹ ਰਿਪੋਰਟ ਪਈ ਹੈ।

# ਬਾਣੀ ਗੁਰੂ ਤੇਗ ਬਹਾਦਰ-ਦਾਰਸ਼ਨਿਕ ਵਿਸ਼ਲੇਸ਼ਣ ਅਤੇ ਵਰਤਮਾਨ ਸੰਦਰਭ

ਗੁਰੂ ਤੇਗ ਬਹਾਦਰ ਦਾ ਪ੍ਰਕਾਸ਼ ਮੀਰੀ-ਪੀਰੀ ਦੇ ਮਾਲਕ ਛੇਵੀਂ ਨਾਨਕ ਜੋਤਿ ਗੁਰੂ ਹਰਗੋਬਿੰਦ ਸਾਹਿਬ ਅਤੇ ਮਾਤਾ ਨਾਨਕੀ ਜੀ ਦੇ ਗ੍ਰਹਿ ਵਿਖੇ ਅੰਮ੍ਰਿਤਸਰ ਵਿਚ ਅਪ੍ਰੈਲ 1621 ਨੂੰ ਹੋਇਆ। ਗੁਰੂ ਹਰਗੋਬਿੰਦ ਸਾਹਿਬ ਜਿਨ੍ਹਾਂ ਨੇ ਅਧਿਆਤਮਕਤਾ ਅਤੇ ਸੰਸਾਰਕਤਾ, ਸੰਤ ਅਤੇ ਸਿਪਾਹੀ, ਮੀਰੀ ਅਤੇ ਪੀਰੀ ਦੀ ਇਕਸੁਰਤਾ ਵਾਲੇ ਗੁਰਮਤਿ ਫਲਸਫੇ ਦਾ ਅਮਲੀ ਪ੍ਰਕਾਸ਼ਨ ਕੀਤਾ, ਇਸ ਇਕਸੁਰਤਾ ਦੀਆਂ ਪ੍ਰਤੀਕ ਦੋ ਤਲਵਾਰਾਂ ਪਹਿਨੀਆਂ, ਅਧਿਆਤਮਿਕਤਾ ਦੇ ਕੇਂਦਰ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਦੁਨਿਆਵੀ ਮਸਲਿਆਂ ਦੇ ਸੁਲਝਾ ਅਤੇ ਸੁਝਾਅ ਲਈ ਅਕਾਲ ਬੁੰਗੇ ਦੀ ਸਥਾਪਨਾ ਕੀਤੀ;



**ਡਾ. ਗੁਰਨਾਮ ਕੌਰ, ਕੈਨੇਡਾ**
**ਪ੍ਰੋਫੈਸਰ (ਸੇਵਾਮੁਕਤ)**
ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ

ਉਨ੍ਹਾਂ ਨੇ ਬਾਲਕ ਤਿਆਗ ਮੱਲ ਦੀ ਹਰ ਤਰ੍ਹਾਂ ਦੀ ਸਿੱਖਿਆ ਦਾ ਉਚੇਚਾ ਪ੍ਰਬੰਧ ਕੀਤਾ। ਇਸ ਵਿਦਿਆ ਵਿਚ ਜਿੱਥੇ ਵੱਖ-ਵੱਖ ਉਸਤਾਦਾਂ ਪਾਸੋਂ ਗੁਰਮੁਖੀ, ਸੰਸਕ੍ਰਿਤ ਅਤੇ ਹੋਰ ਬੋਲੀਆਂ ਦਾ ਪਠਨ-ਪਾਠਨ ਸ਼ਾਮਲ ਸੀ, ਉਥੇ ਹੀ ਭਾਈ ਗੁਰਦਾਸ ਦੀ ਨਿਗਰਾਨੀ ਵਿਚ ਧਰਮ ਸ਼ਾਸਤਰ ਅਤੇ ਬਾਬਾ ਬੁੱਢਾ ਜੀ ਦੀ ਨਿਗਰਾਨੀ ਵਿਚ ਘੋੜ-ਸਵਾਰੀ ਅਤੇ ਤੀਰ-ਅੰਦਾਜ਼ੀ ਵਰਗੀ ਮਾਰਸ਼ਲ ਸਿੱਖਿਆ ਵੀ ਸ਼ਾਮਲ ਸੀ; ਜਦਕਿ ਤਲਵਾਰਬਾਜ਼ੀ ਦੀ ਸਿਖਲਾਈ ਗੁਰੂ ਹਰਗੋਬਿੰਦ ਸਾਹਿਬ ਨੇ ਆਪ ਦਿੱਤੀ। ਗੁਰੂ ਪਿਤਾ ਦੀ ਆਗਿਆ ਨਾਲ ਕਰਤਾਰਪੁਰ ਵਿਚ ਮੁਗਲਾਂ ਨਾਲ ਹੋਏ ਯੁੱਧ ਵਿਚ ਬਾਲਕ ਤਿਆਗ ਮੱਲ ਨੇ ਹਿੱਸਾ ਲਿਆ ਅਤੇ ਜਿਸ ਮੁਹਾਰਤ ਨਾਲ ਉਨ੍ਹਾਂ ਨੇ ਆਪਣੀ ਤਲਵਾਰਬਾਜ਼ੀ ਦੇ ਜੌਹਰ ਦਿਖਾਏ ਉਸੇ ਤੋਂ ਉਨ੍ਹਾਂ ਦਾ ਨਾਮ ਤਿਆਗ ਮੱਲ ਤੋਂ ਤੇਗ ਬਹਾਦਰ ਪਿਆ। ਮੁਗਲਾਂ ਨਾਲ ਹੋਏ ਕਰਤਾਰਪੁਰ ਦੇ ਯੁੱਧ ਤੋਂ ਕੁਝ ਸਮਾਂ ਬਾਅਦ ਜਦੋਂ ਪਿਤਾ-ਗੁਰੂ ਹਰਗੋਬਿੰਦ ਸਾਹਿਬ ਨੇ ਕਰਤਾਰਪੁਰ ਤੋਂ ਕੀਰਤਪੁਰ ਜਾ ਕੇ ਨਿਵਾਸ ਕਰਨ ਦਾ ਫੈਸਲਾ ਕੀਤਾ ਤਾਂ ਪੁੱਤਰ (ਗੁਰੂ) ਤੇਗ ਬਹਾਦਰ ਨੂੰ ਬਕਾਲੇ ਜਾ ਕੇ ਰਹਿਣ ਦੀ ਆਗਿਆ ਕੀਤੀ ਅਤੇ ਆਗਿਆ ਦੀ ਪਾਲਣਾ ਕਰਦਿਆਂ ਆਪ ਆਪਣੀ ਮਾਤਾ ਨਾਨਕੀ ਜੀ ਅਤੇ ਪਤਨੀ ਗੁਜਰੀ ਜੀ ਨਾਲ ਬਕਾਲੇ ਆ ਗਏ। ਕਈ ਇਤਿਹਾਸਕਾਰਾਂ ਵੱਲੋਂ ਇਹ ਕਿਹਾ ਜਾਂਦਾ ਹੈ ਕਿ ਉਨ੍ਹਾਂ ਨੇ ਵਰ੍ਹਿਆਂ ਤੱਕ ਬਕਾਲੇ ਭੋਰੇ ਵਿਚ ਬੈਠ ਕੇ ਤਪੱਸਿਆ ਕੀਤੀ।

ਭੱਟ ਵਹੀ ਅਨੁਸਾਰ ("ਭੱਟ ਅਤੇ ਉਨ੍ਹਾਂ ਦੀ ਰਚਨਾ", ਅਲੋਚਨਾ, ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ 1961) ਗੁਰੂ ਤੇਗ ਬਹਾਦਰ ਜੀ ਨੇ 1713 ਬਿਕ੍ਰਮੀ ਹਾੜ ਪ੍ਰਵਿਸ਼ਟੇ ਤੀਰਥ ਯਾਤਰਾ 'ਤੇ ਜਾਣ ਦੀ ਤਿਆਰੀ ਕੀਤੀ। ਨਾਲ ਹੀ ਦੱਸਿਆ ਹੈ ਕਿ ਉਨ੍ਹਾਂ ਦੀ ਯਾਤਰਾ ਵਿਚ ਕਿਸ ਕਿਸ ਨੇ ਸੰਗਤਿ ਕੀਤੀ "ਗੈਲੋਂ ਮਾਤਾ ਨਾਨਕੀ ਜੀ ਆਈ ਇਸਤ੍ਰੀ ਗੁਰੂ ਹਰਗੋਬਿੰਦ ਜੀ ਕੀ, ਮਾਤਾ ਨੇਤੀ ਜੀ ਆਈ ਇਸਤ੍ਰੀ ਗੁਰੂ ਗੁਰਦਿਤਾ ਜੀ ਕੀ, ਮਾਤਾ ਹਰੀ ਜੀ ਆਈ ਇਸਤ੍ਰੀ ਗੁਰੂ ਸੂਰਜ ਮਲ ਕੀ, ਬਾਵਾ ਬਾਲੂ ਹਸਨਾ ਤੇ ਬਾਵਾ ਅਲਮਸਤ ਜੀ ਆਏ, ਚੇਲੇ ਗੁਰੂ ਗੁਰਦਿਤਾ ਜੀ ਕੇ। ਮਾਤਾ ਗੁਜਰੀ ਜੀ ਆਈ ਇਸਤ੍ਰੀ ਗੁਰੂ ਤੇਗ ਬਹਾਦਰ ਜੀ ਕੀ। ਕ੍ਰਿਪਾਲ ਚੰਦ ਆਇਆ ਬੇਟਾ ਧਰਮ ਚੰਦ ਖੋਸਲੇ ਕਾ, ਦੁਰਗਾ ਦਾਸ ਆਇਆ ਬੇਟਾ ਪਦਮ ਰਾਇ ਹਜ਼ਾਬਤ ਚੌਹਾਨ ਕਾ, ਦਰੀਆ ਆਇਆ ਬੇਟਾ ਮੂਲ ਚੰਦ ਜਲ੍ਹਾਨੇ ਪੁਆਰ ਕਾ, ਦਿਆਲ ਦਾਸ ਆਇਆ ਬੇਟਾ ਮਾਈਦਾਸ ਪੁਆਰ ਬਲਉਤ ਕਾ, ਚਉਪਤ ਰਾਇ ਆਇਆ ਬੇਟਾ ਪੇਰਾ ਰਾਮ ਛਿਬਰ ਕਾ। ਹੋਰ ਸਿੱਖ ਫਕੀਰ ਆਏ।" ਇਸ ਤੋਂ ਭਲੀਭਾਂਤ ਪਤਾ ਲੱਗਦਾ ਹੈ ਕਿ ਜਦੋਂ ਗੁਰੂ ਹੋਣ ਦਾ ਦਾਅਵਾ ਕਰਨ ਵਾਲੇ ਪਖੰਡੀ ਬਕਾਲੇ ਵਿਖੇ ਢੰਬ ਦੀਆਂ 22 ਮੰਜੀਆਂ ਲਾ ਕੇ ਝੂਠ ਅਤੇ ਪਖੰਡ ਦਾ ਪ੍ਰਚਾਰ ਕਰ ਰਹੇ ਸੀ, ਉਸ ਸਮੇਂ ਗੁਰੂ ਤੇਗ ਬਹਾਦਰ ਯਾਤਰਾਵਾਂ 'ਤੇ ਜਾ ਕੇ ਗੁਰਬਾਣੀ ਦਾ ਪ੍ਰਚਾਰ ਕਰ ਕੇ ਆਮ ਸੰਗਤਿ ਨੂੰ ਸਿੱਖ ਧਰਮ ਨਾਲ ਜੋੜਨ ਦਾ ਵੀ ਉਪਰਾਲਾ ਕਰਦੇ ਰਹੇ। ਅਸਲ ਵਿਚ ਕਿਸੇ ਕਿਸਮ ਦੇ ਭੋਰੇ ਵਿਚ ਬੈਠ ਕੇ ਤਪ ਕਰਨਾ ਗੁਰੂ ਘਰ ਦੀ ਪ੍ਰੰਪਰਾ ਨਹੀਂ ਰਹੀ ਹੈ। ਗੁਰੂ ਦੀ ਸਿੱਖਿਆ ਤਾਂ "ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥ ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ॥1॥ (ਮ.5,ਪੰ.522) ਦਾ ਸੰਦੇਸ਼ ਦਿੰਦੀ ਹੈ। (ਗੁਰੂ) ਤੇਗ ਬਹਾਦਰ ਗੁਰੂ ਥਾਪੇ ਜਾਣ ਦੀ ਪ੍ਰੰਪਰਾ ਤੋਂ ਭਲੀਭਾਂਤ ਜਾਣੂ ਸੀ ਇਸੇ ਲਈ ਉਹ "ਮੰਜੀ" ਲਾਉਣ ਵਾਲਿਆਂ ਤੋਂ ਅਲੱਗ ਵਿਚਰ ਰਹੇ ਸੀ। ਸੰਭਾਵਨਾ ਇਹ ਜਾਪਦੀ ਹੈ ਕਿ "ਭੋਰੇ ਵਿਚ ਤਪ ਕਰਨ" ਵਰਗੀ ਕਹਾਣੀ ਸ਼ਾਇਦ ਇਨ੍ਹਾਂ ਮੰਜੀ ਲਾਉਣ ਵਾਲੇ ਪਖੰਡੀਆਂ ਵੱਲੋਂ ਹੀ ਪ੍ਰਚਾਰੀ ਗਈ ਹੋਵੇ। ਇਸ ਵਿਚ ਕੋਈ ਸ਼ੱਕ ਨਹੀਂ ਕਿ ਉਹ ਬਕਾਲੇ ਵਿਖੇ ਆਪਣੇ ਪਰਿਵਾਰ ਸਮੇਤ ਨਿਵਾਸ ਕਰ ਰਹੇ ਸੀ ਅਤੇ ਭਾਈ ਮੱਖਣ ਸ਼ਾਹ ਲੁਬਾਣੇ ਨੂੰ ਆਮ ਲੋਕਾਂ ਨੇ ਉਨ੍ਹਾਂ ਬਾਰੇ ਵੀ ਜਾਣਕਾਰੀ ਦਿੱਤੀ ਕਿਉਂਕਿ ਉਹ ਗੁਰੂ ਹਰਗੋਬਿੰਦ ਸਾਹਿਬ ਦੇ ਪੁੱਤਰ ਹੋਣ ਦੇ ਨਾਤੇ ਗੁਰੂ-ਪਰਿਵਾਰ ਵਿਚੋਂ ਸਨ ਅਤੇ ਕਰਤਾਰਪੁਰ ਦੇ ਯੁੱਧ ਵਿਚ ਆਪਣੀ ਤਲਵਾਰ ਦਾ ਲੋਹਾ ਮਨਵਾਉਣ ਕਰਕੇ ਸਿੱਖ ਮਨਾਂ ਵਿਚ ਖਾਸ ਸਥਾਨ ਵੀ ਰੱਖਦੇ ਸਨ। ਇਹ ਪ੍ਰਸ਼ਨ ਇਤਿਹਾਸ ਦੇ ਖੋਜੀਆਂ ਲਈ ਹੈ ਕਿ ਉਹ ਗੁਰਮਤਿ ਸਿਧਾਂਤਾਂ ਨੂੰ ਧਿਆਨ ਵਿਚ ਰੱਖ ਕੇ ਇਸ ਤੱਥ ਦੀ ਖੋਜ ਕਰਨ।

**ਦਾਰਸ਼ਨਿਕ ਵਿਸ਼ਲੇਸ਼ਣ:** ਅੱਜ ਦੀ ਇਸ ਵਿਚਾਰ-ਚਰਚਾ ਵਿਚ ਮੇਰਾ ਮੁੱਖ ਸਰੋਕਾਰ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਵਿਚ ਆਏ ਮੁੱਖ ਸੰਕਲਪਾਂ ਦਾ ਸੰਖੇਪ ਵਿਚ ਦਾਰਸ਼ਨਿਕ ਵਿਸ਼ਲੇਸ਼ਣ ਕਰਨਾ ਹੈ ਪ੍ਰੰਤੂ ਇੱਥੇ ਇਹ ਬਹੁਤ ਹੀ ਇਸ਼ਾਰੇ ਮਾਤਰ ਚਰਚਾ ਸਿਰਫ ਇਹ ਚੇਤੇ ਰੱਖਣ ਲਈ ਕੀਤੀ ਹੈ ਕਿ ਗੁਰੂ ਤੇਗ ਬਹਾਦਰ ਸਾਹਿਬ ਅਧਿਆਤਮਕਤਾ ਅਤੇ ਸੰਸਾਰਕਤਾ, ਮੀਰੀ ਅਤੇ ਪੀਰੀ ਦੋਵਾਂ ਖੇਤਰਾਂ ਵਿਚ ਪਿਤਾ ਗੁਰੂ ਦੀ ਅਗਵਾਈ ਵਿਚ ਪੂਰੀ ਤਰ੍ਹਾਂ ਸੁਜੱਗ ਸਨ। ਗੁਰੂ ਤੇਗ ਬਹਾਦਰ ਗੁਰੂ ਨਾਨਕ ਦੇ ਸਥਾਪਤ ਕੀਤੇ ਸਮਾਜਿਕ ਧਰਮ ਦੇ ਫਲਸਫੇ ਨੂੰ ਅੱਗੇ ਲੈ ਕੇ ਗਏ ਅਤੇ ਉਨ੍ਹਾਂ ਨੇ ਗੁਰੂ ਨਾਨਕ ਸਾਹਿਬ ਦੇ ਪਾਏ ਪੂਰਨਿਆਂ ਦਾ ਪੂਰੀ ਤਰ੍ਹਾਂ ਪਾਲਣ ਕੀਤਾ ਜਿਸ ਦਾ ਪ੍ਰਤੱਖ ਪ੍ਰਗਟਾਵਾ ਉਨ੍ਹਾਂ ਦੀ ਬਾਣੀ ਤੋਂ ਵੀ ਹੋ ਜਾਂਦਾ ਹੈ ਜਦੋਂ ਉਹ ਸਪੱਸ਼ਟ ਕਰਦੇ ਹਨ "ਕਾਹੇ ਰੇ ਬਨ ਖੋਜਨ ਜਾਈ॥ ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥ 1॥ ਰਹਾਉ॥"(ਪੰ.684)॥ ਭੋਰੇ ਵਿਚ ਬੈਠ ਕੇ ਤਪ ਕਰਨਾ ਜਾਂ ਜੰਗਲ ਵਿਚ ਜਾ ਕੇ ਤਪ ਕਰਨਾ ਇੱਕੋ ਤਸਵੀਰ ਦੇ ਦੋ ਪਾਸੇ ਹਨ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗਉੜੀ, ਆਸਾ, ਦੇਵਗੰਧਾਰੀ, ਬਿਹਾਗੜਾ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਤਿਲੰਗ, ਬਿਲਾਵਲੁ, ਰਾਮਕਲੀ, ਮਾਰੂ, ਬਸੰਤ, ਸਾਰੰਗ, ਜੈਜਾਵੰਤੀ, ਆਦਿ ਰਾਗਾਂ ਅਤੇ ਇਸ ਤੋਂ ਇਲਾਵਾ ਵਾਰਾਂ ਤੋਂ ਵਧੀਕ 57 ਸਲੋਕਾਂ ਦੇ ਰੂਪ ਵਿਚ ਦਰਜ ਹੈ। ਉਨ੍ਹਾਂ ਦੀ ਬਾਣੀ ਆਕਾਰ ਵਿਚ ਭਾਵੇਂ ਬਹੁਤ ਜ਼ਿਆਦਾ ਨਹੀਂ ਹੈ ਪ੍ਰੰਤੂ ਉਨ੍ਹਾਂ ਨੇ ਕਰਤਾ ਪੁਰਖ, ਸੰਸਾਰ, ਮਨੁੱਖ, ਮਨੁੱਖ ਦੀ ਹੋਣੀ, ਮਨੁੱਖ ਦੇ ਜਨਮ ਲੈਣ ਦਾ ਮਕਸਦ, ਕਰਤਾ ਪੁਰਖ ਦਾ ਸੰਸਾਰ ਅਤੇ ਮਨੁੱਖ ਨਾਲ ਸਬੰਧ ਆਦਿ ਧਰਮ ਸ਼ਾਸਤਰ ਦੇ ਵਿਸ਼ਿਆਂ ਨੂੰ ਆਪਣੀ ਬਾਣੀ ਵਿਚ ਬਹੁਤ ਗੰਭੀਰਤਾ ਨਾਲ ਪੇਸ਼ ਕੀਤਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰੰਭ ਵਿਚ 'ੴ' ਤੋਂ ਲੈ ਕੇ 'ਗੁਰ ਪ੍ਰਸਾਦਿ' ਤੱਕ ਦੀ ਬਾਣੀ ਨੂੰ ਆਮ ਤੌਰ 'ਤੇ ਮੂਲਮੰਤ੍ਰ ਦੀ ਸੰਗਿਆ ਦਿੱਤੀ ਜਾਂਦੀ ਹੈ ਜੋ ਸਿੱਖ ਧਰਮ ਦਰਸ਼ਨ ਦਾ ਮੂਲ ਸਿਧਾਂਤ ਹੈ ਜਿਸ ਵਿਚ ਦੱਸਿਆ ਹੈ ਕਿ ਪਰਮਸਤਿ ਇੱਕੋ ਇੱਕ ਸਰਬ-ਵਿਆਪਕ ਹਸਤੀ ਹੈ ਜੋ ਇਸ ਪ੍ਰਗਟ ਬ੍ਰਹਿਮੰਡ ਦਾ ਮੂਲ ਕਾਰਨ ਹੈ ਜਿਸ ਦਾ ਚਿੰਨ੍ਹ 'ੴ' ਹੈ। ਗੁਰੂ ਨਾਨਕ ਸਾਹਿਬ ਨੇ ਓਅੰਕਾਰ ਦੇ ਅੱਗੇ ਇੱਕ (1) ਉਸ ਪਰਮ ਹਸਤੀ ਦੀ ਅਧਿਆਤਮਕ ਏਕਤਾ ਅਤੇ ਅਦਵੈਤ ਸੁਭਾਅ ਨੂੰ ਦਰਸਾਉਣ ਲਈ ਲਾਇਆ ਹੈ। ਬ੍ਰਹਿਮੰਡ ਦਾ ਕਾਰਨ ਹੋ ਕੇ ਵੀ ਉਹ ਵਧਦਾ ਜਾਂ ਘਟਦਾ ਨਹੀਂ। ਇਹ ਸਮੁੱਚਾ ਬ੍ਰਹਿਮੰਡ ਉਸ ਦਾ ਪ੍ਰਗਟ ਰੂਪ ਹੈ ਅਤੇ ਉਹ ਸਮੇਂ ਅਤੇ ਸਥਾਨ ਵਿਚ ਆਪਣੀ ਅਨੰਤਤਾ ਵਿਚ ਫੈਲਿਆ ਹੋਇਆ ਹੈ ਜਿਸ ਵਿਚ ਅਨੇਕਤਾ ਵਿਚ ਵੀ ਏਕਤਾ ਹੈ। ਉਹ ਅਪ੍ਰਗਟ ਹੋ ਕੇ ਵੀ ਆਪਣੀ ਰਚਨਾ ਵਿਚ ਪ੍ਰਗਟ ਹੈ। ਉਹ ਨਿਰਭਉ ਅਤੇ ਨਿਰਵੈਰ ਹੈ। ਭਉ ਅਤੇ ਵੈਰ ਰਚਨਾ 'ਤੇ ਲਾਗੂ ਹੁੰਦੇ ਹਨ ਪਰਮਸਤਿ 'ਤੇ ਨਹੀਂ ਕਿਉਂਕਿ ਉਸ ਦੇ ਬਰਾਬਰ ਕੋਈ ਹੋਰ ਹਸਤੀ ਹੈ ਹੀ ਨਹੀਂ। ਉਹ 'ਅਕਾਲ ਮੂਰਤ' ਸਮੇਂ ਅਤੇ ਸਥਾਨ ਦੀ ਸੀਮਾ ਤੋਂ ਉੱਤੇ ਹੈ ਪਰ ਇਹ ਸੰਸਾਰ ਉਸ ਦਾ ਪ੍ਰਗਟ ਸਰੂਪ ਹੈ। ਉਹ 'ਅਜੂਨੀ' ਹੈ, ਜਨਮ ਅਤੇ ਮਰਨ ਵਿਚ ਨਹੀਂ ਆਉਂਦਾ। ਉਹ 'ਸੈਭੰ' ਅਰਥਾਤ ਆਪਣੇ ਆਪ ਤੋਂ ਹੈ, ਉਸ ਦਾ ਕਾਰਨ ਉਹ ਆਪ ਹੈ, ਕੋਈ ਹੋਰ ਉਸ ਦਾ ਕਾਰਨ ਨਹੀਂ। ਉਸ ਦਾ ਅਨੁਭਵ ਗੁਰੂ ਦੀ ਮਿਹਰ ਨਾਲ ਹੁੰਦਾ ਹੈ। ਸਿੱਖ ਧਰਮ-ਦਰਸ਼ਨ ਅਨੁਸਾਰ ਜਿਹੋ ਜਿਹੇ ਇਸ਼ਟ ਨੂੰ ਮਨੁੱਖ ਧਿਆਉਂਦਾ ਹੈ ਜਾਂ ਅਰਾਧਨਾ ਕਰਦਾ ਹੈ ਉਸ ਦਾ ਵਿਅਕਤੀਤਵ ਵੀ ਉਹੋ ਜਿਹਾ ਘੜਿਆ ਜਾਂਦਾ ਹੈ "ਜੈਸਾ ਸੇਵੈ ਤੈਸੋ ਹੋਇ॥ 4॥ ਮ.1॥"(ਪੰਨਾ 223)। ਗੁਰੂ ਨਾਨਕ ਸਾਹਿਬ ਨੇ ਜਪੁਜੀ ਵਿਚ ਹੀ ਮਨੁੱਖ ਦੇ ਸਾਹਮਣੇ ਆਦਰਸ਼ 'ਸਚਿਆਰ' ਹੋਣ ਦਾ ਰੱਖ ਦਿੱਤਾ ਹੈ "ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥" ਸਤਿ ਜਾਂ ਸਚਿ ਪਰਮਸਤਿ ਦਾ ਗੁਣ ਹੈ ਅਤੇ ਪਰਮਸਤਿ ਦੇ ਅਨੁਭਵ ਕਰਨ ਨੂੰ 'ਸਚਿਆਰ' ਹੋਣਾ ਕਿਹਾ ਹੈ। ਸਤਿ ਜਾਂ ਸਚਿ ਜੋ ਪਰਮਾਤਮ



ਗੁਣ ਅਤੇ ਉਸ ਦੀ ਹੋਂਦ ਦਾ ਸੂਚਕ ਹੈ, ਸਭ ਤੋਂ ਉਪਰ ਹੈ ਪ੍ਰੰਤੂ 'ਸਚਿਆਰ' ਹੋਣਾ ਜਾਂ ਸਤਿ ਦਾ ਅਨੁਭਵ ਕਰਕੇ ਉਸ ਨੂੰ ਆਪਣੇ ਅਮਲ ਦਾ, ਰਹਿਣੀ ਦਾ ਹਿੱਸਾ ਬਣਾ ਲੈਣਾ ਉਸ ਤੋਂ ਵੀ ਉਪਰ ਹੈ।

ਗੁਰੂ ਤੇਗ ਬਹਾਦਰ ਸਾਹਿਬ ਪਰਮ ਹਸਤੀ ਦੇ ਸੰਕਲਪ ਨੂੰ ਅੱਗੇ ਲੈ ਕੇ ਜਾਂਦਿਆਂ ਦੱਸਦੇ ਹਨ ਕਿ ਕਰਤਾ ਪੁਰਖ ਇੱਕ ਅਦਭੁੱਤ ਹਸਤੀ ਹੈ ਜਿਸ ਨੇ ਇਸ ਸੰਸਾਰ ਦੀ ਰਚਨਾ ਅਣਗਿਣਤ ਰੰਗਾਂ, ਰੂਪਾਂ ਅਤੇ ਢੰਗਾਂ ਵਿਚ ਕੀਤੀ ਹੋਈ ਹੈ ਅਤੇ ਉਸ ਦੀ ਅਸਚਰਜ ਕਰਨੀ ਦੀ ਥਾਹ ਪਾ ਸਕਣਾ ਬਹੁਤ ਮੁਸ਼ਕਿਲ ਹੈ। ਉਸ ਦੀ ਆਪਣੇ ਆਪ ਤੋਂ ਕੀਤੀ ਬੇਅੰਤ ਕਿਸਮ ਦੀ ਵੰਨ-ਸੁਵੰਨੀ ਰਚਨਾ ਵਿਚ ਉਹ ਆਪ ਸਮਾਇਆ ਹੋਇਆ ਹੈ। ਪਰਮਸਤਿ ਅਨੇਕ ਵਿਚ ਸਮਾਇਆ ਹੋਣ 'ਤੇ ਵੀ ਇੱਕ ਹੈ ਅਤੇ ਆਪਣੀ ਰਚਨਾ ਵਿਚ ਵਿਆਪਕ ਹੋਣ 'ਤੇ ਵੀ ਅਪਰੰਪਰ ਹੈ, ਨਿਰਲੇਪ ਹੈ, "ਸਰਬ ਨਿਵਾਸੀ ਸਦ ਅਲੇਪਾ ਤੋਹਿ ਸੰਗਿ ਸਮਾਈ॥" ਇਹ ਉਸ ਦੇ ਹੁਕਮ ਦਾ ਵਰਤਾਰਾ ਹੈ ਕਿ ਉਹ ਪਲਾਂ-ਛਿਣਾਂ ਵਿਚ ਰਾਜੇ ਤੋਂ ਰੰਕ ਅਤੇ ਰੰਕ ਤੋਂ ਰਾਜਾ ਬਣਾ ਦਿੰਦਾ ਹੈ, ਭਰੇ ਹੋਏ ਨੂੰ ਖਾਲੀ ਕਰ ਦਿੰਦਾ ਹੈ ਅਤੇ ਖਾਲੀ ਨੂੰ ਭਰ ਦਿੰਦਾ ਹੈ। ਉਹ ਹਰ ਇੱਕ ਜੀਵ ਦੇ ਅੰਦਰ ਵੱਸਦਾ ਹੈ, ਇਸ ਲਈ ਉਸ ਨੂੰ ਲੱਭਣ ਲਈ ਕਿਧਰੇ ਬਾਹਰ ਜੰਗਲਾਂ ਵਿਚ ਜਾਣ ਦੀ ਜ਼ਰੂਰਤ ਨਹੀਂ ਹੈ, ਉਸ ਨੂੰ ਆਪਣੇ ਅੰਦਰ ਖੋਜਣਾ ਹੈ ਅਤੇ ਉਸ ਦਾ ਅਨੁਭਵ ਆਪਣੇ ਅੰਦਰ ਹੀ ਕਰਨਾ ਹੈ। ਉਸ ਦੀ ਸਰਵ-ਵਿਆਪਕਤਾ ਨੂੰ ਕਿਸੇ ਪ੍ਰਮਾਣ ਦੀ ਜ਼ਰੂਰਤ ਨਹੀਂ ਹੈ। ਉਹ ਮਨੁੱਖ ਦੇ ਅੰਦਰ ਉਸੇ ਤਰ੍ਹਾਂ ਵੱਸ ਰਿਹਾ ਹੈ ਜਿਵੇਂ ਫੁੱਲ ਵਿਚ ਖੁਸ਼ਬੋ ਅਤੇ ਸ਼ੀਸ਼ੇ ਅੰਦਰ ਅਕਸ ਵਸਦਾ ਹੈ "ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥" ਉਸ ਦੇ ਅਨੁਭਵ ਦਾ ਰਸਤਾ ਗੁਰੂ ਦੀ ਸਿੱਖਿਆ 'ਤੇ ਚੱਲਿਆਂ ਪਤਾ ਲਗਦਾ ਹੈ। ਇਹ ਰਸਤਾ ਆਪਾ ਚੀਨਣ ਅਤੇ ਉਸ ਦੇ ਨਾਮ ਦਾ ਸਿਮਰਨ ਕਰਨ ਦਾ ਹੈ। ਆਪਾ ਚੀਨਣ ਤੋਂ ਬਿਨਾ ਭਰਮ ਦੀ ਜੰਮੀ ਹੋਈ ਕਾਈ ਲੱਥਦੀ ਨਹੀਂ ਅਤੇ ਨਾਮ-ਸਿਮਰਨ ਦਾ ਅਰਥ ਹੈ ਉਸ ਦੇ ਗੁਣਾਂ ਦਾ ਗਾਇਣ ਕਰਨਾ ਅਤੇ ਉਸ ਦੇ ਗੁਣਾਂ ਨੂੰ ਆਪਣੇ ਅੰਦਰ ਵਸਾਉਣਾ। ਉਹ ਕਰਤਾ ਪੁਰਖ 'ਭੁਗਤਿ ਮੁਕਤਿ ਕਾ ਕਾਰਨੁ', 'ਪਤਿਤ ਪੁਨੀਤ', 'ਦੀਨ ਬੰਧ', ਦਇਆਲੁ, ਕ੍ਰਿਪਾਲੁ, 'ਦੁਖ' ਅਤੇ 'ਭੈ' ਦਾ ਹਰਤਾ ਹੈ।

ਸਿੱਖ ਧਰਮ-ਚਿੰਤਨ ਅਨੁਸਾਰ ਕਰਤਾ ਪੁਰਖ ਇਸ ਬ੍ਰਹਿਮੰਡ ਦਾ ਮੂਲ ਕਾਰਨ ਹੈ ਜੋ ਆਪ 'ਸੈਭੰ' ਹੈ ਅਰਥਾਤ ਉਹ ਆਪਣੇ ਆਪ ਤੋਂ ਹੈ, ਕੋਈ ਦੂਸਰਾ ਉਸ ਦਾ ਕਾਰਨ ਨਹੀਂ ਹੈ। ਉਸ ਨੇ ਇਸ ਬ੍ਰਹਿਮੰਡ ਦਾ ਸਾਰਾ ਪਸਾਰਾ ਆਪਣੇ ਆਪ ਤੋਂ ਕੀਤਾ ਹੈ ਅਤੇ 'ਸਤਿ' ਉਸ ਦਾ ਗੁਣ ਹੈ ਅਤੇ ਉਸ ਦੀ ਹੋਂਦ ਦਾ ਲਖਾਇਕ ਵੀ ਹੈ। ਗੁਰੂ ਨਾਨਕ ਦੇਵ ਨੇ ਕਰਤਾ ਪੁਰਖ ਵੱਲੋਂ ਸ੍ਰਿਸ਼ਟੀ ਰਚਨਾ ਦੀ ਗੱਲ ਕਰਦਿਆਂ ਇਸ ਨੂੰ "ਸਚੇ ਤੇਰੇ ਖੰਡ ਸਚੇ ਬ੍ਰਹਮੰਡ" ਕਿਹਾ ਹੈ ਅਤੇ ਗੁਰੂ ਅੰਗਦ ਦੇਵ ਨੇ "ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ" ਕਿਹਾ ਹੈ। ਜਿਸ ਕਿਸਮ ਦਾ ਕਾਰਨ ਹੋਵੇ ਉਸ ਵਿਚੋਂ ਉਸੇ ਕਿਸਮ ਦਾ ਕਾਰਜ ਪੈਦਾ ਹੁੰਦਾ ਹੈ। ਇਸ ਬ੍ਰਹਿਮੰਡ ਦੀ ਰਚਨਾ ਉਸ ਕਰਤਾ ਪੁਰਖ ਨੇ, ਜਿਸ ਦੀ ਹੋਂਦ ਹੈ, ਜੋ ਸਤਿ ਹੈ, ਆਪਣੇ ਆਪ ਤੋਂ ਕੀਤੀ ਹੈ ਇਸ ਲਈ ਉਸ ਦੀ ਰਚਨਾ ਵੀ ਸਤਿ ਹੈ। ਪ੍ਰੰਤੂ ਜੋ ਵੀ ਚੀਜ਼ ਰਚੀ ਹੋਈ ਹੈ ਉਸ ਦੀ ਹੋਂਦ ਸਦੀਵੀ ਨਹੀਂ ਹੋ ਸਕਦੀ ਕਿਉਂਕਿ ਜੋ ਚੀਜ਼ ਪੈਦਾ ਹੁੰਦੀ ਹੈ ਉਸ ਨੇ ਇੱਕ ਦਿਨ ਬਿਖਰਨਾ ਵੀ ਹੈ, ਟੁੱਟਣਾ ਹੁੰਦਾ ਹੈ, ਜੋ ਪੈਦਾ ਹੁੰਦਾ ਹੈ ਉਸ ਨੇ ਜਾਣਾ ਵੀ ਹੈ। ਇਸ ਲਈ ਰਚਨਾ ਸਦੀਵੀ ਰਹਿਣ ਵਾਲੀ ਨਹੀਂ ਹੈ, ਇਹ ਨਾਸ਼ਵਾਨ ਹੈ। ਗੁਰੂ ਤੇਗ ਬਹਾਦਰ ਸਾਹਿਬ ਨੇ ਸੰਸਾਰ ਦੀ ਇਸ ਨਾਸ਼ਵਾਨਤਾ ਦੇ ਸੰਦਰਭ ਵਿਚ ਹੀ ਸੰਸਾਰ ਨੂੰ 'ਝੂਠਾ' ਕਿਹਾ ਹੈ ਕਿਉਂਕਿ ਇਹ ਸਦੀਵੀ ਨਹੀਂ ਹੈ, ਬਿਨਸਣਹਾਰ ਹੈ। ਨੌਵੇਂ ਗੁਰੂ ਨੇ ਸੰਸਾਰ ਰਚਨਾ ਨੂੰ ਕਰਤਾ ਪੁਰਖ ਦਾ ਰਚਿਆ ਹੋਇਆ ਹੈਰਾਨ ਕਰਨ ਵਾਲਾ ਇੱਕ ਅਸਚਰਜ ਖੇਲ੍ਹ ਕਿਹਾ ਹੈ ਜਿਸ ਵਿਚ ਕੋਈ ਜਨਮ ਲੈ ਰਿਹਾ ਹੈ, ਕੋਈ ਮਰ ਰਿਹਾ ਹੈ; ਕੋਈ ਆ ਰਿਹਾ ਹੈ ਅਤੇ ਕੋਈ ਜਾ ਰਿਹਾ ਹੈ। ਇਹ ਸੰਸਾਰ ਸਥਿਰ ਨਹੀਂ ਹੈ, ਚਲਾਇਮਾਨ ਹੈ ਅਤੇ ਇਸ ਦੀ ਚਲਾਇਮਾਨਤਾ ਨੂੰ ਦੱਸਣ ਲਈ ਗੁਰੂ ਸਾਹਿਬ ਨੇ ਇਸ ਦੀ ਤੁਲਨਾ ਰਾਤ ਨੂੰ ਆਉਣ ਵਾਲੇ ਸੁਪਨੇ ਨਾਲ ਕੀਤੀ ਹੈ ਜਿਸ ਦਾ ਅਨੁਭਵ ਸੁੱਤੇ ਪਿਆਂ ਅਸਲੀ ਜਾਪਦਾ ਹੈ ਪ੍ਰੰਤੂ ਨੀਂਦ ਖੁੱਲ੍ਹ ਜਾਣ 'ਤੇ ਅਲੋਪ ਹੋ ਜਾਂਦਾ ਹੈ; ਇਸ ਨੂੰ 'ਬਾਦਰ ਕੀ ਛਾਈ' ਅਰਥਾਤ ਬੱਦਲ ਦੀ ਛਾਂ ਕਿਹਾ ਹੈ ਜੋ ਝੱਟ ਅਲੋਪ ਹੋ ਜਾਂਦੀ; ਇਸ ਸੰਸਾਰ ਰਚਨਾ ਨੂੰ 'ਬਾਲੂ ਕੀ ਭੀਤ' ਭਾਵ ਰੇਤ ਦੀ ਕੰਧ ਦੱਸਿਆ ਹੈ ਜੋ ਉਸਰਦਿਆਂ ਹੀ ਢਹਿ ਢੇਰੀ ਹੋ ਜਾਂਦੀ ਹੈ; ਇਸ ਦੀ ਛਿਨ-ਭੰਗਰਤਾ ਨੂੰ 'ਮ੍ਰਿਗ ਤ੍ਰਿਸ਼ਨਾ' ਦੇ ਦ੍ਰਿਸ਼ਟਾਂਤ ਰਾਹੀਂ ਸਮਝਾਇਆ ਹੈ ਕਿ ਜਿਵੇਂ ਪਿਆਸੇ ਹਿਰਨ ਨੂੰ, ਸੂਰਜ ਦੀਆਂ ਕਿਰਨਾਂ ਜਦੋਂ ਰੇਤ 'ਤੇ ਪੈਂਦੀਆਂ ਹਨ ਤਾਂ ਰੇਗਿਸਤਾਨ ਵਿਚ ਚਮਕਦੀ ਰੇਤ ਦੂਰੋਂ ਪਾਣੀ ਜਾਪਦੀ ਹੈ ਅਤੇ ਉਸ ਪਿੱਛੇ ਦੌੜਦਾ ਹੈ, ਪ੍ਰੰਤੂ ਨੇੜੇ ਪਹੁੰਚ ਕੇ ਪਤਾ ਲੱਗਦਾ ਹੈ ਕਿ ਉਹ ਤਾਂ ਮਹਿਜ਼ ਨਜ਼ਰ ਦਾ ਭਰਮ ਸੀ। ਇਸੇ ਤਰ੍ਹਾਂ ਇਸ ਸੰਸਾਰ ਦੀ ਰਚਨਾ ਹੈ ਜਿਸ ਨੂੰ ਸਦੀਵੀ ਸਮਝਣਾ ਭਰਮ ਮੂਲਕ ਹੈ। ਇਸ ਨੂੰ ਪਾਣੀ 'ਤੇ ਉਠ ਰਹੇ ਬੁਲਬੁਲੇ "ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ" ਨਾਲ ਤਸ਼ਬੀਹ ਦਿੱਤੀ ਹੈ ਜੋ ਪਾਣੀ ਵਿਚੋਂ ਉਠਦਾ ਅਤੇ ਅਲੋਪ ਹੁੰਦਾ ਰਹਿੰਦਾ ਹੈ "ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨ ਮੀਤ"। ਇਹ ਸੰਸਾਰ ਵੀ ਉਸੇ ਤਰ੍ਹਾਂ ਆਪਣੇ ਸਰੋਤ ਕਰਤਾ ਪੁਰਖ ਤੋਂ ਪੈਦਾ ਹੁੰਦਾ ਰਹਿੰਦਾ ਹੈ ਅਤੇ ਫਿਰ ਉਸੇ ਵਿਚ ਅਲੋਪ ਹੋ ਜਾਂਦਾ ਹੈ। ਇਹ ਸਾਰੀਆਂ ਉਦਾਹਰਣਾਂ ਇਹ ਸਪੱਸ਼ਟ ਕਰਨ ਲਈ ਦਿੱਤੀਆਂ ਹਨ ਕਿ ਇਹ ਸੰਸਾਰ ਕਰਤਾ ਪੁਰਖ ਦਾ ਰਚਾਇਆ ਇੱਕ ਖੇਲ੍ਹ ਹੈ ਜਿਸ ਵਿਚ ਸਭ ਕੁੱਝ ਚਲਾਇਮਾਨ ਹੈ, ਕੁੱਝ ਵੀ ਸਥਾਈ ਨਹੀਂ ਸਮੇਤ ਵੱਖ ਵੱਖ ਸੰਸਾਰਕ ਅਤੇ ਸਮਾਜਿਕ ਰਿਸ਼ਤਿਆਂ ਦੇ। ਜਦੋਂ ਇਸ ਸੰਸਾਰ ਦਾ ਸੁਭਾਅ, ਜਿਸ ਦਾ ਕਿ ਮਨੁੱਖ ਵੀ ਇੱਕ ਹਿੱਸਾ ਹੈ, ਸਦੀਵੀ ਨਹੀਂ ਫਿਰ ਸੰਸਾਰਕ ਅਤੇ ਸਮਾਜਿਕ ਰਿਸ਼ਤੇ ਕਿਵੇਂ ਸਦੀਵੀ ਹੋ ਸਕਦੇ ਹਨ? ਸਦੀਵੀ ਉਹ ਰੱਬੀ ਜੋਤਿ ਹੈ ਜੋ ਮਨੁੱਖ ਦੇ ਅੰਦਰ ਵੱਸ ਰਹੀ ਹੈ ਅਤੇ ਜਿਸ ਦਾ ਅਨੁਭਵ ਮਨੁੱਖ ਨੇ ਕਰਨਾ ਹੈ।

ਸਿੱਖ ਧਰਮ ਚਿੰਤਨ ਵਿਚ ਮਨੁੱਖ ਨੂੰ ਜਗਦੀਸ਼-ਅੰਸ਼ ਮੰਨਿਆ ਹੈ ਅਤੇ ਉਸ ਦਾ ਸੰਸਾਰ 'ਤੇ ਆਉਣ ਦਾ ਮਕਸਦ ਆਪਣੇ ਅੰਦਰ ਬਿਰਾਜਮਾਨ ਉਸ ਜੋਤਿ ਦਾ ਅਨੁਭਵ ਕਰਨਾ ਅਤੇ ਉਸ ਪਰਮਸਤਿ ਨਾਲ ਇਕਮਿਕ ਹੋ ਜਾਣਾ ਪ੍ਰਵਾਨ ਕੀਤਾ ਗਿਆ ਹੈ। ਮਨੁੱਖੀ ਜਾਮੇ ਵਿਚ ਆਉਣਾ, ਜਿਵੇਂ ਕਈ ਧਰਮਾਂ ਵਿਚ ਮੰਨਿਆ ਗਿਆ ਹੈ, ਕਿਸੇ ਪਿਛਲੇ ਜਨਮ ਵਿਚ ਕੀਤੇ ਮਾੜੇ ਕਰਮਾਂ ਦਾ ਫਲ ਭੋਗਣ ਲਈ ਮਿਲੀ ਸਜ਼ਾ ਨਹੀਂ ਹੈ ਬਲਕਿ ਇਹ ਤਾਂ ਰੱਬ ਦੀ ਮਿਹਰ ਸਦਕਾ ਮਿਲਿਆ ਇੱਕ ਸੁਭਾਗਾ ਅਵਸਰ ਹੈ ਕਿਉਂਕਿ ਕਰਤਾ ਪੁਰਖ ਵੱਲੋਂ ਮਨੁੱਖ ਨੂੰ ਹੀ ਇਸ ਦੇ ਸਮਰੱਥ ਬਣਾਇਆ ਗਿਆ ਹੈ ਕਿ ਉਹ ਪਰਮਾਤਮ-ਸੁਰਤਿ ਨਾਲ ਇਕਸੁਰਤਾ ਪ੍ਰਾਪਤ ਕਰ ਸਕਦਾ ਹੈ। ਇਸ ਲਈ ਇਸ ਮਿਲੇ ਹੋਏ ਅਵਸਰ ਨੂੰ ਅਜਾਈਂ ਨਹੀਂ ਗੁਆਉਣਾ ਚਾਹੀਦਾ। ਗੁਰੂ ਨਾਨਕ ਸਾਹਿਬ ਨੇ ਜਪੁਜੀ ਦੇ ਅਰੰਭ ਵਿਚ ਹੀ 'ਕਿਵ ਸਚਿਆਰਾ ਹੋਈਐ' ਰਾਹੀਂ ਮਨੁੱਖ ਦੇ ਜੀਵਨ ਦਾ ਮਕਸਦ ਸਪੱਸ਼ਟ ਕਰ ਦਿੱਤਾ ਹੈ ਜਿਸ ਨੂੰ ਗੁਰੂ ਅਮਰਦਾਸ ਨੇ "ਮਨ ਤੂ ਜੋਤਿ ਸਰੂਪੁ ਹੈ ਆਪਣਾ ਮੂਲ ਪਛਾਣੁ" ਕਿਹਾ ਹੈ ਅਤੇ ਗੁਰੂ ਅਰਜਨ ਦੇਵ ਪਾਤਿਸ਼ਾਹ ਨੇ "ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ" ਰਾਹੀਂ ਸਮਝਾਇਆ ਹੈ। ਗੁਰੂ ਤੇਗ ਬਹਾਦਰ ਸਾਹਿਬ ਨੇ ਮਨੁੱਖੀ ਜਾਮੇ ਵਿਚ ਆਉਣ ਨੂੰ "ਦੁਰਲਭ ਦੇਹ ਪਾਇ ਮਾਨਸ ਕੀ" ਅਤੇ "ਰਤਨ ਜਨਮ" ਕਹਿ ਕੇ ਮਨੁੱਖੀ ਜਨਮ ਦੀ ਉੱਤਮਤਾ ਦਾ ਖੁਲਾਸਾ ਕੀਤਾ ਹੈ ਕਿ ਇਹ ਵਾਹਿਗੁਰੂ ਦੀ ਮਿਹਰ ਸਦਕਾ ਬਹੁਤ ਮੁਸ਼ਕਿਲ ਨਾਲ ਮਿਲਦਾ ਹੈ। ਮਨੁੱਖ ਦਾ ਸੰਸਾਰ 'ਤੇ ਆਉਣ ਦਾ ਮਨੋਰਥ ਆਪਣੇ ਅਸਲੇ ਨਾਲ ਇਕਸੁਰ ਹੋਣਾ "ਜਿਉ ਪਾਣੀ ਸੰਗਿ ਪਾਣੀ" ਅਤੇ ਆਪਣੇ ਮੂਲ ਤੱਤ ਨੂੰ ਪਛਾਣਨਾ ਹੈ। ਪ੍ਰੰਤੂ ਇਸ ਦਾ ਰਸਤਾ ਬਹੁਤ ਔਖਾ ਹੈ ਜਿਸ ਨੂੰ ਗੁਰੂ ਤੇਗ ਬਹਾਦਰ ਨੇ "ਕਠਿਨ ਖੇਲ" ਕਿਹਾ ਹੈ। ਕਠਿਨ ਇਸ ਲਈ ਨਹੀਂ ਕਿ ਇਸ ਲਈ ਜੰਗਲਾਂ ਜਾਂ ਪਹਾੜਾਂ ਦੀਆਂ ਕੰਦਰਾਂ ਵਿਚ ਜਾ ਕੇ ਕਠਿਨ ਤਪ ਕਰਨਾ ਪਵੇਗਾ, ਸਰੀਰ ਨੂੰ ਕਸ਼ਟ ਦੇਣੇ ਪੈਣਗੇ; ਇਹ ਰਸਤਾ ਔਖਾ ਇਸ ਲਈ ਹੈ ਕਿਉਂਕਿ ਇਸ 'ਤੇ ਚੱਲਣ ਲਈ ਮਨੁੱਖ ਨੂੰ ਇੱਕ ਸੰਜਮੀ ਜੀਵਨ ਜਿਊਣਾ ਪੈਣਾ ਹੈ ਅਤੇ ਇੱਛਾਵਾਂ ਨੂੰ ਕਾਬੂ ਵਿਚ ਰੱਖ ਕੇ ਗੁਰੂ ਦੇ ਦੱਸੇ ਰਸਤੇ 'ਤੇ ਚੱਲਣਾ ਹੈ। ਗੁਰੂ ਸਾਹਿਬ ਨੇ ਤਾਂ ਸਪੱਸ਼ਟ ਕੀਤਾ ਹੈ "ਕਾਹੇ ਰੇ ਬਨ ਖੋਜਨ ਜਾਈ॥ ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥" ਉਹ ਤਾਂ ਜੋਤਿਸਰੂਪ ਹੋ ਕੇ ਮਨੁੱਖ ਦੇ ਅੰਦਰ ਵੱਸ ਰਿਹਾ ਹੈ ਅਤੇ ਉਸ ਦਾ ਅਨੁਭਵ ਵੀ ਆਪਣੇ ਅੰਦਰ ਹੀ ਕਰਨਾ ਹੈ। ਉਸ ਤੱਕ ਪਹੁੰਚਣ ਦੇ ਰਸਤੇ ਦੀ ਪਛਾਣ ਗੁਰੂ ਦੇ ਸਨਮੁਖ ਹੋਇਆਂ ਹੁੰਦੀ ਹੈ। ਇਹ "ਕਠਿਨ ਖੇਲ" ਇਸ ਲਈ ਹੈ ਕਿਉਂਕਿ ਮਨੁੱਖ ਨੂੰ ਬਹੁਤ ਕੁੱਝ ਦਾ ਤਿਆਗ ਕਰਨਾ ਅਤੇ ਆਪਣੀਆਂ ਇੱਛਾਵਾਂ ਨੂੰ ਕਾਬੂ ਵਿਚ ਰੱਖਣਾ ਪੈਂਦਾ ਹੈ। ਸਿੱਖ ਧਰਮ-ਚਿੰਤਨ ਵਿਚ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਆਦਿ ਪੰਜ ਵਿਕਾਰ ਮੰਨੇ ਗਏ ਹਨ ਜੋ ਮਨੁੱਖ ਨੂੰ ਰੱਬ ਵਾਲੇ ਰਸਤੇ ਤੋਂ ਵਿਚਲਤ ਕਰਨ ਦਾ ਅਤੇ ਸੰਸਾਰ ਉਤੇ ਉਸ ਦੇ ਬੰਧਨ ਦਾ ਕਾਰਨ ਬਣਦੇ ਹਨ। ਇਸੇ ਲਈ ਇਨ੍ਹਾਂ ਨੂੰ ਗੁਰਬਾਣੀ ਵਿਚ 'ਪੰਚ ਚੋਰ' ਵੀ ਕਿਹਾ ਹੈ ਜੋ ਮਨੁੱਖ ਕੋਲੋਂ ਹਰ ਤਰ੍ਹਾਂ ਦੀ ਚੰਗਿਆਈ ਖੋਹ ਲੈਂਦੇ ਹਨ। ਗੁਰੂ ਤੇਗ ਬਹਾਦਰ ਅਨੁਸਾਰ ਆਪਣੇ ਮਨ ਨੂੰ ਪਰਮਾਤਮ-ਅਨੁਭਵ ਦੇ ਰਸਤੇ 'ਤੇ ਤੋਰਨ ਲਈ ਹਉਮੈ, ਕਾਮ, ਕ੍ਰੋਧ, ਲੋਭ, ਮੋਹ ਅਹੰਕਾਰ ਅਤੇ ਬੁਰੇ ਬੰਦਿਆਂ ਦੀ ਸੰਗਤਿ ਆਦਿ ਦਾ ਤਿਆਗ ਕਰਨਾ ਪੈਂਦਾ ਹੈ। ਇਸ ਤੋਂ ਇਲਾਵਾ ਮਨੁੱਖ ਨੂੰ ਸੁੱਖ ਅਤੇ ਦੁੱਖ, ਖੁਸ਼ੀ

**ਬਾਕੀ ਅਗਲੇ ਸਫੇ 'ਤੇ**

## ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕਵਿਤਾਵਾਂ



### ਕਸ਼ਮੀਰੀ ਪੰਡਤਾਂ ਦੀ ਪੁਕਾਰ

ਜ਼ਾਲਿਮਾਂ ਦੇ ਜ਼ੁਲਮਾਂ ਤੋਂ ਡਾਹਢਾ ਘਬਰਾਏ ਹਾਂ।
ਬਣ ਕੇ ਸਵਾਲੀ ਦਾਤਾ ਦਰ ਤੇਰੇ ਆਏ ਹਾਂ।

ਹਾਕਮ ਨੇ ਮਤਾ ਹੁਣ ਨਵਾਂ ਇਹ ਪਕਾਇਆ ਏ।
'ਸਵਾ ਮਣ ਜੰਞੂ ਲਾਹੁਣੇ' ਹੁਕਮ ਸੁਣਾਇਆ ਏ।
ਗਲ਼ ਵਿਚ ਪੱਲਾ, ਹੰਝੂ ਨੈਣਾਂ 'ਚ ਲੁਕਾਏ ਹਾਂ
ਬਣ ਕੇ ਸਵਾਲੀ ਦਾਤਾ ਦਰ ਤੇਰੇ ਆਏ ਹਾਂ।

ਡਰਨਾ ਡਰਾਉਣਾ ਦਾਤਾ ਤੇਰੇ ਹਿੱਸੇ ਆਇਆ ਨਹੀਂ।
ਸੱਚੋ ਸੱਚ ਕਹਿਣੋਂ ਇੱਕ ਤੂੰਹੀਉਂ ਘਬਰਾਇਆ ਨਹੀਂ।
ਮਿਲੇ ਨਾਹੀਂ ਢੋਈ, ਬੜੇ ਦੇਵਤੇ ਧਿਆਏ ਹਾਂ
ਬਣ ਕੇ ਸਵਾਲੀ ਦਾਤਾ ਦਰ ਤੇਰੇ ਆਏ ਹਾਂ।

ਨਾਨਕ ਦਾ ਦਰ ਕਦੇ ਖਾਲੀ ਨਹੀਉਂ ਮੋੜਦਾ।
ਬਣ ਕੇ ਨਿਮਾਣਾ ਆਏ ਜਿਹੜਾ ਹੱਥ ਜੋੜਦਾ।
ਅਸੀਂ ਫਰਿਆਦੀ ਫਰਿਆਦ ਲਿਆਏ ਹਾਂ
ਬਣ ਕੇ ਸਵਾਲੀ ਦਾਤਾ ਦਰ ਤੇਰੇ ਆਏ ਹਾਂ।

ਸੁਣ ਕੇ ਪੁਕਾਰ ਗੁਰੂ ਸੋਚਾਂ ਵਿਚ ਪੈ ਗਏ।
ਪੁੱਤਰ ਦੇ ਬੋਲ ਪਰ ਸੀਨੇ ਵਿਚ ਲਹਿ ਗਏ।
'ਆਖੋ ਜਾ ਕੇ ਚੇਲੇ ਨੌਂਵੇਂ ਗੁਰਾਂ ਦੇ ਕਹਾਏ ਹਾਂ'
ਬਣ ਕੇ ਸਵਾਲੀ ਦਾਤਾ ਦਰ ਤੇਰੇ ਆਏ ਹਾਂ।

'ਦੀਸ਼' ਇਤਿਹਾਸ ਵਿਚ ਪਹਿਲਾ ਇਕਰਾਰ ਸੀ।
ਦੂਜਿਆਂ ਦੇ ਲਈ ਕਿਸੇ ਸੀਸ ਦੇਣਾ ਵਾਰ ਸੀ।
ਸਮਰੱਥ ਗੁਰੂ ਅੱਗੇ ਰੋਏ ਕੁਰਲਾਏ ਹਾਂ
ਬਣ ਕੇ ਸਵਾਲੀ ਦਾਤਾ ਦਰ ਤੇਰੇ ਆਏ ਹਾਂ।

***-ਗੁਰਦੀਸ਼ ਕੌਰ ਗਰੇਵਾਲ***
***ਫੋਨ: +91 98728 60488***

---

### ਲਾਸਾਨੀ ਕੁਰਬਾਨੀ

ਤੋਰ ਦਿੱਤੇ ਪਿਤਾ ਦਿੱਲੀ ਵੱਲ ਨੂੰ,
ਬਾਲ ਉਮਰੇ ਨਾ ਉਦਾਸ ਸੀ।
ਲੈ ਕੇ ਸਿੱਖਿਆ ਪੰਜਵੇਂ ਗੁਰੂ ਤੋਂ,
ਧਰਮ ਬਚਾਣ ਲਈ ਖਾਸ ਸੀ।
ਪਿਤਾ ਵਾਰ ਦਿੱਤਾ ਚਾਂਦਨੀ ਚੌਕ,
ਸਿਰ ਆਰਾ ਮਤੀ ਦਾਸ ਸੀ।
ਉਬਾਲ ਦਿੱਤੇ ਭਾਈ ਦਿਆਲਾ ਜੀ,
ਰੂੰ 'ਚ ਸਾੜੇ ਸਤੀ ਦਾਸ ਸੀ।

ਅਜੀਤ ਤੇ ਜੁਝਾਰ ਦੋਵੇਂ ਚਮਕੌਰ,
ਛੋਟੇ ਭੇਜ ਦਿੱਤੇ ਸਰਹਿੰਦ ਨੂੰ।
ਮਾਤਾ ਗੁਜਰੀ ਜੀ ਠੰਢੇ ਬੁਰਜ,
ਸੁੱਤਾ ਲਾ ਸਰ੍ਹਾਣਾ ਦੇਖੋ ਟਿੰਡ ਨੂੰ।
ਮਾਤਾ ਸਾਹਿਬਾਂ ਦਿੱਲੀ ਵੱਲ ਤੋਰੇ,
ਪਾਏ ਚਾਲੇ ਮਾਛੀਵਾੜੇ ਪਿੰਡ ਨੂੰ।
ਪੋਹ ਦੇ ਦੂਜੇ ਹਫ਼ਤੇ ਖੇਰੂੰ ਖੇਰੂੰ ਹੋਏ,
ਮੁੜ ਮਿਲੇ ਨਾ ਕਦੇ ਜਿੰਦ ਨੂੰ।

ਪੈਂਡਾ ਸਿਦਕ ਦਾ ਬੜਾ ਔਖਾ ਹੈ,
ਜੋ ਮੰਗਦਾ ਸਦਾ ਕੁਰਬਾਨੀ ਜੀ।
ਗੁਰੂ ਗੋਬਿੰਦ ਦੇ ਲਾਲਾਂ ਵਾਂਗੂੰ,
ਵਾਰਨੀ ਪੈਂਦੀ ਹੈ ਜ਼ਿੰਦਗਾਨੀ ਜੀ।
ਇਤਿਹਾਸ ਸਾਡਾ ਦੇਵੇ ਗਵਾਹੀ,
ਸਿੱਖ ਕੌਮ ਬੜੀ ਹੈ ਲਾਸਾਨੀ ਜੀ।
ਮਰਦੇ ਨਹੀਂ ਅਮਰ ਹੋ ਜਾਂਦੇ,
ਵਾਰੀ ਧਰਮ ਤੋਂ ਜਿਨ੍ਹਾਂ ਜਵਾਨੀ ਜੀ।

***-ਸੇਵਾ ਸਿੰਘ 'ਨੂਰਪੁਰੀ'***

# ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਨੈਤਿਕਤਾ

**ਪ੍ਰੋ. ਨਵ ਸੰਗੀਤ ਸਿੰਘ**

ਗੁਰੂ ਤੇਗ ਬਹਾਦਰ ਜੀ (1621-1675) ਦੇ ਰਚੇ ਹੋਏ 59 ਸ਼ਬਦ ਅਤੇ 57 ਸ਼ਲੋਕ ਆਦਿ ਗ੍ਰੰਥ ਵਿੱਚ ਸੰਕਲਿਤ ਹਨ। ਇਹ ਸ਼ਬਦ ਕੁੱਲ 15 ਰਾਗਾਂ (ਗਉੜੀ, ਆਸਾ, ਦੇਵਗੰਧਾਰੀ, ਬਿਹਾਗੜਾ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਤਿਲੰਗ, ਬਿਲਾਵਲ, ਰਾਮਕਲੀ, ਮਾਰੂ, ਬਸੰਤ, ਸਾਰੰਗ, ਜੈਜਾਵੰਤੀ) ਅਧੀਨ ਦਰਜ ਹਨ, ਜਿਨ੍ਹਾਂ 'ਚੋਂ ਜੈਜਾਵੰਤੀ ਰਾਗ ਵਿਚ ਕੇਵਲ ਆਪ ਜੀ ਦੇ ਹੀ ਰਚੇ ਹੋਏ ਚਾਰ ਸ਼ਬਦ ਹਨ, ਹੋਰ ਕਿਸੇ ਗੁਰੂ/ਭਗਤ-ਕਵੀ ਨੇ ਇਸ ਰਾਗ ਵਿਚ ਬਾਣੀ ਨਹੀਂ ਰਚੀ।

ਗੁਰੂ ਸਾਹਿਬ ਦੀ ਸਮੁੱਚੀ ਜ਼ਿੰਦਗੀ ਵੱਲ ਵੇਖੀਏ, ਤਾਂ ਪਤਾ ਲੱਗਦਾ ਹੈ ਕਿ ਉਨ੍ਹਾਂ ਦਾ ਸਾਰਾ ਜੀਵਨ ਹੀ ਤਿਆਗ, ਧਰਮ-ਰੱਖਿਅਕ, ਪ੍ਰੇਮ-ਭਗਤੀ, ਤਪੱਸਿਆ ਅਤੇ ਸ਼ਾਂਤੀ ਵਾਲਾ ਹੈ। ਉਨ੍ਹਾਂ ਦੀ ਜ਼ਿੰਦਗੀ ਵਿਚ ਇੱਕ ਦਿਨ ਵੀ ਅਜਿਹਾ ਨਹੀਂ ਬੀਤਿਆ, ਜਦੋਂ ਉਹ ਰੱਬੀ-ਨਾਮ ਦੇ ਸਿਮਰਨ ਤੋਂ ਬਿਨਾਂ ਰਹੇ ਹੋਣ। ਸੰਸਾਰਕ ਸੁੱਖਾਂ ਵਿਚ ਜੀਵਨ ਬਿਤਾਉਣ ਦੀ ਇੱਛਾ ਉਨ੍ਹਾਂ ਦੇ ਮਨ ਵਿੱਚ ਕਦੇ ਪੈਦਾ ਨਹੀਂ ਹੋਈ। ਉਨ੍ਹਾਂ ਨੇ ਆਪਣੀ ਬਾਣੀ ਰਾਹੀਂ ਸਮੁੱਚੀ ਮਾਨਵ-ਜਾਤੀ ਨੂੰ ਨੈਤਿਕਤਾ ਦੀ ਸਿੱਖਿਆ ਦਿੱਤੀ ਹੈ।

ਮਾਨਵ-ਜੀਵਨ ਵਿਚ ਮਨੁੱਖ ਨੂੰ ਸਭ ਤੋਂ ਵੱਧ ਨੁਕਸਾਨ ਪਹੁੰਚਾਉਣ ਵਾਲੀ ਬੁਰਾਈ ਲਾਲਚ ਹੈ। ਇਸ ਤੋਂ ਦੂਰ ਰਹਿ ਕੇ ਹੀ ਮਨੁੱਖ ਵਾਸਤਵ ਵਿਚ ਲੋਕ-ਕਲਿਆਣ ਕਰ ਸਕਦਾ ਹੈ। ਇਸ ਯਥਾਰਥ ਦਾ ਬੋਧ ਗੁਰੂ ਸਾਹਿਬ ਨੂੰ ਆਪਣੇ ਜੀਵਨ ਦੇ ਆਰੰਭਕ-ਕਾਲ ਵਿਚ ਹੀ ਹੋ ਗਿਆ ਸੀ। ਜਵਾਨੀ ਤੋਂ ਪ੍ਰੌਢ ਅਵਸਥਾ ਤੱਕ ਪਹੁੰਚਦੇ ਉਨ੍ਹਾਂ ਨੇ ਮਨੁੱਖੀ ਜੀਵਨ ਦੇ ਵੱਖ-ਵੱਖ ਪਹਿਲੂਆਂ ਦਾ ਡੂੰਘਾ ਅਧਿਐਨ ਕੀਤਾ ਤੇ ਆਪਣੀ ਬਾਣੀ ਵਿਚ ਲਾਲਚ ਦੀ ਭਾਵਨਾ ਨੂੰ ਮਾਨਵ-ਕਲਿਆਣ ਦੇ ਰਸਤੇ ਵਿਚ ਰੁਕਾਵਟ ਦੱਸਿਆ। ਉਨ੍ਹਾਂ ਨੇ ਲਾਲਚ ਲਈ 'ਲੋਭ' ਸ਼ਬਦ ਦੀ ਵਰਤੋਂ ਕੀਤੀ ਹੈ। ਉਦਾਹਰਣ ਵਜੋਂ:

ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ॥
ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ॥
(ਸਲੋਕ 36)

ਸੰਸਾਰਕ ਪਦਾਰਥਾਂ ਨੂੰ ਪ੍ਰਾਪਤ ਕਰਕੇ ਮਨੁੱਖ ਅਭਿਮਾਨੀ ਹੋ ਜਾਂਦਾ ਹੈ। ਉਸ ਵਿਚ ਹੰਕਾਰ ਤੇ ਹਉਮੈ ਦੀ ਭਾਵਨਾ ਇੰਨੀ ਪ੍ਰਬਲ ਹੋ ਜਾਂਦੀ ਹੈ ਕਿ ਉਸ ਨੂੰ ਆਪਣੇ-ਪਰਾਏ ਵਿਚ ਵੀ ਫ਼ਰਕ ਨਜ਼ਰ ਨਹੀਂ ਆਉਂਦਾ। ਗੁਰੂ ਸਾਹਿਬ ਨੇ ਮਨੁੱਖ ਨੂੰ ਅਭਿਮਾਨ ਦਾ ਤਿਆਗ ਕਰਨ ਅਤੇ ਹਰਿ-ਨਾਮ ਦਾ ਸਿਮਰਨ ਕਰਨ ਦਾ ਉਪਦੇਸ਼ ਦਿੱਤਾ ਹੈ। ਜੋ ਮਨੁੱਖ ਹੰਕਾਰ ਨੂੰ ਛੱਡ ਦਿੰਦਾ ਹੈ, ਉਸੇ ਨੂੰ ਹੀ 'ਕਰਤਾ-ਪੁਰਖ' ਦਾ ਗਿਆਨ ਹੁੰਦਾ ਹੈ:

ਜਿਹਿ ਪ੍ਰਾਨੀ ਹਉਮੈ ਤਜੀ ਕਰਤਾ ਰਾਮੁ ਪਛਾਨਿ॥
ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨ॥
(ਸਲੋਕ 19)

ਕਾਮ ਤੇ ਕ੍ਰੋਧ ਵਿਚ ਗ੍ਰਸਿਆ ਹੋਇਆ ਵਿਅਕਤੀ ਸਹੀ-ਗਲਤ ਦੀ ਪਛਾਣ ਨਹੀਂ ਕਰ ਸਕਦਾ। ਇਹ ਦੋਵੇਂ ਬਹੁਤ ਸ਼ਕਤੀਸ਼ਾਲੀ ਵਿਕਾਰ ਹਨ। ਜਿਸ ਵਿਅਕਤੀ 'ਤੇ ਕਾਮ ਹਾਵੀ ਹੋ ਜਾਂਦਾ ਹੈ, ਉਹ ਇੰਨਾ ਅੰਨ੍ਹਾ ਹੋ ਜਾਂਦਾ ਹੈ ਕਿ ਕਿਸੇ ਦੂਜੇ ਦਾ ਉਪਦੇਸ਼ ਨਹੀਂ ਸੁਣਦਾ। ਇਨ੍ਹਾਂ ਬੁਰਾਈਆਂ ਦੀ ਝਲਕ ਵਿਚ ਮਨੁੱਖ ਨੂੰ ਵਾਸਤਵਿਕ ਪ੍ਰਭੂ ਦਾ ਰੂਪ ਨਜ਼ਰ ਨਹੀਂ ਆਉਂਦਾ। ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਇਨ੍ਹਾਂ ਤੋਂ ਬਚਣ ਦੀ ਪ੍ਰੇਰਨਾ ਕੀਤੀ ਹੈ:

ਸਾਧੋ ਮਨ ਕਾ ਮਾਨ ਤਿਆਗਉ॥
ਕਾਮਿ ਕ੍ਰੋਧ ਸੰਗਤਿ ਦੁਰਜਨ ਕੀ
ਤਾ ਤੇ ਅਹਿਨਿਸ ਭਾਗਉ॥
(ਗਉੜੀ ਮਹਲਾ ਨੌਵਾਂ)

ਸੰਸਾਰਕ ਜੀਵਨ ਵਿਚ ਧਨੀ ਪੁਰਸ਼ ਨੂੰ ਬਹੁਤ ਜ਼ਿਆਦਾ ਮਹੱਤਤਾ ਦਿੱਤੀ ਜਾਂਦੀ ਹੈ। ਧਨਵਾਨ ਵਿਅਕਤੀ ਚਾਹੇ ਕਿੰਨਾ ਵੀ ਚਰਿੱਤਰਹੀਣ ਹੋਵੇ ਜਾਂ ਅਤਿਆਚਾਰੀ ਕਿਉਂ ਨਾ ਹੋਵੇ, ਲੋਕ ਉਹਦੇ ਔਗੁਣਾਂ ਵੱਲ ਧਿਆਨ ਨਹੀਂ ਦਿੰਦੇ। ਪਰ ਸੰਸਾਰ ਵਿਚ ਬਹੁਤੀਆਂ ਲੜਾਈਆਂ ਦਾ ਕਾਰਨ ਧਨ ਦੀ ਪ੍ਰਾਪਤੀ ਹੀ ਹੈ। ਧਨ ਅਤੇ ਇਸਤ੍ਰੀ ਦੇ ਮਹੱਤਵ ਨੂੰ ਨਕਾਰਦੇ ਗੁਰੂ ਸਾਹਿਬ ਲਿਖਦੇ ਹਨ:

ਧਨੁ ਦਾਰਾ ਸੰਪਤਿ ਸਗਲ ਜਿਨਿ ਅਪੁਨੀ ਕਰਿ ਮਾਨਿ॥
ਇਨ ਮੈ ਕਛੁ ਸੰਗੀ ਨਹੀ ਨਾਨਕ ਸਾਚੀ ਜਾਨਿ॥
(ਸਲੋਕ 5)

ਇਸ ਸੰਸਾਰ ਵਿਚ ਸੁਖ ਦੀ ਪ੍ਰਾਪਤੀ ਲਈ ਉਪਰੋਕਤ ਵਿਕਾਰਾਂ ਤੋਂ ਬਿਨਾਂ ਵਿਅਕਤੀ ਨੂੰ ਮੋਹ-ਮਮਤਾ ਤੋਂ ਵੀ ਛੁਟਕਾਰਾ ਪਾਉਣ ਦੇ ਆਦੇਸ਼ ਦਿੱਤੇ ਗਏ ਹਨ। ਅੱਜ ਵੀ ਸਾਰਾ ਸੰਸਾਰ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਵਰਗੇ ਵਿਸ਼ੇ-ਵਿਕਾਰਾਂ ਵਿਚ ਫਸਿਆ ਹੋਇਆ ਹੈ। ਉਸ ਨੂੰ ਆਪੇ ਦੀ ਸੋਝੀ ਨਹੀਂ ਰਹੀ। ਉਹ ਸੰਸਾਰਕ ਵਸਤੂਆਂ, ਧਨ, ਜਵਾਨੀ ਤੇ ਪ੍ਰਭੁਤਾ ਨਾਲ ਪਿਆਰ ਪਾਈ ਬੈਠਾ ਹੈ। ਗੁਰੂ ਸਾਹਿਬ ਨੇ ਆਪਣੀ ਸਾਰੀ ਬਾਣੀ ਵਿਚ ਇਸੇ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਉਹ ਸੰਸਾਰਕ ਪਦਾਰਥਾਂ ਦਾ ਮੋਹ ਛੱਡ ਦੇਵੇ, ਕਿਉਂਕਿ ਸਾਰੀਆਂ ਚੀਜ਼ਾਂ ਅਸਥਾਈ ਅਤੇ ਛਿਣ-ਭਰ ਲਈ ਹਨ। ਮਨੁੱਖ ਨੂੰ ਰਾਮ-ਨਾਮ ਦਾ ਸਹਾਰਾ ਲੈਣਾ ਚਾਹੀਦਾ ਹੈ ਅਤੇ ਦੌਲਤ ਜਾਂ ਸਾਕ-ਸਬੰਧੀਆਂ ਵਿੱਚ ਮਨ ਨਹੀਂ ਲਾਉਣਾ ਚਾਹੀਦਾ। ਆਓ, ਅੱਜ ਦੇ ਇਸ ਵਿਕਾਰਗ੍ਰਸਤ ਸਮੇਂ ਵਿਚ ਗੁਰੂ ਸਾਹਿਬ ਦੇ ਉਪਦੇਸ਼ਾਂ ਨੂੰ ਪੱਲੇ ਨਾਲ ਬੰਨ੍ਹੀਏ! ਇਹੋ ਹੀ ਉਨ੍ਹਾਂ ਨੂੰ ਸਾਡੀ ਸੱਚੀ ਸ਼ਰਧਾਂਜਲੀ ਹੋਵੇਗੀ!

---

***(ਪਿਛਲੇ ਸਫੇ ਦਾ ਬਾਕੀ)***

ਅਤੇ ਗਮੀ ਆਦਿ ਸੰਵੇਦਨਾਵਾਂ ਦੇ ਅਹਿਸਾਸ ਤੋਂ ਉੱਤੇ ਉਠਣਾ ਪੈਂਦਾ ਹੈ। ਉਸਤਤਿ ਅਤੇ ਨਿੰਦਿਆ ਦਾ ਤਿਆਗ ਕਰ ਕੇ "ਨਿਰਬਾਣ ਪਦ" ਨੂੰ ਖੋਜਣ ਦਾ ਅਭਿਆਨ ਸ਼ੁਰੂ ਕਰਨਾ ਹੁੰਦਾ ਹੈ। ਕਾਮ, ਕ੍ਰੋਧ, ਲੋਭ, ਮੋਹ ਆਦਿ ਅਜਿਹੇ ਵਿਕਾਰ ਹਨ ਜੋ ਮਨੁੱਖ ਦੇ ਅੰਦਰ ਵੱਸ ਰਹੇ ਉਸ ਕਰਤਾ ਪੁਰਖ ਦੀ ਪਛਾਣ ਨਹੀਂ ਕਰਨ ਦਿੰਦੇ। ਮਨੁੱਖ ਦੇ ਬੰਧਨ ਦਾ ਇੱਕ ਹੋਰ ਕਾਰਨ ਇਹ ਸੰਸਾਰਕ ਮਾਇਆਵੀ ਮਾਤਾ-ਪਿਤਾ, ਭੈਣ-ਭਰਾ, ਪਤੀ-ਪਤਨੀ, ਧੀਆਂ-ਪੁੱਤਰ ਅਤੇ ਦੋਸਤੀ ਆਦਿ ਸਮਾਜਿਕ ਰਿਸ਼ਤੇ ਹਨ ਜਿਨ੍ਹਾਂ ਦੇ ਬੰਧਨ ਵਿਚ ਪੈ ਕੇ ਮਨੁੱਖ ਪਰਮਾਤਮਾ ਦੇ ਰਸਤੇ ਦੀ ਪਛਾਣ ਭੁੱਲ ਜਾਂਦਾ ਹੈ।

ਸਿੱਖ ਧਰਮ-ਚਿੰਤਨ ਵਿਚ ਮਨੁੱਖ ਦੀਆਂ ਦੋ ਹੀ ਕੋਟੀਆਂ ਮਨਜ਼ੂਰ ਕੀਤੀਆਂ ਗਈਆਂ ਹਨ: ਗੁਰਮੁਖਿ ਜੋ ਗੁਰੂ ਦੇ ਦੱਸੇ ਰਸਤੇ 'ਤੇ ਚੱਲਦਾ ਹੈ ਅਤੇ ਮਨਮੁਖਿ ਜੋ ਆਪਣੇ ਮਨ ਦੀ ਮਤਿ ਅਨੁਸਾਰ ਚੱਲਦਾ ਹੈ। ਮਨੁੱਖੀ ਮਨ ਬਾਰੇ ਵਿਚਾਰ ਕੀਤਾ ਜਾਂਦਾ ਹੈ ਕਿ ਇਹ ਅਜਿਹਾ ਅੰਗ ਜਾਂ ਚੇਤਨਾ ਦਾ ਆਸਣ "ਸੀਟ ਆਫ਼ ਕਾਂਸ਼ੀਅਸਨੈਸ" ਅਤੇ ਮਨੁੱਖੀ ਦਿਮਾਗ ਦੇ ਉਚਤਮ ਕਾਰਜਾਂ "ਹਾਇਰ ਫ਼ੰਕਸ਼ਨਜ਼ ਆਫ ਹਿਊਮਨ ਬਰੇਨ" ਜਿਵੇਂ ਅਨੁਭੂਤੀ, ਵਿਚਾਰ, ਇੱਛਾ ਕਰਨ ਅਤੇ ਸੰਵੇਦਨਾਵਾਂ ਦਾ ਸਥਾਨ ਹੈ। ਇਹ ਵੀ ਕਿਹਾ ਗਿਆ ਹੈ ਕਿ ਇਹ ਵਰਤਾਰੇ ਦੀ ਸਬੰਧਤਾ 'ਤੇ ਜ਼ੋਰ ਸਮੇਤ ਸਾਰੇ ਦਿਮਾਗੀ ਅਮਲਾਂ ਅਤੇ ਮਾਨਸਿਕ ਕਿਰਿਆਵਾਂ ਦਾ ਆਯੋਜਿਤ ਜਾਂ ਵਿਉਂਤਬੱਧ ਸਮੁੱਚ ਹੈ। ਆਮ ਬੋਲੀ ਵਿਚ ਕਹਿ ਸਕਦੇ ਹਾਂ ਕਿ ਮਨੁੱਖ ਦੀਆਂ ਦਿਮਾਗੀ ਕਿਰਿਆਵਾਂ ਅਤੇ ਮਾਨਸਿਕ ਕਿਰਿਆਵਾਂ ਆਦਿ ਦਾ ਸਥਾਨ ਮਨ ਹੈ। ਗੁਰਮਤਿ ਅਨੁਸਾਰ ਮਨ ਦਾ ਖਾਸਾ ਜੋਤਿ ਸਰੂਪ ਹੋਣ ਦੇ ਨਾਲ ਨਾਲ ਹਰ ਤਰ੍ਹਾਂ ਦੀਆਂ ਮਾਨਸਿਕ ਕਿਰਿਆਵਾਂ ਦਾ ਆਸਣ ਹੋਣ ਕਰਕੇ ਇਸ ਦਾ ਸੁਭਾਅ ਬਹੁਤ ਚੰਚਲ ਵੀ ਹੈ। ਗੁਰੂ ਤੇਗ ਬਹਾਦਰ ਮਨ ਦੇ ਸੁਭਾਅ ਦਾ ਜ਼ਿਕਰ ਕਰਦਿਆਂ ਆਗਾਹ ਕਰਦੇ ਹਨ ਕਿ ਇਹ ਏਨਾ ਤੇਜ਼ ਅਤੇ ਸ਼ੁਹਲਾ ਹੈ ਕਿ ਇਸ ਨੂੰ ਪਕੜਨਾ ਜਾਂ ਇਸਦੀ ਥਾਹ ਪਾਉਣੀ ਔਖੀ ਹੈ। ਇਸ ਸ਼ੁਹਲੇਪਣ ਦਾ ਕਾਰਨ ਇਸ ਦੇ ਅੰਦਰ ਵੱਸ ਰਹੀਆਂ ਖਾਹਿਸ਼ਾਂ ਹਨ ਜੋ ਇਸ ਨੂੰ ਭਟਕਣ ਵਿਚ ਪਾਈ ਰੱਖਦੀਆਂ ਹਨ। ਦੂਸਰਾ ਜ਼ੋਰਾਵਰ ਪੱਖ ਕਾਮ, ਕ੍ਰੋਧ, ਲੋਭ, ਮੋਹ ਅਤੇ ਹਉਮੈ ਆਦਿ ਵਿਕਾਰ ਹਨ ਜੋ ਇਸ ਦੇ ਅੰਦਰ ਹੀ ਵੱਸਦੇ ਹਨ ਅਤੇ ਇਹ ਮਨੁੱਖ ਕੋਲੋਂ ਗਿਆਨ-ਰੂਪੀ ਰਤਨ ਨੂੰ ਖੋਹ ਲੈਂਦੇ ਹਨ; ਇਨ੍ਹਾਂ ਦੀ ਤਾਕਤ ਮਨੁੱਖ ਦੀ ਸੁੱਧ-ਬੁੱਧ ਭੁਲਾ ਦਿੰਦੀ ਹੈ। ਇਨ੍ਹਾਂ ਵਿਕਾਰਾਂ ਵਿਚ ਫਸ ਕੇ ਮਨੁੱਖੀ ਮਨ ਆਪਣੇ ਅਸਲੀ ਖਾਸੇ ਨੂੰ ਭੁੱਲ ਜਾਂਦਾ ਹੈ। ਇਸ ਲਈ ਇਸ ਨੂੰ ਸਮਝਾਉਣਾ ਪੈਂਦਾ ਹੈ, ਸਹੀ ਰਸਤੇ 'ਤੇ ਤੋਰਨਾ ਪੈਂਦਾ ਹੈ। ਲੋਭ, ਮੋਹ, ਕਾਮ, ਕ੍ਰੋਧ, ਅਹੰਕਾਰ ਆਦਿ ਵਿਕਾਰਾਂ ਅਤੇ ਸੰਸਾਰਕ ਰਿਸ਼ਤਿਆਂ ਵਿਚ ਫਸੇ ਹੋਏ ਮਨ ਨੂੰ ਇਹ ਅਹਿਸਾਸ ਨਹੀਂ ਹੁੰਦਾ ਕਿ ਉਸ ਦੀ ਉਮਰ ਘਟ ਰਹੀ ਹੈ।

ਮਨ ਨੂੰ ਸਹੀ ਸੇਧ ਵਿਚ ਤੋਰਨ ਲਈ ਰਸਤਾ ਗੁਰੂ ਦੀ ਸਿੱਖਿਆ ਤੋਂ ਪਤਾ ਲੱਗਦਾ ਹੈ। ਇਸ ਸਿੱਖਿਆ ਰਾਹੀਂ ਹੀ ਮਨ ਨਾਮ ਸਿਮਰਨ ਵੱਲ ਲਗਦਾ ਹੈ ਅਤੇ ਨਾਮ ਸਿਮਰਨ ਦਾ ਅਰਥ ਹੈ ਪਰਮਾਤਮ-ਗੁਣਾਂ ਦਾ ਗਾਇਨ ਕਰਨਾ ਅਤੇ ਉਨ੍ਹਾਂ ਗੁਣਾਂ ਨੂੰ ਆਪਣੇ ਅੰਦਰ ਵਸਾਉਣਾ, ਆਪਣੇ ਵਿਅਕਤੀਤਵ ਦਾ ਹਿੱਸਾ ਬਣਾਉਣਾ। ਇਸ ਰਸਤੇ 'ਤੇ ਚੱਲਦਿਆਂ ਮਨ ਨੂੰ ਆਪਣੀ ਅਸਲੀਅਤ ਦਾ ਅਨੁਭਵ ਹੁੰਦਾ ਹੈ ਅਤੇ ਲੋਭ, ਮੋਹ, ਕਾਮ, ਕ੍ਰੋਧ ਅਤੇ ਹਉਮੈ ਆਦਿ ਵਿਕਾਰਾਂ ਤੋਂ ਆਪਣੇ ਆਪ ਨੂੰ ਨਿਰਲੇਪ ਰੱਖਦਾ ਹੈ। ਇਸ ਨਿਰਲੇਪ ਅਵਸਥਾ ਵਿਚ ਸਥਿਤ ਹੋ ਕੇ ਫਿਰ ਮਨ ਨੂੰ ਦੁੱਖ ਅਤੇ ਸੁੱਖ, ਖੁਸ਼ੀ ਅਤੇ ਗਮੀ, ਨਹੀਂ ਪੋਂਹਦੇ। ਉਸ ਲਈ ਸੋਨਾ ਅਤੇ ਤਾਂਬਾ, ਜ਼ਹਿਰ ਅਤੇ ਅੰਮ੍ਰਿਤ, ਸਵਰਗ ਅਤੇ ਨਰਕ, ਉਸਤਤਿ ਅਤੇ ਨਿੰਦਿਆ, ਦੋਸਤ ਅਤੇ ਦੁਸ਼ਮਣ ਇੱਕ ਬਰਾਬਰ ਹੋ ਜਾਂਦੇ ਹਨ ਅਤੇ ਉਹ ਬੰਧਨਾਂ ਤੋਂ ਆਜ਼ਾਦ ਹੋ ਜਾਂਦਾ ਹੈ। ਇਹ ਜੀਵਨ ਮੁਕਤ ਦੀ ਅਵਸਥਾ ਹੈ। ਮੁਕਤੀ ਪ੍ਰਾਪਤ ਕਰਨ ਦਾ ਅਰਥ ਹੈ ਬੰਧਨਾਂ ਤੋਂ ਆਜ਼ਾਦ ਹੋ ਜਾਣਾ ਅਤੇ ਇਹ ਦੋ ਤਰ੍ਹਾਂ ਦੀ ਮੰਨੀ ਗਈ ਹੈ ਵਿਦੇਹ ਮੁਕਤੀ ਜੋ ਮਰਨ ਉਪਰੰਤ ਪ੍ਰਾਪਤ ਹੁੰਦੀ ਹੈ ਅਤੇ ਜੀਵਨ ਮੁਕਤੀ ਜੋ ਮਨੁੱਖੀ ਦੇਹ ਵਿਚ ਹੁੰਦਿਆਂ ਹੀ ਪ੍ਰਾਪਤ ਹੋ ਜਾਂਦੀ ਹੈ। ਸਿੱਖ ਧਰਮ ਚਿੰਤਨ ਵਿਚ ਜੀਵਨ ਵਿਚ ਹੁੰਦਿਆਂ ਹੀ ਮਨੁੱਖ ਮੁਕਤ-ਅਵਸਥਾ ਨੂੰ ਪ੍ਰਾਪਤ ਕਰ ਸਕਦਾ ਹੈ ਜਿਸ ਨੂੰ ਜੀਵ-ਆਤਮਾ ਦਾ ਪਰਮਾਤਮਾ ਵਿਚ ਲੀਨ ਹੋ ਜਾਣਾ ਜਾਂ ਅਭੇਦ ਹੋ ਜਾਣਾ ਕਿਹਾ ਹੈ; ਜਿਸ ਨੂੰ ਗੁਰੂ ਅਰਜਨ ਦੇਵ ਪਾਤਿਸ਼ਾਹ ਨੇ ਸੂਰਜ ਵਿਚ ਕਿਰਨ ਦਾ, ਪਾਣੀ ਦਾ ਪਾਣੀ ਵਿਚ ਮਿਲ ਜਾਣਾ ਅਤੇ ਸੰਪੂਰਨ ਹੋ ਜਾਣਾ ਕਿਹਾ ਹੈ, "ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥ ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥" ਜੀਵਨ-ਮੁਕਤਿ ਦੀ ਅਵਸਥਾ ਉਪਰ ਦੱਸੇ ਅਨੁਸਾਰ ਨਿਰਲੇਪ ਅਵਸਥਾ ਹੈ ਜਿਸ ਵਿਚ ਮਨੁੱਖ ਇਸ ਜੀਵਨ ਨੂੰ ਬਸਰ ਕਰਦਿਆ ਹੋਇਆਂ ਹੀ ਵਿਕਾਰਾਂ ਨੂੰ ਕਾਬੂ ਵਿਚ ਕਰ ਕੇ ਸੁੱਖ-ਦੁੱਖ, ਗਮੀ-ਖੁਸ਼ੀ, ਦੁਨਿਆਵੀ ਰਿਸ਼ਤਿਆਂ ਅਤੇ ਸੰਸਾਰਕ ਦੌਲਤ ਆਦਿ ਤੋਂ ਨਿਰਲੇਪਤਾ ਪ੍ਰਾਪਤ ਕਰ ਲੈਂਦਾ ਹੈ।

ਗੁਰਮਤਿ ਚਿੰਤਨ ਵਿਚ ਖਾਸ ਕਰਕੇ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਵਿਚ ਜੀਵਨ-ਮੁਕਤੀ 'ਤੇ ਜ਼ੋਰ ਦਿੱਤਾ ਗਿਆ ਹੈ ਜਿਸ ਨੂੰ ਗੁਰੂ ਤੇਗ ਬਹਾਦਰ ਸਾਹਿਬ ਨੇ ਮੁਕਤ ਪਦਾਰਥ, ਅਮਰ ਪਦਾਰਥ, ਅਭੈ ਪਦ, ਨਿਰਭੈ ਪਦ ਆਦਿ ਕਿਹਾ ਹੈ ਕਿਉਂਕਿ ਮਨੁੱਖ ਉਸ ਨਿਰਭੈ ਪਰਮਾਤਮਾ ਵਿਚ ਲੀਨ ਹੋ ਕੇ ਹਰ ਤਰ੍ਹਾਂ ਦੇ ਭੈਅ ਤੋਂ ਮੁਕਤ ਹੋ ਜਾਂਦਾ ਹੈ। ਮਨੁੱਖ ਲਈ ਸਭ ਤੋਂ ਵੱਡਾ ਭੈਅ ਮੌਤ ਦਾ ਹੈ ਪ੍ਰੰਤੂ ਜਿਸ ਦੀ ਸੁਰਤਿ ਪਰਮਾਤਮ-ਸੁਰਤਿ ਨਾਲ ਇਕਸੁਰ ਹੋ ਜਾਂਦੀ ਹੈ ਉਸ ਦੇ ਮਨ ਵਿਚੋਂ ਮੌਤ ਦਾ ਭੈਅ ਵੀ ਖਤਮ ਹੋ ਜਾਂਦਾ ਹੈ। ਗੁਰੂ ਤੇਗ ਬਹਾਦਰ ਉਸ ਮਨੁੱਖ ਨੂੰ ਅਸਲੀ ਗਿਆਨੀ ਮੰਨਦੇ ਹਨ ਜੋ ਕਿਸੇ ਨੂੰ ਡਰਾਉਂਦਾ ਵੀ ਨਹੀਂ ਅਤੇ ਨਾ ਹੀ ਕਿਸੇ ਤੋਂ ਡਰਦਾ ਹੈ ਅਰਥਾਤ ਨਾ ਕਿਸੇ ਨੂੰ ਭੈਅ ਦਿੰਦਾ ਹੈ ਅਤੇ ਨਾ ਹੀ ਆਪ ਕਿਸੇ ਦੇ ਭੈਅ ਵਿਚ ਜਿਉਂਦਾ ਹੈ। ਜੀਵਨ ਮੁਕਤਿ ਦੀ ਇਹ ਅਵਸਥਾ ਸੰਸਾਰ ਵੱਲੋਂ ਨਿਰਾਸ਼ਤਾ ਜਾਂ ਉਦਾਸੀਨਤਾ ਜਾਂ ਉਪਰਾਮਤਾ ਵਾਲੀ ਅਵਸਥਾ ਨਹੀਂ ਹੈ ਜੋ ਆਮ ਤੌਰ 'ਤੇ ਸਮਝ ਲਿਆ ਜਾਂਦਾ ਹੈ, ਖਾਸ ਕਰਕੇ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਦੇ ਸਬੰਧ ਵਿਚ। ਬਲਕਿ ਇਹ ਨਿਰਲੇਪਤਾ ਵਾਲੀ ਬੁਲੰਦ ਅਵਸਥਾ ਹੈ, ਜਿਸ ਵਿਚ ਪਹੁੰਚ ਕੇ ਮਨ ਹਰ ਤਰ੍ਹਾਂ ਦੇ ਬੰਧਨਾਂ ਤੋਂ ਸੁਤੰਤਰ ਹੋ ਕੇ ਜੀਵਨ ਦੇ ਸਾਰੇ ਕਾਰਜ ਕਰਦਾ ਹੈ ਅਤੇ ਸਮਾਜਿਕ ਜ਼ਿੰਮੇਵਾਰੀਆਂ ਨੂੰ ਨਿਰਲੇਪ ਹੋ ਕੇ ਨਿਭਾਉਂਦਾ ਹੈ। ਇਸ ਅਵਸਥਾ ਵਿਚ ਪਹੁੰਚਿਆ ਮਨ ਹੀ ਦੂਸਰਿਆਂ ਦੇ ਹੱਕ ਲਈ ਜਾਂ ਮਨੁੱਖੀ ਹੱਕਾਂ ਲਈ, ਸਰਬੱਤ ਦੇ ਭਲੇ ਲਈ ਆਪਣਾ ਜੀਵਨ ਲਗਾ ਸਕਦਾ ਹੈ। ਇਸ ਅਵਸਥਾ ਨੂੰ ਹੀ ਨੌਵੀਂ ਨਾਨਕ ਜੋਤਿ ਨੇ "ਸੁਖੁ ਦੁਖੁ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨੁ॥ ਕਹੁ ਨਾਨਕ ਸੁਨਿ ਰੇ ਮਨਾ ਸੋ ਮੂਰਤਿ ਭਗਵਾਨ" ਅਤੇ "ਉਸਤਤਿ ਨਿੰਦਿਆ ਨਾਹਿ ਜਿਹਿ ਕੰਚਨ ਲੋਹ ਸਮਾਨਿ॥ ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ॥ 14॥ ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ॥ ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ॥ 15॥" ਜੀਵਨ ਮੁਕਤਿ ਦੀ ਅਵਸਥਾ ਕਿਹਾ ਹੈ, ਇਹੀ 'ਉਦਾਸਿ' ਦੀ ਅਵਸਥਾ ਹੈ ਜੋ ਸੰਸਾਰ ਵਿਚ ਰਹਿੰਦਿਆਂ, ਇਸ ਦੀਆਂ ਜ਼ਿੰਮੇਵਾਰੀਆਂ ਨਿਭਾਉਂਦਿਆਂ ਪ੍ਰਾਪਤ ਕਰਨੀ ਹੈ।

ਗੁਰੂ ਨਾਨਕ ਸਾਹਿਬ ਨੇ 15ਵੀਂ ਸਦੀ ਵਿਚ, ਜਦੋਂ ਕਿਸੇ ਨੂੰ ਮਨੁੱਖੀ ਹੱਕਾਂ ਦੀ ਗੱਲ ਕਰਨ ਦਾ ਅਹਿਸਾਸ ਤੱਕ ਵੀ ਨਹੀਂ ਸੀ ਉਦੋਂ ਦੂਸਰਿਆਂ ਦਾ ਹੱਕ ਖੋਹਣ ਨੂੰ ਧਾਰਮਿਕ ਅਹਿਦ ਤੋੜਨ ਦੇ ਬਰਾਬਰ "ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥" ਕਿਹਾ ਹੈ। ਗੁਰੂ ਤੇਗ ਬਹਾਦਰ ਸਾਹਿਬ ਨੇ ਕਸ਼ਮੀਰੀ ਪੰਡਿਤਾਂ ਵੱਲੋਂ ਫ਼ਰਿਆਦ ਕਰਨ 'ਤੇ ਔਰੰਗਜ਼ੇਬ ਵੱਲੋਂ ਉਨ੍ਹਾਂ ਨੂੰ ਇਸਲਾਮ ਧਰਮ ਅਪਨਾਉਣ ਲਈ ਮਜਬੂਰ ਕਰਨ ਵਿਰੁੱਧ ਆਪਣੀ ਸ਼ਹਾਦਤ ਦਿੱਤੀ। ਉਨ੍ਹਾਂ ਨੇ ਸ਼ਹਾਦਤ ਮਨੁੱਖ ਦੇ ਇਸ ਮੌਲਿਕ ਅਧਿਕਾਰ ਲਈ ਦਿੱਤੀ ਕਿ ਆਪਣੇ ਇਸ਼ਟ ਨੂੰ ਆਪਣੇ ਤਰੀਕੇ ਨਾਲ ਧਿਆਉਣ ਦਾ ਹਰੇਕ ਮਨੁੱਖ ਦਾ ਬੁਨਿਆਦੀ ਹੱਕ ਹੈ। ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ 'ਧਰਮ' ਲਈ ਸ਼ਹਾਦਤ ਹੈ। ਧਰਮ ਦਾ ਇੱਕ ਅਰਥ 'ਰਾਈਟੀਅਸਨੈਸ' ਅਰਥਾਤ ਨਿਆਉਂ ਵੀ ਕੀਤਾ ਜਾਂਦਾ ਹੈ; ਜੋ ਸਹੀ ਹੈ, ਵੀ ਕੀਤਾ ਜਾਂਦਾ ਹੈ। ਗੁਰੂ ਤੇਗ ਬਹਾਦਰ ਦੀ ਸ਼ਹਾਦਤ ਨਿਆਉਂ ਲਈ ਸ਼ਹਾਦਤ ਹੈ, ਮਨੁੱਖੀ ਹੱਕਾਂ ਦੇ ਘਾਣ ਦੇ ਵਿਰੁੱਧ ਸ਼ਹਾਦਤ ਹੈ। ਆਮ ਤੌਰ 'ਤੇ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਲਈ 'ਬਲੀਦਾਨ' ਸ਼ਬਦ ਵਰਤ ਲਿਆ ਜਾਂਦਾ ਹੈ ਜੋ ਬਹੁਤਾ ਠੀਕ ਨਹੀਂ ਜਾਪਦਾ। ਬਲੀ ਅਤੇ ਸ਼ਹਾਦਤ ਵਿਚ ਬਹੁਤ ਫਰਕ ਹੈ। ਬਲੀ ਭਾਰਤੀ ਪ੍ਰੰਪਰਾ ਹੈ ਜਿਸ ਵਿਚ ਆਪਣੇ ਇਸ਼ਟ ਦੇਵ ਨੂੰ ਖੁਸ਼ ਕਰਨ ਲਈ ਬਲੀ ਦਿੱਤੀ ਜਾਂਦੀ ਹੈ ਜਿਸ ਵਿਚ ਮਨੁੱਖ ਤੋਂ ਲੈ ਕੇ ਪਦਾਰਥਕ ਤੱਕ ਕੋਈ ਵੀ ਵਸਤੂ ਸ਼ਾਮਲ ਹੋ ਸਕਦੀ ਹੈ ਅਤੇ ਇਸ ਵਿਚ ਬਲੀ ਦਿੱਤੀ ਜਾਣ ਵਾਲੀ ਵਸਤੂ ਦੀ ਮਰਜ਼ੀ ਸ਼ਾਮਲ ਨਹੀਂ ਹੁੰਦੀ। ਸ਼ਹਾਦਤ ਫ਼ਾਰਸੀ ਭਾਸ਼ਾ ਤੋਂ ਆਇਆ ਸ਼ਬਦ ਹੈ ਜਿਸ ਦਾ ਅਰਥ ਹੈ ਸੱਚ ਦੀ ਸ਼ਾਹਦੀ, ਸੱਚ ਦੀ ਗਵਾਹੀ। ਸ਼ਹਾਦਤ ਵਿਚ ਸ਼ਹੀਦੀ ਪ੍ਰਾਪਤ ਕਰਨ ਵਾਲੇ ਦੀ ਇੱਛਾ ਸ਼ਾਮਲ ਹੁੰਦੀ ਹੈ; ਉਸ ਕੋਲ ਚੋਣ ਦਾ ਅਧਿਕਾਰ ਹੈ ਅਤੇ ਸ਼ਹਾਦਤ ਦਾ ਸੰਕਲਪ ਭਾਰਤੀ ਪ੍ਰੰਪਰਾ ਵਿਚ ਸਿੱਖ ਧਰਮ ਦੇ ਆਗਾਜ਼ ਨਾਲ ਪ੍ਰਵੇਸ਼ ਕੀਤਾ ਹੈ ਅਤੇ ਸਿੱਖ ਧਰਮ ਦੇ ਪਹਿਲੇ ਸ਼ਹੀਦ ਗੁਰੂ ਅਰਜਨ ਦੇਵ ਪੰਜਵੀਂ ਨਾਨਕ ਜੋਤਿ, ਗੁਰੂ ਤੇਗ ਬਹਾਦਰ ਸਾਹਿਬ ਦੇ ਦਾਦਾ ਜੀ ਹੋਏ ਹਨ। ਗੁਰੂ ਨਾਨਕ ਦੇ ਦੱਸੇ ਉਸੇ ਹੀ ਮਾਰਗ "ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥" 'ਤੇ ਚੱਲਦਿਆਂ ਗੁਰੂ ਤੇਗ ਬਹਾਦਰ ਸਾਹਿਬ ਨੇ ਧਰਮ ਕਮਾਉਣ ਦੇ ਹੱਕ ਦੀ ਖਾਤਰ, ਮਨੁੱਖੀ ਅਧਿਕਾਰਾਂ, ਮਨੁੱਖੀ ਸਵੈਮਾਣ ਅਤੇ ਨਿਆਉਂ ਦੀ ਬਹਾਲੀ ਲਈ ਸ਼ਹਾਦਤ ਦਿੱਤੀ। ਗੁਰੂ ਤੇਗ ਬਹਾਦਰ ਸਾਹਿਬ ਦਾ ਜੀਵਨ ਦਰਸ਼ਨ ਮਨੁੱਖੀ ਹੱਕਾਂ ਲਈ ਜੱਦੋ ਜਹਿਦ ਕਰਨ ਵਾਲਿਆਂ ਲਈ ਬਹੁਤ ਵੱਡਾ ਪ੍ਰੇਰਨਾ ਸ੍ਰੋਤ ਹੈ। ਅੱਜ ਦੁਨੀਆ ਦੇ ਹਰ ਕੋਨੇ ਵਿਚ ਖਾਸ ਕਰਕੇ ਕੋਵਿਡ-19 ਦੀ ਮਹਾਂਮਾਰੀ ਦੌਰਾਨ ਸੰਸਾਰ ਦੇ ਲੋਕਾਂ ਨੇ ਦੇਖਿਆ ਹੈ ਕਿ ਕਿਸ ਤਰ੍ਹਾਂ ਗੁਰੂ ਤੇਗ ਬਹਾਦਰ ਦੇ ਫ਼ਲਸਫ਼ੇ ਦੇ ਵਾਰਿਸ ਸਿੱਖਾਂ ਨੇ ਤੇਰ-ਮੇਰ ਤੋਂ ਉਤੇ ਉੱਠ ਕੇ ਸਰਬੱਤ ਦੇ ਭਲੇ ਲਈ ਲੋੜਵੰਦਾਂ ਦੀ ਹਰ ਇੱਕ ਤਰ੍ਹਾਂ ਨਾਲ ਮੱਦਦ ਅਤੇ ਸੇਵਾ ਕੀਤੀ ਹੈ। ਇਹ ਸੇਵਾ ਭਾਵੇਂ ਲੋੜਵੰਦਾਂ ਤੱਕ ਭੋਜਨ, ਦਵਾਈਆਂ, ਆਕਸੀਜਨ ਪਹੁੰਚਾਉਣਾ ਸੀ ਅਤੇ ਭਾਵੇਂ ਲਾਸ਼ਾਂ ਦਾ ਅੰਤਮ ਸੰਸਕਾਰ ਕਰਨਾ ਸੀ। ਇਹ ਸੇਵਾ ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚ ਮੁਸੀਬਤ ਪੈਣ 'ਤੇ 'ਖਾਲਸਾ ਏਡ' ਵਰਗੀਆਂ ਸਿੱਖ ਸੰਸਥਾਵਾਂ ਵੱਲੋਂ ਨਿਭਾਈ ਜਾਂਦੀ ਹੈ। ਦਿੱਲੀ ਦੀਆਂ ਫਿਰਨੀਆਂ 'ਤੇ ਬੈਠੇ ਆਪਣੇ ਹੱਕਾਂ ਨੂੰ ਬਚਾਉਣ ਲਈ ਜੂਝ ਰਹੇ ਕਿਸਾਨਾਂ ਲਈ ਅੱਜ ਗੁਰੂ ਨਾਨਕ ਸਾਹਿਬ ਦਾ ਦਿੱਤਾ ਫ਼ਲਸਫ਼ਾ ਅਤੇ ਗੁਰੂ ਤੇਗ ਬਹਾਦਰ ਸਾਹਿਬ ਦਾ ਜੀਵਨ-ਦਰਸ਼ਨ ਇੱਕ ਵੱਡਾ ਪ੍ਰੇਰਨਾ ਸ੍ਰੋਤ ਸਿੱਧ ਹੋ ਰਿਹਾ ਹੈ। ਅੱਜ ਸਾਰੇ ਸੰਸਾਰ ਵਿਚ ਸਿੱਖਾਂ ਵੱਲੋਂ ਲੋੜਵੰਦਾਂ ਦੀ ਸੇਵਾ ਅਤੇ ਸਰਬੱਤ ਦੇ ਭਲੇ ਲਈ ਕਾਰਜ ਕਰਦਿਆਂ ਇੱਕ ਵੱਖਰੀ ਪਛਾਣ ਬਣੀ ਹੈ।

# ਕਹਿਣੀ ਤੇ ਕਰਨੀ ਦੀ ਇਕਮਿੱਕਤਾ ਦਲੀਪ ਕੌਰ ਟਿਵਾਣਾ

## ਕਲਮਾਂ ਵਾਲੀਆਂ

***ਪਿੰਡ ਪਿਥੋ ਦੇ ਜੰਮਪਲ ਅਤੇ ਆਪਣੀ ਬਹੁਤੀ ਹਯਾਤੀ ਮੁਲਕ ਦੀ ਰਾਜਧਾਨੀ ਦਿੱਲੀ ਵਿਚ ਲੰਘਾਉਣ ਵਾਲੇ ਮਿਸਾਲੀ ਲਿਖਾਰੀ ਗੁਰਬਚਨ ਸਿੰਘ ਭੁੱਲਰ ਦਾ ਪੰਜਾਬੀ ਸਾਹਿਤ ਜਗਤ ਵਿਚ ਆਪਣਾ ਰੰਗ ਹੈ। ਉਨ੍ਹਾਂ ਆਪਣੇ ਪਲੇਠੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਨਾਲ ਇਕੋ ਡਗੇ 'ਤੇ ਪਿੰਡ ਲੁੱਟਣ ਵਰਗਾ ਕ੍ਰਿਸ਼ਮਾ ਵੀ ਕੀਤਾ ਹੈ। ਪਿਛਲੇ ਕੁਝ ਸਮੇਂ ਤੋਂ ਉਹ ਵਾਰਤਕ ਪੁਸਤਕਾਂ ਦਾ ਢੇਰ ਲਾ ਰਹੇ ਹਨ। ਪੁਸਤਕਾਂ ਦਾ ਇਹ ਅਜਿਹਾ ਢੇਰ ਹੈ ਜਿਸ ਅੰਦਰ ਰਚਨਾਵਾਂ ਹੀਰੇ-ਮੋਤੀਆਂ ਵਾਂਗ ਪਰੋਈਆਂ ਮਿਲਦੀਆਂ ਹਨ। ਫਲਸਰੂਪ, ਉਨ੍ਹਾਂ ਦੀਆਂ ਲਿਖਤਾਂ ਪਾਠਕਾਂ ਦੇ ਜ਼ਿਹਨ ਅੰਦਰ ਸਹਿਜੇ ਹੀ ਲਹਿ-ਲਹਿ ਜਾਂਦੀਆਂ ਹਨ। 'ਪੰਜਾਬ ਟਾਈਮਜ਼' ਲਈ ਉਨ੍ਹਾਂ ਔਰਤ ਲਿਖਾਰੀਆਂ ਦੀ ਲੜੀ 'ਕਲਮਾਂ ਵਾਲੀਆਂ' ਨਾਂ ਹੇਠ ਭੇਜੀ ਹੈ, ਜਿਸ ਵਿਚ ਸਾਹਿਤ ਦੇ ਨਾਲ-ਨਾਲ ਜ਼ਿੰਦਗੀ ਦੇ ਹੋਰ ਬਹੁਤ ਸਾਰੇ ਪੱਖਾਂ ਬਾਰੇ ਗੱਲਾਂ-ਬਾਤਾਂ ਬਹੁਤ ਸਲੀਕੇ ਨਾਲ ਕੀਤੀਆਂ ਗਈਆਂ ਹਨ। ਇਹ ਲੜੀ ਅਸੀਂ ਆਪਣੇ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ। ਇਸ ਲੜੀ ਦੇ ਦੂਜੇ ਪੂਰ ਵਿਚ ਉੱਘੀ ਲੇਖਿਕਾ ਦਲੀਪ ਕੌਰ ਟਿਵਾਣਾ ਬਾਰੇ ਗੱਲਾਂ ਹਨ।***

ਦਲੀਪ ਕੌਰ ਟਿਵਾਣਾ ਦਾ ਸ਼ੁਮਾਰ ਪੰਜਾਬੀ ਦੇ ਉਨ੍ਹਾਂ ਥੋੜ੍ਹੇ ਜਿਹੇ ਕਲਮਕਾਰਾਂ ਵਿਚ ਹੁੰਦਾ ਹੈ, ਜਿਨ੍ਹਾਂ ਨੂੰ ਚੰਗੇ ਸਾਹਿਤਕਾਰ ਹੋਣ ਦੇ ਨਾਲ-ਨਾਲ ਚੰਗੇ ਇਨਸਾਨਾਂ ਵਜੋਂ ਵੀ ਜਾਣਿਆ ਜਾਂਦਾ ਹੈ। ਵੈਸੇ ਲੇਖਕ ਦੇ ਸੁਭਾਅ ਦਾ ਉਹਦੀ ਰਚਨਾ ਦੇ ਸੁਭਾਅ ਤੇ ਮਿਆਰ ਨਾਲ ਨਾਤਾ, ਸਾਡੇ ਸਾਹਿਤ ਵਿਚ ਹੀ ਨਹੀਂ, ਸਗੋਂ ਕੌਮਾਂਤਰੀ ਸਾਹਿਤ ਵਿਚ ਵੀ, ਹਮੇਸ਼ਾ ਤੋਂ ਬਹਿਸ ਦਾ ਮੁੱਦਾ ਰਿਹਾ ਹੈ। ਇਨ੍ਹਾਂ ਦੋਵਾਂ ਦੇ ਸਿੱਧੇ ਨਾਤੇ ਦੇ ਮੁਦੱਈ ਦਲੀਲ ਦਿੰਦੇ ਹਨ ਕਿ ਸਾਹਿਤ ਲੇਖਕ ਦੇ ਮਨ ਦੇ ਦਰਪਨ ਵਿਚੋਂ ਦੀ ਦਿਸਦਾ ਸਮਾਜ ਦਾ ਬਿੰਬ ਹੁੰਦਾ ਹੈ ਤੇ ਧੁੰਦਲੇ ਦਰਪਨ ਵਿਚੋਂ ਸਾਫ਼-ਸਪੱਸ਼ਟ ਬਿੰਬ ਕਿਵੇਂ ਦਿਖਾਈ ਦੇ ਸਕਦਾ ਹੈ! ਦੂਜੇ ਪਾਸੇ, ਲੇਖਕ ਦੇ ਨਿੱਜ ਅਤੇ ਉਹਦੀ ਰਚਨਾ ਵਿਚਕਾਰ ਸਿੱਧੇ ਨਾਤੇ ਤੋਂ ਇਨਕਾਰੀ ਲੋਕ ਅਜਿਹੀਆਂ ਮਿਸਾਲਾਂ ਦੀ ਪੋਟਲੀ ਖੋਲ੍ਹਣ ਲਗਦੇ ਹਨ, ਜਿਨ੍ਹਾਂ ਵਿਚ ਲੇਖਕ ਇਨਸਾਨੀ ਕਦਰਾਂ-ਕੀਮਤਾਂ ਦੇ ਪੱਖੋਂ ਬੇਪਰਵਾਹ ਤੇ ਲਾਪਰਵਾਹ ਹੁੰਦਿਆਂ ਵੀ ਵਧੀਆ ਰਚਨਾ ਕਰ ਸਕੇ ਹੁੰਦੇ ਹਨ।



**ਗੁਰਬਚਨ ਸਿੰਘ ਭੁੱਲਰ**
**ਫੋਨ: +9180763-63058**

ਫੇਰ ਵੀ ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਚੰਗੇ ਮਨ ਵਿਚ ਚੰਗੇ ਸਾਹਿਤ ਦਾ ਮੌਲਣਾ ਵਧੇਰੇ ਸਹਿਜ-ਸੁਭਾਵਿਕ ਤੇ ਕੁਦਰਤੀ ਗੱਲ ਹੈ। ਇਨਸਾਨੀ ਕਦਰਾਂ-ਕੀਮਤਾਂ ਦੇ ਪੱਖੋਂ ਬੇਪਰਵਾਹ ਤੇ ਲਾਪਰਵਾਹ ਜਿਨ੍ਹਾਂ ਲੇਖਕਾਂ ਦੀ ਵਧੀਆ ਰਚਨਾਕਾਰੀ ਦੀਆਂ ਮਿਸਾਲਾਂ ਦਿੱਤੀਆਂ ਜਾਂਦੀਆਂ ਹਨ, ਕੀ ਪਤਾ, ਇਨਸਾਨੀ ਕਦਰਾਂ-ਕੀਮਤਾਂ ਦੇ ਕਦਰਦਾਨ, ਪੱਖੀ ਤੇ ਪਾਲਕ ਹੋਣ ਦੀ ਸੂਰਤ ਵਿਚ ਉਨ੍ਹਾਂ ਦੀ ਰਚਨਾ ਹੋਰ ਵੀ ਚੰਗੀ ਹੋ ਨਿੱਬੜਦੀ। ਵਧੀਆ ਮਨ ਵਿਚੋਂ ਵਧੀਆ ਸਾਹਿਤ ਵਿਗਸਣ ਦੀ ਸੁਭਾਵਿਕਤਾ ਦੀ ਇਕ ਨੇੜਲੀ ਮਿਸਾਲ ਦਲੀਪ ਕੌਰ ਟਿਵਾਣਾ ਹੈ।

ਮੈਂ ਉਹਨੂੰ ਜਿੰਨਾ ਕੁ ਦੇਖਿਆ, ਜਾਣਿਆ ਤੇ ਸਮਝਿਆ ਜਾਂ ਜਿੰਨਾ ਕੁ ਉਸ ਬਾਰੇ ਸੁਣਿਆ, ਉਹਦੀ ਸ਼ਖ਼ਸੀਅਤ ਦਾ ਉੱਭਰਵਾਂ ਲੱਛਣ ਉਹਦਾ ਅੰਦਰੋਂ-ਬਾਹਰੋਂ ਇਕ ਹੋਣਾ ਸੀ। ਆਪਣੇ ਸੁਭਾਅ ਨੂੰ ਉਹਨੇ ਇਉਂ ਢਾਲ਼ਿਆ ਹੋਇਆ ਸੀ ਕਿ ਦੂਜਿਆਂ ਨਾਲ ਵਰਤ-ਵਰਤਾਵੇ ਵਿਚ ਵਲ਼-ਛਲ਼, ਦਿਖਾਵੇ, ਚਤੁਰਾਈ-ਚਲਾਕੀ ਦੀ ਕੋਈ ਗੁੰਜਾਇਸ਼ ਨਹੀਂ ਸੀ ਹੁੰਦੀ! ਪੰਜਾਬੀਅਤ ਦੇ ਗੌਰਵ ਨੇ ਤੇ ਪੰਜਾਬਣ ਹੋਣ ਦੇ ਮਾਣ ਨੇ ਉਹਦੇ ਇਸ ਸੁਭਾਅ ਨੂੰ ਦ੍ਰਿੜ੍ਹਤਾ ਦਿੱਤੀ। ਇਸੇ ਸਦਕਾ ਉਹਦੀ ਹੋਂਦ ਤੇ ਹਾਜ਼ਰੀ ਸਹਿਜਤਾ ਦਾ ਮਾਹੌਲ ਸਿਰਜਦੀ ਸੀ, ਵਿੱਥ ਜਾਂ ਓਪਰੇਪਨ ਦਾ ਅਹਿਸਾਸ ਪੈਦਾ ਨਹੀਂ ਸੀ ਕਰਦੀ।

ਲੁਧਿਆਣੇ ਜ਼ਿਲੇ ਦੇ ਪਿੰਡ ਉੱਚੀ ਰੱਬੋਂ ਵਿਚ 4 ਮਈ 1935 ਨੂੰ ਜਨਮੀ ਦਲੀਪ ਕੌਰ ਟਿਵਾਣਾ ਛੋਟੀ ਉਮਰੇ ਹੀ ਪਟਿਆਲੇ ਭੂਆ ਕੋਲ ਆ ਗਈ ਸੀ ਜਿਸ ਦਾ ਪਤੀ ਰਿਆਸਤ ਦਾ ਵੱਡਾ ਪੁਲਿਸ ਅਫ਼ਸਰ ਸੀ। ਉਸ ਪਿੱਛੋਂ ਦਾ ਉਹਦਾ ਸਾਰਾ ਦੁਨਿਆਵੀ ਅਤੇ ਅਕਾਦਮਿਕ ਜੀਵਨ ਪਟਿਆਲੇ ਨਾਲ ਹੀ ਜੁੜਿਆ ਰਿਹਾ। ਸਕੂਲੀ ਪੜ੍ਹਾਈ ਪਾਰ ਕਰਨ ਮਗਰੋਂ ਉਹਦਾ ਅਕਾਦਮਿਕ ਜੀਵਨ, ਪਹਿਲਾਂ ਵਿਦਿਆਰਥਣ ਵਜੋਂ ਤੇ ਫੇਰ ਅਧਿਆਪਕਾ ਵਜੋਂ ਪੰਜਾਬੀ ਯੂਨੀਵਰਸਿਟੀ ਨਾਲ ਅਜਿਹਾ ਇਕਮਿਕ ਹੋਇਆ ਕਿ ਉਹਨੇ ਅੰਤਲਾ ਸੁਆਸ ਵੀ ਕੈਂਪੱਸ ਵਿਚਲੇ ਆਪਣੇ ਉਸੇ ਘਰ ਵਿਚ ਲਿਆ ਜਿਸ ਵਿਚ ਉਹ ਸੇਵਾ-ਮੁਕਤੀ ਮਗਰੋਂ ਆਜੀਵਨ ਫ਼ੈਲੋ ਤੇ ਨਿਵਾਸੀ ਲੇਖਕ ਵਜੋਂ ਰਹਿ ਰਹੀ ਸੀ। ਇਕ ਬੱਸ ਉਹਨੇ ਪੀ-ਐੱਚ.ਡੀ. (ਪਤਾ ਨਹੀਂ ਕਿਉਂ) ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਕੀਤੀ, ਹੋਰ ਸਭ ਪੜ੍ਹਨਾ-ਪੜ੍ਹਾਉਣਾ ਪੰਜਾਬੀ ਯੂਨੀਵਰਸਿਟੀ ਵਿਚ ਹੀ ਹੋਇਆ। ਉਥੇ ਪੰਜਾਬੀ ਵਿਭਾਗ ਵਿਚ ਲੈਕਚਰਰ ਲੱਗ ਕੇ ਉਹ ਰੀਡਰ, ਪ੍ਰੋਫ਼ੈਸਰ, ਪੰਜਾਬੀ ਵਿਭਾਗ ਦੀ ਮੁਖੀ ਤੇ ਡੀਨ ਭਾਸ਼ਾਵਾਂ ਬਣੀ।

1954 ਵਿਚ ਛਪੇ ਪਹਿਲੇ ਕਹਾਣੀ-ਸੰਗ੍ਰਹਿ 'ਪ੍ਰਬਲ ਵਹਿਣ' ਪਿੱਛੋਂ ਉਹਨੇ ਛੇ ਕਹਾਣੀ-ਸੰਗ੍ਰਹਿ ਹੋਰ ਦਿੱਤੇ ਤੇ ਫੇਰ 1968 ਵਿਚ ਛਪੇ 'ਅਗਨੀ ਪ੍ਰੀਖਿਆ' ਨਾਲ ਨਾਵਲ ਦਾ ਲੜ ਅਜਿਹਾ ਫੜਿਆ ਕਿ ਹਰ ਸਾਲ ਉਹਦਾ ਨਵਾਂ ਨਾਵਲ ਛਪਣ ਲੱਗਿਆ। ਉਹਦਾ ਕਹਿਣਾ ਸੀ ਕਿ ਉਹਦਾ ਬਾਕੀ ਸਾਰਾ ਸਮਾਂ ਨਵਾਂ ਨਾਵਲ ਵਿਉਂਤਦਿਆਂ ਤੇ ਮਨ ਵਿਚ ਸਾਕਾਰਦਿਆਂ ਲੱਗ ਜਾਂਦਾ ਹੈ ਤੇ ਉਸ ਨੂੰ ਕਾਗ਼ਜ਼ ਉੱਤੇ ਉਤਾਰਨ ਦਾ ਕੰਮ ਉਹ ਇਕ ਹਫ਼ਤੇ ਵਿਚ ਨਿਬੇੜ ਲੈਂਦੀ ਹੈ। ਉਹਨੇ ਇਸਤਰੀ ਨੂੰ ਉਹਦੇ ਵੱਖ-ਵੱਖ ਅਵਤਾਰਾਂ ਵਿਚ, ਵੱਖ-ਵੱਖ ਰੂਪਾਂ ਵਿਚ, ਵੱਖ-ਵੱਖ ਰਿਸ਼ਤਿਆਂ ਵਿਚ ਭੋਗਣੇ ਪੈਂਦੇ ਸੰਤਾਪ ਦਾ ਚਿਤਰਨ ਮੁੱਖ ਰੱਖਿਆ ਹੈ। ਉਹਦੇ ਲਗਭਗ ਸਾਰੇ ਨਾਵਲ ਹੀ ਹਿੰਦੀ ਵਿਚ ਤੇ ਹਿੰਦੀ ਤੋਂ ਅੱਗੇ ਹੋਰ ਕਈ ਭਾਸ਼ਾਵਾਂ ਵਿਚ ਅਨੁਵਾਦੇ ਗਏ ਹਨ। ਉਹਦੀਆਂ ਰਚਨਾਵਾਂ ਬਾਰੇ 40 ਦੇ ਕਰੀਬ ਖੋਜਾਰਥੀਆਂ ਨੇ ਪੀ-ਐੱਚ.ਡੀ. ਤੇ 80 ਦੇ ਕਰੀਨ ਖੋਜਾਰਥੀਆਂ ਨੇ ਐਮ.ਫਿਲ. ਕੀਤੀ ਹੈ।

ਉਹਨੇ ਸਾਰੀ ਉਮਰ ਕਾਲਜੀ ਤੇ ਵਿਸ਼ਵਵਿਦਿਆਲੀ ਵਿਦਿਆਰਥੀਆਂ ਨੂੰ ਕੋਰਸ ਦੀਆਂ ਸਾਹਿਤਕ ਪੁਸਤਕਾਂ ਪੜ੍ਹਾਈਆਂ ਤੇ ਅੱਗੇ ਕੰਮਕਾਜੀ ਜੀਵਨ ਦਾ ਰਾਹ ਖੋਲ੍ਹਣ ਵਾਲੇ ਇਮਤਿਹਾਨੀ ਭਵਸਾਗਰ ਤੋਂ ਪਾਰ ਲੰਘਾਇਆ। ਭਾਸ਼ਾ ਤੇ ਸਾਹਿਤ ਪੜ੍ਹਾਉਣ ਵਾਲੇ ਸਭ ਅਧਿਆਪਕ, ਘੱਟ-ਵੱਧ ਲਗਨ ਤੇ ਸਮਰੱਥਾ ਨਾਲ, ਅਜਿਹਾ ਹੀ ਕਰਦੇ ਹਨ। ਪਰ ਉਹ ਅਜਿਹੇ ਵਿਰਲਿਆਂ ਵਿਚੋਂ ਰਹੀ ਜੋ ਅਧਿਆਪਕ ਤੋਂ ਉੱਚੇ ਉੱਠ ਕੇ ਗੁਰੂ ਬਣ ਜਾਂਦੇ ਹਨ ਅਤੇ ਪੁਸਤਕਾਂ ਨੂੰ ਕੋਰਸ ਤੋਂ ਉੱਚੀਆਂ ਚੁੱਕ ਕੇ ਸਾਹਿਤ ਬਣਾ ਦਿੰਦੇ ਹਨ। ਇਸੇ ਸਦਕਾ ਹਰ ਅਧਿਆਪਕ ਨੂੰ ਆਪਣੇ ਰਹਿ ਚੁੱਕੇ ਵਿਦਿਆਰਥੀਆਂ ਤੋਂ ਮਿਲਣ ਵਾਲਾ ਸਤਿਕਾਰ ਤਾਂ ਉਹਨੂੰ ਮਿਲਿਆ ਹੀ, ਨਾਲ ਹੀ ਸਾਹਿਤ-ਰਚਨਾ ਦੇ ਰਾਹ ਤੋਰੇ ਅਤੇ ਇਸ ਰਾਹ ਉੱਤੇ ਤੁਰਦਿਆਂ ਸਾਹਿਤਕਾਰ ਬਣੇ ਅਨੇਕ ਸਿਖਿਆਰਥੀਆਂ ਤੋਂ ਉਹ ਮਾਣ-ਆਦਰ ਮਿਲਿਆ ਜੋ ਆਮ ਅਧਿਆਪਕਾਂ ਦੇ ਹਿੱਸੇ ਨਹੀਂ ਆਉਂਦਾ। ਪੰਜਾਬੀ ਦੇ ਉਂਗਲਾਂ ਉੱਤੇ ਗਿਣੇ ਜਾਣ ਜੋਗੇ ਅਧਿਆਪਕ ਹੋਣਗੇ, ਜਿਨ੍ਹਾਂ ਦੇ ਵਿਦਿਆਰਥੀ ਉਮਰ ਭਰ ਵਾਸਤੇ ਮੁਰੀਦ ਹੋ ਜਾਂਦੇ ਹੋਣ।

ਭਰੇ-ਪੂਰੇ ਲੇਖਕ ਪਰਿਵਾਰ ਵਿਚ ਕਿਹੜਾ ਲੇਖਕ ਪਹਿਲੀ ਵਾਰ ਕਦੋਂ ਤੇ ਕਿਥੇ ਮਿਲਿਆ, ਇਹ ਵੇਰਵਾ ਆਮ ਕਰ ਕੇ ਚੇਤੇ ਵਿਚੋਂ ਉਭਰਨਾ ਸੰਭਵ ਨਹੀਂ ਹੁੰਦਾ। ਤਾਂ ਵੀ ਦਲੀਪ ਕੌਰ ਟਿਵਾਣਾ ਨੂੰ ਜਦੋਂ ਮੈਂ ਪਹਿਲੀ ਵਾਰ ਮਿਲਿਆ, ਮੈਨੂੰ ਚੰਗੀ ਤਰ੍ਹਾਂ ਯਾਦ ਹੈ। ਅਸਲ ਵਿਚ 'ਮਿਲਿਆ' ਕਹਿਣਾ ਠੀਕ ਨਹੀਂ, 'ਦੇਖਿਆ' ਕਹਿਣਾ ਵਾਜਬ ਹੈ ਕਿਉਂਕਿ ਅਸੀਂ ਮਿਲੇ ਨਹੀਂ ਸੀ, ਸਾਡੀ ਦੁਆ-ਸਲਾਮ ਵੀ ਸਾਂਝੀ ਨਹੀਂ ਸੀ ਹੋਈ। ਸਗੋਂ ਦੇਖਿਆ ਵੀ ਸ਼ਾਇਦ ਮੈਂ ਹੀ ਉਹਨੂੰ ਸੀ, ਉਹਨੇ ਮੈਨੂੰ ਨਹੀਂ। ਉਹਦਾ ਨਾਂ ਜਾਣਿਆ ਜਾਣ ਲਗਿਆ ਸੀ ਤੇ ਮੈਂ ਅਜੇ ਅਨਜਾਣਿਆ ਸੀ। ਇਹ ਗੱਲ 1960 ਦੇ ਨੇੜ-ਤੇੜ ਦੀ ਹੈ, ਇਕ-ਦੋ ਸਾਲ ਪਹਿਲਾਂ ਦੀ ਜਾਂ ਇਕ-ਦੋ ਸਾਲ ਮਗਰੋਂ ਦੀ। ਉਹਦੀਆਂ ਕਹਾਣੀਆਂ ਮਾਸਕ-ਪੱਤਰਾਂ ਵਿਚ ਤਾਂ ਛਪ ਹੀ ਰਹੀਆਂ ਸਨ, ਕਹਾਣੀ-ਸੰਗ੍ਰਹਿ ਵੀ ਛਪ ਰਹੇ ਸਨ। ਇਉਂ ਥੋੜ੍ਹੇ ਜਿਹੇ ਸਮੇਂ ਵਿਚ ਹੀ ਟਿਵਾਣਾ-ਟਿਵਾਣਾ ਹੋਣ ਲੱਗ ਪਈ ਸੀ। ਉਹਨੂੰ ਮੈਂ ਸਾਹਿਤ ਸਭਾ ਬਰਨਾਲਾ ਦੇ ਇਕ ਸਮਾਗਮ ਵਿਚ ਦੇਖਿਆ। ਉਹ ਪਟਿਆਲੇ ਤੋਂ ਪ੍ਰੋ. ਪ੍ਰੀਤਮ ਸਿੰਘ ਨਾਲ ਆਈ ਸੀ। ਅਸੀਂ ਨਵੇਂ ਲੇਖਕਾਂ ਨੇ ਇਕ ਦੂਜੇ ਨੂੰ ਕਿਹਾ, "ਅੱਛਾ, ਇਹ ਹੈ ਕਹਾਣੀਕਾਰ ਦਲੀਪ ਕੌਰ ਟਿਵਾਣਾ!"

ਓਦੋਂ ਸਾਹਿਤ ਸਭਾਵਾਂ ਪੂਰੀ ਸਾਹਿਤਕ ਗੰਭੀਰਤਾ ਨਾਲ ਸਮਾਗਮ ਕਰਦੀਆਂ ਹੁੰਦੀਆਂ ਸਨ। ਹੁਣ ਦੇ ਬਹੁਤੇ ਸਾਹਿਤਕ ਸਮਾਗਮਾਂ ਵਾਂਗ ਬੜੀ ਔਖ ਨਾਲ ਆਪਣੀ ਬਾਂਹ ਨੂੰ ਬਾਜ਼ੀਗਰੀ ਵਲ਼ ਦੇ ਕੇ ਆਪਣੀ ਪਿੱਠ ਆਪ ਖੁਰਕਣ ਦਾ ਜਾਂ ਮੁਲਾਹਜੇਦਾਰੀ ਦੇ ਸਹਾਰੇ ਕਿਸੇ ਪ੍ਰੋਫ਼ੈਸਰ, ਆਲੋਚਕ, ਵਿਦਵਾਨ ਜਾਂ ਚਿੰਤਕ ਕਹਾਉਣ ਵਾਲੇ ਬੰਦੇ ਤੋਂ ਖੁਰਕਵਾਉਣ ਦਾ ਰਿਵਾਜ ਹਾਲੇ ਨਹੀਂ ਸੀ ਚੱਲਿਆ। ਸਾਹਿਤ ਸਭਾ ਬਰਨਾਲਾ ਦਾ ਇਹ ਸਮਾਗਮ ਵੀ ਖਾਸਾ ਪ੍ਰਭਾਵਸ਼ਾਲੀ ਸੀ।

ਉਸ ਸਮੇਂ ਜੇ ਕੋਈ ਸਾਹਿਤ ਸਭਾ ਹੋਰ ਦੇਸਾਂ ਦੇ, ਖਾਸ ਕਰ ਕੇ ਸਮਾਜਵਾਦੀ ਦੇਸਾਂ ਦੇ ਦੂਤਾਵਾਸਾਂ ਨੂੰ ਅਜਿਹੇ ਸਮਾਗਮ ਦਾ ਸੱਦਾ ਭੇਜਦੀ, ਉਹ ਆਮ ਕਰ ਕੇ ਆਪਣੇ ਸਭਿਆਚਾਰਕ ਸਕੱਤਰ ਜਾਂ ਪ੍ਰਕਾਸ਼ਨ ਵਿਭਾਗ ਦੇ ਕਿਸੇ ਸੰਪਾਦਕ ਨੂੰ ਭੇਜ ਦਿੰਦੇ ਸਨ। ਉਸ ਸਮਾਗਮ ਵਿਚ ਵੀ ਇਕ ਰੂਸੀ ਆਇਆ ਹੋਇਆ ਸੀ।



ਮੈਨੂੰ ਇਹ ਸਾਰਾ ਕੁਝ ਏਨੀ ਬਰੀਕੀ ਨਾਲ ਇਸ ਵਾਸਤੇ ਚੇਤੇ ਹੈ ਕਿ ਉਥੇ ਇਕ ਤਾਂ ਪ੍ਰੋਫ਼ੈਸਰ ਸਾਹਿਬ ਨੇ ਇਕ ਅਜਿਹੀ ਗੱਲ ਕੀਤੀ ਕਿ ਸਭ ਦਾ ਹਾਸਾ ਨਿਕਲ ਗਿਆ ਤੇ ਦੂਜੇ, ਮੈਨੂੰ ਭਰੀ ਸਭਾ ਵਿਚ ਕੱਚਾ ਹੋਣ ਪੈ ਗਿਆ!

ਰੂਸੀ ਮਹਿਮਾਨ ਅੰਗਰੇਜ਼ੀ ਵਿਚ ਬੋਲਿਆ। ਸਾਡੇ ਕਾਬੂ ਤਾਂ ਆਪਣੇ ਦੇਸ ਵਿਚ ਪ੍ਰਚਲਿਤ ਇੰਗਲਿਸਤਾਨੀ ਅੰਗਰੇਜ਼ੀ ਹੀ ਨਹੀਂ ਸੀ ਆਉਂਦੀ, ਅੰਗਰੇਜ਼ੀ ਵਾਲੀਆਂ ਕਈ ਧੁਨੀਆਂ ਤੋਂ ਵਿਰਵੀ ਜਾਂ ਫ਼ਰਕ ਵਾਲੀ ਰੂਸੀ ਬੋਲਣ ਵਾਲੇ ਉਸ ਭਾਈ ਦੀ ਅੰਗਰੇਜ਼ੀ ਕਿਸੇ ਦੇ ਪਿੜ-ਪੱਲੇ ਕਿਥੋਂ ਪੈਣੀ ਸੀ! ਇਹ ਦੇਖ ਕੇ ਉਸ ਰੂਸੀ ਦੀ ਅੰਗਰੇਜ਼ੀ ਨੂੰ ਨਾਲੋ-ਨਾਲ ਪੰਜਾਬੀ ਵਿਚ ਪਲਟਾਉਣ ਦਾ ਬੀੜਾ ਪ੍ਰੋਫ਼ੈਸਰ ਸਾਹਿਬ ਨੇ ਚੁੱਕ ਲਿਆ। ਕਿੱਤਾਵਰ ਦੁਭਾਸ਼ੀਏ ਕੋਈ ਭੂਮਿਕਾ ਬੰਨ੍ਹੇ ਬਿਨਾਂ ਮੁੱਖ ਬੁਲਾਰੇ ਦੇ ਵਿਆਕਰਨ ਅਨੁਸਾਰ ਹੀ "ਮੈਂ" ਆਖ ਕੇ ਬੋਲਣਾ ਸ਼ੁਰੂ ਕਰਦੇ ਹਨ। ਪਰ ਪ੍ਰੋਫ਼ੈਸਰ ਸਾਹਿਬ ਨੇ ਸ਼ੁਰੂਆਤ ਕਰਦਿਆਂ ਇਹ ਸਪੱਸ਼ਟ ਕਰਨਾ ਜ਼ਰੂਰੀ ਸਮਝਿਆ ਕਿ ਉਹ ਜੋ ਕੁਝ ਬੋਲਣ ਲੱਗੇ ਹਨ, ਉਹ ਰੂਸੀ ਭਾਈ ਦਾ ਅੰਗਰੇਜ਼ੀ ਵਿਚ ਬੋਲਿਆ ਹੋਇਆ ਪੰਜਾਬੀ ਵਿਚ ਬੋਲ ਰਹੇ ਹਨ।

ਉਸ ਰੂਸੀ ਦਾ ਨਾਂ ਬਹੁਤ ਸਾਰੇ ਰੂਸੀਆਂ ਵਾਂਗ 'ਕੋਵ' ਨਾਲ ਖ਼ਤਮ ਹੁੰਦਾ ਸੀ। ਪ੍ਰੋਫ਼ੈਸਰ ਸਾਹਿਬ ਉਹਦੇ ਨਾਂ ਦਾ 'ਕੋਵ' ਤੋਂ ਪਹਿਲਾ ਹਿੱਸਾ ਭੁੱਲ ਗਏ ਤੇ ਉਨ੍ਹਾਂ ਨੇ ਆਰੰਭ ਕੀਤਾ, "ਇਹ-ਪਤਾ-ਨਹੀਂ-ਕੀ-ਕੋਵ ਜੀ ਕਹਿੰਦੇ ਹਨ...!" ਸਭ ਦਾ ਹਾਸਾ ਨਿਕਲ ਗਿਆ ਅਤੇ ਸਭ ਨੇ ਤਾੜੀਆਂ ਵਜਾ ਦਿੱਤੀਆਂ। ਰੂਸੀਆਂ ਵਿਚ, ਆਪਣੇ ਇਕੱਠਾਂ ਦੇ ਉਲਟ, ਰਿਵਾਜ ਹੈ ਕਿ ਜੇ ਬੁਲਾਰੇ ਦੀ ਕਿਸੇ ਗੱਲ ਉੱਤੇ ਸਰੋਤੇ ਤਾੜੀ ਵਜਾ ਦੇਣ, ਉਹ ਵੀ ਨਾਲ ਤਾੜੀ ਵਜਾਉਣ ਲਗਦਾ ਹੈ। ਪ੍ਰੋਫ਼ੈਸਰ ਸਾਹਿਬ ਦੀ ਉਹਦੇ ਨਾਂ ਨੂੰ ਲੈ ਕੇ ਕੀਤੀ ਗਈ ਇਕ ਤਰ੍ਹਾਂ ਦੀ ਟਿੱਚਰ ਉੱਤੇ ਉਹਨੂੰ ਸਾਡੇ ਨਾਲ ਹੀ ਆਪ ਵੀ ਤਾੜੀਆਂ ਵਜਾਉਂਦਾ ਦੇਖ ਤਾੜੀਆਂ ਦੁਬਾਰਾ ਗੂੰਜ ਪਈਆਂ।

ਭਾਸ਼ਨ ਤੋਂ ਮਗਰੋਂ ਰੂਸੀ ਨੇ ਸਵਾਲ, ਜੇ ਕੋਈ ਹੋਣ ਤਾਂ, ਪੁੱਛਣ ਦਾ ਸੱਦਾ ਦਿੱਤਾ। ਕਈ ਲੇਖਕਾਂ ਨੇ ਸਿੱਧੇ ਹੀ ਅੰਗਰੇਜ਼ੀ ਵਿਚ ਸਵਾਲ ਪੁੱਛੇ। ਮੇਰੇ ਮਨ ਵਿਚ ਆਇਆ, ਮੈਂ ਵੀ ਆਖ਼ਰ, ਬਿਨ-ਪੁਸਤਿਕਾ ਹੀ ਸਹੀ, ਰਸਾਲਿਆਂ ਵਿਚ ਛਪਿਆ ਹੋਇਆ ਲੇਖਕ ਤਾਂ ਹਾਂ ਹੀ, ਮੈਨੂੰ ਵੀ ਸਵਾਲ ਪੁੱਛਣਾ ਚਾਹੀਦਾ ਹੈ। ਉਨ੍ਹਾਂ ਵੇਲ਼ਿਆਂ ਵਿਚ ਅਸੀਂ ਪੜ੍ਹਦੇ ਬਹੁਤ ਸੀ। ਸਗੋਂ ਸਿਰਫ਼ ਪੜ੍ਹਦੇ ਹੀ ਨਹੀਂ ਸੀ, ਚੰਗੀ ਕਿਤਾਬ ਪੜ੍ਹਨ ਮਗਰੋਂ ਉਹਦੀ ਦੱਸ ਦੂਜਿਆਂ ਨੂੰ ਵੀ ਪਾਉਂਦੇ ਸੀ। ਇਨ੍ਹਾਂ ਵਿਚ ਅਨੁਵਾਦਿਤ ਰੂਸੀ ਸਾਹਿਤ, ਖਾਸ ਕਰ ਕੇ ਨਾਵਲਾਂ ਦੀ ਵੱਡੀ ਗਿਣਤੀ ਹੁੰਦੀ ਸੀ। ਅਸੀਂ ਕਿਤਾਬਾਂ ਪੜ੍ਹਦੇ ਵੀ ਤੇ ਪੜ੍ਹੀਆਂ ਕਿਤਾਬਾਂ ਬਾਰੇ ਇਕ ਦੂਜੇ ਨਾਲ ਵਿਚਾਰ ਵੀ ਸਾਂਝੇ ਕਰਦੇ। ਸਾਡਾ, ਆਪਣੇ ਆਪ ਨੂੰ ਅੱਗੇਵਧੂ ਕਹਾਉਣ ਵਾਲਿਆਂ ਦਾ ਵੀ ਇਕ ਵਿਚਾਰ ਇਹ ਬਣਿਆ ਹੋਇਆ ਸੀ ਕਿ ਰੂਸੀ ਸਾਹਿਤ ਦਾ, ਖਾਸ ਕਰ ਕੇ ਰੂਸੀ ਨਾਵਲ ਦਾ ਮਿਆਰ ਇਨਕਲਾਬ ਤੋਂ ਮਗਰੋਂ ਉਹ ਨਹੀਂ ਰਿਹਾ ਜੋ ਪਹਿਲਾਂ ਹੁੰਦਾ ਸੀ।

ਮੈਂ ਇਹੋ ਸਵਾਲ ਅੰਗਰੇਜ਼ੀ ਵਿਚ ਪੁੱਛਣਾ ਚਾਹਿਆ। ਅੰਗਰੇਜ਼ੀ ਦੀ ਡਾਕਟਰੇਟ ਕਰਨ ਮਗਰੋਂ ਵੀ 'ਵਾਟ੍ਰ' ਨੂੰ 'ਬਾਟਰ' ਕਹਿਣ ਵਾਲੇ ਅੰਗਰੇਜ਼ੀਦਾਨਾਂ ਦੇ ਇਲਾਕੇ ਦਾ ਹੋਣ ਕਾਰਨ ਅੰਗਰੇਜ਼ੀ ਅੱਧ-ਵਿਚਾਲੇ ਧੋਖਾ ਦੇ ਗਈ। ਮੈਂ ਬਾਕੀ ਗੱਲ ਤਾਂ ਕਹਿ ਦਿੱਤੀ ਪਰ ਸਾਹਿਤ ਦਾ "ਮਿਆਰ ਪਤਲਾ ਪੈਣ" ਦੀ ਅੰਗਰੇਜ਼ੀ ਨਾ ਸੁੱਝੀ। ਮੇਰੀ ਬੇੜੀ ਤਾਂ ਪ੍ਰੋਫ਼ੈਸਰ ਸਾਹਿਬ ਨੇ ਪਾਰ ਲਾ ਦਿੱਤੀ ਪਰ ਕੱਚਾ ਜਿਹਾ ਹੋ ਜਾਣ ਕਰਕੇ ਰੂਸੀ ਦਾ ਜਵਾਬ ਮੇਰੇ ਕੰਨਾਂ ਤੋਂ ਬਾਹਰ ਹੀ ਤਿਲ੍ਹਕ ਗਿਆ, ਦਿਖਾਈ ਦਿੱਤਾ ਤਾਂ ਲੋਕਾਂ ਦਾ ਹੱਸਣਾ-ਮੁਸਕਰਾਉਣਾ! ਰੂਸੀ, ਪ੍ਰੋਫ਼ੈਸਰ ਪ੍ਰੀਤਮ ਸਿੰਘ ਤੇ ਮੇਰੇ ਵਿਚਕਾਰ ਇਸ ਸੀਮਤ ਜਿਹੀ ਪਰ ਅਭੁੱਲ ਤਿਕੋਣੀ ਸ਼ਬਦੀ ਸਾਂਝ ਚੇਤੇ ਵਿਚ ਟਿਕੀ ਹੋਈ ਹੋਣ ਕਾਰਨ ਉਥੇ ਪ੍ਰੋਫ਼ੈਸਰ ਸਾਹਿਬ ਨਾਲ ਆਈ ਦਲੀਪ ਕੌਰ ਟਿਵਾਣਾ ਨੂੰ ਪਹਿਲੀ ਵਾਰ ਦੇਖਣਾ ਵੀ ਮੈਨੂੰ ਚੰਗੀ ਤਰ੍ਹਾਂ ਯਾਦ ਹੈ।

ਮਗਰੋਂ ਦੇ ਦਹਾਕਿਆਂ ਵਿਚ ਰਚਨਾਕਾਰ ਟਿਵਾਣਾ ਨਾਲ ਸਿੱਧੇ ਵਾਹ ਦਾ ਜਿੰਨਾ ਸਬੱਬ ਬਣਿਆ, ਉਹਦੀ ਰਚਨਾ ਨਾਲ ਉਹਤੋਂ ਵੱਧ ਨੇੜਵਾਂ ਨਾਤਾ ਜੁੜ ਗਿਆ। ਕਿਸੇ ਲੇਖਕ ਦੀ ਰਚਨਾ ਨਾਲ ਪਾਠਕੀ ਨਾਤਾ ਤਦ ਹੀ ਜੁੜਦਾ ਹੈ, ਜੇ ਰਚਨਾ ਵਿਚ ਪਾਠਕ ਨੂੰ ਖਿੱਚਣ ਦਾ ਤੇ ਫੇਰ ਬੰਨ੍ਹ ਕੇ ਰੱਖਣ ਦਾ ਬਲ ਹੋਵੇ। ਸੈਂਕੜੇ ਕਲਮਕਾਰ ਕਿਸੇ ਭਾਸ਼ਾ ਵਿਚ ਲਿਖ ਰਹੇ ਹੁੰਦੇ ਹਨ। ਸ਼ੁਰੂਆਤੀ ਦੌਰ ਵਿਚ ਦੂਜਿਆਂ ਨਾਲੋਂ ਕੱਦ ਕੱਢ ਕੇ ਉਭਰਨ ਵਾਸਤੇ, ਜਿਵੇਂ ਕਣਕ ਦੇ ਖੇਤ ਵਿਚ ਕੋਈ-ਕੋਈ ਬੂਟਾ ਬਾਕੀ ਫ਼ਸਲ ਨਾਲੋਂ ਗਿੱਠ ਉੱਚਾ ਹੋ ਜਾਂਦਾ ਹੈ, ਕੁਝ ਵੱਖਰਾ, ਕੁਝ ਨਵੇਕਲਾ ਕਰਨਾ ਲਾਜ਼ਮ ਹੁੰਦਾ ਹੈ। ਕਹਿੰਦੇ ਹਨ, ਸਿਕੰਦਰ ਦੀ ਮਾਂ ਨੇ ਕਬਰਿਸਤਾਨ ਵਿਚ ਜਾ ਕੇ ਹਾਕ ਮਾਰੀ, "ਵੇ ਪੁੱਤ ਸਿਕੰਦਰਾ!" ਜਵਾਬ ਸਿਕੰਦਰ ਨੇ ਨਹੀਂ, ਇਕ ਗ਼ੈਬੀ ਆਵਾਜ਼ ਨੇ ਦਿੱਤਾ, "ਇਥੇ ਸੈਆਂ ਸਿਕੰਦਰ ਸੁੱਤੇ, ਮਾਤਾ, ਕਿਹੜੇ ਨੂੰ ਤੂੰ ਵਾਜਾਂ ਮਾਰਦੀ!" ਇਹੋ ਹਾਲ ਸਾਹਿਤ ਦਾ ਹੈ।

ਪੰਜਾਬੀ ਵਿਚ ਸੈਂਕੜੇ, ਸਗੋਂ ਹੁਣ ਤਾਂ ਸ਼ਾਇਦ ਹਜ਼ਾਰਾਂ ਸਾਹਿਤਕਾਰ ਹਨ, ਉਨ੍ਹਾਂ ਵਿਚੋਂ ਵੱਖਰੀ ਪਛਾਣ ਵਾਲਾ 'ਕਿਹੜਾ' ਬਣਨਾ ਹੀ ਖਰੀ ਕਲਾ ਹੈ। ਇਹ ਪਦਵੀ ਲੇਖਕ ਸਿਰਫ਼ ਤੇ ਸਿਰਫ਼ ਮੌਲਕਤਾ ਤੇ ਕਲਾ-ਕੌਸ਼ਲਤਾ ਸਦਕਾ ਹਾਸਲ ਕਰ ਸਕਦਾ ਹੈ। ਸੂਰਜ ਦੀ ਕਿਰਨ ਦੇ ਸੱਤ ਰੰਗ ਤਾਂ ਹਰ ਪ੍ਰਿਜ਼ਮ ਦਿਖਾਉਂਦੀ ਹੈ, ਮੌਲਕਤਾ ਮਨ ਤੇ ਸੋਚ ਦੀ ਅਜਿਹੀ ਪ੍ਰਿਜ਼ਮ ਦਾ ਨਾਂ ਹੈ ਜੋ ਅੱਠਵਾਂ ਰੰਗ ਦਿਖਾ ਸਕੇ। ਬੀਬੀ ਟਿਵਾਣਾ ਦਾ ਜ਼ਿਕਰ ਕਰਦਿਆਂ ਸਾਡੇ ਇਕ ਪ੍ਰਮੁੱਖ ਗਲਪਕਾਰ ਕਰਤਾਰ ਸਿੰਘ ਦੁੱਗਲ ਨੇ ਠੀਕ ਹੀ ਕਿਹਾ ਸੀ, "ਮੌਲਕ ਹੋਣਾ ਨਵੇਕਲਾ ਹੋਣਾ ਹੁੰਦਾ ਹੈ। ਤੇ ਵਾਸਤਵਿਕ ਮੌਲਕਤਾ ਤੋਂ ਉਚੇਰੀ ਕੋਈ ਸਾਹਿਤਕ ਵਿਸ਼ੇਸ਼ਤਾ ਨਹੀਂ, ਕੋਈ ਵਧੇਰੇ ਸ੍ਰੇਸ਼ਟ ਰਚਨਾਤਮਕ ਗੁਣ ਨਹੀਂ!"

ਕਹਾਣੀ ਨਾਲ ਸ਼ੁਰੂਆਤ ਕਰਨ ਵਾਲੀ ਟਿਵਾਣਾ ਨੇ ਨਾਲੋ-ਨਾਲ ਬਹੁਤ ਸਾਰੇ ਨਾਵਲ ਵੀ ਲਿਖੇ ਤੇ ਬਹੁਸੈਂਚੀ ਸਵੈਜੀਵਨੀ ਵੀ। ਉਹਨੇ ਸਾਹਿਤ-ਸੰਸਾਰ ਵਿਚ ਜੋ ਸਥਾਨ ਬਣਾਇਆ, ਸਾਹਿਤਕਾਰ ਵਜੋਂ ਜੋ ਨਾਂ ਕਮਾਇਆ, ਆਪਣੀ ਇਸ ਕਲਮੀ ਘਾਲਨਾ ਦੇ ਆਧਾਰ ਉੱਤੇ ਹੀ ਬਣਾਇਆ-ਕਮਾਇਆ। ਹੋਰ ਜ਼ਬਾਨਾਂ ਦੇ ਸਾਹਿਤ ਦੇ ਹਾਲ-ਹਵਾਲ ਦਾ ਮੈਨੂੰ ਸਿੱਧਾ ਕੋਈ ਬਹੁਤਾ ਪਤਾ ਨਹੀਂ, ਪਰ ਸਾਡੇ ਪੰਜਾਬੀ ਸਾਹਿਤ ਵਿਚ ਲੇਖਕ ਨੂੰ, ਖਾਸ ਕਰ ਕੇ ਗ਼ੈਰ-ਜੁਗਾੜੀ ਲੇਖਕ ਨੂੰ ਆਲੋਚਕੀ ਅਨਡਿੱਠਤਾ ਦਾ ਸਾਹਮਣਾ ਹੀ ਕਰਨਾ ਪੈਂਦਾ ਹੈ। ਮੈਂ ਆਲੋਚਕਾਂ ਨੂੰ ਅਕਸਰ ਕਹਿੰਦਾ ਹਾਂ, "ਮਹਾਂਪੁਰਸ਼ੋ, ਕਿਸੇ ਲੇਖਕ ਨੂੰ ਸਲਾਹੁਣਾ ਨਹੀਂ ਤਾਂ ਨਿੰਦ ਹੀ ਦਿਉ ਪਰ ਗਿਣਤੀ ਵਿਚ ਤਾਂ ਲਵੋ!"

ਇਥੇ ਜੇ ਕੋਈ ਆਪਣੀ ਕਲਮ ਦੇ ਭਰੋਸੇ ਤੋਂ ਇਲਾਵਾ ਧਿਆਨ ਖਿੱਚਣਾ ਚਾਹੁੰਦਾ ਹੈ, ਉਹਨੂੰ ਆਪਣੇ ਗਲ ਵਿਚ ਪਾ ਕੇ ਆਪਣਾ ਢੋਲ ਆਪ ਹੀ ਵਜਾਉਣਾ ਪੈਂਦਾ ਹੈ। ਪੁਸਤਕ ਦੀ ਘੁੰਡ-ਚੁਕਾਈ, ਪਰਚੇ ਲਿਖਾਉਣੇ, ਗੋਸ਼ਟੀ ਕਰਵਾਉਣੀ, ਇਨਾਮ ਲੈਣੇ, ਮਤਲਬ ਉਹ ਸਭ ਕੁਝ ਕਰਨਾ ਪੈਂਦਾ ਹੈ ਜੋ 'ਜੁਗਾੜ' ਸ਼ਬਦ ਦੇ ਕਲਾਵੇ ਵਿਚ ਆਉਂਦਾ ਹੈ। ਪਰ ਕਿਸੇ ਵੀ ਗ਼ੈਰਤਮੰਦ ਲੇਖਕ ਨੂੰ ਇਹ ਸਭ ਵਾਰਾ ਨਹੀਂ ਖਾਂਦਾ। ਬੀਬੀ ਟਿਵਾਣਾ ਦਾ ਕਹਿਣਾ ਸੀ, "ਆਪਣੀਆਂ ਕਿਤਾਬਾਂ ਲਈ ਮੁੱਖਬੰਦ, ਸੈਮੀਨਾਰ, ਪ੍ਰਸੰਸਾ-ਪੱਤਰ, ਖੋਜ-ਕਾਰਜ ਆਦਿ ਦਾ ਪ੍ਰਬੰਧ ਕਰਨ ਬਾਰੇ ਸੋਚਣਾ ਹਮੇਸ਼ਾ ਹੀ ਮੈਨੂੰ ਆਪਣੀ ਲਿਖਤ ਦੀ ਤੌਹੀਨ ਲਗਦਾ ਰਿਹਾ ਹੈ। ਇਸੇ ਕਾਰਨ ਮੈਂ ਆਪਣੀਆਂ ਰਚਨਾਵਾਂ ਦਾ ਨਿਰਣਾ ਵਕਤ ਉੱਤੇ ਛੱਡ ਦਿੱਤਾ ਹੈ। ਸਿਰਫ਼ ਪਹਿਲੀ ਪੁਸਤਕ ਬਾਰੇ ਪ੍ਰਿੰਸੀਪਲ ਤੇਜਾ ਸਿੰਘ ਨੇ ਆਖਿਆ ਸੀ, 'ਤੂੰ ਕਹਾਣੀਆਂ ਲਿਖ, ਮੈਂ ਮੁੱਖਬੰਦ ਲਿਖਾਂਗਾ।' ਉਹ ਬਜ਼ੁਰਗ ਤੇ ਸੁਹਿਰਦ ਵਿਦਵਾਨ, ਜਿਸ ਨੇ ਲਿਖਿਆ ਸੀ, 'ਕਿਸੇ ਦਿਨ ਇਹ ਕੁੜੀ ਵੱਡੀ ਲੇਖਿਕਾ ਬਣ ਜਾਏਗੀ, ਪਰ ਉਦੋਂ ਤੱਕ ਮੈਂ ਨਹੀਂ ਹੋਵਾਂਗਾ', ਮੇਰੀਆਂ ਕਿਤਾਬਾਂ ਵਿਚੋਂ ਪਹਿਲੀ ਤੇ ਆਖ਼ਰੀ ਭੂਮਿਕਾ ਦਾ ਲੇਖਕ ਸੀ।"

ਜਿਹੜੇ ਲੇਖਕ ਟਿਵਾਣਾ ਤੋਂ ਭੂਮਿਕਾ ਲਿਖਵਾਉਣ ਦੇ ਚਾਹਵਾਨ ਹੁੰਦੇ ਹਨ, ਉਨ੍ਹਾਂ ਸਭਨਾਂ

ਨੂੰ ਉਹਦਾ ਇਕੋ ਜਵਾਬ ਹੁੰਦਾ ਹੈ, ਜੋ ਸਮੇਂ ਨਾਲ ਬਹੁਤ ਮਸ਼ਹੂਰ ਹੋ ਗਿਆ ਹੈ, "ਮੈਨੂੰ ਪਹਿਲਾਂ ਇਹ ਦੱਸ, ਵਾਰਿਸ ਦੀ 'ਹੀਰ' ਦਾ ਮੁੱਖਬੰਦ ਕੀਹਨੇ ਲਿਖਿਆ ਸੀ!...ਵੇਖ, ਜੇ ਤੇਰੀ ਲਿਖਤ ਵਿਚ ਦਮ ਹੋਇਆ ਤਾਂ ਮੁੱਖਬੰਦ ਤੋਂ ਬਿਨਾਂ ਵੀ ਜਿਉਂਦੀ ਰਹੇਗੀ। ਕਿਸੇ ਮੁੱਖਬੰਦ ਨੇ ਅੱਜ ਤੱਕ ਕਿਸੇ ਲੇਖਕ ਨੂੰ ਵੱਡਾ ਨਹੀਂ ਬਣਾਇਆ।"

ਪ੍ਰੋਫੈਸਰਾਂ ਤੇ ਆਲੋਚਕਾਂ ਦੇ ਗੜ੍ਹ, ਇਕ ਵਿਸ਼ਵਵਿਦਿਆਲੇ ਵਿਚ, ਉਹ ਵੀ ਸਭ ਤੋਂ ਸੀਨੀਅਰ ਹੁੰਦਿਆਂ ਅਜਿਹੀ ਨਿਰਲੇਪਤਾ, ਅਟੰਕਤਾ ਤੇ ਬੇਪਰਵਾਹੀ ਅਪਣਾਉਣਾ ਅਤੇ ਆਪਣੀ ਰਚਨਾ ਬਾਰੇ ਕਿਸੇ ਵੱਲੋਂ, ਆਪਣੇ ਛੋਟੇ ਸਹਿਕਰਮੀਆਂ ਵੱਲੋਂ ਵੀ, ਕੁਝ ਲਿਖੇ ਜਾਣ ਦੀ ਚਾਹ ਨਾ ਕਰਨਾ ਬੜਾ ਸਾਹਿਤਕ ਜਿਗਰਾ ਤੇ ਤਿਆਗ ਲੋੜਦਾ ਸੀ। ਆਪ ਇਸੇ ਮੱਤ ਦਾ ਪੱਕਾ ਵਿਸ਼ਵਾਸੀ ਹੋਣ ਕਰਕੇ ਟਿਵਾਣਾ ਦੇ ਇਸ ਸੁਭਾਅ ਨੇ ਲੇਖਿਕਾ ਵਜੋਂ ਮੇਰੇ ਮਨ ਵਿਚ ਉਹਦੀ ਕਦਰ ਬਹੁਤ ਵਧਾਈ।

ਰਚਨਾ ਲੇਖਕ ਦੇ ਮਨ ਦੀ ਮਾਇਆ ਹੁੰਦੀ ਹੈ। ਮਨ ਦੇ ਸੰਸਾਰ ਦਾ ਪਸਾਰਾ ਬਾਹਰੀ ਸੰਸਾਰ ਤੋਂ ਕੋਈ ਘੱਟ ਨਹੀਂ। ਸਗੋਂ ਬਾਹਰੀ ਸੰਸਾਰ ਮਨ ਦੇ ਸੰਸਾਰ ਦਾ ਹੀ ਪਸਾਰਾ ਹੈ। ਭਗਤ ਪੀਪਾ ਕਹਿੰਦੇ ਹਨ, "ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ!" ਮਨ ਦੀ ਥਾਹ ਪਾਉਣਾ ਸੰਸਾਰ ਦੀ ਥਾਹ ਪਾਉਣ ਜਿਹਾ ਹੀ ਔਖਾ ਕਾਰਜ ਹੈ। ਬਾਬਾ ਨਾਨਕ ਦੇ ਬੋਲ "ਮਨਿ ਜੀਤੈ ਜਗੁ ਜੀਤੁ" ਵੀ ਇਸੇ ਤੱਥ-ਸੱਚ ਦਾ ਪ੍ਰਗਟਾਵਾ ਹਨ। ਜਿਸ ਨੇ ਮਨ ਜਿੱਤ ਲਿਆ, ਜੱਗ ਜਿੱਤ ਲਿਆ। ਜਿਸ ਨੇ ਮਨ ਜਾਣ ਲਿਆ, ਜੱਗ ਜਾਣ ਲਿਆ। ਜਿਸ ਨੇ ਮਨ ਪਛਾਣ ਲਿਆ, ਜੱਗ ਪਛਾਣ ਲਿਆ। ਇਹ ਗੱਲ ਬੀਬੀ ਟਿਵਾਣਾ ਦੀ ਸ਼ਖ਼ਸੀਅਤ ਉੱਤੇ ਤੇ ਉਹਦੇ ਸਾਹਿਤ ਉੱਤੇ ਪੂਰੀ ਢੁਕਦੀ ਹੈ। ਮੇਰਾ ਇਹ ਪ੍ਰਭਾਵ 'ਪੰਜਾਬੀ ਟ੍ਰਿਬਿਊਨ' ਦਾ ਸੰਪਾਦਕ ਹੋਣ ਸਮੇਂ ਚੰਡੀਗੜ੍ਹ ਵਿਚ ਪੰਜਾਬੀ ਸਾਹਿਤ ਅਕਾਦਮੀ ਦੀਆਂ ਕੁਝ ਮੀਟਿੰਗਾਂ ਤੇ ਸਭਾਵਾਂ ਵਿਚ ਉਹਨੂੰ ਨੇੜਿਉਂ ਦੇਖਣ, ਜਾਣਨ ਤੇ ਪਛਾਣਨ ਨਾਲ ਬਣਿਆ।

ਉਹਦਾ ਸਾਹਿਤ ਮੁੱਖ ਤੌਰ ਉੱਤੇ ਆਪਣੀ ਪਛਾਣ ਦਾ, ਆਪਣੀ ਹੋਂਦ ਦੇ ਅਰਥ-ਅਨੁਵਾਦ ਦਾ ਤੇ ਅੱਗੇ ਉਸ ਰਾਹੀਂ ਜੱਗ ਨੂੰ ਪਛਾਣਨ ਤੇ ਅਰਥਾਉਣ-ਅਨੁਵਾਦਣ ਦਾ ਹੀਲਾ ਹੈ। ਇਹੋ ਸਰਬਪੱਖੀ ਸਵੈਪਛਾਣ ਮਨ ਨੂੰ ਉਹ ਨਿਰਮਲਤਾ, ਠਰ੍ਹੰਮਾ ਤੇ ਸਹਿਜ ਦਿੰਦੀ ਹੈ ਜੋ ਉਹਦੀ ਸ਼ਖ਼ਸੀਅਤ ਵਿਚੋਂ ਝਲਕਦੇ ਹਨ। ਤੀਜੇ ਗੁਰੂ ਸਾਹਿਬ ਨੇ ਮਨੁੱਖੀ ਸਵੈਪਛਾਣ ਦੇ ਇਨ੍ਹਾਂ ਦੋਵਾਂ ਸਿੱਟਿਆਂ ਬਾਰੇ ਬੜੀ ਵਧੀਆ ਗੱਲ ਕੀਤੀ ਹੈ, "ਆਪੁ ਪਛਾਣੈ ਬੂਝੈ ਸੋਇ" ਤੇ "ਆਪੁ ਪਛਾਣੈ ਮਨੁ ਨਿਰਮਲੁ ਹੋਇ"। ਉਹ ਸਵੈ ਨੂੰ ਨਾ ਪਛਾਣਨ ਵਾਲਿਆਂ ਦੇ ਮਨ-ਅੰਤਰ ਦੀ ਹਨੇਰੀ ਹਾਲਤ ਨੂੰ ਵੀ ਸਪੱਸ਼ਟ ਕਰਦੇ ਹਨ, "ਅੰਤਰਿ ਤਾਮਸੁ ਆਪੁ ਨ ਪਛਾਣੈ"।


ਬੀਬੀ ਟਿਵਾਣਾ ਦਾ ਕਹਿਣਾ ਹੈ, "ਆਪਣੀ ਹੋਂਦ ਦੇ ਅਰਥ ਤਲਾਸ਼ ਕਰਨਾ ਤੇ ਆਪਣੀ ਹੋਂਦ ਦੀ ਸਾਰਥਕਤਾ ਲੱਭਣਾ ਲੇਖਕ ਲਈ, ਜਿਉਣ ਲਈ ਵੀ ਤੇ ਲਿਖਣ ਲਈ ਵੀ, ਕੇਂਦਰੀ ਬਿੰਦੂ ਹੁੰਦਾ ਹੈ।" ਇਸੇ ਕਰਕੇ ਸਾਹਿਤ ਤੇ ਕਲਾ ਦੇ ਖੇਤਰ ਵਿਚ ਆਪਣੀ ਤਲਾਸ਼ ਤੋਂ ਜੱਗ ਦੀ ਤਲਾਸ਼ ਵੱਲ ਤੁਰੇ ਉਹਦੇ ਵਰਗੇ ਲੇਖਕਾਂ ਦੇ ਮੁਕਾਬਲੇ ਆਪਣੇ ਆਪ ਨੂੰ ਸਰਬ-ਗਿਆਤਾ ਸਮਝਣ ਦਾ ਭਰਮ ਪਾਲਣ ਵਾਲੇ ਲੇਖਕ ਹੋਛੇ ਸਿੱਧ ਹੁੰਦੇ ਹਨ। ਲੇਖਕ ਵਾਸਤੇ ਆਪਣੇ ਆਪ ਨੂੰ ਜਾਣਨਾ-ਪਛਾਣਨਾ ਬਹੁਤ ਕਠਿਨ ਕਾਰਜ ਹੈ। ਪਰ ਇਹੋ ਉਹ ਦੁਆਰ ਹੈ ਜਿਸ ਤੋਂ ਅੱਗੇ ਦੁਨੀਆ ਦੀ ਜਾਣ-ਪਛਾਣ ਦਾ ਮਾਰਗ ਖੁੱਲ੍ਹਦਾ ਹੈ। ਟਿਵਾਣਾ ਦਾ ਸਾਹਿਤ ਪਾਠਕ ਨੂੰ ਉਂਗਲੀ ਫੜ ਕੇ ਇਸੇ ਮਾਰਗ ਉੱਤੇ ਲੈ ਤੁਰਦਾ ਹੈ।

ਉਹਨੂੰ ਇਨਾਮਾਂ-ਸਨਮਾਨਾਂ ਦੇ ਚੱਕਰ ਵਿਚ ਆਪਣੇ ਉੱਚੇ ਚੌਤਰੇ ਤੋਂ ਇਕ ਸੂਤ-ਭਰ ਵੀ ਨੀਵਾਂ ਹੋਣਾ ਗਵਾਰਾ ਨਹੀਂ ਸੀ ਹੋਇਆ ਤੇ ਇਸੇ ਸੋਚ ਦਾ ਧਾਰਨੀ ਮੈਂ ਰਿਹਾ ਹਾਂ। ਇਨਾਮਾਂ-ਸਨਮਾਨਾਂ ਦੀ ਪ੍ਰਾਪਤੀ ਉਹਦੀ ਸੋਚ ਦਾ ਹਿੱਸਾ ਵੀ ਨਹੀਂ ਸੀ ਰਹੀ ਤੇ ਮੇਰੀ ਸੋਚ ਦਾ ਹਿੱਸਾ ਵੀ ਨਹੀਂ ਸੀ ਰਹੀ। ਪਰ ਇਕ ਦਿਲਚਸਪ ਤੱਥ ਇਹ ਹੈ ਕਿ ਮੇਰੇ ਦਿਲ ਵਿਚ ਬਣੀ ਹੋਈ ਉਹਦੀ ਥਾਂ ਦਾ ਇਕ ਆਧਾਰ ਇਨਾਮ-ਸਨਮਾਨ ਹੀ ਹਨ। ਹੋਰ ਵੀ ਦਿਲਚਸਪ ਗੱਲ ਇਹ ਕਿ ਉਸ ਹੱਥੋਂ ਮੈਨੂੰ ਇਕ ਨਹੀਂ, ਦੋ ਵੱਡੇ ਸਨਮਾਨ ਹਾਸਲ ਹੋਏ, ਇਕ ਸਾਹਿਤ ਅਕਾਦਮੀ ਪੁਰਸਕਾਰ ਤੇ ਦੂਜਾ, ਮੇਰੇ ਲਈ ਸਾਹਿਤ ਅਕਾਦਮੀ ਪੁਰਸਕਾਰ ਤੋਂ ਵੀ ਵੱਧ ਕਦਰਜੋਗ ਇਕ ਹੋਰ ਨਵੇਕਲਾ ਪੁਰਸਕਾਰ। ਪਾਠਕ ਹੈਰਾਨ ਹੋਵੇਗਾ ਕਿ ਸਾਹਿਤ ਅਕਾਦਮੀ ਪੁਰਸਕਾਰ ਤੋਂ ਵੀ ਵੱਧ ਕਦਰਜੋਗ ਪੁਰਸਕਾਰ ਕਿਹੜਾ ਹੋਇਆ! ਮੈਂ ਆਪਣੇ ਤੋਂ ਵੱਡੇ ਲੇਖਕਾਂ ਤੋਂ ਮਿਲੀ ਸ਼ਾਬਾਸ਼ ਨੂੰ ਹਮੇਸ਼ਾ ਅਸਲ ਸਨਮਾਨ ਮੰਨਿਆ ਹੈ। ਆਪਣਾ ਮੱਤ ਸਪੱਸ਼ਟ ਕਰਨ ਵਾਸਤੇ ਮੈਂ ਇਥੇ ਸਿਰਫ਼ ਤਿੰਨ ਅਜਿਹੇ ਸਨਮਾਨਾਂ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ।

ਮੈਂ ਜਦੋਂ ਅਜੇ ਬੇਪੁਸਤਿਕਾ ਸੀ, ਕਹਾਣੀ 'ਚਗਲ', ਜੋ ਮਗਰੋਂ ਮੇਰੇ ਪਹਿਲੇ ਕਹਾਣੀ-ਸੰਗ੍ਰਹਿ 'ਓਪਰਾ ਮਰਦ' ਵਿਚ ਸ਼ਾਮਲ ਹੋਈ, ਪ੍ਰੋ. ਮੋਹਨ ਸਿੰਘ ਨੂੰ 'ਪੰਜ ਦਰਿਆ' ਵਾਸਤੇ ਭੇਜ ਦਿੱਤੀ। 'ਪੰਜ ਦਰਿਆ' ਦਾ ਬੜਾ ਉੱਚਾ ਨਾਂ ਸੀ ਅਤੇ ਮੋਹਨ ਸਿੰਘ ਬੜੀ ਬਰੀਕ ਛਾਣਨੀ ਵਿਚੋਂ ਲੰਘਾ ਕੇ ਰਚਨਾਵਾਂ ਛਾਪਣ ਲਈ ਜਾਣੇ ਜਾਂਦੇ ਸਨ। ਉਨ੍ਹਾਂ ਨੇ ਕਹਾਣੀ ਤਾਂ ਛਾਪੀ ਹੀ, ਨਾਲ ਆਪ ਉਹ ਕਹਾਣੀ ਪੰਜ ਵਾਰ ਪੜ੍ਹੀ ਹੋਣ ਦੀ ਟਿਪਣੀ ਵੀ ਛਾਪੀ। ਮੋਹਨ ਸਿੰਘ ਨੇ ਮੇਰੀ ਕਹਾਣੀ ਪੰਜ ਵਾਰ ਪੜ੍ਹੀ! ਮੈਂ ਅੱਖਾਂ ਮਲ-ਮਲ ਉਹ ਟਿਪਣੀ ਮੁੜ-ਮੁੜ ਪੜ੍ਹਦਾ ਰਿਹਾ। ਇਹ ਮੇਰਾ ਪਹਿਲਾ ਵੱਡਾ ਸਨਮਾਨ ਸੀ।




ਦਲੀਪ ਕੌਰ ਟਿਵਾਣਾ ਦੇ ਮੁੱਢਲੇ ਨਾਵਲ 'ਏਹੁ ਹਮਾਰਾ ਜੀਵਣਾ' ਦਾ ਮੁਖੜਾ




ਦਲੀਪ ਕੌਰ ਟਿਵਾਣਾ ਦੀ ਪੁਸਤਕ 'ਨੰਗੇ ਪੈਰਾਂ ਦਾ ਸਫਰ' ਦਾ ਮੁਖੜਾ

ਕਹਾਣੀ 'ਓਪਰਾ ਮਰਦ' ਅੰਮ੍ਰਿਤਾ ਪ੍ਰੀਤਮ ਦੇ ਮਾਸਕ 'ਨਾਗਮਣੀ' ਵਿਚ ਛਪੀ ਅਤੇ ਅੰਤ ਤੱਕ, ਮੇਰੇ ਨਾਲ ਗੁੱਸੇ ਹੋ ਜਾਣ ਮਗਰੋਂ ਵੀ, ਉਹਦੀਆਂ ਮਨਪਸੰਦ ਕਹਾਣੀਆਂ ਵਿਚ ਸ਼ਾਮਲ ਰਹੀ। ਇਸੇ ਨਾਂ ਦਾ ਸੰਗ੍ਰਹਿ ਛਪਿਆ ਤਾਂ ਮੈਂ ਉਹਦੇ ਘਰ ਜਾ ਕੇ ਪਹਿਲੀ ਪੁਸਤਕ ਉਸੇ ਨੂੰ ਭੇਟ ਕੀਤੀ। ਉਹਨੇ ਪੁਸਤਕ ਦੇਖੀ, ਦਿੱਖ ਦੇ ਪੱਖੋਂ ਸਲਾਹੀ, ਅਨਪੜ੍ਹੀਆਂ ਕਹਾਣੀਆਂ ਪੜ੍ਹ ਕੇ ਕੁਝ ਸਤਰਾਂ ਲਿਖਣ ਦਾ ਵਾਅਦਾ ਕੀਤਾ ਜੋ ਛੇਤੀ ਹੀ ਲਿਖ ਕੇ ਭੇਜੀਆਂ ਵੀ, ਅਤੇ ਕਮਰੇ ਵਿਚੋਂ ਇਕ ਰੁਪਏ ਦਾ ਨਵਾਂ-ਨਕੋਰ ਨੋਟ ਲਿਆ ਕੇ ਤੇ ਉਹਦੀ ਸਫ਼ੈਦ ਡੱਬੀ ਵਿਚ ਦਸਖ਼ਤ ਕਰ ਕੇ ਬੋਲੀ, "ਇਹ ਲੈ ਤੇਰੇ 'ਓਪਰੇ ਮਰਦ' ਨੂੰ ਸ਼ਗਨ!" ਇਹ ਮੇਰਾ ਦੂਜਾ ਵੱਡਾ ਸਨਮਾਨ ਸੀ।

ਇਕ ਦਿਨ ਅਚਾਨਕ ਦਲੀਪ ਕੌਰ ਟਿਵਾਣਾ ਦਾ ਕਾਰਡ ਆਇਆ। ਇਹ ਮੇਰੇ ਨਾਂ ਆਈ ਉਸ ਦੀ ਪਹਿਲੀ ਤੇ ਆਖ਼ਰੀ ਚਿੱਠੀ ਸੀ। ਇਹ ਜ਼ਿਕਰ ਤਾਂ ਨਹੀਂ ਸੀ ਕਿ ਉਹਨੇ ਮੇਰਾ ਕਿਹੜਾ ਕਹਾਣੀ-ਸੰਗ੍ਰਹਿ ਪੜ੍ਹ ਕੇ ਉਹ ਚਿੱਠੀ ਲਿਖੀ ਸੀ ਪਰ ਜੋ ਲਿਖਿਆ ਸੀ ਉਹ ਮੇਰੇ ਵਾਸਤੇ ਬਹੁਤ ਕੀਮਤੀ ਸੀ। ਉਹਦਾ ਕਹਿਣਾ ਸੀ ਕਿ ਅਸੀਂ ਬਾਹਰਲੇ ਵੱਡੇ ਲੇਖਕਾਂ ਦੀਆਂ ਤਾਰੀਫ਼ਾਂ ਕਰਦੇ ਰਹਿੰਦੇ ਹਾਂ, ਜਦੋਂ ਕਿ ਸਾਡੀਆਂ ਕਹਾਣੀਆਂ ਉਨ੍ਹਾਂ ਤੋਂ ਕਿਵੇਂ ਵੀ ਘੱਟ ਨਹੀਂ। ਇਹ ਮੇਰਾ ਤੀਜਾ ਵੱਡਾ ਸਨਮਾਨ ਸੀ।

ਸੁਹਾਣਾ ਸਬੱਬ ਦੇਖੋ, ਮੇਰੇ ਸਾਹਿਤ ਅਕਾਦਮੀ ਪੁਰਸਕਾਰ ਦੀ ਕਹਾਣੀ ਵੀ ਬੀਬੀ ਟਿਵਾਣਾ ਨਾਲ ਹੀ ਜੁੜੀ ਹੋਈ ਹੈ। ਪਹਿਲਾਂ ਤਾਂ ਮੈਂ ਪੂਰੀ ਈਮਾਨਦਾਰੀ ਨਾਲ ਇਹ ਦੱਸ ਦੇਵਾਂ ਕਿ ਇਹ ਪੁਰਸਕਾਰ ਮੇਰੇ ਸੋਚ-ਘੇਰੇ ਤੋਂ ਉੱਕਾ ਹੀ ਬਾਹਰ ਸੀ ਕਿਉਂਕਿ ਮੈਨੂੰ ਯਕੀਨ ਸੀ ਕਿ ਸਾਹਿਤ ਅਕਾਦਮੀ ਵਿਚ ਚਿਰਾਂ ਤੋਂ ਬਣੇ ਹੋਏ ਮਾਹੌਲ ਵਿਚ ਇਹਦੇ ਮੈਨੂੰ ਮਿਲਣ ਦਾ ਸਵਾਲ ਹੀ ਨਹੀਂ ਸੀ। ਜਦੋਂ ਮੈਂ ਆਪਣੀ ਬੁੱਕਲ ਖੁੱਲ੍ਹੀ ਵਾਲੇ ਲੇਖਕ ਦੋਸਤਾਂ ਨਾਲ ਵੀ ਬੈਠਦਾ ਸੀ, ਅਸੀਂ ਲੇਖਕਾਂ-ਲੇਖਿਕਾਵਾਂ ਤੋਂ ਤੁਰ ਕੇ ਪੀੜ੍ਹੀਦਾਰਾਂ, ਰਚਨਾ ਦੀ ਥਾਂ ਘਤਿੱਤਾਂ, ਤਿਕੜਮਾਂ, ਯਧਖੜੀਆਂ ਨਾਲ, ਦੂਜੇ ਲੇਖਕਾਂ ਨੂੰ ਬੁਰਾ-ਭਲਾ ਆਖਣ ਤੇ ਨਿੰਦਣ ਨਾਲ ਵੱਡਾ ਲੇਖਕ ਬਣਨ ਦੇ ਜਤਨਸ਼ੀਲਾਂ ਵਿਚੋਂ ਦੀ ਹੁੰਦੇ ਹੋਏ ਕਟਰੀਨਾ ਕੈਫ਼ ਤੱਕ ਜਾ ਪਹੁੰਚਦੇ ਸੀ, ਪਰ ਮੇਰਾ ਸਚੇਤ ਜਤਨ ਹੁੰਦਾ ਸੀ ਕਿ ਇਸ ਗਿਆਨ-ਗੋਸ਼ਟ ਵਿਚ ਕਿਵੇਂ ਵੀ ਇਨਾਮਾਂ-ਸਨਮਾਨਾਂ ਦੀ ਗੱਲ ਨਾ ਆ ਵੜੇ। ਆਪਣੇ ਲਈ ਤਾਂ ਕੀ, ਮੈਂ ਕਦੇ ਆਮ ਰੂਪ ਵਿਚ ਇਨਾਮਾਂ-ਸਨਮਾਨਾਂ ਦੀ ਗੱਲ ਵੀ ਨਹੀਂ ਸੀ ਕਰਦਾ ਤਾਂ ਜੋ ਕਿਸੇ ਨੂੰ ਇਹ ਨਾ ਲੱਗੇ ਕਿ ਭੁੱਲਰ ਇਸ ਚਰਚਾ ਦੇ ਬਹਾਨੇ ਟੇਢੇ ਢੰਗ ਨਾਲ ਆਪਣੀ ਇੱਛਾ ਪ੍ਰਗਟ ਕਰ ਰਿਹਾ ਹੈ।

ਹੋਇਆ ਇਹ ਕਿ ਜਨਤਕ ਪ੍ਰੈੱਸ ਵਾਲੇ ਚਰਨਜੀਤ ਸਿੰਘ ਚੰਨ ਦਾ ਫੋਨ ਆਇਆ, "ਵਧਾਈਆਂ, ਭੁੱਲਰ ਜੀ!"

ਮੈਂ ਪੁੱਛਿਆ, "ਕਾਹਦੀਆਂ?"

ਉਹ ਬੋਲਿਆ, "ਤੁਹਾਨੂੰ ਨਹੀਂ ਪਤਾ, ਅੱਜ ਮੀਟਿੰਗ ਸੀ?"

ਮੈਂ ਹੈਰਾਨ ਹੋਇਆ, "ਕਾਹਦੀ ਮੀਟਿੰਗ?" ਮੈਨੂੰ ਪੁਰਸਕਾਰ ਸੰਬੰਧੀ ਹੋਣ ਵਾਲੀ ਮੀਟਿੰਗ ਦੀਆਂ ਤਾਰੀਖ਼ਾਂ ਤਾਂ ਕੀ, ਮਹੀਨਾ ਵੀ ਪਤਾ ਨਹੀਂ ਸੀ ਹੁੰਦਾ।

ਉਹਨੇ ਦੱਸਿਆ, "ਸਾਹਿਤ ਅਕਾਦਮੀ ਦੀ। ਤੁਹਾਨੂੰ ਪੁਰਸਕਾਰ ਦੇਣ ਦਾ ਫ਼ੈਸਲਾ ਹੋ ਗਿਆ।"

ਮੈਂ ਬੌਂਦਲ ਜਿਹਾ ਗਿਆ ਤੇ ਫੋਨ ਰੱਖ ਦਿੱਤਾ। ਇਕ ਪਾਸੇ ਤਾਂ ਇਹ ਹੋ ਹੀ ਨਹੀਂ ਸੀ ਸਕਦਾ ਕਿ, ਸਾਹਿਤ ਅਕਾਦਮੀ ਦੇ ਪੁਰਸਕਾਰਾਂ ਦੇ ਸੰਬੰਧ ਵਿਚ ਵਰਤੇ ਜਾਂਦੇ ਤੰਦੂਆ ਜਾਲ ਤੇ ਮਾਫ਼ੀਆ ਰਾਜ ਜਿਹੇ ਸ਼ਬਦਾਂ ਦਾ ਸੱਚ ਦੇਖਦਿਆਂ, ਮੈਨੂੰ ਪੁਰਸਕਾਰ ਮਿਲ ਜਾਵੇ। ਦੂਜੇ ਪਾਸੇ ਚੰਨ, ਮੇਰੇ ਨਾਲ ਉਹਦੇ ਰਿਸ਼ਤੇ ਵੱਲ ਦੇਖਦਿਆਂ, ਅਜਿਹੀ ਟਿੱਚਰ ਨਹੀਂ ਸੀ ਕਰ ਸਕਦਾ। ਤੇ ਉਹਨੂੰ ਜਾਣਕਾਰੀ ਵੀ ਪੂਰੀ ਪੱਕੀ ਹੁੰਦੀ ਸੀ। ਮੈਂ ਕਮਰੇ ਵਿਚ ਇਕੱਲਾ ਸੀ ਤੇ ਕਿੰਨਾ ਹੀ ਚਿਰ ਇਕੱਲਾ ਬੈਠਾ ਰਿਹਾ। ਫੇਰ ਮੈਂ ਆਪ ਫੋਨ ਕੀਤਾ, "ਚੰਨ ਜੀ, ਤੁਸੀਂ ਮੈਨੂੰ ਮਖ਼ੌਲ ਕਰ ਤਾਂ ਨਹੀਂ ਸਕਦੇ ਪਰ ਕਿਤੇ ਅੱਜ ਮਖ਼ੌਲ ਕਰ ਤਾਂ ਨਹੀਂ ਦਿੱਤਾ?"

ਉਹ ਪੂਰੀ ਗੰਭੀਰਤਾ ਨਾਲ ਬੋਲਿਆ, "ਭੁੱਲਰ ਜੀ, ਇਹ ਹੋ ਸਕਦਾ ਹੈ ਕਿ ਮੈਂ ਤੁਹਾਨੂੰ ਮਖ਼ੌਲ ਕਰਾਂ?"

ਫੇਰ ਹੀ ਮੈਂ ਦੂਜੇ ਕਮਰੇ ਵਿਚ ਕੋਈ ਕੰਮ ਕਰ ਰਹੀ ਗੁਰਚਰਨ ਨੂੰ ਬੁਲਾ ਕੇ ਇਹ ਖ਼ਬਰ ਦੱਸੀ। ਉਹ ਵੀ ਹੈਰਾਨ ਹੋਈ।

ਬਹੁਤੇ ਲੇਖਕਾਂ ਦੇ ਉਲਟ ਮੈਨੂੰ ਇਸ ਗੱਲ ਦਾ ਨਿੱਜੀ ਪਤਾ ਤੇ ਅਨੁਭਵ ਸੀ ਕਿ ਪੁਰਸਕਾਰ ਦਾ ਫ਼ੈਸਲਾ ਪੂਰੀ ਤਰ੍ਹਾਂ ਤਿੰਨ ਨਿਰਨੇਕਾਰਾਂ ਉੱਤੇ ਨਿਰਭਰ ਹੁੰਦਾ ਹੈ। ਚੰਨ ਨਾਲ ਗੱਲਬਾਤ ਸਦਕਾ ਅਕਾਦਮੀ ਪੁਰਸਕਾਰ ਮਿਲ ਗਏ ਹੋਣ ਦਾ ਯਕੀਨ ਹੋਣ ਮਗਰੋਂ ਮੈਨੂੰ ਹੈਰਾਨੀ ਹੋਈ, ਅਜਿਹੇ ਕੌਣ ਨਿਰਨੇਕਾਰ ਸਨ ਜਿਨ੍ਹਾਂ ਨੇ ਕਨਵੀਨਰ ਕਰਨਜੀਤ ਸਿੰਘ ਦੀ ਇੱਛਾ ਦੇ ਬਿਲਕੁਲ ਉਲਟ ਜਾ ਕੇ ਇਹ ਫ਼ੈਸਲਾ ਲੈ ਲਿਆ ਸੀ। ਪੁਰਸਕਾਰੀ ਲੇਖਕਾਂ ਦੀ ਸੂਚੀ ਵਿਚ ਤਾਂ ਕੀ, ਮੈਂ ਤਾਂ ਕਰਨਜੀਤ ਸਿੰਘ ਦੀ ਲੇਖਕਾਂ ਦੀ ਸੂਚੀ ਵਿਚ ਵੀ ਸ਼ਾਮਲ ਨਹੀਂ ਸੀ। ਤਾਂ ਫੇਰ "ਏਨਾ ਮੇਰਾ ਕੌਣ ਦਰਦੀ, ਸੁੱਤੀ ਪਈ ਨੂੰ ਪੱਖੇ ਦੀ ਝੱਲ ਮਾਰੀ!" ਮੈਂ ਚੰਨ ਨੂੰ ਫੋਨ ਕੀਤਾ, "ਫ਼ੈਸਲਾ ਕਰਨ ਵਾਲੇ ਤਿੰਨ ਲੇਖਕ ਕੌਣ ਸਨ?"

ਉਹਨੇ ਕਿਹਾ, "ਮੈਂ ਸਾਰਾ ਪਤਾ ਕਰ ਕੇ ਦਸਦਾ ਹਾਂ" ਅਤੇ ਕੁਝ ਹੀ ਮਿੰਟਾਂ ਮਗਰੋਂ ਉਹਨੇ ਦੱਸਿਆ, "ਇਕ ਤਾਂ ਦਲੀਪ ਕੌਰ ਟਿਵਾਣਾ ਸਨ...।"

ਮੈਂ ਉਹਦੀ ਗੱਲ ਟੋਕ ਕੇ ਕਿਹਾ, "ਬੱਸ ਬੱਸ, ਸਮਝ ਗਿਆ ਮੈਂ!" ਪਰ ਚੰਨ ਨੇ ਆਪਣੀ ਗੱਲ ਜਾਰੀ ਰੱਖੀ।

ਬੀਬੀ ਟਿਵਾਣਾ ਨਾਲ ਡਾ. ਜਗਬੀਰ ਸਿੰਘ ਤੇ ਡਾ. ਦੇਵਿੰਦਰ ਸਿੰਘ ਜੰਮੂ ਸਨ। ਉਹਨੇ ਮੇਰਾ ਨਾਂ ਲਿਆ ਤੇ ਸੁਭਾਵਿਕ ਹੀ ਦੂਜੇ ਦੋਵਾਂ ਸੱਜਣਾਂ ਨੇ ਵੀ ਆਪਣੇ ਸੋਚੇ ਹੋਏ ਨਾਂ ਦੱਸ ਦਿੱਤੇ। ਵਿਚਾਰ-ਵਟਾਂਦਰੇ ਵਿਚ ਉਹਨੇ ਇਕੋ ਗੱਲ ਉੱਤੇ ਜ਼ੋਰ ਦਿੱਤਾ, ਮੈਰਿਟ ਉੱਤੇ, "ਇਹ ਦੇਖੋ, ਇਨ੍ਹਾਂ ਵਿਚੋਂ ਮੈਰਿਟ ਕੀਹਦਾ ਬਣਦਾ ਹੈ?" ਦੋਵੇਂ ਸੱਜਣ ਸਹਿਮਤ ਹੋ ਗਏ। ਫ਼ੈਸਲੇ ਵਿਚ ਦੋ ਗੱਲਾਂ ਨਿਰਣਈ ਰਹੀਆਂ। ਇਕ ਤਾਂ ਬੀਬੀ ਦਾ ਸਾਹਿਤਕ-ਅਕਾਦਮਿਕ ਕੱਦ ਏਨਾ ਹੈ ਕਿ ਕਰਨਜੀਤ ਸਿੰਘ ਤਾਂ ਕੀ, ਜੇ ਨੂਰ ਵੀ ਹੁੰਦਾ, ਉਹਦੇ ਲਈ ਵੀ ਕੋਈ ਕਿੰਤੂ-ਪ੍ਰੰਤੂ ਕਰਨਾ ਸੰਭਵ ਨਹੀਂ ਸੀ ਹੋਣਾ। ਦੂਜਾ, ਉਹਨੇ ਸਾਹਮਣੇ ਆਏ ਨਾਂਵਾਂ ਵਿਚੋਂ ਮੈਰਿਟ ਉੱਤੇ ਜ਼ੋਰ ਦਿੱਤਾ ਤੇ ਬਾਕੀ ਦੋਵਾਂ ਸੱਜਣਾਂ ਨੇ ਵੀ ਮੈਰਿਟ ਨੂੰ ਆਧਾਰ ਮੰਨ ਲਿਆ। ਜੇ ਨਿਰਨੇਕਾਰ ਇਉਂ ਹੀ ਮੈਰਿਟ ਨੂੰ ਆਧਾਰ ਬਣਾਇਆ ਕਰਨ, ਪੁਰਸਕਾਰਾਂ ਦੁਆਲਿਉਂ ਬਹੁਤ ਸਾਰੀ ਧੁੰਦ ਹਟ ਜਾਵੇ ਤੇ ਸਾਹਿਤ ਦਾ ਬੜਾ ਭਲਾ ਹੋਵੇ। ਪੁਰਸਕਾਰ ਮੰਗਣ ਨੂੰ ਰਚਨਾ ਕਰਨ ਨਾਲੋਂ ਵੱਡਾ ਰੁਝੇਵਾਂ ਬਣਾਉਣ ਵਾਲੇ ਲੇਖਕ ਬੇਦਿਲ ਹੋ ਕੇ ਸਾਹਿਤਕ ਖੇਤਰ ਵਿਚ ਗੰਦ ਪਾਉਣੋਂ ਕੁਝ ਤਾਂ ਹਟਣ!

ਇਨ੍ਹਾਂ ਤਿੰਨਾਂ ਨਾਲ ਉਸ ਸਮੇਂ ਮੇਰੇ ਰਿਸ਼ਤੇ ਸੁਣ ਕੇ ਪਾਠਕ ਸ਼ਾਇਦ ਹੈਰਾਨ ਹੋਣ। ਬੀਬੀ ਟਿਵਾਣਾ ਦਾ ਮੈਂ ਓਵੇਂ ਆਦਰ ਕਰਦਾ ਹਾਂ ਜਿਵੇਂ ਆਪਣੇ ਤੋਂ ਵੱਡੇ ਲੇਖਕਾਂ ਦਾ ਆਦਰ ਕਰਨ ਦਾ ਮੇਰਾ ਮੱਤ ਤੇ ਸੁਭਾਅ ਹੈ। ਜਾਣਦੇ ਬਹੁਤਾ ਅਸੀਂ ਇਕ ਦੂਜੇ ਦੀਆਂ ਲਿਖਤਾਂ ਤੋਂ ਹੀ ਹਾਂ। ਦੋਵਾਂ ਦੇ ਏਨੇ ਲੰਮੇ ਸਾਹਿਤਕ ਜੀਵਨ ਵਿਚ ਮਿਲੇ ਅਸੀਂ, ਜਿਵੇਂ ਮੈਂ ਪਹਿਲਾਂ ਦੱਸ ਚੁਕਿਆ ਹਾਂ, ਮਸਾਂ ਪੰਜ-ਸੱਤ ਵਾਰ ਹੋਵਾਂਗੇ, ਉਹ ਵੀ ਮੀਟਿੰਗਾਂ ਤੇ ਸਮਾਗਮਾਂ ਵਿਚ ਜਿਥੇ ਦੁਆ-ਸਲਾਮ ਤੇ ਸੁੱਖ-ਸਾਂਦ ਤੋਂ ਲੰਮੀ ਗੱਲ ਹੋਣੀ ਸੰਭਵ ਨਹੀਂ ਹੁੰਦੀ। ਡਾ. ਜਗਬੀਰ ਸਿੰਘ ਨਾਲ ਵੀ ਮੁਲਾਕਾਤਾਂ ਕਦੀ-ਕਦਾਈਂ ਸਾਹਿਤਕ ਇਕੱਠਾਂ ਵਿਚ ਹੀ ਹੁੰਦੀਆਂ ਰਹੀਆਂ ਹਨ। ਡਾ. ਦੇਵਿੰਦਰ ਸਿੰਘ ਨਾਲ ਤਾਂ ਮੇਰੀ ਮੁਲਾਕਾਤ ਕਦੀ ਕਿਸੇ ਇਕੱਠ ਵਿਚ ਵੀ ਨਹੀਂ ਹੋਈ। ਜਿਸ ਮਾਹੌਲ ਵਿਚ ਤੇ ਜਿਸ ਸਹਿਮਤੀ ਨਾਲ ਉਨ੍ਹਾਂ ਨੇ ਮੇਰੇ ਪੱਖ ਵਿਚ ਫ਼ੈਸਲਾ ਲਿਆ, ਉਹਦੇ ਲਈ ਮੇਰਾ ਧੰਨਵਾਦੀ ਹੋਣਾ ਹੀ ਬਣਦਾ ਹੈ। ਉਨ੍ਹਾਂ ਨੇ ਇਸ ਪੁਰਸਕਾਰ ਦੁਆਲੇ ਬੁਣੇ ਹੋਏ ਮਕੜ-ਜਾਲ ਨੂੰ ਤੋੜਿਆ। ਪਰ ਇਸ ਤੋਂ ਵੀ ਵੱਡੀ ਮਹੱਤਤਾ ਵਾਲਾ ਉਹ ਸੁਨੇਹਾ ਹੈ ਜੋ ਉਨ੍ਹਾਂ ਨੇ ਦਿੱਤਾ। ਨਿਰਨੇਕਾਰਾਂ ਨੂੰ ਪੇਸ਼ਾਵਰ ਪੁਰਸਕਾਰਬਾਜ਼ਾਂ ਦਾ ਦਬਾਅ ਹੂੰਝ ਕੇ ਪਰੇ ਸੁਟਦਿਆਂ ਆਪਣਾ ਗੌਰਵ ਪਛਾਣਨਾ ਤੇ ਸਵੈਮਾਣ ਕਾਇਮ ਰੱਖਣਾ ਚਾਹੀਦਾ ਹੈ। ਉਨ੍ਹਾਂ ਨੂੰ ਚਾਪਲੂਸੀ, ਗਉਂ-ਗਰਜ਼ ਤੇ ਵਾਰੀ-ਵੱਟੇ ਜਿਹੀਆਂ ਸੋਚਾਂ ਅਧੀਨ ਪੁਰਸਕਾਰੀ ਹੇਰਾਫੇਰੀਆਂ ਕਰਨ-ਕਰਾਉਣ ਵਾਲਿਆਂ ਦੇ ਮੋਹਰੇ ਨਹੀਂ ਬਣਨਾ ਚਾਹੀਦਾ।

ਇਕ ਦੱਸਣਜੋਗ ਗੱਲ ਹੋਰ। ਮਗਰੋਂ ਦੇ ਦਿਨਾਂ ਵਿਚ ਵੀ ਮੈਨੂੰ ਪੁਰਸਕਾਰ ਦੁਆਏ ਹੋਣ ਦਾ ਅਹਿਸਾਨ ਜਤਾਉਂਦਾ ਤਿੰਨਾਂ ਵਿਚੋਂ ਕਿਸੇ ਦਾ ਕੋਈ ਫੋਨ ਨਹੀਂ ਆਇਆ। ਇਕ ਦਿਨ ਮੇਰੇ ਮਨ ਵਿਚ ਆਇਆ ਕਿ ਬੀਬੀ ਟਿਵਾਣਾ ਨੂੰ ਤਾਂ ਚਿੱਠੀ ਲਿਖ ਹੀ ਦੇਣੀ ਚਾਹੀਦੀ ਹੈ ਕਿਉਂਕਿ ਬਾਕੀ ਦੋਵਾਂ ਸੱਜਣਾਂ ਦੀ ਸਹਿਮਤੀ ਵੀ ਉਸੇ ਦੀ ਦਲੀਲ ਸਦਕਾ ਸੰਭਵ ਹੋਈ। ਮੈਂ ਲਿਖਿਆ, ਮੈਨੂੰ ਸਾਹਿਤ ਅਕਾਦਮੀ ਪੁਰਸਕਾਰ ਇਸ ਕਰਕੇ ਮਿਲ ਸਕਿਆ ਹੈ ਕਿਉਂਕਿ ਫ਼ੈਸਲਾ ਕਰਨ ਵਾਲੇ ਤਿੰਨ ਲੇਖਕ ਸਨ: 1. ਦਲੀਪ ਕੌਰ ਟਿਵਾਣਾ, 2. ਦਲੀਪ ਕੌਰ ਟਿਵਾਣਾ, ਤੇ 3. ਦਲੀਪ ਕੌਰ ਟਿਵਾਣਾ! ਉਹਦਾ ਠਰ੍ਹੰਮਾ, ਸਹਿਜ ਤੇ ਜਿਗਰਾ ਦੇਖੋ, ਉਹਨੇ ਮੇਰੀ ਅਹਿਸਾਨਮੰਦੀ ਦਾ ਹੁੰਗਾਰਾ ਭਰ ਕੇ ਵੀ ਅਹਿਸਾਨ ਕੀਤਾ ਹੋਣ ਦਾ ਪ੍ਰਭਾਵ ਦੇਣਾ ਠੀਕ ਨਹੀਂ ਸਮਝਿਆ!

ਅੰਮ੍ਰਿਤਾ ਪ੍ਰੀਤਮ ਦਸਦੀ ਸੀ ਕਿ ਉਸ ਨੂੰ ਦਲੀਪ ਕੌਰ ਟਿਵਾਣਾ ਦਾ ਮੁੱਢਲਾ ਨਾਵਲ 'ਇਹੋ ਹਮਾਰਾ ਜੀਵਣਾ' ਹੀ ਰੁਆ ਗਿਆ ਸੀ। ਤੇ ਫੇਰ 'ਤੀਲੀ ਦਾ ਨਿਸ਼ਾਨ'! ਤੇ ਫੇਰ ਪੁਸਤਕ 'ਨੰਗੇ ਪੈਰਾਂ ਦਾ ਸਫ਼ਰ'! ਉਸ ਦਾ ਕਹਿਣਾ ਸੀ, "ਨੰਗੇ ਪੈਰਾਂ ਦਾ ਸਫ਼ਰ ਕਰਨ ਵਾਲੀ ਆਪਣੇ ਦਰਦ ਕਿਸੇ ਨਾਲ ਵੰਡਦੀ ਨਹੀਂ, ਉਨ੍ਹਾਂ ਦੀ ਘੁੱਟ ਕੇ ਬੁੱਕਲ ਮਾਰ ਰਖਦੀ ਹੈ। ਦੁੱਖ ਦੇ ਹੜ੍ਹ ਵਿਚ ਘਿਰੀ ਹੋਈ ਦਲੀਪ ਨੇ ਇਕ ਨਾਵਲ ਲਿਖਿਆ, ਕੰਢੇ ਨੂੰ ਹੱਥ ਲਾਉਣ ਲਈ, 'ਕਥਾ ਕਹੋ ਉਰਵਸ਼ੀ'। ਉਹ ਮੈਂ ਅੱਖਰ ਅੱਖਰ ਪੜ੍ਹਿਆ। ਇਹ ਅਜਿਹਾ ਦਰਦ ਸੀ ਜੋ ਦਲੀਪ ਮੀਟੀ ਹੋਈ ਬੁੱਕਲ ਵਿਚ ਨਹੀਂ ਸੀ ਰੱਖ ਸਕਦੀ।"

ਕਰਤਾਰ ਸਿੰਘ ਦੁੱਗਲ, ਜਿਸ ਨਾਲ ਇਕ ਬਹੁਪੱਖੀ ਤੇ ਬਹੁਪਰਤੀ ਇੰਟਰਵਿਊ ਕਰ ਕੇ ਦਲੀਪ ਕੌਰ ਟਿਵਾਣਾ ਨੇ 'ਦਲੀਪ-ਦੁੱਗਲ ਵਾਰਤਾਲਾਪ' ਨਾਂ ਦੀ ਪੂਰੀ ਪੁਸਤਕ ਛਪਵਾਈ ਸੀ, ਨੇ ਕਿਹਾ ਸੀ, "ਡਾ. ਦਲੀਪ ਕੌਰ ਟਿਵਾਣਾ ਦੀ ਸ਼ਖ਼ਸੀਅਤ ਦਾ ਮੀਰੀ ਗੁਣ ਸਹਿਜ ਹੈ। ਜਿਵੇਂ ਦੰਦੋ-ਦੰਦ ਭਰੇ ਹੋਏ ਦੁੱਧ ਦੇ ਕਟੋਰੇ ਉੱਤੇ ਮੁਲਤਾਨ ਦੀ ਫੇਰੀ ਦੇ ਦੌਰਾਨ ਬਾਬਾ ਨਾਨਕ ਦੀ ਚੰਬੇ ਦੀ ਕਲੀ ਤਰ ਰਹੀ ਹੋਵੇ। ਤੇ ਉਸ ਦੀ ਕਲਮ ਦੀ ਨਵੇਕਲੀ ਨਿਸ਼ਾਨਦੇਹੀ ਉਹਦਾ ਸੰਜਮ ਹੈ।...ਮੇਰਾ, ਕਹਾਣੀ-ਲੇਖਕ ਦਾ ਸੀਸ ਡਾ. ਦਲੀਪ ਕੌਰ ਟਿਵਾਣਾ ਦੀ ਕਲਮ ਦੇ ਸਾਹਮਣੇ ਨਿੰਵ ਜਾਂਦਾ ਹੈ। ਸੱਚਮੁੱਚ ਦਲੀਪ ਦਾ ਬਿਆਨ ਬੇਜੋੜ ਹੈ।"

ਤੇ ਇਨ੍ਹਾਂ ਸਾਰਿਆਂ ਤੋਂ ਮਗਰੋਂ ਦੀ ਪੀੜ੍ਹੀ ਦਾ ਗਲਪਕਾਰ ਜਸਬੀਰ ਭੁੱਲਰ, ਜੋ ਆਪ ਇਕ ਮੰਨਿਆ ਹੋਇਆ ਸ਼ੈਲੀਕਾਰ ਹੈ ਤੇ ਜਿਸ ਨੇ ਦਲੀਪ ਕੌਰ ਟਿਵਾਣਾ ਬਾਰੇ ਪੁਸਤਕ 'ਨਮ ਸ਼ਬਦਾਂ ਦੀ ਆਬਸ਼ਾਰ' ਸੰਪਾਦਿਤ ਕੀਤੀ ਹੈ, ਟਿਵਾਣਾ ਦੀ ਸ਼ੈਲੀ ਬਾਰੇ ਆਖਦਾ ਹੈ, "ਸੋਚਦਾ ਹਾਂ, ਜੇ ਟਿਵਾਣਾ ਦੇ ਬਿਆਨ ਵਿਚ ਕਿਧਰੇ ਪੱਥਰਾਂ ਦਾ ਜ਼ਿਕਰ ਆਵੇ ਤਾਂ ਉਨ੍ਹਾਂ ਪੱਥਰਾਂ ਵਿਚੋਂ ਪਾਣੀ ਸਿੰਮ ਸਕਦਾ ਹੈ। ਉਹਦੇ ਸ਼ਬਦਾਂ ਦੀ ਨਮੀ ਕਿਸੇ ਵੇਲੇ ਵੀ ਝਰਨੇ ਦਾ ਰੂਪ ਧਾਰ ਲੈਂਦੀ ਹੈ। ਸਾਵੇ ਪਹਾੜ ਤੋਂ ਝਰਨੇ ਦਾ ਪਾਣੀ ਹੇਠਾਂ ਡਿਗਦਾ ਰਹਿੰਦਾ ਹੈ, ਨਿਰੰਤਰ ਤੇ ਬੇਆਵਾਜ਼! ਉਹਦੀ ਸ਼ੈਲੀ ਦਾ ਸੰਗੀਤ ਓਦੋਂ ਵੀ ਹਾਜ਼ਰ ਰਹਿੰਦਾ ਹੈ। ਕੋਈ ਵੀ ਅਹਿਸਾਸਮੰਦ ਉਹਦੇ ਸ਼ਬਦਾਂ ਵਿਚੋਂ ਚੁੱਪ ਦਾ ਸੰਗੀਤ ਸੁਣ ਸਕਦਾ ਹੈ, ਮਹਿਸੂਸ ਕਰ ਸਕਦਾ ਹੈ।"

ਦਲੀਪ ਕੌਰ ਟਿਵਾਣਾ ਦੀਆਂ ਰਚਨਾਵਾਂ ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਉਹਦੇ ਪਾਤਰ ਆਦਰਸ਼ਕ ਢੰਗ ਨਾਲ ਘੜੇ ਹੋਏ ਜਾਂ ਨੇਕ ਤੇ ਜਾਂ ਬਦ ਨਹੀਂ ਹੁੰਦੇ। ਉਹ ਹੱਡ-ਮਾਸ ਦੇ ਮਨੁੱਖ ਹੁੰਦੇ ਹਨ ਜਿਹੜੇ ਚੰਗਿਆਈਆਂ ਤੇ ਬੁਰਾਈਆਂ ਦੀ ਧੁੱਪ-ਛਾਂ ਵਿਚ ਜੀਵਨ ਬਤੀਤ ਕਰਦੇ ਹਨ। ਇਸੇ ਕਰਕੇ ਉਹਨੂੰ ਉਹਦੀ ਕਲਮ ਦੀ ਕਰਨੀ ਸਦਕਾ ਅਨੇਕਾਂ-ਅਨੇਕ ਮਾਣ-ਸਨਮਾਨ ਮਿਲੇ। ਉਹਦੇ ਪੁਰਸਕਾਰਾਂ ਦਾ ਮੁੱਢ 1962 ਵਿਚ ਕਹਾਣੀ-ਸੰਗ੍ਰਹਿ 'ਸਾਧਨਾ' ਨੂੰ ਭਾਸ਼ਾ ਵਿਭਾਗ ਦਾ ਇਨਾਮ ਮਿਲਣ ਨਾਲ ਬੱਝਿਆ। ਸਾਹਿਤ ਅਕਾਦਮੀਪੁਰਸਕਾਰ ਉਹਨੂੰ ਚਰਚਿਤ ਨਾਵਲ 'ਇਹੋ ਹਮਾਰਾ ਜੀਵਣਾ' ਲਈ 1971 ਵਿਚ ਹੀ ਮਿਲ ਗਿਆ ਸੀ।

*(ਬਾਕੀ ਸਫਾ 19 'ਤੇ)*

# ਸੁੱਚੀ ਸ਼ਾਇਰੀ ਦੇ ਦੀਦਾਰ

***ਅਮਰੀਕਾ ਵੱਸਦਾ ਸ਼ਾਇਰ ਕੁਲਵਿੰਦਰ ਆਪਣਾ ਨਵਾਂ ਗਜ਼ਲ ਸੰਗ੍ਰਹਿ 'ਸ਼ਾਮ ਦੀ ਸ਼ਾਖ 'ਤੇ' ਲੈ ਕੇ ਆਇਆ ਹੈ। ਇਸ ਤੋਂ ਪਹਿਲਾਂ ਉਹ 'ਬਿਰਖਾਂ ਅੰਦਰ ਉੱਗੇ ਖੰਡਰ' ਅਤੇ 'ਨੀਲੀਆਂ ਲਾਟਾਂ ਦਾ ਸੇਕ' ਨਾਲ ਪੰਜਾਬੀ ਸਾਹਿਤ ਜਗਤ ਵਿਚ ਆਪਣੀ ਭਰਵੀਂ ਹਾਜ਼ਰੀ ਲੁਆ ਚੁੱਕਾ ਹੈ। ਉਘੇ ਸ਼ਾਇਰ ਸੁਰਜੀਤ ਪਾਤਰ ਨੇ ਉਸ ਦੀ ਸ਼ਾਇਰੀ ਨੂੰ ਸੁੱਚੀ ਸ਼ਾਇਰੀ ਆਖਿਆ ਹੈ ਜਿਸ ਵਿਚ ਥਾਂ ਪੁਰ ਥਾਂ ਸੁਹਜ, ਭਾਵਨਾ, ਗਹਿਰੀ ਸੋਚ, ਸੰਗੀਤਕਤਾ ਸਮਾਇਆ ਪਿਆ ਹੈ।***

## ਕਲਾ ਪਰਿਕਰਮਾ



**ਸੁਰਜੀਤ ਪਾਤਰ**

ਕੁਲਵਿੰਦਰ ਦਾ ਸ਼ੁਮਾਰ ਪੰਜਾਬੀ ਗ਼ਜ਼ਲ ਦੇ ਸਭ ਤੋਂ ਵੱਧ ਰੌਸ਼ਨ ਨਾਵਾਂ ਵਿਚ ਹੁੰਦਾ ਹੈ। ਮੈਨੂੰ ਉਸ ਦੀ ਗ਼ਜ਼ਲ ਦੀ ਸਭ ਤੋਂ ਵੱਡੀ ਖੂਬੀ ਇਹ ਲੱਗਦੀ ਹੈ ਕਿ ਉਸ ਦੇ ਸ਼ੇਅਰਾਂ ਵਿਚਲੇ ਧਰਤ-ਦ੍ਰਿਸ਼ ਬਹੁਤ ਪੁਰਅਸਰ ਹੁੰਦੇ ਹਨ। ਸ਼ਬਦ-ਸ਼ਬਦ ਸਤਰ-ਸਤਰ ਉਹ ਕਿਸੇ ਫਿਲਮ ਦੇ ਦ੍ਰਿਸ਼ ਵਾਂਗ ਖੁੱਲ੍ਹਦੇ ਹਨ ਤੇ ਸਾਡੇ ਸਾਹਮਣੇ ਸੁਹਜਮਈ ਅਨੂਠਾ ਸੰਸਾਰ ਸਿਰਜ ਦਿੰਦੇ ਹਨ:

ਮੁਕਟ ਸੂਰਜ ਦਾ ਸਜਾ ਕੇ, ਓੜ ਕੇ ਰੇਤੇ ਦਾ ਸ਼ਾਲ
ਜ਼ਿੰਦਗੀ ਦੇ ਥਲ 'ਚ ਤੁਰਿਆ ਜਾ ਰਿਹਾ ਹਾਂ ਸ਼ਾਨ ਨਾਲ।
ਮੈਂ ਇਕੱਲਾ ਹੀ ਸਫ਼ਰ ਵਿਚ ਹਾਂ, ਨਹੀਂ ਇਉਂ ਤਾਂ ਨਹੀਂ
ਚਲ ਰਹੇ ਨੇ ਲੱਖਾਂ ਹੀ ਬ੍ਰਹਿਮੰਡ ਮੇਰੇ ਨਾਲ-ਨਾਲ
ਰਾਤ-ਦਿਨ, ਲੋਅ-ਨ੍ਹੇਰ, ਸਰਘੀ-ਸ਼ਾਮ; ਚਾਨਣ-ਅੰਧਕਾਰ
ਕੋਸ਼ ਵਿਚ ਵੀ ਜੂਝਦੇ ਨੇ ਸ਼ਬਦ ਇਕ-ਦੂਜੇ ਦੇ ਨਾਲ।

ਪਰ ਇਹ ਦ੍ਰਿਸ਼ ਸਿਰਫ਼ ਦ੍ਰਿਸ਼ ਚਿਤਰਨ ਦੀ ਖ਼ਾਤਰ ਨਹੀਂ ਹੁੰਦੇ, ਦਰਅਸਲ ਇਹ ਮਾਨਵ-ਮਨ ਦੀ ਕਿਸੇ ਦਸ਼ਾ ਨੂੰ ਬਿਆਨ ਕਰਨ ਲਈ ਸਿਰਜੇ ਗਏ ਹੁੰਦੇ ਹਨ। ਸ਼ਾਇਦ ਇਉਂ ਕਹਿਣਾ ਚਾਹੀਦਾ ਕਿ ਕਵੀ ਦੇ ਮਨ ਦੀ ਅਰਧ-ਚੇਤਨ ਅਵਸਥਾ ਆਪਮੁਹਾਰੇ ਉਨ੍ਹਾਂ ਦ੍ਰਿਸ਼ਾਂ ਨੂੰ ਸਿਰਜ ਰਹੀ ਹੁੰਦੀ ਹੈ। ਹਾਸ਼ਮ ਸ਼ਾਹ ਦੀ ਇਕ ਤੁਕ ਦੇ ਹਵਾਲੇ ਨਾਲ ਆਪਣੀ ਗੱਲ ਸਪਸ਼ਟ ਕਰਨੀ ਚਾਹੁੰਦਾ ਹਾਂ। ਹਾਸ਼ਮ ਲਿਖਦੇ ਹਨ:

ਸੂਰਜ ਆਖ ਨਾਹੀਂ ਇਹ ਚੜ੍ਹਿਆ, ਇਹ ਤਾਂ ਚਿਖਾ ਬਲੇ ਅਸਮਾਨੇ

ਇਹ ਤੁਕ ਸੂਰਜ ਬਾਰੇ ਓਨੀ ਨਹੀਂ ਜਿੰਨੀ ਹਾਸ਼ਮ ਦੇ ਆਪਣੇ ਮਨ ਦੇ ਸੰਤਾਪ ਬਾਰੇ ਹੈ। ਇਸ ਤੋਂ ਅੱਗੇ ਉਸ ਦੇ ਮਨ ਦਾ ਸੰਤਾਪ ਆਪਣੇ ਦੇਸ਼-ਕਾਲ ਦੀ ਦਸ਼ਾ ਨਾਲ ਵੀ ਜੁੜਿਆ ਹੋਇਆ ਹੈ। ਕੁਲਵਿੰਦਰ ਦੀਆਂ ਗ਼ਜ਼ਲਾਂ ਵਿਚਲੇ ਮੰਜ਼ਰਾਂ ਵਿਚ ਵੀ ਇਹੀ ਤਹਿਦਾਰੀ ਹੈ। ਦ੍ਰਿਸ਼ ਦੀ ਪਰਤ ਹੇਠ ਕਵੀ ਦੇ ਮਨ ਦੀ ਦਸ਼ਾ ਦੀ ਪਰਤ ਹੁੰਦੀ ਹੈ। ਮਨ ਦੀ ਦਸ਼ਾ ਦੀ ਪਰਤ ਹੇਠਾਂ ਉਸ ਦੇ ਸੁਪਨਿਆਂ ਦੀ ਪਰਤ ਹੁੰਦੀ ਹੈ। ਸੁਪਨਿਆਂ ਦੀ ਪਰਤ ਵਿਚ ਕਵੀ ਦਾ ਜੀਵਨ ਫ਼ਲਸਫਾ ਹੁੰਦਾ ਹੈ। ਇਹ ਸੋਚ ਹੁੰਦੀ ਹੈ ਕਿ ਇਹ ਸੰਸਾਰ ਕਿਹੋ ਜਿਹਾ ਹੈ ਤੇ ਕਿਹੋ ਜਿਹਾ ਹੋਣਾ ਚਾਹੀਦਾ ਹੈ।

ਦ੍ਰਿਸ਼ ਚਿਤਰਨ ਦੀ ਗੱਲ ਅੱਗੇ ਤੋਰੀਏ ਤਾਂ ਸਾਡੇ ਸਮਿਆਂ ਵਿਚ ਇਕ ਬਹੁਤ ਵੱਡੀ ਤਬਦੀਲੀ ਇਹ ਹੋਈ ਹੈ ਕਿ ਨਵੇਂ ਜਨ ਸੰਚਾਰ ਸਾਧਨਾਂ ਕਾਰਨ ਜਹਾਨ ਦੀ ਅਸਲੀਅਤ ਸਾਡੀਆਂ ਅੱਖਾਂ ਤੋਂ ਉਹਲੇ ਹੋ ਗਈ ਹੈ। ਅਸੀਂ ਬਹੁਤਾ ਕੁਝ ਉਹੀ ਦੇਖ ਰਹੇ ਹਾਂ ਜੋ ਸਾਨੂੰ ਜਨ ਸੰਚਾਰ ਮਾਧਿਅਮਾਂ ਦੇ ਮਾਲਕ ਦਿਖਾਉਣਾ ਚਾਹੁੰਦੇ ਹਨ। ਕੁਲਵਿੰਦਰ ਦੇ ਸ਼ੇਅਰ ਹਨ:

ਰੌਸ਼ਨੀ ਦੀ ਜਗਮਗਾਹਟ ਤੋਂ ਹੀ ਅੰਦਾਜ਼ਾ ਨ ਲਾ
ਰੌਣਕਾਂ ਦੇ ਸ਼ਹਿਰ ਵਿਚ ਕੁਝ ਚੁੱਪ ਦੇ ਖੰਡਰ ਵੀ ਹਨ।
ਸਿਰਫ਼ ਸੁੱਕੇ ਜੰਗਲਾਂ ਦੀ ਅੱਗ ਨਾ ਉਸ ਨੂੰ ਸਮਝ
ਦੂਰ ਬਲਦੇ ਜੰਗਲਾਂ ਵਿਚ ਸੜ ਰਹੇ ਕੁਝ ਘਰ ਵੀ ਹਨ।

ਉਸ ਦੇ ਸ਼ੇਅਰਾਂ ਵਿਚ ਸਿੱਧੇ ਜਾਂ ਅਸਿੱਧੇ ਤੌਰ 'ਤੇ ਜਹਾਨ ਨੂੰ ਬਦਲਣ ਦੀ ਤੜਫ ਹੈ ਤੇ ਉਸ ਨੂੰ ਬਦਲਣ ਦੇ ਮਾਰਗ ਦਾ ਸੰਕੇਤ ਵੀ:

ਤੀਰਾਂ ਤਲਵਾਰਾਂ ਮਿਜ਼ਾਈਲਾਂ ਨਾਲ ਨਾ ਆਉਣਾ ਕਦੇ
ਅੰਤ ਨੂੰ ਸ਼ਬਦਾਂ ਦੀ ਸ਼ਕਤੀ ਨਾਲ ਆਉਣਾ ਇਨਕਲਾਬ।

ਕੁਲਵਿੰਦਰ ਦੀ ਇਕ ਹੋਰ ਖੂਬਸੂਰਤੀ ਇਹ ਹੈ ਕਿ ਉਸ ਦੀ ਤਕਰੀਬਨ ਹਰ ਗ਼ਜ਼ਲ ਦੇ ਸ਼ੇਅਰਾਂ ਵਿਚ ਆਪਸੀ ਅੰਤਰੀਵੀ ਸਾਂਝ ਹੁੰਦੀ ਹੈ ਜਿਸ ਸਦਕਾ ਗ਼ਜ਼ਲ ਵਿਚ ਸੋਚ ਅਤੇ ਭਾਵਨਾ ਦੀ ਨਿਰੰਤਰਤਾ ਤੇ ਵਿਕਾਸ ਦੇਖਿਆ ਜਾ ਸਕਦਾ ਹੈ। ਗ਼ਜ਼ਲ ਚੱਕਰ ਵਿਚ ਘੁੰਮਣ ਦੀ ਥਾਂ ਅੱਗੇ ਤੁਰਦੀ ਮਹਿਸੂਸ ਹੁੰਦੀ ਹੈ। ਉਸ ਦੀ ਬਹੁਤ ਪਿਆਰੀ ਗ਼ਜ਼ਲ ਮੁਕੰਮਲ ਤੌਰ 'ਤੇ ਪੇਸ਼ ਕਰਨਾ ਚਾਹੁੰਦਾ ਹਾਂ ਤਾਂ ਜੋ ਆਪਣੀ ਕਹੀ ਗੱਲ ਨੂੰ ਸਮੂਰਤ ਕਰ ਸਕਾਂ:

ਨਦੀ ਝੀਲ ਚਸ਼ਮਾ ਨਾ ਦਰਿਆ ਕਿਤੇ ਵੀ
ਨਾ ਮੌਸਮ ਹੀ ਦਿਸਦਾ ਕਿਤੇ ਕਿਣਮਿਣੀ ਦਾ।
ਚੁਫ਼ੇਰੇ ਸੁਲਗਦਾ ਹੈ ਰੇਤਾ ਹੀ ਰੇਤਾ
ਬੜਾ ਖੁਸ਼ਕ ਹੈ ਇਹ ਸਫ਼ਰ ਜ਼ਿੰਦਗੀ ਦਾ।

ਜੋ ਪਾਣੀ ਲਈ ਕੀਤੇ ਵਿਰਲਾਪ ਸਾਰੇ
ਨਦੀ ਨੂੰ ਹੀ ਸੁਣਨੇ ਪਏ ਆਪ ਸਾਰੇ,
ਸਮੁੰਦਰ ਤਾਂ ਅਪਣੇ ਹੀ ਗੋਲੇ ਦੇ ਕਾਰਨ
ਰੁਦਨ ਸੁਣ ਹੀ ਸਕਿਆ ਨਾ ਸੁੱਕੀ ਨਦੀ ਦਾ।

ਇਹ ਬਿਰਹਾ ਦੀ ਕੈਸੀ ਤੜਪ ਹੈ ਸੁਰਾਂ ਵਿਚ
ਜਿਵੇਂ ਹੂਕਦਾ ਹੈ ਕੋਈ ਖੰਡਰਾਂ ਵਿਚ,
ਜਿਵੇਂ ਚੀਕਦੇ ਨੇ ਹਜ਼ਾਰਾਂ ਹੀ ਜੰਗਲ
ਸੁਣੇ ਰਾਤ ਭਰ ਦਰਦ ਇਉਂ ਬੰਸਰੀ ਦਾ।

ਜਦੋਂ ਪੀੜ ਦਾ ਕੋਈ ਚਾਰਾ ਨਾ ਦਿਸਿਆ
ਕਿਤੇ ਚੰਦ ਜੁਗਨੂੰ ਸਿਤਾਰਾ ਨਾ ਦਿਸਿਆ,
ਘਣੀ ਰਾਤ ਵਿਚ ਫਿਰ ਮੈਂ ਸ਼ਬਦਾਂ ਦੀ ਲੋਏ
ਲਹੂ ਨਾਲ ਲਿਖਿਆ ਸਫ਼ਾ ਡਾਇਰੀ ਦਾ।

ਤੂੰ ਪੁਰਸੋਜ਼ ਸ਼ਬਦਾਂ ਨੂੰ ਪਰਵਾਜ਼ ਦੇ ਦੇ
ਮੇਰੇ ਸਿਸਕਦੇ ਗੀਤ ਨੂੰ ਸਾਜ਼ ਦੇ ਦੇ,
ਤੂੰ ਜਿਸ ਹਾਲ ਵਿਚ ਵੀ ਏਂ ਆਵਾਜ਼ ਦੇ ਦੇ
ਕਿਤੇ ਟੁੱਟ ਹੀ ਜਾਵੇ ਨਾ ਪੁਲ ਦੋਸਤੀ ਦਾ।

ਸਿਆਹ ਵਣ ਜਾਂ ਨ੍ਹੇਰੀ ਗੁਫ਼ਾ ਹੈ ਜਾਂ ਖੰਡਰ
ਅਜੇ ਹਰ ਦਿਸ਼ਾ ਵਿਚ ਉਦਾਸੀ ਦਾ ਮੰਜ਼ਰ,
ਇਸੇ ਆਸ 'ਤੇ ਹੀ ਅਸੀਂ ਹਾਂ ਸਫ਼ਰ ਵਿਚ
ਕਿਤੇ ਤਾਂ ਮਿਲੇਗਾ ਨਗਰ ਰੌਸ਼ਨੀ ਦਾ।

ਇਸ ਗ਼ਜ਼ਲ ਵਿਚ ਉਦਾਸੀ ਤੋਂ ਲੈ ਕੇ ਆਸ ਤੱਕ ਦਾ ਸਫਰ ਹੈ ਤੇ ਉਸ ਦੇ ਮੱਧ ਵਿਚ ਹਮਸਫ਼ਰਾਂ ਨੂੰ ਆਵਾਜ਼ ਅਤੇ ਸ਼ਬਦਾਂ ਦੀ ਲੋਏ ਲਹੂ ਨਾਲ ਲਿਖਿਆ ਸਫਾ ਚੇਤਨ ਸੰਘਰਸ਼ ਦੀ ਗਵਾਹੀ ਵੀ ਦਿੰਦਾ ਹੈ।

ਦੇਸਾਂ ਤੋਂ ਪਰਦੇਸਾਂ ਵੱਲ ਅਤੇ ਪਿੰਡਾਂ ਤੋਂ ਸ਼ਹਿਰਾਂ ਵੱਲ ਜਾ ਰਹੇ ਲੋਕਾਂ ਦੇ ਦੁਖ-ਸੁਖ ਨੂੰ ਵੀ ਕੁਲਵਿੰਦਰ ਨੇ ਬਹੁਤ ਜ਼ਿਆਦਾ ਸ਼ਿੱਦਤ ਨਾਲ ਚਿਤਰਿਆ ਹੈ ਤੇ ਨਾਲ ਹੀ ਉਨ੍ਹਾਂ ਨੂੰ ਕਲਪਨਾ ਦੇ ਦੀਪ ਜਗਾ ਕੇ ਰੱਖਣ ਦੀ ਤਾਕੀਦ ਕੀਤੀ ਹੈ:

ਸਿਖਰ ਦੁਪਹਿਰ ਅੰਦਰ ਭਾਲਦੇ ਨੇ ਛਾਵਾਂ ਨੂੰ
ਪਰਿੰਦੇ ਜਾ ਰਹੇ ਨੇ ਅੰਨ੍ਹੀਆਂ ਗੁਫਾਵਾਂ ਨੂੰ।
ਗੁਆ ਕੇ ਪਿੰਡ ਵਿਚ ਵਸਦੇ ਘਰਾਂ ਤੇ ਮਾਵਾਂ ਨੂੰ
ਸ਼ਹਿਰ ਵਿਚ ਭਾਲਦੇ ਹੋ ਜਿਸ ਦੀਆਂ ਦੁਆਵਾਂ ਨੂੰ।
ਕਿਸੇ ਦੀ ਪੈੜ ਤੱਕ ਮੈਨੂੰ ਨਜ਼ਰ ਨਹੀਂ ਆਉਂਦੀ
ਇਹ ਡੰਡੀ ਜਾ ਰਹੀ ਅਣਦੇਖੀਆਂ ਹੀ ਰਾਹਵਾਂ ਨੂੰ।
ਹਮੇਸ਼ ਕਲਪਨਾ ਦੇ ਦੀਪ ਬਾਲ ਕੇ ਰੱਖਣਾ
ਨ੍ਹੇਰ ਖਾ ਨ ਜਾਵੇ ਮਨ ਦੀਆਂ ਗੁਫਾਵਾਂ ਨੂੰ।

ਕੁਲਵਿੰਦਰ ਦੇ ਇਸ ਕਾਵਿ-ਸੰਗ੍ਰਹਿ ਦੀ ਹਰ ਗ਼ਜ਼ਲ ਗਵਾਹੀ ਦਿੰਦੀ ਹੈ ਕਿ ਉਹ ਘੋਰ ਉਦਾਸੀਆਂ ਵਿਚ ਵੀ ਆਪਣੀ ਚੇਤਨਾ, ਪ੍ਰਤਿਭਾ, ਹੌਸਲੇ, ਕੁਦਰਤ ਅਤੇ ਮਾਨਵਤਾ ਵਿਚ ਗਹਿਰੇ ਵਿਸ਼ਵਾਸ ਸਦਕਾ ਸ਼ਬਦਾਂ ਦੇ ਚਿਰਾਗ ਰੋਸ਼ਨ ਕਰ ਲੈਂਦਾ ਹੈ ਜੋ ਉਸ ਨੂੰ ਤੇ ਉਸ ਦੇ ਪਾਠਕਾਂ ਨੂੰ ਜ਼ਿੰਦਗੀ ਵਿਚ ਅੱਗੇ ਵਧਣ ਤੇ ਸੁਹਣਾ ਜਹਾਨ ਸਿਰਜਣ ਦਾ ਸੰਦੇਸ਼ ਦਿੰਦੇ ਹਨ।

ਇਸ ਗ਼ਜ਼ਲ ਸੰਗ੍ਰਹਿ ਵਿਚ ਥਾਂ ਪੁਰ ਥਾਂ ਸੁਹਜ, ਭਾਵਨਾ, ਗਹਿਰੀ ਸੋਚ, ਸੰਗੀਤਕਤਾ, ਕਿਤੇ ਸੰਤਾਪ ਤੇ ਕਿਤੇ ਵਿਸਮਾਦ ਦੇ ਰੂਪ ਵਿਚ ਉੱਚੀ ਸੁੱਚੀ ਸ਼ਾਇਰੀ ਦੇ ਦੀਦਾਰ ਹੁੰਦੇ ਹਨ। ਪੰਜਾਬੀ ਗ਼ਜ਼ਲ ਨੂੰ ਹੋਰ ਸਮਰੱਥ ਤੇ ਹੋਰ ਖੂਬਸੂਰਤ ਬਣਾਉਣ ਵਾਲੇ ਇਸ ਗਜ਼ਲ ਸੰਗ੍ਰਹਿ ਨੂੰ ਮੈਂ ਇਸ ਵਿਚਲੇ ਹੀ ਆਸ ਅਤੇ ਆਤਮ-ਵਿਸ਼ਵਾਸ ਭਰੇ ਸ਼ੇਅਰ ਨਾਲ ਜੀ ਆਇਆਂ ਨੂੰ ਆਖਦਾ ਹਾਂ:

ਸ਼ਾਇਰ ਜਾਂ ਪੈਗੰਬਰ ਜਾਂ ਇਹ ਦਰਵੇਸ਼ ਹੈ ਕੋਈ
ਇਹ ਕੌਣ ਹੈ ਜੋ ਰਾਤਾਂ ਨੂੰ ਬੁਝੇ ਦੀਪ ਜਗਾਵੇ।




*ਕੁਲਵਿੰਦਰ ਦੀ ਨਵੀਂ ਕਿਤਾਬ ਦਾ ਮੁਖੜਾ।*




*ਕੁਲਵਿੰਦਰ*


## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 3 ਦਸੰਬਰ 2022 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-562



### ਕੈਪਸ਼ਨ ਮੁਕਾਬਲਾ-560



ਪਾਲਣਹਾਰੀ, ਜੱਗ ਦੀ ਜਣਨੀ
ਰਿਕਸ਼ਾ ਧੂਹੀਂ ਆਉਂਦੀ ਹੈ।
ਦੇਹ ਤੋੜ ਕੇ ਮਿਹਨਤ ਕਰਦੀ
ਘਰ ਦਾ ਡੰਗ ਟਪਾਉਂਦੀ ਹੈ।
ਸਰਕਾਰੀ ਦਾਅਵੇ, ਫੋਕੇ ਨਾਹਰੇ
ਹਕੀਕਤ ਮੂੰਹ ਚਿੜਾਉਂਦੀ ਹੈ।
***-ਜਗਮੀਤ ਸਿੰਘ ਪੰਧੇਰ***
***ਕਲਾਹੜ (ਲੁਧਿਆਣਾ)***
***ਫੋਨ : +91 98783-37222***

---

ਦਸਾਂ ਨੌਹਾਂ ਦੀ ਕਰ ਕਮਾਈ,
ਪੈਂਦਾ ਧਨ ਕਮਾਉਣਾ
ਕੰਮ ਕਰਨ ਦਾ ਮਿਹਣਾ ਕੀ?
ਭਾਵੇਂ ਰਿਕਸ਼ਾ ਪਵੇ ਚਲਾਉਣਾ।
ਅੱਜ ਦੀ ਨਾਰੀ ਮਰਦ ਬਰੋਬਰ
ਵਿਚ ਮੈਦਾਨੇ ਖੜ੍ਹਦੀ
ਝਾਂਸੀ ਵਾਲੀ ਰਾਣੀ ਬਣ,
ਤਲਵਾਰਾਂ ਦੇ ਨਾਲ਼ ਲੜਦੀ।
ਸੁੰਨੀਆਂ ਰੋਹੀਆਂ ਉੱਜੜੇ ਪੈਂਡੇ,
ਹੋਰ ਵਧਾਉਂਦੇ ਜ਼ੇਰੇ,
ਹਿੰਮਤ ਹਾਰਨਾ,
**ਰੱਖ ਹੌਸਲੇ ਹੁਣ ਨਹੀਂ ਦੂਰ ਸਵੇਰੇ।**
***-ਮਾਸਟਰ ਪ੍ਰੀਤਮ ਸਿੰਘ ਲੰਮੇ***
***ਫੋਨ: 1-925-325-2486***

ਕੰਮ ਇਕ ਪੂਜਾ ਸਾਮਾਨ ਹੁੰਦਾ
ਨਹੀਂ ਸ਼ਰਮ ਕਿ ਜਨਾਨੀ ਰਿਕਸ਼ਾ ਚਲਾਵੇ
ਇਹੀ ਹੈ ਸ਼ਾਂਤੀ ਅਤੇ ਸਾਂਝ ਪਰਿਵਾਰ ਵਿਚ,
ਮਰਦ ਔਰਤ ਮੋਢੇ ਨਾਲ ਮੋਢਾ ਜੋੜ
ਕਰ ਮਿਹਨਤ
ਰੋਟੀ ਫੁਲਕੇ ਦਾ ਆਹਰ ਕਰਨ
ਹੋ ਜਾਵੇ ਇਕ ਬਿਮਾਰ ਸ਼ੁਮਾਰ
ਦੂਜਾ ਸਾਂਭ ਬੱਚੇ
ਮੱਥੇ 'ਤੇ ਵੱਟ ਨਾ ਪਾਵੇ
ਆਈ ਘਰਵਾਲੀ ਕੰਮ ਕਰ ਕੇ
ਸਿੱਧੇ ਮੂੰਹ ਕਰਾ
ਪ੍ਰਸ਼ੰਸਾ ਆਦਰ ਮਾਣ ਕਰਾਵੇ
ਜ਼ਿੰਦਗੀ ਖੁਸ਼ਹਾਲ ਗਦ-ਗਦ ਹੋ ਜਾਂਦੀ
'ਕਿ ਅਸੀਂ ਏਕ ਹਾਂ, ਭਾਵੇਂ ਹਨ ਦੋ ਸਰੀਰ।'
***-ਦਰਸ਼ਨ ਪਾਲ ਦੋਸਾਂਝ***

---

ਜ਼ਿੰਦਗੀ ਨਾਲ ਦੋ ਹੱਥ ਕਰਨੇ ਪੈਂਦੇ,
ਜਦੋਂ ਬਿਪਤਾ ਪੈਂਦੀ ਭਾਰੀ।
ਘਰਵਾਲਾ ਬਿਮਾਰੀ ਨੇ ਝੰਬਿਆ,
ਔਖੀ ਹੋ ਗਈ ਚੱਲਣੀ ਕਬੀਲਦਾਰੀ।
ਮਰਦੀ ਨੇ ਅੱਕ ਚੱਬਿਆ,
ਢੋਣੀ ਪਈ ਰਿਕਸ਼ੇ 'ਤੇ ਸਵਾਰੀ।
ਰੱਬ ਦੀ ਮੇਹਰ ਸਭ ਠੀਕ ਹੋ ਗਿਆ,
ਜੇ ਹਿੰਮਤ ਨਹੀਂ ਹਾਰੀ।
***-ਅਮਰਜੀਤ ਸਿੰਘ ਤੂਰ***
***ਕੁਲਬੁਰਛਾਂ (ਪਟਿਆਲਾ)***
***ਫੋਨ: 98784-69639***

**To Advertise with Punjab Times Call: 847-359-0746**

**ਪੂਰਨਮਾਸ਼ੀ ਜੋੜ ਮੇਲਾ ਢੁੱਡੀਕੇ**

# ਪੂਰਨਮਾਸ਼ੀ ਦਾ ਚੰਦ ਸੀ ਜਸਵੰਤ ਸਿੰਘ ਕੰਵਲ

ਜਸਵੰਤ ਸਿੰਘ ਕੰਵਲ ਸੱਚਮੁੱਚ ਪੂਰਨਮਾਸ਼ੀ ਦਾ ਚੰਦ ਸੀ ਤੇ ਡਾ. ਜਸਵੰਤ ਗਿੱਲ ਪੁੰਨਿਆਂ ਦਾ ਚਾਨਣ। ਉਹਦੇ ਨਾਵਲ 'ਪੂਰਨਮਾਸ਼ੀ' ਵਿਚਲਾ 'ਨਵਾਂ ਪਿੰਡ' ਉਹਦਾ ਬਚਪਨ ਵਿਚ ਵੇਖਿਆ ਆਪਣਾ ਪਿੰਡ ਢੁੱਡੀਕੇ ਹੀ ਸੀ। ਨਾਵਲ ਦੇ ਆਰੰਭ 'ਚ ਜਿਹੜਾ ਖੂਹ ਚਲਦਾ ਵਿਖਾਇਆ ਗਿਐ ਉਹ ਉਨ੍ਹਾਂ ਦੇ ਬਾਹਰਲੇ ਘਰ ਨੇੜਲਾ ਖੂਹ ਸੀ ਜੋ ਹੁਣ ਪੂਰਿਆ ਜਾ ਚੁੱਕੈ। ਬੇ-ਆਬਾਦ ਹੋਇਆ ਉਹ ਖੂਹ ਨਾਵਲ 'ਪੂਰਨਮਾਸ਼ੀ' ਵਿਚ ਅਜੇ ਵੀ ਆਬਾਦ ਹੈ, ਜਿਸ ਦੀ ਮੌਣ ਉਤੇ ਕਦੇ ਕੰਵਲ, ਕਦੇ ਬਲਰਾਜ ਸਾਹਨੀ ਤੇ ਉਨ੍ਹਾਂ ਤੋਂ ਪਹਿਲਾਂ ਢੁੱਡੀਕੇ ਦੇ ਗ਼ਦਰੀ ਬਾਬੇ ਬਹਿੰਦੇ ਰਹੇ ਤੇ ਬਾਬਾ ਰੂੜ ਸਿੰਘ ਦੇ ਪਿੰਡ ਚੂਹੜਚੱਕ ਵੱਲੋਂ ਚੜ੍ਹਦਾ ਪੂਰਨਮਾਸ਼ੀ ਦਾ ਚੰਦ ਵੇਖਦੇ ਰਹੇ।

ਕੰਵਲ ਪੰਜਾਬ ਦਾ ਰਸੂਲ ਹਮਜ਼ਾਤੋਵ ਸੀ। ਉਹ 'ਮੇਰਾ ਦਾਗਿਸਤਾਨ' ਵਾਂਗ 'ਮੇਰੇ ਪੰਜਾਬ' ਨੂੰ ਦਿਲੋਂ ਪਿਆਰ ਕਰਨ ਵਾਲਾ ਜਜ਼ਬਾਤੀ ਲੇਖਕ ਸੀ। ਕਈ ਉਸਨੂੰ 'ਪੰਜਾਬ ਦੀ ਪੱਗ',



ਪ੍ਰਿੰ. ਸਰਵਣ ਸਿੰਘ
ਫੋਨ: 647-785-1661

'ਖੇਤਾਂ ਦਾ ਪੁੱਤ' ਤੇ ਕਈ ਵਗਦੀਆਂ 'ਵਾਵਾਂ ਨਾਲ ਹੁਲਾਰੇ ਖਾਣ ਵਾਲਾ 'ਸਰੂ ਦਾ ਰੁੱਖ' ਕਹਿੰਦੇ ਰਹੇ। ਉਹ ਲਹਿਰਾਂ ਨਾਲ ਚੱਲਣ ਵਾਲਾ ਲਹਿਰੀ ਲੇਖਕ ਸੀ। ਉਹਦੀਆਂ ਲਿਖਤਾਂ ਪਿਆਰ ਮੁਹੱਬਤ ਦੇ ਰੁਮਾਂਚਿਕ ਸੰਵਾਦਾਂ ਨਾਲ ਓਤਪੋਤ ਸਨ। ਪੰਜਾਬ, ਪੰਜਾਬੀ, ਪੰਜਾਬੀਅਤ ਤੇ ਵਾਰਸ ਦੀ ਹੀਰ ਦਾ ਆਸ਼ਕ ਹੋਣ ਨਾਲ ਉਹ ਪੰਜਾਬੀਆਂ ਦੇ ਹੱਕਾਂ ਦਾ ਨਗਾਰਚੀ ਸੀ। ਉਹਦੇ ਨਾਵਲਾਂ ਵਿਚ ਪੰਜਾਬ ਦੇ ਪੇਂਡੂ ਪਾਤਰ ਪਹਿਲੀ ਵਾਰ ਹੁੱਬ ਕੇ ਪੇਸ਼ ਹੋਏ। ਪੰਜਾਬੀਆਂ ਦਾ ਬਾਈ ਕਿਹਾ ਜਾਂਦਾ ਕੰਵਲ 100 ਸਾਲ 7 ਮਹੀਨੇ 4 ਦਿਨ ਜੀਵਿਆ। 27 ਜੂਨ 1919 ਨੂੰ ਉਸ ਨੇ ਢੁੱਡੀਕੇ ਦੀ ਆਬੋ ਹਵਾ ਵਿਚ ਪਹਿਲਾ ਸਾਹ ਲਿਆ ਸੀ ਤੇ ਢੁੱਡੀਕੇ ਵਿਚ ਹੀ 1 ਫਰਵਰੀ 2020 ਨੂੰ ਸਵੇਰੇ 7:40 ਵਜੇ ਆਖ਼ਰੀ ਸਾਹ ਲਿਆ। ਮੇਰਾ ਕੰਵਲ ਨਾਲ 62 ਸਾਲਾਂ ਦਾ ਮੇਲ-ਜੋਲ ਸੀ ਜਿਨ੍ਹਾਂ 'ਚੋਂ ਤੀਹ ਸਾਲ ਮੈਂ ਢੁੱਡੀਕੇ ਕਾਲਜ ਵਿਚ ਪੜ੍ਹਾਇਆ। ਅਸੀਂ ਕਈ ਪੂਰਨਮਾਸ਼ੀਆਂ 'ਕੱਠੀਆਂ ਵੀ ਮਨਾਈਆਂ।

ਇਕ ਦਿਨ ਵਰਿਆਮ ਸਿੰਘ ਸੰਧੂ ਨਾਲ ਗੁਜ਼ਰ ਗਏ ਲੇਖਕਾਂ ਨੂੰ ਯਾਦ ਕਰਨ ਦੀਆਂ ਗੱਲਾਂ ਚੱਲੀਆਂ ਤਾਂ ਉਸ ਨੇ ਕਿਹਾ, "ਲੇਖਕ ਉਹੀ ਯਾਦ ਕੀਤੇ ਜਾਂਦੇ ਨੇ ਜਿਨ੍ਹਾਂ ਦੇ ਵਾਰਸ ਜੀਂਦੇ ਜਾਗਦੇ ਹੋਣ।" ਸ਼ੁਕਰ ਹੈ ਕੰਵਲ ਦੇ ਵਾਰਸ ਜਿਊਂਦੇ ਜਾਗਦੇ ਨੇ, ਖ਼ਾਸ ਕਰਕੇ ਢੁੱਡੀਕੇ ਦੇ ਨੌਜੁਆਨ ਤੇ ਦੋਹਤਾ ਸੁਮੇਲ ਸਿੰਘ ਸਿੱਧੂ। ਉਨ੍ਹਾਂ ਨੇ ਕੰਵਲ ਦੀ ਯਾਦ ਵਿਚ ਪੂਰਨਮਾਸ਼ੀ ਪੰਜਾਬੀ ਮੇਲਾ ਜੋੜਿਆ ਜੋ ਐਤਕੀਂ 18-20 ਨਵੰਬਰ ਨੂੰ ਗ਼ਦਰੀ ਬਾਬਿਆਂ ਦੀ ਯਾਦਗਾਰ ਢੁੱਡੀਕੇ ਵਿਖੇ ਮਨਾਇਆ ਗਿਆ। ਪਹਿਲੇ ਦਿਨ ਕਹਾਣੀਕਾਰ ਗੁਰਦੇਵ ਰੁਪਾਣਾ, ਨਾਵਲਕਾਰ ਮੋਹਨ ਕਾਹਲੋਂ ਤੇ ਲੋਕ ਗਾਇਕ ਅਮਰਜੀਤ ਗੁਰਦਾਸਪੁਰੀ ਨੂੰ ਉਚੇਚਾ ਯਾਦ ਕੀਤਾ। ਜੋੜ ਮੇਲੇ ਵਿਚ ਹੀਰ ਗਾਇਨ ਤੇ ਰਜਬ ਅਲੀ ਦੀ ਕਵੀਸ਼ਰੀ ਸਣੇ ਕਈ ਸਾਹਿਤਕ ਤੇ ਸਭਿਆਚਾਰਕ ਸੈਸ਼ਨ ਹੋਏ। ਇਹ ਚੌਥਾ ਪੂਰਨਮਾਸ਼ੀ ਮੇਲਾ ਸੀ।

ਕੰਵਲ ਦੀ ਮੁੱਢਲੀ ਪਛਾਣ 'ਮਾਹਲੇ ਕਾ ਬੰਤਾ' ਸੀ। ਉਹਦਾ ਜਨਮ ਢੁੱਡੀਕੇ ਦੀ ਕਪੂਰਾ ਪੱਤੀ ਵਿਚ ਮਾਹਲਾ ਸਿੰਘ ਦੇ ਘਰ ਮਾਤਾ ਹਰਨਾਮ ਕੌਰ ਦੀ ਕੁੱਖੋਂ ਹੋਇਆ ਸੀ। 1940 ਵਿਚ ਉਸ ਨੇ ਪਹਿਲੀ ਪੋਥੀ 'ਜੀਵਨ ਕਣੀਆਂ' ਲਿਖੀ ਜੋ 1943'ਚ ਛਪੀ। ਆਖ਼ਰੀ ਪੁਸਤਕ 'ਧੁਰ ਦਰਗਾਹ' 2017 ਵਿਚ ਛਪੀ ਜਿਸ ਦੇ ਸਰਵਰਕ ਉਪਰ ਛਪਿਆ ਹੈ:

ਦਿਲ ਦੇ ਤਾਰਿਓ! ਰੂਹ ਦੇ ਪਿਆਰਿਓ! ਵਿਛੜਨ ਦਾ ਵੇਲਾ ਧੱਕਾ ਦੇ ਕੇ ਆ ਗਿਆ ਏ। ਧੱਕੇ ਮਾਰਦੇ ਮੇਲੇ ਨੇ ਇੱਕ ਦਿਨ ਖਿਲਰਣਾ ਹੀ ਹੈ। ਆਓ! ਰਲ-ਮਿਲ ਕੇ ਇਸ ਮੇਲੇ ਨੂੰ ਯਾਦਗਾਰੀ ਬਣਾਈਏ। ਯਾਰਾਂ-ਦੋਸਤਾਂ, ਪਾਠਕਾਂ, ਲੇਖਕਾਂ ਤੇ ਅਨਾਦੀ ਮੇਲ ਮਿਲਾਪੀਆਂ ਨੂੰ, ਘੁੱਟ ਘੁੱਟ ਜੱਫੀਆਂ ਪਾ ਕੇ ਮਿਲੀਏ ਤੇ ਪਿਆਰ ਦੀਆਂ ਪੱਕੀਆਂ ਲੀਹਾਂ ਨੂੰ ਯਾਦਗਾਰੀ ਬਣਾਈਏ ...।

ਉਸ ਦੀਆਂ ਸੌ ਕੁ ਪੁਸਤਕਾਂ ਵਿਚ ਤਿੰਨ ਦਰਜਨ ਦੇ ਕਰੀਬ ਨਾਵਲ ਹਨ। ਦਰਜਨ ਤੋਂ ਵੱਧ ਕਹਾਣੀ-ਸੰਗ੍ਰਹਿ, ਕੁੱਝ ਰੇਖਾ ਚਿੱਤਰ ਸੰਗ੍ਰਹਿ, ਜੀਵਨ ਯਾਦਾਂ, ਕਾਵਿ-ਸੰਗ੍ਰਹਿ ਅਤੇ ਕੁੱਝ ਨਿਬੰਧ ਸੰਗ੍ਰਹਿ ਹਨ। ਸਿਆਸੀ ਲੇਖਾਂ ਦੀਆਂ ਵੀ ਅੱਧੀ ਕੁ ਦਰਜਨ ਕਿਤਾਬਾਂ ਹਨ। ਉਹਦੀਆਂ ਪਾਠਕਾਂ ਨੂੰ ਲਿਖੀਆਂ ਚਿੱਠੀਆਂ 'ਕੱਠੀਆਂ ਕਰ ਲਈਆਂ ਜਾਣ ਤਾਂ ਚਿੱਠੀਆਂ ਦਾ ਹੀ ਗ੍ਰੰਥ ਬਣ ਸਕਦਾ ਹੈ। ਉਹਦੇ ਪਾਤਰਾਂ ਤੋਂ ਬੁਲਾਏ ਸੰਵਾਦਾਂ ਦੀ ਗਿਣਤੀ ਪੰਜਾਹ ਹਜ਼ਾਰ ਤੋਂ ਵੱਧ ਹੋਵੇਗੀ ਜੋ ਪਾਠਕਾਂ ਨੇ ਨੋਟਬੁੱਕਾਂ 'ਚ ਨੋਟ ਕੀਤੇ। ਉਹਦੀ ਕਲਮ ਨੇ ਪੰਜਾਹ ਲੱਖ ਤੋਂ ਵੱਧ ਲਫ਼ਜ਼ ਲਿਖੇ। ਉਹਦੇ ਕਈ ਨਾਵਲਾਂ ਤੇ ਲੇਖ ਸੰਗ੍ਰਹਿਆਂ ਦੀਆਂ ਦਰਜਨ ਤੋਂ ਵੱਧ ਐਡੀਸ਼ਨਾਂ ਛਪੀਆਂ। ਉਹਦੀਆਂ ਕਿਤਾਬਾਂ ਦੀਆਂ ਕੁਲ ਕਾਪੀਆਂ ਦਸ ਲੱਖ ਤੋਂ ਵੀ ਵੱਧ ਛਪ ਚੁੱਕੀਆਂ ਹਨ। ਪੰਜਾਬੀ ਲੇਖਕਾਂ ਵਿਚੋਂ ਉਸ ਨੂੰ ਸਭ ਤੋਂ ਵੱਧ ਰਾਇਲਟੀ ਮਿਲਦੀ ਰਹੀ। ਵੀਹਵੀਂ ਸਦੀ ਦੇ ਪੰਜਾਬੀ ਲੇਖਕਾਂ 'ਚੋਂ ਉਹ ਸਭ ਤੋਂ ਵੱਧ ਪੜ੍ਹਿਆ ਗਿਆ।

1975-76 ਦੀ ਐਮਰਜੈਂਸੀ ਦੌਰਾਨ ਸਰਕਾਰ ਤੋਂ ਚੋਰੀ ਛਿਪੇ ਸਿੰਗਾਪੁਰੋਂ ਛਪਵਾਏ ਉਹਦੇ ਨਾਵਲ 'ਲਹੂ ਦੀ ਲੋਅ' ਨੂੰ ਪੰਜਾਬ ਭਾਸ਼ਾ ਵਿਭਾਗ ਨੇ 1977-78 ਵਿਚ ਪੁਰਸਕਾਰ ਐਲਾਨਿਆ ਤਾਂ ਅਸੀਂ ਵਧਾਈ ਦੇਣ ਗਏ। ਪਰ ਉਸ ਨੇ ਇਨਾਮ ਠੁਕਰਾਅ ਦਿੱਤਾ। ਕਿਹਾ ਕਿ ਜਿਹੜੀ ਸਰਕਾਰ 'ਲਹੂ ਦੀ ਲੋਅ' ਦੇ ਨਾਇਕਾਂ ਦੀ ਕਾਤਲ ਹੈ ਉਹਦਾ ਇਨਾਮ ਮੈਂ ਕਿਵੇਂ ਲੈ ਸਕਦਾ ਹਾਂ? ਇਹ ਵਰਣਨਯੋਗ ਹੈ ਕਿ ਉਸਦੇ ਬਣਾਏ ਸਾਹਿਤ ਟ੍ਰੱਸਟ ਢੁੱਡੀਕੇ ਨੇ ਸੌ ਕੁ ਲੇਖਕਾਂ ਨੂੰ ਬਾਵਾ ਬਲਵੰਤ, ਬਲਰਾਜ ਸਾਹਨੀ ਤੇ ਡਾ. ਜਸਵੰਤ ਗਿੱਲ ਦੇ ਨਾਂ 'ਤੇ ਐਵਾਰਡ ਦਿੱਤੇ। ਉਹ ਕੱਟੜਪੰਥੀ ਨਹੀਂ ਬਲਕਿ ਫਿਰਕਾਪ੍ਰਸਤੀ ਤੋਂ ਉਪਰ ਉਠਿਆ ਲੇਖਕ ਸੀ।

1986 ਵਿਚ ਉਸਨੂੰ ਕਰਤਾਰ ਸਿੰਘ ਧਾਲੀਵਾਲ ਐਵਾਰਡ ਲੈਣ ਲਈ ਮਸੀਂ ਮਨਾਇਆ ਗਿਆ ਸੀ। ਉਦੋਂ ਪੰਜਾਬੀ ਸਾਹਿਤ ਅਕਾਡਮੀ ਦੇ ਪ੍ਰਧਾਨ ਪ੍ਰੋ. ਪ੍ਰੀਤਮ ਸਿੰਘ ਨੇ ਅਕਾਡਮੀ ਦੇ ਜਨਰਲ ਸਕੱਤਰ ਪ੍ਰੋ. ਪ੍ਰਮਿੰਦਰ ਸਿੰਘ ਤੇ ਗੁਰਭਜਨ ਗਿੱਲ ਨੂੰ ਢੁੱਡੀਕੇ ਭੇਜਿਆ ਸੀ। ਉਹ ਮੇਰੇ ਕੋਲ ਆਏ ਤੇ ਕੰਵਲ ਨੂੰ ਮਨਾਉਣ ਲਈ ਨਾਲ ਲੈ ਕੇ ਗਏ। ਉਨ੍ਹਾਂ ਨੂੰ ਤੌਖਲਾ ਸੀ ਕਿਤੇ 'ਲਹੂ ਦੀ ਲੋਅ' ਦੇ ਇਨਾਮ ਵਾਂਗ ਨਾਂਹ ਨਾ ਕਰ ਦੇਵੇ। ਉੱਦਣ ਕੰਵਲ ਕਿਤੇ ਬਾਹਰ ਗਿਆ ਹੋਇਆ ਸੀ। ਉਹਦੇ ਪੁੱਤਰ ਸਰਬਜੀਤ, ਡਾ. ਜਸਵੰਤ ਗਿੱਲ ਤੇ ਮੈਂ, ਤਿੰਨਾਂ ਨੇ ਹਾਮੀ ਓਟ ਦਿੱਤੀ ਸੀ ਕਿ ਕੰਵਲ ਨੂੰ ਲੁਧਿਆਣੇ ਲਿਆਵਾਂਗੇ। ਪਰ ਕੰਵਲ ਫਿਰ ਵਿਹਰ ਗਿਆ। ਐਵਾਰਡ ਪੰਜਾਬ ਦੇ ਰਾਜਪਾਲ ਹੱਥੋਂ ਦਿਵਾਇਆ ਜਾਣਾ ਸੀ। ਕੰਵਲ ਨਹੀਂ ਸੀ ਚਾਹੁੰਦਾ ਕਿ ਐਵਾਰਡ ਨੂੰ ਸਰਕਾਰੀ ਹੱਥ ਲੱਗੇ। ਪ੍ਰੋ. ਪ੍ਰੀਤਮ ਸਿੰਘ ਨੂੰ ਦਲੀਲ ਦੇਣੀ ਕਿ ਗਵਰਨਰ ਰਾਜ ਦਾ ਕੇਵਲ ਸੰਵਿਧਾਨਕ ਮੁਖੀ ਹੁੰਦਾ ਹੈ। ਇੰਜ 1986 ਵਿਚ ਉਹ ਪਹਿਲੀ ਵਾਰ ਸਾਹਿਤਕ ਇਨਾਮ ਲੈਣ ਦੇ ਰਾਹ ਪਿਆ।

ਫਿਰ 1990 ਵਿਚ ਭਾਸ਼ਾ ਵਿਭਾਗ ਪੰਜਾਬ ਦਾ ਸ਼੍ਰੋਮਣੀ ਪੰਜਾਬੀ ਸਾਹਿਤਕਾਰ ਪੁਰਸਕਾਰ ਤੇ 1997 ਵਿਚ ਭਾਰਤੀ ਸਾਹਿਤ ਅਕਾਡਮੀ ਦੇ ਐਵਾਰਡ ਮਿਲੇ। 1997 ਵਿਚ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਨੇ ਉਸਨੂੰ ਸਰਵ ਸ੍ਰੇਸ਼ਟ ਸਾਹਿਤਕਾਰ ਪੁਰਸਕਾਰ ਪਰਦਾਨ ਕੀਤਾ। 2000 ਵਿਚ ਗਿਆਨੀ ਲਾਲ ਸਿੰਘ ਯਾਦਗਾਰੀ ਪੁਰਸਕਾਰ ਅਤੇ ਸੰਤ ਸਿੰਘ ਸੇਖੋਂ ਯਾਦਗਾਰੀ ਐਵਾਰਡ ਮਿਲੇ। 2008 ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ ਉਸਨੂੰ ਡੀ ਲਿੱਟ ਦੀ ਆਨਰੇਰੀ ਡਿਗਰੀ ਨਾਲ ਸਨਮਾਨਿਤ ਕੀਤਾ। ਫਿਰ ਭਾਸ਼ਾ ਵਿਭਾਗ ਪੰਜਾਬ ਦਾ ਸਾਹਿਤ ਰਤਨ ਐਵਾਰਡ ਅਤੇ ਸਾਹਿਤ ਅਕਾਡਮੀ ਦਿੱਲੀ ਰਾਹੀਂ ਟੈਗੋਰ ਯਾਦਗਾਰੀ ਐਵਾਰਡ ਮਿਲੇ। 2018 ਵਿਚ ਉਸਦੇ ਸੌਵੇਂ ਜਨਮ ਦਿਨ 'ਤੇ ਪੰਜਾਬ ਕਲਾ ਪ੍ਰੀਸ਼ਦ ਨੇ ਪੰਜਾਬ ਗੌਰਵ ਦੇ ਮਾਣ ਨਾਲ ਸਨਮਾਨਿਆ। ਉਸ ਨੇ ਦਰਜਨ ਤੋਂ ਵੱਧ ਦੇਸ਼ਾਂ ਦਾ ਭਰਮਣ ਕੀਤਾ। ਦੇਸ਼ ਵਿਦੇਸ਼ ਦੀਆਂ ਸਾਹਿਤ ਸਭਾਵਾਂ ਵੱਲੋਂ ਮਿਲੇ ਮਾਣ-ਸਨਮਾਨਾਂ ਦਾ ਕੋਈ ਅੰਤ ਨਹੀਂ। ਪਰ ਉਹ ਸਭ ਤੋਂ ਵੱਡਾ ਮਾਣ-ਸਨਮਾਨ ਪਾਠਕਾਂ ਦੇ ਹੁੰਗਾਰੇ ਨੂੰ ਮੰਨਦਾ ਰਿਹਾ ਜੋ ਉਸਨੂੰ ਪੌਣੀ ਸਦੀ ਤੋਂ ਪੜ੍ਹਦੇ ਆ ਰਹੇ ਸਨ।

ਉਹਦੀ ਵਿਚਾਰਧਾਰਾ ਨਾਲ ਕੋਈ ਸਹਿਮਤ ਹੋਵੇ ਜਾਂ ਨਾ, ਪਰ ਇਹ ਤੱਥ ਸਭ ਮੰਨਦੇ ਸਨ ਕਿ ਉਸ ਨੇ ਸਭ ਤੋਂ ਵੱਧ ਪਾਠਕ ਪੰਜਾਬੀ ਪੁਸਤਕਾਂ ਪੜ੍ਹਨ ਲਾਏ। ਕਦੇ ਉਸਨੂੰ 'ਪੂਰਨਮਾਸ਼ੀ' ਵਾਲਾ ਕੰਵਲ, ਕਦੇ 'ਰਾਤ ਬਾਕੀ ਹੈ' ਵਾਲਾ ਤੇ ਕਦੇ 'ਲਹੂ ਦੀ ਲੋਅ' ਵਾਲਾ ਲੇਖਕ ਕਹਿ ਕੇ ਵਡਿਆਇਆ ਜਾਂਦਾ ਰਿਹਾ। ਕਦੇ ਨਾਵਲਕਾਰ ਨਾਨਕ ਸਿੰਘ ਦਾ ਵਾਰਸ ਕਿਹਾ ਜਾਂਦਾ। ਉਸਨੇ ਮਲਾਇਆ ਵਿਚ ਨੌਕਰੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਲਰਕੀ ਤੇ ਘਰ ਦੀ ਖੇਤੀ ਵਾਹੀ ਕੀਤੀ। ਪਿੰਡ ਦੀ ਸਰਪੰਚੀ ਤੋਂ ਲੈ ਕੇ ਭਾਸ਼ਾ ਵਿਭਾਗ ਪੰਜਾਬ ਦੇ ਸਲਾਹਕਾਰ ਬੋਰਡ ਦੀ ਮੈਂਬਰੀ, ਕੇਂਦਰੀ ਪੰਜਾਬੀ ਲੇਖਕ ਸਭਾ ਦੀ ਜਨਰਲ ਸਕੱਤਰੀ, ਪ੍ਰਧਾਨਗੀ ਤੇ ਸਰਪ੍ਰਸਤੀ ਕੀਤੀ। ਉਹ ਦੇਸ ਵਿਦੇਸ਼ ਵਿਸ਼ਵ ਪੰਜਾਬੀ ਕਾਨਫਰੰਸਾਂ ਤੇ ਕਨਵੈਸ਼ਨਾਂ 'ਤੇ ਵੀ ਜਾਂਦਾ ਰਿਹਾ।

ਉਹ ਚਾਰ ਜਮਾਤਾਂ ਢੁੱਡੀਕੇ ਪੜ੍ਹ ਕੇ ਅੱਠਵੀਂ ਤਕ ਨਾਨਕੀਂ ਚੂਹੜਚੱਕ ਪੜ੍ਹਿਆ ਸੀ। ਲਛਮਣ ਸਿੰਘ ਗਿੱਲ ਵੀ ਉਥੇ ਪੜ੍ਹਦਾ ਸੀ ਜੋ 1967 ਵਿਚ ਪੰਜਾਬ ਦਾ ਮੁੱਖ ਮੰਤਰੀ ਬਣਿਆ। ਉਸ ਨੇ ਪੰਜਾਬ ਰਾਜ ਭਾਸ਼ਾ ਐਕਟ ਪਾਸ ਕਰਵਾ ਕੇ ਪੰਜਾਬੀ ਸਾਰੇ ਸਰਕਾਰੀ ਦਫਤਰਾਂ ਵਿਚ ਅਮਲੀ ਤੌਰ 'ਤੇ ਲਾਗੂ ਕੀਤੀ। ਲਛਮਣ ਸਿੰਘ ਗਿੱਲ ਤੇ ਕੰਵਲ ਦਾ ਹਾਣੀ ਗਿਆਨੀ ਲਾਲ ਸਿੰਘ ਗੁਆਂਢੀ ਪਿੰਡ ਦੌਧਰ ਦੇ ਸਕੂਲ ਵਿਚ ਪੜ੍ਹਿਆ ਸੀ। ਇਸ ਨੂੰ ਸਬੱਬ ਹੀ ਸਮਝੋ ਕਿ ਢੁੱਡੀਕੇ, ਚੂਹੜਚੱਕ ਤੇ ਦੌਧਰ ਦੇ ਉਹ ਤਿੰਨੇ ਵਿਦਿਆਰਥੀ ਪੰਜਾਬੀ ਭਾਸ਼ਾ ਦੇ ਵੱਡੇ ਥੰਮ੍ਹ ਬਣੇ। ਲਛਮਣ ਸਿੰਘ ਗਿੱਲ ਨੇ ਪੰਜਾਬੀ ਨੂੰ ਰਾਜ ਭਾਸ਼ਾ ਦਾ ਦਰਜਾ ਦਿਵਾਇਆ, ਗਿਆਨੀ ਲਾਲ ਸਿੰਘ ਨੇ ਪੰਜਾਬ ਦੇ ਸਰਕਾਰੀ ਦਫਤਰਾਂ ਵਿਚ ਪੰਜਾਬੀ ਭਾਸ਼ਾ ਲਾਗੂ ਕਰਨ ਦਾ ਕਾਰਜ ਨਿਭਾਇਆ ਅਤੇ ਜਸਵੰਤ ਸਿੰਘ ਕੰਵਲ ਨੇ ਸਾਹਿਤ ਸਭਾਵਾਂ ਤੇ ਪੰਜਾਬੀ ਕਨਵੈਨਸ਼ਨਾਂ ਕਰਵਾ ਕੇ ਅਤੇ ਭਰਪੂਰ ਪੰਜਾਬੀ ਸਾਹਿਤ ਰਚ ਕੇ ਪੰਜਾਬੀ ਸਾਹਿਤ ਤੇ ਭਾਸ਼ਾ ਨੂੰ ਅਮੀਰ ਬਣਾਇਆ।

ਢੁੱਡੀਕੇ ਦੇ ਖੇਡ ਮੇਲੇ ਸਮੇਂ ਸਾਡਾ ਹਰ ਸਾਲ ਮੇਲ ਹੁੰਦਾ ਸੀ। 2019 ਵਿਚ ਕੈਨੇਡਾ ਪਰਤਣ ਤੋਂ ਪਹਿਲਾਂ ਮੈਂ ਉਸਨੂੰ ਮਿਲਣ ਗਿਆ ਤਾਂ ਉਹ ਇਕੋ ਸ਼ਿਅਰ ਮੁੜ-ਮੁੜ ਦੁਹਰਾਈ ਗਿਆ: ਹਮ ਜੋ ਗਏ ਤੋ ਰਾਹ ਗੁਜ਼ਰਨਾ ਥੀ, ਤੁਮ ਜੋ ਆਏ ਤੋ ਮੰਜ਼ਲੇਂ ਲਾਏਂ...।

ਰਾਤ ਮੈਂ ਉਹਦੇ ਕੋਲ ਹੀ ਰਿਹਾ ਤੇ ਅਸੀਂ ਦੇਰ ਤਕ ਗੱਲਾਂ ਕਰਦੇ ਰਹੇ। ਉਹਦਾ ਚੇਤਾ ਕਾਫੀ ਘਟ ਗਿਆ ਸੀ। ਕੱਲ੍ਹ ਦੀ ਗੱਲ ਅੱਜ ਤੇ ਸਵੇਰ ਦੀ ਸ਼ਾਮ ਨੂੰ ਚੇਤੇ ਨਹੀਂ ਸੀ ਰਹਿੰਦੀ। ਰਾਤ ਵਾਲਾ ਸ਼ਿਅਰ 'ਹਮ ਜੋ ਗਏ ਤੇ ਤੁਮ ਜੋ ਆਏ' ਸਵੇਰ ਨੂੰ ਭੁੱਲ ਚੁੱਕਾ ਸੀ। 28 ਜਨਵਰੀ 2020 ਨੂੰ ਸਾਡਾ ਆਖ਼ਰੀ ਮੇਲ ਹੋਇਆ, ਸਿਆਣ ਲਿਆ ਤੇ ਫੋਟੋ ਵੀ ਖਿਚਾ ਲਈ। ਮੁੜ ਮਿਲਣ ਦੇ ਵਾਇਦੇ ਨਾਲ ਵਿਦਾਇਗੀ ਵੀ ਦੇ ਦਿੱਤੀ। ਪਰ 1 ਫਰਵਰੀ 2020 ਨੂੰ ਸਵੇਰੇ ਹੀ ਸਰਬਜੀਤ ਦਾ ਫੋਨ ਆ ਗਿਆ, "ਬਾਪੂ ਜੀ ਨਹੀਂ ਰਹੇ!"

27 ਜੂਨ 2019 ਨੂੰ ਜਦੋਂ ਕੰਵਲ ਸੌ ਸਾਲਾਂ ਦਾ ਹੋਇਆ ਤਾਂ ਪੰਜਾਬ ਸਰਕਾਰ ਨੇ ਇਲਾਜ ਲਈ ਪੰਜ ਲੱਖ ਰੁਪਏ ਦਾ ਚੈੱਕ ਭੇਜਿਆ ਸੀ, ਜੋ ਪਰਿਵਾਰ ਨੇ ਧੰਨਵਾਦ ਕਰਦਿਆਂ ਮੋੜ ਦਿੱਤਾ ਸੀ ਕਿ ਉਨ੍ਹਾਂ ਦੇ ਬਾਪੂ ਜੀ ਬਿਮਾਰ ਨਹੀਂ। ਬੁਢਾਪੇ ਕਾਰਨ ਕਮਜ਼ੋਰ ਹੋ ਰਹੇ ਹਨ ਅਤੇ ਅਸੀਂ ਸੇਵਾ ਸੰਭਾਲ ਕਰਨ ਦੇ ਯੋਗ ਹਾਂ।

ਕੰਵਲ ਉਦੋਂ ਢੁੱਡੀਕੇ ਦਾ ਸਰਪੰਚ ਸੀ ਜਦੋਂ ਲਾਜਪਤ ਰਾਏ ਖੇਡ ਮੇਲਾ ਸ਼ੁਰੂ ਕੀਤਾ ਸੀ। ਉਹ ਹਰ ਸਾਲ ਮੇਲੇ 'ਚ ਹਾਜ਼ਰੀ ਭਰਦਾ ਰਿਹਾ। 2019 ਵਿਚ ਮੈਂ ਮੱਲੋ-ਮੱਲੀ ਮੇਲੇ 'ਚ ਲਿਜਾ ਕੇ ਝੰਡੀ ਕਰਵਾ ਆਇਆ ਸਾਂ। 28 ਜਨਵਰੀ ਨੂੰ 2020 ਦਾ ਮੇਲਾ ਵਿਖਾਉਣ ਲਈ ਵੀ ਕਿਹਾ, "ਓੜਕ ਨੂੰ ਮਰ ਜਾਣਾ, ਚੱਲ ਮੇਲੇ ਚੱਲੀਏ...। "ਪਰ ਉਹ ਜਾਂਦੀ ਵਾਰ ਦਾ ਮੇਲਾ ਵੇਖਣ ਜੋਗਾ ਨਹੀਂ ਸੀ।

ਉਹ ਉਮਰ ਦੀ ਇਕੋਤਰੀ ਮਾਰਨ ਦੇ ਰਾਹ ਉਤੇ ਸੀ ਜਿਸ 'ਚ ਸਿਰਫ਼ ਪੰਜ ਮਹੀਨੇ ਬਾਕੀ ਸਨ। ਪਰ ਕੁਦਰਤ ਨੂੰ ਜੋ ਮਨਜ਼ੂਰ ਸੀ ਉਹੀ ਹੋਇਆ। ਕੰਵਲ ਦੀ ਦੇਹ ਦਾ ਹੀ ਅੰਤ ਹੋਇਐ, ਉਹਦੀਆਂ ਲਿਖਤਾਂ ਦਾ ਨਹੀਂ। ਉਹਦੇ ਲਿਖੇ ਲੱਖਾਂ ਲਫ਼ਜ਼ ਤਾਰਿਆਂ ਹਾਰ ਜਗਦੇ ਰਹਿਣਗੇ ਤੇ ਪੂਰਨਮਾਸ਼ੀ ਵਾਂਗ ਹਨ੍ਹੇਰੀਆਂ ਰਾਤਾਂ ਰੁਸ਼ਨਾਉਂਦੇ ਰਹਿਣਗੇ।



*ਕੰਵਲ ਦੇ ਦੇਹਾਂਤ ਤੋਂ 4 ਦਿਨ ਪਹਿਲਾਂ ਢੁੱਡੀਕੇ ਖੇਡ ਮੇਲੇ ਦੇ ਦਿਨ 28 ਜਨਵਰੀ, 2020 ਨੂੰ ਢੁੱਡੀਕੇ ਵਿਖੇ ਕੰਵਲ ਨਾਲ ਸਰਵਣ ਸਿੰਘ, ਉਹਦਾ ਪੁੱਤਰ ਸਰਬਜੀਤ ਸਿੰਘ ਤੇ ਨੂੰਹ ਬੀਬੀ ਗੁਰਪ੍ਰੀਤ ਕੌਰ।*

# ਕਹਿਣੀ ਤੇ ਕਰਨੀ ਦੀ ਇਕਮਿੱਕਤਾ ਦਲੀਪ ਕੌਰ ਟਿਵਾਣਾ

*(ਸਫਾ 16 ਦਾ ਬਾਕੀ)*

1987 ਵਿਚ ਉਹਨੇ ਭਾਸ਼ਾ ਵਿਭਾਗ ਦਾ 'ਸ਼੍ਰੋਮਣੀ ਸਾਹਿਤਕਾਰ ਸਨਮਾਨ', 1991 ਵਿਚ ਪੰਜਾਬੀ ਸਾਹਿਤ ਅਕਾਦਮੀ ਦਾ 'ਕਰਤਾਰ ਸਿੰਘ ਧਾਲੀਵਾਲ ਪੁਰਸਕਾਰ', 1993 ਵਿਚ ਪੰਜਾਬੀ ਅਕਾਦਮੀ ਦਿੱਲੀ ਦਾ 'ਦਹਾਕੇ ਦੀ ਸਰਬੋਤਮ ਨਾਵਲਕਾਰ' ਸਨਮਾਨ ਅਤੇ 1998 ਵਿਚ ਭਾਰਤੀਆ ਭਾਸ਼ਾ ਪ੍ਰੀਸ਼ਦ ਕਲਕੱਤਾ ਦਾ 'ਵਾਗਦੇਵੀ ਪੁਰਸਕਾਰ' ਪ੍ਰਾਪਤ ਕੀਤੇ।

2001 ਵਿਚ ਉਹ ਆਪਣੇ ਨਾਵਲ 'ਕਥਾ ਕਹੋ ਉਰਵਸ਼ੀ' ਲਈ ਕੇ. ਕੇ. ਬਿਰਲਾ ਫ਼ਾਊਂਡੇਸ਼ਨ ਤੋਂ 'ਸਰਸਵਤੀ ਸਨਮਾਨ' ਪ੍ਰਾਪਤ ਕਰ ਕੇ, ਡਾ. ਹਰਿਭਜਨ ਸਿੰਘ ਤੋਂ ਮਗਰੋਂ, ਪੰਜਾਬੀ ਵਿਚ ਇਸ ਸਨਮਾਨ ਦੀ ਦੂਜੀ ਵਿਜੈਤਾ ਬਣੀ। ਇਸ ਵਿਚ ਪੰਜ ਲੱਖ ਰੁਪਏ ਨਾਲ ਸ਼ਾਲ, ਸਨਮਾਨ-ਚਿੰਨ੍ਹ ਤੇ ਮਾਣ-ਪੱਤਰ ਸ਼ਾਮਲ ਸਨ। ਮੈਨੂੰ ਚੇਤੇ ਹੈ, ਉਸ ਮੌਕੇ ਜਦੋਂ ਮੈਨੂੰ ਇਕ ਹਿੰਦੀ ਪੱਤਰ 'ਅਦਬੀ ਅਖ਼ਬਾਰ' ਨੇ ਉਹਦੇ ਬਾਰੇ ਲੇਖ ਲਿਖਣ ਲਈ ਕਿਹਾ, ਮੈਂ ਉਸ ਲਿਖਤ ਦਾ ਨਾਂ 'ਸਰਸਵਤੀ-ਪੁੱਤਰੀ ਦਲੀਪ ਕੌਰ ਟਿਵਾਣਾ' ਰੱਖਿਆ ਸੀ। ਇਹ ਉਨ੍ਹਾਂ ਸਨਮਾਨਾਂ ਵਿਚੋਂ ਹੈ ਜੋ ਲੇਖਕ ਦੇ ਨਾਲ-ਨਾਲ ਜਿਵੇਂ ਉਹਦੀ ਭਾਸ਼ਾ ਨੂੰ ਵੀ ਮਿਲਦੇ ਹਨ। ਆਮ ਕਰ ਕੇ ਪਹਿਲਾਂ ਹਰ ਕੋਈ ਇਹੋ ਪੁਛਦਾ ਹੈ ਕਿ ਇਸ ਵਾਰ ਦਾ ਸਨਮਾਨ ਕਿਸ ਭਾਸ਼ਾ ਨੂੰ ਮਿਲਿਆ ਹੈ। ਲੇਖਕ ਦਾ ਨਾਂ ਉਸ ਤੋਂ ਮਗਰੋਂ ਆਉਂਦਾ ਹੈ। 1999 ਵਿਚ ਪ੍ਰਕਾਸ਼ਿਤ ਕੋਈ ਛੇ ਸੌ ਪੰਨਿਆਂ ਉੱਤੇ ਫ਼ੈਲਿਆ ਹੋਇਆ ਇਹ ਨਾਵਲ ਅਸਲ ਵਿਚ ਪੰਜ ਨਾਵਲਾਂ ਦਾ ਸੰਗ੍ਰਹਿ ਹੈ ਜੋ ਆਪਣੇ ਆਪ ਵਿਚ ਸੰਪੂਰਨ ਵੀ ਹਨ ਅਤੇ ਇਕ ਵੱਡੀ ਕਥਾ ਦੇ ਰੂਪ ਵਿਚ ਇਕ ਦੂਜੇ ਨਾਲ ਜੁੜੇ ਹੋਏ ਵੀ ਹਨ।

2004 ਵਿਚ ਉਹਨੂੰ ਭਾਰਤ ਸਰਕਾਰ ਨੇ ਪਦਮਸ਼੍ਰੀ ਨਾਲ ਸਨਮਾਨਿਆ, 2008 ਵਿਚ ਉਹਨੇ 'ਪੰਜਾਬੀ ਸਾਹਿਤ ਰਤਨ' ਸਨਮਾਨ ਹਾਸਲ ਕੀਤਾ ਅਤੇ 2011 ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੇ ਡੀ. ਲਿਟ. ਦੀ ਸਨਮਾਨ-ਸੂਚਕ ਡਿਗਰੀ ਭੇਟ ਕੀਤੀ। ਇਨ੍ਹਾਂ ਮੁੱਖ ਸਨਮਾਨਾਂ ਦੇ ਨਾਲ-ਨਾਲ ਉਹਨੂੰ ਅਨੇਕ ਹੋਰ ਮਾਣ-ਸਨਮਾਨ ਮਿਲਦੇ ਰਹੇ। ਉਹ ਬਹੁਤ ਸਾਰੀਆਂ ਮਹੱਤਵਪੂਰਨ ਸਰਕਾਰੀ ਤੇ ਗ਼ੈਰ-ਸਰਕਾਰੀ ਸੰਸਥਾਵਾਂ ਦੀ ਅਹੁਦੇਦਾਰ ਜਾਂ ਮੈਂਬਰ ਰਹੀ। ਸਰਕਾਰ ਦੀ ਤਬਦੀਲੀ ਨਾਲ ਜਦੋਂ ਦੇਸ ਭਰ ਵਿਚ ਅਸਹਿਣਸ਼ੀਲਤਾ ਦਾ ਜ਼ਹਿਰ ਫ਼ੈਲਣ ਲਗਿਆ ਤੇ ਸਾਹਿਤਕਾਰਾਂ, ਕਲਾਕਾਰਾਂ ਤੇ ਹੋਰ ਬੁਧੀਜੀਵੀਆਂ ਨੇ ਰੋਸ ਵਜੋਂ ਇਨਾਮ-ਵਾਪਸੀ ਦੀ ਮੁਹਿੰਮ ਛੇੜੀ, ਟਿਵਾਣਾ ਨੇ 14 ਅਕਤੂਬਰ 2015 ਨੂੰ ਪਦਮਸ਼੍ਰੀ ਵਾਪਸ ਕਰ ਦਿੱਤਾ।

ਪਦਮਸ਼੍ਰੀ ਵਾਪਸ ਕਰਦਿਆਂ ਉਹਨੇ ਰਾਸ਼ਟਰਪਤੀ ਨੂੰ ਲਿਖਿਆ: "ਬੁੱਧ ਅਤੇ ਨਾਨਕ ਦੇ ਦੇਸ਼ ਵਿਚ ਫਿਰਕਾਪ੍ਰਸਤੀ ਕਾਰਨ 1984 ਵਿਚ ਸਿੱਖਾਂ ਉੱਪਰ ਹੋਏ ਜ਼ੁਲਮ ਅਤੇ ਹੁਣ ਮੁਸਲਮਾਨਾਂ 'ਤੇ ਹੋ ਰਹੇ ਜ਼ੁਲਮ ਸਰਕਾਰ ਅਤੇ ਸਮਾਜ ਲਈ ਫਿਟਕਾਰ ਹਨ। ਹੱਕ ਅਤੇ ਸੱਚ ਦੀ ਆਵਾਜ਼ ਉਠਾਉਣ ਵਾਲ਼ੇ ਲੇਖਕਾਂ ਨੂੰ ਮਾਰ ਦੇਣਾ ਸਾਨੂੰ ਦੁਨੀਆ ਅਤੇ ਰੱਬ ਅੱਗੇ ਸ਼ਰਮਸ਼ਾਰ ਕਰਦਾ ਹੈ। ਰੋਸ ਵਜੋਂ ਮੈਂ ਆਪਣਾ ਪਦਮਸ਼੍ਰੀ ਸਨਮਾਨ ਵਾਪਸ ਕਰਦੀ ਹਾਂ। ਮੈਂ ਰੋਸ ਪ੍ਰਗਟ ਕਰ ਰਹੀ ਸ਼੍ਰੀਮਤੀ ਨਯਨਤਾਰਾ ਸਹਿਗਲ ਅਤੇ ਬਾਕੀ ਲੇਖਕਾਂ ਨਾਲ ਖੜ੍ਹੀ ਹਾਂ।"

'ਪੰਜਾਬੀ ਟ੍ਰਿਬਿਊਨ' ਦੇ ਸਵਾਲ ਦੇ ਜਵਾਬ ਵਿਚ ਉਹਨੇ ਆਖਿਆ, "ਮੈਂ ਆਪਣੇ ਰਾਜ ਤੇ ਸਮਾਜ ਦੇ ਵਿਗੜਦੇ ਰੰਗ-ਢੰਗ ਵੇਖ ਕੇ ਰੋਸ ਵਜੋਂ ਪਦਮਸ਼੍ਰੀ ਮੋੜ ਦਿੱਤਾ ਹੈ। ਮੁਲਕ ਦੀ ਜ਼ਮੀਰ ਨੂੰ ਹਲੂਣਾ ਦੇਣ ਤੋਂ ਬਿਨਾਂ ਰੋਸ ਦੇ ਇਸ ਪ੍ਰਗਟਾਵੇ ਦਾ ਹੋਰ ਕੀ ਮਕਸਦ ਹੋ ਸਕਦਾ ਸੀ?...ਪਰ ਕੁਝ ਲੋਕ ਪੁੱਛ ਰਹੇ ਹਨ, ਹੁਣ ਹੀ ਕਿਉਂ? ਇਕ ਕੇਂਦਰੀ ਮੰਤਰੀ ਨੇ ਮੇਰੇ ਹਵਾਲੇ ਨਾਲ ਕਿਹਾ ਕਿ ਚੁਰਾਸੀ ਵੇਲ਼ੇ ਕਿਉਂ ਨਹੀਂ ਵਾਪਸ ਕੀਤਾ ਪਦਮਸ਼੍ਰੀ? ਭਾਈ, ਚੁਰਾਸੀ ਵਿਚ ਮੇਰੇ ਕੋਲ ਪਦਮਸ਼੍ਰੀ ਸੀ ਹੀ ਨਹੀਂ। ਉਹ ਤਾਂ 2004 ਵਿਚ ਮੈਨੂੰ ਮਿਲਿਆ। ਦੁੱਖ ਚੁਰਾਸੀ ਵੇਲ਼ੇ ਬਹੁਤ ਸੀ। ਰੋਸ ਓਦੋਂ ਵੀ ਜਾਗਿਆ ਸੀ। ਜਦੋਂ ਜਦੋਂ ਜਬਰ ਹੁੰਦਾ ਹੈ, ਓਦੋਂ ਰੋਸ ਜਾਗਦਾ ਹੈ!"

ਇਹੋ ਜਿਹਾ, ਕਿਸੇ ਊਣ ਤੋਂ ਮੁਕਤ, ਭਰਿਆ-ਰੱਜਿਆ ਸੁਭਾਅ ਲੰਮੀ ਸਾਧਨਾ ਦਾ, ਸਗੋਂ ਲੰਮੀ ਤਪੱਸਿਆ ਦਾ ਫਲ ਹੁੰਦਾ ਹੈ ਜੋ ਬੀਬੀ ਦਲੀਪ ਕੌਰ ਟਿਵਾਣਾ ਦੀ ਬੋਲ-ਬਾਣੀ, ਕਥਨੀ-ਕਰਨੀ, ਸ਼ਬਦ-ਸ੍ਰਿਸ਼ਟੀ ਤੇ ਸਮੁੱਚੀ ਜੀਵਨ-ਜਾਚ ਵਿਚ ਸਾਕਾਰ ਸੀ। ਸਮਾਜ ਤੇ ਸਾਹਿਤ ਵੱਲ ਜਵਾਬਦੇਹ ਤੇ ਜ਼ਿੰਮੇਵਾਰ ਰਹਿੰਦਿਆਂ 84 ਸਾਲ ਦੀ ਆਯੂ ਸਕਾਰਥ ਕਰ ਕੇ ਉਹ ਕੁਝ ਦਿਨਾਂ ਦੀ ਬੀਮਾਰੀ ਪਿੱਛੋਂ 31 ਜਨਵਰੀ 2020 ਨੂੰ ਪੂਰੀ ਹੋ ਗਈ।

# ਫੈਜ਼ ਅਹਿਮਦ ਫੈਜ਼ ਨੂੰ ਚੇਤੇ ਕਰਦਿਆਂ


## ਨਿੱਕ ਸੁੱਕ

**ਗੁਲਜ਼ਾਰ ਸਿੰਘ ਸੰਧੂ**
ਫੋਨ: 91-98157-78469



Sandhugulzar@yahoo.com


20 ਨਵੰਬਰ, 1984 ਵਾਲੇ ਦਿਨ ਪ੍ਰਸਿੱਧ ਉਰਦੂ ਸ਼ਾਇਰ ਫੈਜ਼ ਅਹਿਮਦ ਫੈਜ਼ ਇਸ ਸੰਸਾਰ ਨੂੰ ਅਲਵਿਦਾ ਕਹਿ ਗਿਆ ਸੀ। ਮੈਨੂੰ ਕੱਲ੍ਹ ਵਾਂਗ ਚੇਤੇ ਹੈ ਕਿ ਮੈਂ ਦਿੱਲੀ ਹੁੰਦਿਆਂ ਲਾਲ ਕਿਲਾ ਦੇ ਇੱਕ ਮੁਸ਼ਾਇਰੇ ਵਿਚ ਉਸਨੂੰ ਵੇਖਿਆ ਤੇ ਸੁਣਿਆ ਸੀ। ਉਸਦੇ ਬੋਲ ਧੀਮੇ ਸਨ, ਸ਼ਬਦਾਂ ਵਿਚ ਸਰਲਤਾ ਤੇ ਰਵਾਨੀ। ਜੇਲ੍ਹ ਵਿਚ ਕੈਦ ਕੱਟਦਿਆਂ ਲਿਖੀ ਇੱਕ ਗ਼ਜ਼ਲ ਦੇ ਦੋ ਸ਼ਿਅਰ:

ਦਿਲ ਨਾ ਉਮੀਦ ਤੋਂ ਨਹੀਂ ਨਾਕਾਮ ਹੀ ਤੋ ਹੈ
ਲੰਬੀ ਹੈ ਗ਼ਮ ਕੀ ਸ਼ਾਮ ਮਗਰ ਸ਼ਾਮ ਹੀ ਤੋਂ ਹੈ
ਦਸਤ-ਏ-ਫਲਕ ਮੇਂ ਗਰਦਿਸ਼-ਏ ਤਕਦੀਰ ਤੋ ਨਹੀਂ
ਦਸਤ-ਏ-ਫਲਕ ਮੇਂ ਗਰਦਸ਼-ਏ-ਅਯਾਮ ਹੀ ਤੋ ਹੈ।

ਉਸਦੇ ਕਮਜ਼ੋਰ ਜਿਹੇ ਜੁੱਸੇ ਵਿਚ ਗੰਭੀਰਤਾ ਤੇ ਦ੍ਰਿੜ੍ਹਤਾ ਸੀ। ਉਸ ਮੁਸ਼ਾਇਰੇ ਵਿਚ ਭਾਗ ਲੈਣ ਵਾਲੇ ਸ਼ਾਇਰ ਤਾਂ ਹੋਰ ਵੀ ਸਨ ਪਰ ਮੈਨੂੰ ਫੈਜ਼ ਤੋਂ ਬਿਨਾ ਕੇਵਲ ਫਿਰਾਕ ਗੋਰਖਪੁਰੀ ਦਾ ਹੇਠ ਲਿਖਿਆ ਸ਼ਿਅਰ ਚੇਤੇ ਹੈ:

ਆਨੇ ਵਾਲੀ ਨਸਲੇਂ ਤੁਮ ਪਰ ਫ਼ਖ਼ਰ ਕਰੇਂਗੀ
ਜਬ ਭੀ ਉਨ ਕੋ ਮਾਲੂਮ ਪੜੇਗਾ ਤੁਮ ਨੇ ਫਿਰਾਕ ਕੋ ਦੇਖਾ ਹੈ।


ਮੇਰੇ ਵਰਗੇ ਮਿਰਜ਼ਾ ਗਾਲਿਬ ਦੀ ਸ਼ਾਇਰੀ ਦੇ ਮੱਦਾਹਾਂ ਨੂੰ ਉੱਤਮ ਸ਼ਿਅਰਾਂ ਤੋਂ ਬਿਨਾ ਕੁਝ ਵੀ ਢੰਗ ਦਾ ਨਹੀਂ ਲਗਦਾ। ਫੈਜ਼ ਦੀ ਗੱਲ ਅੱਗੇ ਤੋਰਨ ਤੋਂ ਪਹਿਲਾਂ ਮੈਂ ਗਾਲਿਬ ਦਾ ਉਹ ਸ਼ਿਅਰ ਵੀ ਪਾਠਕਾਂ ਨਾਲ ਸਾਂਝਾ ਕਰਨਾ ਚਾਹਾਂਗਾ, ਜਿਹੜਾ ਸਦਾ ਹੀ ਮੇਰੇ ਅੰਗ ਸੰਗ ਰਿਹਾ ਹੈ:

ਨਗ਼ਮਾ ਹਾਏ ਗ਼ਮ ਕੋ ਭੀ ਐ ਦਿਲ ਗਨੀਮਤ ਜਾਨੀਯੇ
ਬੇ ਸਦਾ ਹੋ ਜਾਏਗਾ ਯੇਹ ਸਾਜ਼-ਏ-ਹਸਤੀ ਏਕ ਦਿਨ ।

ਪੰਜਾਬੀ ਦੇ ਜਿਹੜੇ ਪਾਠਕ 'ਅਖੀਂ ਵੇਖ ਨਾ ਰੱਜੀਆਂ, ਬਹੁ ਰੰਗ ਤਮਾਸ਼ੇ, ਰਜ ਦਾ ਕੋਈ ਜੀਵਿਆਂ ਝੂਠੇ ਭਰ ਵਾਸੇ' ਤੋਂ ਜਾਣੂ ਹਨ ਉਨ੍ਹਾਂ ਲਈ ਗਾਲਿਬ ਦੇ ਇਨ੍ਹਾਂ ਬੋਲਾਂ ਦੀ ਥਾਹ ਪਾਉਣੀ ਔਖੀ ਨਹੀਂ।

ਆਪਾਂ ਫੈਜ਼ ਅਹਿਮਦ ਫੈਜ਼ ਦੀ ਗੱਲ ਕਰ ਰਹੇ ਸਾਂ। ਬੀਤੀ ਸਦੀ ਵਿਚ ਉਸਦਾ ਕੋਈ ਜਵਾਬ ਨਹੀਂ ਸੀ।

ਤੁਮ ਅਏ ਹੋ ਨ ਸ਼ਬ-ਏ-ਇੰਤਜ਼ਾਰ ਗੁਜ਼ਰੀ ਹੈ
ਤਲਾਸ਼ ਮੇਂ ਹੈ ਸਹਰ ਬਾਰ ਬਾਰ ਗੁਜ਼ਰੀ ਹੈ
ਜਨੂੰ ਮੇਂ ਜਿਤਨੀ ਭੀ ਗੁਜ਼ਰੀ ਬਕਾਰ ਗੁਜ਼ਰੀ ਹੈ
ਅਗਰਚੇ ਦਿਲ ਪੇ ਖ਼ਰਾਬੀ ਹਜ਼ਾਰ ਗੁਜ਼ਰੀ ਹੈ।
ਹੂਈ ਹੈ ਹਜ਼ਰਤ-ਏ-ਨਾਸੇਹ ਸੇ ਗੁਫ਼ਤਗੂ ਜਿਸ ਸ਼ਬ
ਵੂਹ ਸ਼ਬ ਜ਼ਰੂਰ ਸਰ-ਏ-ਕੂ-ਏ-ਯਾਰ ਗੁਜ਼ਰੀ ਹੈ।
ਨ ਗੁਲ ਖਿਲੇ ਹੈਂ, ਨ ਉਨ ਸੇ ਮਿਲੇ, ਨਾ ਮੈ ਪੀ ਹੈ
ਅਜੀਬ ਰੰਗ ਸੇ ਅਬ ਕੇ ਬਹਾਰ ਗੁਜ਼ਰੀ ਹੈ।
***
ਜਬ ਤੁਝੇ ਯਾਦ ਕਰ ਲੀਆ, ਸੁਬ੍ਹਾ ਮਹਿਕ ਮਹਿਕ ਉਠੀ



ਜਬ ਤੇਰਾ ਗ਼ਮ ਜਗਾ ਲੀਆ, ਰਾਤ ਮਚਲ ਮਚਲ ਗਈ
ਦਿਲ ਸੇ ਤੋ ਹਰ ਮੁਆਮਲਾ ਕਰ ਕੇ ਚਲੇ ਥੇ ਸਾਫ ਹਮ
ਕਹਿਨੇ ਮੇਂ ਉਨ ਕੇ ਸਾਮਨੇ ਬਾਤ ਬਦਲ ਬਦਲ ਗਈ।
***

ਜਿਸ ਧਜ ਸੇ ਕੋਈ ਮਕਤਲ ਮੇਂ ਗਿਆ ਵੋ ਸ਼ਾਨ ਸਲਾਮਤ ਰਹਿਤੀ ਹੈ
ਯੇ ਜਾਨ ਤੋਂ ਆਨੀ ਜਾਨੀ ਹੈ, ਇਸ ਜਾਨ ਕੀ ਤੋ ਕੋਈ ਬਾਤ ਨਹੀਂ
ਮੈਦਾਨ-ਏ-ਵਫ਼ਾ ਦਰਬਾਰ ਨਹੀਂ, ਯਾਂ ਨਾਮ-ਓ-ਨਸਬ ਕੀ ਪੂਛ ਕਹਾਂ
ਆਸ਼ਿਕ ਤੋ ਕਿਸੀ ਕਾ ਨਾਮ ਨਹੀਂ, ਕੁੱਛ ਇਸ਼ਕ ਕਿਸੀ ਕੀ ਜ਼ਾਤ ਨਹੀਂ
ਗਰ ਬਾਜ਼ੀ ਇਸ਼ਕ ਕੀ ਬਾਜ਼ੀ ਹੈ, ਜੋ ਚਾਹੋ ਲਗਾ ਦੋ ਡਰ ਕੈਸਾ
ਗਰ ਜੀਤ ਗਏ ਤੋ ਕਿਆ ਕਹਿਨਾ, ਹਾਰੇ ਭੀ ਤੋ ਬਾਜ਼ੀ ਮਾਤ ਨਹੀਂ।
***
ਗੁਲੋਂ ਮੇਂ ਰੰਗ ਭਰੇ, ਬਾਦ-ਏ-ਨੌਬਹਾਰ ਚਲੇ
ਚਲੇ ਭੀ ਆਓ ਕਿ ਗੁਲਸ਼ਨ ਕਾ ਕਾਰੋਬਾਰ ਚਲੇ
ਬੜਾ ਹੈ ਦਰਦ ਕਾ ਰਿਸ਼ਤਾ ਯੇ ਦਿਲ ਗਰੀਬ ਸਹੀ
ਤੁਮਹਾਰੇ ਨਾਮ ਪੇ ਆਏਂਗੇ ਗ਼ਮਗ਼ਸਾਰ ਚਲੇ
ਜੋ ਹਮ ਪੇ ਗੁਜ਼ਰੀ ਸੋ ਗੁਜ਼ਰੀ ਮਗਰ ਸ਼ਬ-ਏ-ਹਿਜਰਾਂ
ਮੇਰੇ ਅਸ਼ਕ ਤਿਰੀ ਅਕੀਬਤ ਸੰਵਾਰ ਚਲੇ
ਮਕਦਮ ਫੈਜ਼ ਕੋਈ ਰਾਹ ਮੇਂ ਜਚਾ ਹੀ ਨਹੀਂ
ਜੋ ਕੂਏ ਯਾਰ ਸੇ ਨਿਕਲੇ ਤੋ ਸੂਏ ਦਾਰ ਚਲੇ।

ਜਿਨ੍ਹਾਂ ਗ਼ਜ਼ਲਾਂ ਵਿਚੋਂ ਉਪਰੋਕਤ ਸ਼ਿਅਰ ਹਨ, ਇਹ ਵੀ ਜੇਲ੍ਹ ਵਿਚ ਲਿਖੀਆਂ ਗਈਆਂ ਸਨ। ਪਰ ਆਸ਼ਾਵਾਦ ਦਾ ਪੱਲਾ ਫੈਜ਼ ਨੇ ਕਦੀ ਵੀ ਨਹੀਂ ਛੱਡਿਆ:

ਆਤੇ ਆਤੇ ਯੂੰ ਹੀ ਪਲ ਭਰ ਕੋ ਰੁਕੀ ਹੋਗੀ ਬਹਾਰ
ਜਾਤੇ ਜਾਤੇ ਯੂੰ ਹੀ ਪਲ ਭਰ ਕੋ ਖਿਜ਼ਾਂ ਠਹਿਰੀ ਹੈ।

ਫੈਜ਼ ਅਹਿਮਦ ਫੈਜ਼ ਏਨਾ ਹਰਮਨ-ਪਿਆਰਾ ਸੀ ਕਿ ਉਸਨੂੰ ਹਰ ਵਰ੍ਹੇ, ਹਰ ਮੌਸਮ ਵਿਚ ਚੇਤੇ ਕੀਤਾ ਜਾਂਦਾ ਹੈ। ਬਹੁਤ ਦੇਰ ਨਹੀਂ ਹੋਈ ਕਿ ਅਮਰੀਕਾ ਦੀ ਕੈਲੀਫੋਰਨੀਆ ਸਟੇਟ ਦੇ ਵਸਨੀਕ ਮੇਰੇ ਸੀਨੀਅਰ ਸਾਕ-ਸਬੰਧੀ ਦੇਵਿੰਦਰ ਸਾਹੀ ਨੇ ਜਸਟਿਸ ਕਾਟਜੂ ਦੇ ਹਵਾਲੇ ਨਾਲ ਕਾਟਜੂ ਵਲੋਂ ਫੈਜ਼ ਦੀ ਕਿਸੇ ਵਰ੍ਹੇਗੰਢ ਸਮੇਂ ਲਿਖੀ ਟਿੱਪਣੀ ਮੈਨੂੰ ਭੇਜੀ ਸੀ, ਜਿਸ ਵਿਚ ਫੈਜ਼ ਸਾਹਿਬ ਦੀ ਅਦਾਲਤ ਵਿਚ ਉਸਤਤ ਦਾ ਜ਼ਿਕਰ ਹੈ। ਖਾਸ ਕਰਕੇ ਉਸਦੀ ਸ਼ਾਇਰੀ ਦੇ ਜੱਜਾਂ ਉੱਤੇ ਪਏ ਪ੍ਰਭਾਵ ਦਾ:

1981 ਵਿਚ ਜਸਟਿਸ ਕਾਟਜੂ ਦੇ ਅਲਾਹਾਬਾਦ ਦੀ ਕਚਹਿਰੀ ਦਾ ਵਕੀਲ ਹੁੰਦਿਆਂ ਅਲਾਹਾਬਾਦ ਯੂਨੀਵਰਸਟੀ ਨੇ ਫੈਜ਼ ਦੀ ਆਮਦ ਦਾ ਜਸ਼ਨ ਮਨਾਇਆ ਤਾਂ ਯੂਨੀਵਰਸਟੀ ਦੀਆਂ ਵਿਦਿਆਰਥਣਾ ਨੇ 'ਗੁਲੋਂ ਮੇਂ ਰੰਗ ਭਰੇ ਬਾਦ-ਏ-ਨੌਬਹਾਹ ਚਲੇ' ਮੁਖੜੇ ਵਾਲੀ ਗ਼ਜ਼ਲ ਏਨੀ ਸੁਰੀਲੀ ਆਵਾਜ਼ ਵਿਚ ਸੁਣਾਈ ਕਿ ਸੁੱਤਾ ਪਿਆ ਚੁਗਿਰਦਾ ਜਾਗ ਪਿਆ ਸੀ। ਇਹ ਗੱਲ ਵੱਖਰੀ ਹੈ ਕਿ ਪਾਕਿਸਤਾਨ ਦੀ ਮਾਰਸ਼ਲ ਲਾਅ ਸਰਕਾਰ ਨੇ ਉਸਨੂੰ ਕਈ ਸਾਲ ਆਪਣੀਆਂ ਜੇਲ੍ਹਾਂ ਵਿਚ ਬੰਦ ਰੱਖਿਆ। ਉਸ ਸ਼ਾਇਰ ਨੂੰ ਜਿਸਦੇ ਆਪਣੇ ਬੋਲ ਸਨ, 'ਬੋਲ ਕਿ ਲਬ ਆਜ਼ਾਦ ਹੈਂ ਤੇਰੇ, ਬੋਲ ਜ਼ੁਬਾਂ ਅਬ ਤੱਕ ਤੇਰੀ ਹੈ।' ਜਸਟਿਸ ਕਾਟਜੂ ਨੇ ਉਦੋਂ ਇਹ ਵੀ ਲਿਖਿਆ ਸੀ ਕਿ ਉਹ ਮਿਰਜ਼ਾ ਗ਼ਾਲਿਬ ਨੂੰ ਤਾਂ ਸਾਰੇ ਸਮਿਆਂ ਦਾ ਬਿਹਤਰੀਨ ਸ਼ਾਇਰ ਮੰਨਦਾ ਸੀ ਪਰ ਨਵੀਂ ਸਦੀ ਨੂੰ ਲੁੱਟਣ ਵਾਲਾ ਕੇਵਲ ਤੇ ਕੇਵਲ ਫੈਜ਼ ਹੀ ਸੀ। ਉਸ ਸ਼ਰਧਾਂਜਲੀ ਵਿਚ ਕਾਟਜੂ ਨੇ ਇਹ ਵੀ ਲਿਖਿਆ ਸੀ ਕਿ ਜਦੋਂ ਪਾਕਿਸਤਾਨ ਸਰਕਾਰ ਨੇ ਭਾਰਤ ਦੇ ਵਸਨੀਕ ਨੂੰ ਜਾਸੂਸੀ ਦੇ ਦੋਸ਼ ਵਿਚ ਉਮਰ ਭਰ ਲਈ ਕੈਦ ਕਰ ਰੱਖਿਆ ਸੀ ਤੇ ਕਾਨੂੰਨ ਨੇ ਆਪਣੀ ਜਿਨਹਾ ਵਿਚ ਫੈਜ਼ ਦੀ ਸ਼ਾਇਰੀ ਦਾ ਸਹਾਰਾ ਲਿਆ ਸੀ:

ਕਫਸ ਉਦਾਸ ਹੈ ਯਾਰੋ, ਜ਼ਬਾਂ ਸੇ ਕੁੱਛ ਤੋਂ ਕਹੋ
ਕਭੀ ਤੋਂ ਬਹਿਰ-ਏ-ਖ਼ੁਦਾ, ਜ਼ਿਕਰ ਏ ਯਾਰ ਚਲੇ

ਫੈਜ਼ ਦੀ ਸ਼ਾਇਰੀ ਦਾ ਪ੍ਰਭਾਵ ਹੀ ਸਮਝੋ ਕਿ ਪਾਕਿਸਤਾਨ ਨੇ ਗੋਪਾਲ ਦਾਸ ਨੂੰ ਰਿਹਾਅ ਕਰ ਦਿੱਤਾ। ਦੁਨੀਆਂ ਦੀ ਹੋਰ ਕਿਸੇ ਕਚਹਿਰੀ ਵਿਚ ਕਦੀ ਵੀ ਇਹੋ ਜਿਹਾ ਕ੍ਰਿਸ਼ਮਾ ਨਹੀਂ ਵਾਪਰਿਆ ਹੋਣਾ ਕਿ ਸ਼ਾਇਰ ਦੇ ਬੋਲਾਂ ਨੇ ਏਨਾ ਪ੍ਰਭਾਵ ਪਾਇਆ ਹੋਵੇ।

ਫੇਰ ਆਪਣੇ ਇਕ ਹੋਰ ਫੈਸਲੇ ਵਿਚ ਕਾਟਜੂ ਨੇ ਹੇਠ ਲਿਖੇ ਸ਼ਿਅਰ ਦਾ ਸਹਾਰਾ ਲਿਆ।

ਬਨੇ ਹੈ ਅਹਿਲ-ਏ-ਹਵਸ ਮੁਦੱਈ ਭੀ ਮੁਨਸਿਫ ਭੀ
ਕਿਸੇ ਵਕੀਲ ਕਰੇਂ ਕਿਸੇ ਮੁਨਸਿਫ਼ ਚਾਹੇਂ?

ਹਾਂ ਉਸਦੇ ਕਿਸੇ ਵਕੀਲ ਮਿੱਤਰ ਨੇ ਖ਼ਬਰ ਦਿੱਤੀ ਸੀ ਕਿ ਜਸਟਿਸ ਕਾਟਜੂ ਦਾ ਇਹ ਫੈਸਲਾ ਵੀ ਪਾਕਿਸਤਾਨ ਵਿਖੇ ਲਾਹੌਰ ਤੇ ਕਰਾਚੀ ਵਿਚ ਸੁਰਖੀਆਂ ਬਣਿਆ।

ਉੱਤਮ ਸ਼ਾਇਰੀ ਜ਼ਿੰਦਾਬਾਦ!

**ਅੰਤਿਕਾ**

—ਫੈਜ਼ ਅਹਿਮਦ ਫੈਜ਼—

ਕੁਛ ਹਮੀ ਕੋ ਨਹੀਂ ਹੈ ਅਹਿਸਾਨ ਉਠਾਨੇ ਕਾ ਦਿਮਾਗ਼
**ਵੂਹ ਤੋਂ ਜਬ ਆਤੇ ਹੈ ਮਾਇਲ-ਬਾ-ਕਰਮ ਆਤੇ ਹੈਂ।**

# ਪਖੰਡੀ ਪ੍ਰਚਾਰਕ, ਜਾਂ ਕਾਮ ਦਾ ਕੀੜਾ


**ਸੁਰਜੀਤ ਕੌਰ ਸੈਕਰਾਮੈਂਟੋ**




ਚਾਰ ਕੁ ਦਿਨਾਂ ਤੋਂ ਕਾਮ ਦੇ ਕੀੜੇ ਇਕ ਭੇਖੀ ਬੰਦੇ ਦੀ ਖਬਰ ਵੀਡੀਓ ਸਮੇਤ ਪਹਿਲਾਂ ਤਾਂ ਇੰਟਰਨੈੱਟ 'ਤੇ ਛਾਇਆ ਹੋ ਰਹੀ ਸੀ ਪਰ ਫਿਰ ਇਹ ਇਕ ਟੀ ਵੀ ਚੈਨਲ 'ਤੇ ਵੀ ਬੜੇ ਚਟਖ਼ਾਰੇ ਲੈ ਲੈ ਕੇ ਸੁਣਾਈ ਅਤੇ ਦਿਖਾਈ ਗਈ।

ਮੈਂ ਨਾ ਤਾਂ ਇਸ ਭੇਖੀ ਨੂੰ ਇਨਸਾਨ ਕਹਿਣਾ ਚਾਹੁੰਦੀ ਹਾਂ, ਅਤੇ ਨਾ ਹੀ ਉਸਦੇ ਨਾਮ ਨਾਲ ਸਿੰਘ ਲਾਉਣਾ ਚਾਹੁੰਦੀ ਹਾਂ।

ਉਹ ਬੰਦਾ ਵੀ ਨਹੀਂ ਹੈ, ਪਸ਼ੂ ਵੀ ਨਹੀਂ ਹੈ, ਉਹ ਹੈ ਕੀਹ?

ਕਰਤੂਤ ਪਸੂ ਕੀ ਮਾਨਸ ਜਾਤਿ॥

ਪਰ ਸੋਸ਼ਲ ਮੀਡੀਆ 'ਤੇ ਉਸਨੂੰ ਹਜ਼ਾਰਾਂ ਨਹੀਂ ਲੱਖਾਂ ਲੋਕ (ਬਾਬਾ) ਪ੍ਰਚਾਰਕ ਜਾਂ ਫ਼ੌਜਾ ਸਿੰਘ ਆਖ ਰਹੇ ਹਨ ਤੇ ਧਰਮ ਦੀਆਂ ਧੱਜੀਆਂ ਉਡਾ ਰਹੇ ਹਨ। ਉਹ ਪਹਿਲਾਂ ਕੀ ਕਰਦਾ ਸੀ ਅਤੇ ਹੁਣ ਉਸ ਨੇ ਕੀ ਕੀਤਾ ਹੈ। ਦੇਖਣ ਨੂੰ ਤਾਂ ਉਹ ਪੰਜ ਕਕਾਰ ਪਹਿਨ ਕੇ ਸੱਜਿਆ ਬੈਠਾ ਹੈ, ਉਸਦੇ ਪੰਜਾਬ ਵਿਚ ਕਈ ਧਾਰਮਿਕ ਡੇਰੇ ਹਨ, ਉਹ ਕਰੋੜਾਂ ਦੀ ਸੰਪਤੀ ਦਾ ਮਾਲਕ ਹੈ, ਉਸਨੂੰ ਮੰਨਣ ਵਾਲੇ ਉਸਦੇ ਅਣਗਿਣਤ ਪੈਰੋਕਾਰ ਹਨ ਅਤੇ ਪਿਛਲੇ ਕੁਝ ਸਮੇਂ ਤੋਂ ਉਹ ਯੂ.ਕੇ. ਦੇ ਬਰਮਿੰਘਮ ਸ਼ਹਿਰ ਵਿਚ ਕਿਸੇ ਗੁਰਦੁਆਰੇ ਬੈਠਾ ਸਿੱਖ ਧਰਮ ਅਤੇ ਸਿੱਖੀ ਸਿਧਾਂਤਾਂ ਦਾ ਪ੍ਰਚਾਰ ਕਰ ਰਿਹਾ ਸੀ।

ਔਰਤਾਂ ਨੂੰ ਗੁਰਬਾਣੀ ਦਾ ਪਾਠ, ਹਾਰਮੋਨੀਅਮ, ਅਤੇ ਤਬਲਾ ਭਾਵ ਕੀਰਤਨ ਦੀ ਸਿੱਖਿਆ ਦੇਣ ਦੀ ਸੇਵਾ ਨਿਭਾਅ ਰਿਹਾ ਸੀ।

ਮੈਂ ਇਹ ਵਿਚਾਰ ਜੋ ਇੰਟਰਨੈਟ ਅਤੇ ਪੀ.ਟੀ.ਸੀ. 'ਤੇ ਸੁਣੇ ਹਨ, ਹੂਬਹੂ ਓਹੀ ਲਿਖ ਰਹੀ ਹਾਂ।

ਹੈਰਾਨੀ ਦੀ ਗੱਲ ਕਿ ਉਸ ਕੋਲ ਸਿਰਫ ਔਰਤਾਂ ਹੀ ਪਾਠ, ਵਾਜਾ, ਤਬਲਾ ਸਿੱਖਣ ਆਉਂਦੀਆਂ ਸਨ ਮਰਦ ਕੋਈ ਵੀ ਨਹੀਂ।

ਵਾਹ ਕਿਆ ਬਾਤ ਹੈ? ਹੁਣ ਜੋ ਉਸਦੀ ਵੀਡੀਓ ਵਾਇਰਲ ਹੋਈ ਹੈ, ਉਸ ਵਿਚ ਉਹ ਕਿਸੇ ਔਰਤ ਨਾਲ ਸਿਰਫ ਕਾਲੇ ਕੱਛੇ ਵਿਚ ਕਾਰ ਵੱਲ ਜਾ ਰਿਹਾ ਹੈ, ਸਿਰੋਂ ਨੰਗਾ, ਪੈਰੋਂ ਨੰਗਾ, ਤਨ ਵੀ ਨੰਗਾ, ਸਿਰਫ ਕੱਛੇ ਵਿਚ।

ਕਾਮ ਦਾ ਕੀੜਾ ਤਾਂ ਸਾਰਾ ਸਾਫ਼ ਦਿਖਦਾ ਹੈ ਪਰ ਕਾਮ ਦੀ ਕੀੜੀ ਦਾ ਮੂੰਹ-ਸਿਰ ਲੁਕੋ ਕੇ ਉਸ ਨੂੰ ਦਿਖਾਇਆ ਜਾ ਰਿਹਾ ਹੈ, ਕਿਉਂ?

ਕੀਹ ਉਹ ਕਿਸੇ ਦੀ ਧੀ, ਪਤਨੀ, ਜਾਂ ਮਾਂ ਨਹੀਂ, ਉਸਨੂੰ ਸ਼ਰਮ ਜਾਂ ਹਯਾ ਨਹੀਂ ਆਈ ਕਿ ਉਹ ਕਿਹੜੀ ਕਾਲੀ ਕਰਤੂਤ ਕਰ ਰਹੀ ਹੈ, ਕੀ ਉਸਦਾ ਆਦਮੀ, ਬੱਚੇ ਜਾਂ ਘਰ ਪਰਿਵਾਰ ਨਹੀਂ ਹੈ, ਉਹ ਕਿਸ ਗੰਦੀ ਮਿੱਟੀ ਜਾਂ ਮਾਨਸਿਕਤਾ ਦੀ ਔਰਤ ਹੈ। ਪਰ ਹੈਰਾਨੀ ਦੀ ਗੱਲ ਇਹ ਹੈ ਕਿ ਖਬਰਾਂ ਵਿਚ ਤਾਂ ਦੱਸਿਆ ਜਾ ਰਿਹਾ ਹੈ ਕਿ ਇਸ ਬੰਦੇ ਦੇ ਇਕ ਨਹੀਂ, ਕਈ ਔਰਤਾਂ ਨਾਲ ਸੰਬੰਧ ਸਨ, ਇਸਦਾ ਮਤਲਬ ਇਹ ਕਿ ਕਈ ਔਰਤਾਂ ਤੇ ਉਹ ਕਾਮ ਦਾ ਕੀੜਾ ਇਕ?

ਗੁਰੂ ਦਾ ਘਰ, ਗੁਰੂ ਦੁਆਰਾ ਜਿੱਥੇ ਹਰ ਇਨਸਾਨ ਗੁਰੂ ਮੱਤ ਅਨੁਸਾਰ ਸ਼ਬਦ ਗੁਰੂ ਨੂੰ ਨਤਮਸਤਕ ਹੋਣ ਜਾਂਦਾ ਹੈ,

ਉਸ ਧਾਰਮਿਕ ਅਸਥਾਨ 'ਤੇ ਇਹ ਕਾਮ ਦਾ ਨੰਗਾ ਨਾਚ ਕਦੋਂ ਤੋਂ ਚੱਲ ਰਿਹਾ ਸੀ ਓਹੀ ਜਾਨਣ ਪਰ ਮਰਦ ਜਾਂ ਔਰਤ, ਅਤੇ ਔਰਤ ਜਾਂ ਮਰਦ, ਇਹ ਕਿਸ ਪਾਸੇ ਨੂੰ ਤੁਰ ਪਏ ਹਨ, ਕਿਧਰ ਨੂੰ ਜਾ ਰਹੇ ਹਨ। ਹਾਂ ਇਹ ਕੋਈ ਪਹਿਲੀ ਖਬਰ ਵੀ ਤਾਂ ਨਹੀਂ ਜੋ ਹੈਰਾਨ ਕਰ ਦੇਵੇ ਅਜਿਹੀਆਂ ਸਨਸਨੀਖੇਜ਼, ਮੰਦ ਭਾਗੀਆਂ ਖਬਰਾਂ ਤਾਂ ਹੁਣ ਆਏ ਦਿਨ ਸੁਣਨ ਨੂੰ ਮਿਲਦੀਆਂ ਰਹਿੰਦੀਆਂ ਹਨ।

ਆਓ! ਕੁਝ ਵਿਚਾਰ ਕਰੀਏ।

1 ਕੀ ਇਹ ਦਿਨੋਂ ਦਿਨ ਫੈਲ ਰਿਹਾ ਅੱਯਾਸ਼ੀ ਦਾ ਤਮਾਸ਼ਾ ਡੇਰਾਵਾਦ ਦਾ ਫੈਲਾਇਆ ਹੋਇਆ ਨਹੀਂ ਹੈ?

2 ਕੀ ਇਹ ਵਿਹਲੜ ਬਦਮਾਸ਼ ਬੰਦੇ ਸਿੱਖ ਧਰਮ ਜਾਂ ਸਿੱਖੀ ਸਰੂਪ ਦਾ ਮਜ਼ਾਕ ਨਹੀਂ ਉਡਾ ਰਹੇ?

3 ਕੀ ਗੁਰਬਾਣੀ ਦਾ ਕੀਰਤਨ, ਕਥਾ ਸਿਖਾਉਣ ਦੇ ਓਹਲੇ ਵਿਚ ਇਹ ਅੱਡੇ ਚਲਾਏ ਜਾ ਰਹੇ ਹਨ?

4 ਕੀ ਡੇਰਾਵਾਦੀਆਂ ਦੇ ਡੇਰੇ ਸਿਰਫ ਤੇ ਸਿਰਫ ਔਰਤਾਂ ਦੇ ਸਿਰ 'ਤੇ ਨਹੀਂ ਚੱਲ ਰਹੇ?

5 ਕੀ ਅੱਜ ਦੀ ਆਜ਼ਾਦ ਔਰਤ ਵੀ ਅੱਯਾਸ਼ੀ ਲਈ ਧਰਮ ਦੀ ਆੜ ਲੈ ਰਹੀ ਹੈ?

6 ਕੀ ਸਾਡੇ ਧਾਰਮਿਕ ਆਗੂ ਜਾਂ ਸਿਰਮੌਰ ਸੰਸਥਾਵਾਂ ਸਿਰਫ ਦੂਜੇ ਧਰਮਾਂ ਨੂੰ ਭੰਡਣ ਤੱਕ ਹੀ ਸੀਮਤ ਹਨ?

7 ਕੀ ਸਾਡੇ ਧਾਰਮਿਕ ਆਗੂਆਂ ਜਾਂ ਲੀਡਰਾਂ ਦੀ ਡਿਊਟੀ ਗੋਲਕਾਂ, ਚੌਧਰਾਂ ਅਤੇ ਕੁਰਸੀਆਂ ਤਕ ਹੀ ਨੀਅਤ ਹੈ?

8 ਕੀ ਸਿੱਖ ਧਰਮ ਵੱਲੋਂ ਘਿਨਾਉਣੇ ਜੁਰਮਾਂ ਦੇ ਗੁਨਾਹਗਾਰ ਦੋਸ਼ੀਆਂ ਨੂੰ ਜੋ ਸਜ਼ਾਵਾਂ ਲਾਈਆਂ ਜਾਂਦੀਆਂ ਹਨ, ਉਹ ਕਾਫ਼ੀ ਹਨ?

ਇਹ ਕੁਝ ਸਵਾਲ ਮੇਰੇ ਅਤੇ ਤੁਹਾਡੇ ਸਭ ਦੇ ਅੰਦਰੋਂ ਉੱਠਦੇ ਹਨ ਪਰ ਜਵਾਬ ਕਦੀ ਕਿਤੋਂ ਵੀ ਨਹੀਂ ਮਿਲਦੇ।

ਹੇ ਕਾਮੰ ਨਰਕ ਬਿਸਰਾਮੰ ਬਹੁ ਜੋਨੀ ਭਰਮਾਵਣਹਿ॥
ਸਲੋਕ ਸਹਿਸ ਕ੍ਰਿਤੀ॥

ਇਹ ਵੀ ਖਬਰ ਹੈ ਕਿ ਉਸ ਪਖੰਡੀ ਦੇ ਸਾਰੇ ਡੇਰੇ ਜ਼ਬਤ ਕਰ ਲਏ ਜਾਣਗੇ ਬੱਸ ਹੋ ਗਿਆ ਫੈਸਲਾ, ਚੱਕਰ ਤਾਂ ਸਾਰਾ ਪੈਸੇ ਦਾ ਹੈ।

ਕਾਸ਼ ਸਿੱਖ ਧਰਮ ਦੇ ਰਖਵਾਲੇ ਇਨ੍ਹਾਂ ਬੇਨਤੀਆਂ ਵੱਲ ਖਿਆਲ ਦੇਣ ਕਿ ਕੁਝ ਕਰਨ ਦਾ ਵੇਲਾ ਹੈ ਕਰ ਲਈਏ। ਸਿਰਫ ਇੱਕੋ ਰੱਟਾ ਲਾਈ ਜਾਣਾ ਕਿ ਦੇਸ਼ 'ਤੇ ਰਾਜ ਕਰ ਰਹੇ ਬਹੁਸੰਮਤੀ ਲੋਕ ਸਿੱਖ ਕੌਮ ਨੂੰ ਬਦਨਾਮ ਅਤੇ ਬਰਬਾਦ ਕਰਨ ਲਈ ਪੈਸਾ ਖਰਚ ਕੇ ਖਰੀਦੇ ਹੋਏ ਬੰਦੇ ਸਿੱਖੀ ਸਰੂਪ ਵਿਚ ਤਿਆਰ ਕਰ ਕੇ ਇਹ ਸਾਰੀਆਂ ਸਾਜ਼ਿਸ਼ਾਂ ਕਰਵਾ ਰਹੇ ਹਨ, ਜਾਂ ਸਰਕਾਰੀ ਏਜੰਸੀਆਂ ਇਹ ਕੰਮ ਕਰਵਾ ਰਹੀਆਂ ਹਨ ਆਖ ਦੇਣ ਨਾਲ ਇਹ ਕੰਮ ਨਿਬੜ ਨਹੀਂ ਜਾਂਦਾ। ਕੰਮ ਅੱਗੇ ਹੋਰ ਬਹੁਤ ਹੈ ਜੇ ਤੁਹਾਡੇ ਦੁਸ਼ਮਨ ਤੁਹਾਨੂੰ ਖਤਮ ਕਰਨਾ ਚਾਹੁੰਦੇ ਹਨ ਤਾਂ ਤੁਸੀ ਕੀ ਕਰ ਰਹੇ ਹੋ?

ਤੁਸੀ ਦੋਸ਼ੀਆਂ ਨੂੰ ਜੋੜੇ ਝਾੜਨ ਦੀ, ਬਰਤਨ ਮਾਂਜਣ ਦੀ, ਦੇਗ ਕਰਾਉਣ, ਜਾਂ ਗੋਲਕ ਵਿਚ ਮਾਇਆ ਪਾਉਣ ਦੀ ਸੇਵਾ ਨੂੰ ਸਜ਼ਾ ਆਖ ਕੇ ਝਟਪਟ ਸੁਰਖ਼ਰੂ ਹੋ ਬਹਿੰਦੇ ਹੋ। ਸਮਾਂ ਬਦਲ ਗਿਆ ਹੈ, ਹਾਲਾਤ ਬਦਲ ਗਏ ਹਨ, ਜੁਰਮ ਵਧ ਰਹੇ ਹਨ। ਸਜ਼ਾਵਾਂ ਸਖ਼ਤ ਕਰੋ ਅਤੇ ਸਖ਼ਤੀ ਨਾਲ ਹੀ ਲਾਗੂ ਵੀ ਕਰੋ, ਲਿਹਾਜ਼ਦਾਰੀਆਂ ਬੰਦ ਕਰੋ, ਰੱਬ ਤੋਂ ਡਰੋ, ਗੁਰੂ ਤੋਂ ਡਰੋ। ਤੁਸੀਂ ਧਰਮ ਦੇ ਰਾਖੇ ਹੋ, ਪਹਿਰੇਦਾਰ ਹੋ, ਆਪ ਜਾਗੋ ਅਤੇ ਕੌਮ ਨੂੰ ਕੁਝ ਕਰ ਕੇ ਦਿਖਾਓ ਕੌਮ ਭਟਕ ਰਹੀ ਹੈ। ਪਹਿਲਾਂ ਹੀ ਬਹੁਤ ਨੁਕਸਾਨ ਹੋ ਚੁੱਕਾ ਹੈ ਜੇ ਅਜੇ ਵੀ ਅਵੇਸਲੇ ਰਹੇ ਤਾਂ ਪਤਾ ਨਹੀਂ ਕਦੀ ਸੰਭਲ਼ ਵੀ ਸਕਾਂਗੇ ਕਿ ਨਹੀਂ। ਸੋ ਬੇਨਤੀ ਹੈ ਬਹੁਤ ਕੁਝ ਚਲਾ ਗਿਆ ਹੈ ਬਹੁਤ ਕੁਝ ਜਾ ਰਿਹਾ ਹੈ,

ਜਾਗ ਨੀ ਮੇਰੀਏ ਸੁਤੀਏ ਕੌਮੇ, ਜਾਗ ਤੂੰ ਹੁਣ ਜਾਗ, ਇਹ ਜਾਗਣ ਦਾ ਵੇਲਾ।

ਉਠੋ ਜਾਗੋ ਅਤੇ ਐਸਾ ਜਾਗੋ ਕਿ ਮੁੜ ਕੋਈ ਸਾਬਤ ਸੂਰਤ ਦਿਸਦਾ ਬੰਦਾ ਗੁਰੂ ਧਰਮ ਦਾ ਨਿਰਾਦਰ ਨਾ ਕਰ ਸਕੇ।

## ਹਵਾਵਾਂ ਵਿਚ ਜ਼ਹਿਰ

ਹਵਾਵਾਂ ਵਿਚ ਜ਼ਹਿਰ ਹੈ, ਫਿਜ਼ਾਵਾਂ ਵਿਚ ਜ਼ਹਿਰ ਹੈ
ਸ਼ਾਂਤੀ ਦੀ ਗੱਲ ਕੌਣ ਕਰੇ, ਦੁਆਵਾਂ ਵਿਚ ਜ਼ਹਿਰ ਹੈ।

ਸੋਚਾਂ ਵਿਚ ਜ਼ਹਿਰ ਭਰੇ, ਸੋਚਾਂ ਵਿਚ ਕਹਿਰ ਭਰੇ
ਨਫਰਤਾਂ ਦੀ ਰਾਜਨੀਤੀ, ਨਫਰਤਾਂ ਦੀ ਲਹਿਰ ਹੈ।

ਇਨਸਾਨੀਅਤ ਦੀ ਗੱਲ ਕਰੇ, ਮੌਤ ਨੂੰ ਬੁਲਾਵੇ ਘਰੇ
ਸਹਿਮੇ ਸਹਿਮੇ ਲੋਕ ਨੇ, ਅਸ਼ਾਂਤੀ ਦਾ ਏਹ ਸ਼ਹਿਰ ਹੈ।

ਗੱਲਾਂ ਨਹੀਉਂ ਪੁਰਾਣੀਆਂ, ਸ਼ਾਂਤੀ ਦੀਆਂ ਕਹਾਣੀਆਂ
ਕਿਤਾਬਾਂ 'ਚ ਪੜ੍ਹ ਲਿਓ, ਇਤਹਾਸ ਦਾ ਇੱਕ ਪਹਿਰ ਹੈ।

ਧਰਤੀ ਜੋ ਸੀ ਮਾਂ ਹੁੰਦੀ, ਭਗਤੀ ਦੀ ਸੀ ਸਰਾਂ ਹੁੰਦੀ
ਬੋਦਲਾਂ ਦੇ ਸੁੱਖਵਿੰਦਰਾ ਹੁਣ, ਭੂਤਨਿਆਂ ਦੀ ਠਹਿਰ ਹੈ।


***-ਸੁੱਖਵਿੰਦਰ ਬੋਦਲਾਂਵਾਲਾ ਯੂ ਐਸ ਏ***
***ਫੋਨ: 360 281 2624***


---

## ਜ਼ਿੰਦਗੀ ਦਾ ਸਮਤੋਲ

ਪਰਿਵਾਰ ਵਿਚ ਇਕ ਤੂੰ ਹੋਵੇਂ ਤੇ ਇਕ ਮੈਂ ਹੋਵਾਂ,
ਜਦ ਮੈਂ ਰੁੱਸ ਜਾਣਾ ਤੂੰ ਮੰਨ ਜਾਵੇਂ।
ਤੂੰ ਰੁੱਸ ਜਾਵੇਂ ਤਾਂ ਮੈਂ ਮਨਾਵਾਂ,
ਸਮਤੋਲ ਜਿਹਾ ਬਣਿਆ ਰਹੇ ਮੈਂ ਖ਼ੁਸ਼ ਹੋਵਾਂ।

ਇਕ ਪੁੱਤ ਹੋਵੇ ਇਕ ਧੀ ਹੋਵੇ ਦਰਪਣ ਦਿਖੇ ਸਾਰਾ
ਜੇ ਪੁੱਤ ਨਾ ਵੀ ਹੋਵੇ ਹੋਵਣ ਦੋਨੋਂ ਧੀਆਂ?
ਪੁੱਤ ਜੇ ਹੋਵਣ ਸਮਾਂ ਆਉਣ 'ਤੇ ਕਰਨ ਕਿਨਾਰਾ,
ਧੀਆਂ ਨੇ ਹੀ ਓਟਣਾ ਸਾਨੂੰ ਦੋਵਾਂ ਜੀਆਂ।

ਭਾਵੇਂ ਜੀਅ ਕਰਦਾ ਲਿਫਟ ਨਾਲ ਉੱਪਰ ਚੜ੍ਹੀਏ,
ਹਵਾਈ ਜਹਾਜ਼ਾਂ 'ਚ ਕਰੀਏ ਅੰਬਰਾਂ ਦੀ ਸੈਰ।
ਪਰ ਚੰਗਾ ਇਹੀ ਸਹਿਜ ਨਾਲ ਪੌੜੀਆਂ ਚੜ੍ਹੀਏ,
ਮਨ ਨੂੰ ਮਿਲੇ ਧਰਵਾਸ ਮਨਾਈਏ ਖੈਰ।

ਸਾਵਾਂਪਣ ਜ਼ਿੰਦਗੀ ਦਾ ਬੋਝਲ ਹੋਣ ਤੋਂ ਬਚਾਵੇ,
ਖੁਸ਼ੀਆਂ ਦੇ ਪਲ ਮਿਲਦੇ ਅਸਲ ਵਿਚ ਜੀਣ ਨਾਲ।
ਬਣਾਵਟਾਂ ਭਾਵੇਂ ਲਾਲਚੀਆਂ ਨੂੰ ਭਰਮਾਉਂਦੀਆਂ,
ਸਮਾਂ ਆਉਣ 'ਤੇ ਟੁੱਟ ਜਾਂਦੈ ਭਰਮਜਾਲ।


***-ਅਮਰਜੀਤ ਸਿੰਘ ਤੂਰ***
***ਪਿੰਡ ਕੁਲਬੁਰਛਾਂ ਜ਼ਿਲ੍ਹਾ ਪਟਿਆਲਾ***
***ਫੋਨ: 98784-69639***

# ਜ਼ਿੰਦਾ ਹੋਣ ਵਾਸਤੇ ਸੰਘਰਸ਼ ਕਰਦੇ 'ਮੁਰਦੇ' ਵੀ ਮਰ ਜਾਂਦੇ ਨੇ ਭਾਰਤ ਦੇਸ਼ ਵਿਚ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਖੇਲਈ ਹੁਣ ਜ਼ਿੰਦਾ ਨਹੀਂ ਰਿਹਾ, ਅਦਾਲਤ ਦੇ ਦਰਵਾਜ਼ੇ ਉੱਤੇ ਜਾ ਕੇ ਪ੍ਰਾਣ ਤਿਆਗ ਗਿਆ ਹੈ। ਅਦਾਲਤ ਵਿਚ ਉਸ ਨੇ ਕੇਸ ਕੀਤਾ ਹੋਇਆ ਸੀ ਕਿ ਮੈਂ ਮਰਿਆ ਨਹੀਂ, ਜ਼ਿੰਦਾ ਹਾਂ ਤੇ ਪਿਛਲੇ ਛੇ ਸਾਲਾਂ ਤੋਂ ਇਹ ਕੇਸ ਲੜ ਰਿਹਾ ਸੀ ਕਿ ਉਹ ਨਹੀਂ ਮਰਿਆ, ਉਸ ਦਾ ਭਰਾ ਫੇਰਈ ਮਰਿਆ ਹੈ, ਪਰ ਉਸ ਦੀ ਵਿਧਵਾ ਭਰਜਾਈ ਅਤੇ ਪਰਿਵਾਰ ਨੇ ਉਸ ਮੌਤ ਦੀ ਐਂਟਰੀ ਕਰਾਉਣ ਵੇਲੇ ਬਦ-ਨੀਤੀ ਨਾਲ ਫੇਰਈ ਦੀ ਬਜਾਏ ਕਾਗਜ਼ਾਂ ਵਿਚ ਉਸ ਨੂੰ ਮਰਿਆ ਲਿਖਵਾ ਦਿੱਤਾ ਹੈ। ਬਾਅਦ ਵਿਚ ਉਨ੍ਹਾਂ ਨੇ 'ਖੇਲਈ ਮਰ ਗਿਆ ਹੈ, ਉਸ ਦਾ ਕੋਈ ਵਾਰਸ ਨਹੀਂ' ਕਹਿ ਕੇ ਉਸ ਦੀ ਜਾਇਦਾਦ ਪਟਵਾਰੀ ਅਤੇ ਮਾਲ ਅਫਸਰਾਂ ਨਾਲ ਮਿਲ ਕੇ ਆਪਣੇ ਨਾਂਅ ਕਰਵਾ ਲਈ। ਜਦੋਂ ਖੇਲਈ ਨੂੰ ਪਤਾ ਲੱਗਾ ਤਾਂ ਉਸ ਨੇ ਸਰਕਾਰੀ ਅਧਿਕਾਰੀਆਂ ਕੋਲ ਜਾ ਕੇ ਬੇਨਤੀ ਕੀਤੀ ਕਿ ਮੈਂ ਅਜੇ ਜ਼ਿੰਦਾ ਹਾਂ, ਮੇਰਾ ਭਰਾ ਫੇਰਈ ਮਰਿਆ ਹੈ, ਮੇਰੇ ਨਾਲ ਫਰਾਡ ਕੀਤਾ ਗਿਆ ਹੈ, ਇਹ ਐਂਟਰੀ ਰੱਦ ਕਰੋ। ਅੱਗੋਂ ਅਧਿਕਾਰੀਆਂ ਨੇ ਕਿਹਾ ਕਿ ਅਸੀਂ ਕੁਝ ਨਹੀਂ ਕਰ ਸਕਦੇ, ਅਦਾਲਤ ਇਹ ਦਰੁਸਤੀ ਕਰ ਸਕਦੀ ਹੈ। ਵਿਚਾਰੇ ਨੇ ਅਦਾਲਤ ਵਿਚ ਕੇਸ ਕੀਤਾ ਅਤੇ ਬੀਤੇ ਛੇ ਸਾਲ ਕੇਸ ਲੜਦਾ ਰਿਹਾ ਸੀ। ਬੀਤੀ ਸੋਲਾਂ ਨਵੰਬਰ ਨੂੰ ਜਦੋਂ ਉਹ ਇਸ ਕੇਸ ਦੀ ਤਰੀਕ ਭੁਗਤਣ ਗਿਆ ਤਾਂ ਅਦਾਲਤ ਦੇ ਦਰਾਂ ਮੂਹਰੇ ਸਚਮੁੱਚ ਮਰ ਗਿਆ। ਖੇਲਈ ਮਰਿਆ ਵੀ ਤਾਂ ਉਸੇ ਅਦਾਲਤ ਦੇ ਦਰਵਾਜ਼ੇ ਮੂਹਰੇ, ਜਿਸ ਨੂੰ ਦੱਸਣ ਗਿਆ ਸੀ ਕਿ ਮੈਂ ਜ਼ਿੰਦਾ ਹਾਂ। ਉਹ ਇਕੱਲਾ ਏਦਾਂ ਦਾ 'ਮ੍ਰਿਤਕ' ਨਹੀਂ ਸੀ, ਉੱਤਰ ਪ੍ਰਦੇਸ਼ ਵਿਚ ਉਹਦੇ ਵਰਗੇ ਜਿਉਂਦੇ 'ਮ੍ਰਿਤਕ' ਸੈਂਕੜਿਆਂ ਦੀ ਗਿਣਤੀ ਵਿਚ ਹਨ।

ਆਪਣੇ ਆਪ ਨੂੰ ਜ਼ਿੰਦਾ ਸਾਬਤ ਕਰਨ ਲਈ ਸੰਘਰਸ਼ ਕਰ ਰਹੇ ਉੱਤਰ ਪ੍ਰਦੇਸ਼ ਦੇ 'ਮ੍ਰਿਤਕਾਂ' ਦੀ ਗੱਲ ਕਰਨ ਤੋਂ ਪਹਿਲਾਂ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਭਾਰਤ ਦਾ ਅਦਾਲਤੀ ਸਿਸਟਮ ਏਦਾਂ ਦਾ ਹੈ ਕਿ ਬੇਸ਼ੱਕ ਹਰ ਕੋਈ ਕਹਿੰਦਾ ਹੈ ਕਿ ਉਸ ਨੂੰ ਨਿਆਂਪਾਲਿਕਾ ਉੱਤੇ ਪੂਰਾ ਯਕੀਨ ਹੈ, ਪਰ ਇਹ ਗੱਲ ਉਹ ਜਨਤਕ ਤੌਰ ਉੱਤੇ ਕਹਿੰਦਾ ਹੈ। ਜਨਤਕ ਦ੍ਰਿਸ਼ ਤੋਂ ਜ਼ਰਾ ਕੁ ਲਾਂਭੇ ਹੋ ਕੇ ਪੁੱਛ ਲਓ ਤਾਂ ਉਹੀ ਆਦਮੀ, ਸਾਧਾਰਨ ਆਦਮੀ ਹੋਵੇ ਜਾਂ ਸਿਖਰਾਂ ਛੋਹਣ ਵਾਲਾ ਅਧਿਕਾਰੀ ਜਾਂ ਆਗੂ ਹੋਵੇ, ਐਨ ਇਸ ਤੋਂ ਉਲਟ ਗੱਲਾਂ ਕਰਦਾ ਵੀ ਸੁਣ ਸਕਦਾ ਹੈ। ਜ਼ਰਾ ਕੁ ਛੇੜ ਕੇ ਵੇਖੋ ਕਿ ਇਹ ਸਿਸਟਮ ਵਿਗਾੜਨ ਵਿਚ ਤੁਹਾਡੀ ਵੀ ਕੋਈ ਭੂਮਿਕਾ ਹੈ ਕਿ ਨਹੀਂ ਤਾਂ ਉਹ ਇਹ ਵੀ ਝੱਟ ਮੰਨ ਜਾਵੇਗਾ ਕਿ ਰਾਜਨੀਤੀ ਨੇ ਭ੍ਰਿਸ਼ਟਾਚਾਰ ਵਾਲੀ ਜਿਹੜੀ ਅਮਰ-ਵੇਲ ਭਾਰਤ ਵਿਚ ਬੀਜੀ ਸੀ, ਉਸ ਦੀ ਮਾਰ ਅਦਾਲਤਾਂ ਤੱਕ ਵੀ ਚਲੀ ਗਈ ਹੈ। ਫਿਰ ਉਹ ਜਿਹੜੇ ਕਿੱਸੇ ਸੁਣਾਉਣ ਲੱਗ ਜਾਵੇਗਾ, ਉਨ੍ਹਾਂ ਦੀ ਕਹਾਣੀ ਪਾਈਏ ਤਾਂ ਇੱਕ ਵੱਖਰਾ ਪੂਰਾ ਲੇਖ ਲਿਖਿਆ ਜਾ ਸਕਦਾ ਹੈ। ਭ੍ਰਿਸ਼ਟਾਚਾਰ ਦੀ ਮਾਰ ਕਹਿ ਲਈਏ ਜਾਂ ਅਦਾਲਤਾਂ ਵਿਚ 'ਪਹੁੰਚ' ਵਾਲੇ ਲੋਕਾਂ ਦੀ ਪਹੁੰਚ ਕਹੀਏ, ਓਥੇ ਬਹੁਤ ਸਾਰੇ ਆਮ ਲੋਕ ਜਦੋਂ ਕਿਸੇ ਕੇਸ ਦੇ ਇਨਸਾਫ਼ ਲਈ ਉਡੀਕ ਕਰਦੇ ਹਨ ਤਾਂ ਕਈ ਵਾਰ ਕਈ-ਕਈ ਸਾਲ ਸੁਣਵਾਈ ਦੀ ਤਰੀਕ ਨਿਕਲਣ ਦੀ ਉਡੀਕ ਵਿਚ ਹੀ ਨਿਕਲ ਜਾਂਦੇ ਹਨ। ਮਿਸਾਲ ਵਜੋਂ ਉੱਤਰ ਪ੍ਰਦੇਸ਼ ਦੇ ਲਖੀਮਪੁਰ ਖੀਰੀ ਵਿਚ ਕਤਲ ਦੇ ਇੱਕ ਕੇਸ ਵਿਚ ਬਾਕੀ ਲੋਕ ਫਸ ਗਏ, ਇੱਕ ਚਲਤਾ-ਪੁਰਜ਼ਾ ਬੰਦਾ ਸੁੱਕਾ ਛੁੱਟ ਗਿਆ ਤਾਂ ਮੌਕੇ ਦੀ ਸਰਕਾਰ ਨੇ ਅੱਗੇ ਹਾਈ ਕੋਰਟ ਵਿਚ ਅਪੀਲ ਕਰ ਦਿੱਤੀ। ਅਠਾਰਾਂ ਸਾਲ ਉਸ ਅਪੀਲ ਦੀ ਸੁਣਵਾਈ ਹੀ ਨਹੀਂ ਹੋ ਸਕੀ ਤੇ ਪਿਛਲੇ ਹਫਤੇ ਕੇਸ ਜਦੋਂ ਸੁਪਰੀਮ ਕੋਰਟ ਵਿਚ ਗਿਆ ਤਾਂ ਓਦੋਂ ਤੱਕ ਉਸ ਵੇਲੇ ਦਾ 'ਚਲਤਾ-ਪੁਰਜ਼ਾ' ਬੰਦਾ ਕੇਂਦਰ ਸਰਕਾਰ ਦਾ ਗ੍ਰਹਿ ਰਾਜ ਮੰਤਰੀ ਬਣ ਚੁੱਕਾ ਸੀ। ਉਸ ਬਾਰੇ ਭਾਰਤ ਦੀ ਸਭ ਤੋਂ ਵੱਡੀ ਅਦਾਲਤ ਨੇ ਹੁਕਮ ਕੀਤਾ ਹੈ ਕਿ ਸੁਣਵਾਈ ਲਈ ਉਸ ਨੂੰ ਹਾਈ ਕੋਰਟ ਦੇ ਸੰਬੰਧਤ ਬੈਂਚ ਸਾਹਮਣੇ ਪੇਸ਼ ਹੋਣਾ ਪਵੇਗਾ। ਅੱਗੋਂ ਹਾਈ ਕੋਰਟ ਦੀ ਕਾਰਵਾਈ ਵਿਚ ਵਿਘਨ ਪਾ ਕੇ ਉਹ ਕਿੰਨੇ ਸਾਲ ਹੋਰ ਗਰਕ ਕਰਨ ਦਾ ਯਤਨ ਕਰੇਗਾ, ਇਸ ਦਾ ਅੰਦਾਜ਼ਾ ਲਾਉਣਾ ਔਖਾ ਹੈ ਤੇ ਓਦੋਂ ਤੱਕ ਗਵਾਹ ਜ਼ਿੰਦਾ ਰਹਿਣਗੇ, ਆਪੇ ਮਰ ਜਾਣਗੇ ਜਾਂ ਸ਼ੱਕੀ ਹਾਲਾਤ ਵਿਚ ਉਨ੍ਹਾਂ ਦੀ ਮੌਤ ਹੋਣ ਦੀ ਖਬਰ ਆ ਜਾਵੇ, ਕੁਝ ਵੀ ਹੋ ਸਕਦਾ ਹੈ!



ਅਦਾਲਤ ਦੇ ਦਰਵਾਜ਼ੇ 'ਤੇ ਜਾ ਕੇ ਪ੍ਰਾਣ ਤਿਆਗਣ ਵਾਲਾ ਖੇਲਈ

ਸਾਡੇ ਸਾਹਮਣੇ ਚੰਡੀਗੜ੍ਹ ਤੋਂ ਛਪਦਾ 19 ਨਵੰਬਰ ਦਾ ਇੱਕ ਹਿੰਦੀ ਅਖਬਾਰ ਪਿਆ ਹੈ, ਜਿਸਨੇ ਖਬਰ ਛਾਪੀ ਹੈ ਕਿ ਕੈਥਲ ਦੀ ਸਾਬਕਾ ਸਿਵਲ ਸਰਜਨ ਬੀਬੀ ਅਤੇ ਉਸ ਦੇ ਡਾਕਟਰ ਪਤੀ ਦੋਵਾਂ ਦੀ ਬਦਲੀ ਗੁੜਗਾਉਂ, ਅੱਜ ਵਾਲੇ ਗੁਰੂਗ੍ਰਾਮ ਵਿਚ ਹੋ ਗਈ, ਪਰ ਉਹ ਜਾਣਾ ਨਹੀਂ ਸੀ ਚਾਹੁੰਦੇ। ਉਨ੍ਹਾਂ ਨੇ ਜਾਣ ਤੋਂ ਕੁਝ ਦਿਨ ਬਚਣ ਲਈ ਇੱਕ ਰਾਹ ਲੱਭ ਲਿਆ ਕਿ ਲਗਾਤਾਰ ਅਦਾਲਤੀ ਕੇਸਾਂ ਵਿਚ ਪੇਸ਼ ਹੋਣ ਦੀ ਚਿੱਠੀ ਭੇਜਦੇ ਰਹੇ ਤੇ ਸੰਬੰਧਤ ਜੱਜਾਂ ਦੇ ਦਸਤਖਤਾਂ ਨਾਲ ਜਾਰੀ ਹੋਇਆ ਸਰਟੀਫਿਕੇਟ ਭੇਜ ਕੇ ਸਰਕਾਰ ਤੋਂ ਅਦਾਲਤਾਂ ਵਿਚ ਪੇਸ਼ ਹੋਣ ਦਾ ਕਿਰਾਇਆ ਤੇ ਰੋਜ਼ਾਨਾ ਭੱਤਾ ਵੀ ਲੈਂਦੇ ਰਹੇ। ਫਿਰ ਉਨ੍ਹਾਂ ਦੀ ਸ਼ਿਕਾਇਤ ਹੋਈ ਤਾਂ ਚਾਰ ਜੱਜਾਂ ਨੇ ਆਪਣੇ ਦਫਤਰਾਂ ਤੋਂ ਬਾਕਾਇਦਾ ਲਿਖ ਕੇ ਦਿੱਤਾ ਕਿ ਇਹ ਡਾਕਟਰ ਜੋੜਾ ਸਾਡੀ ਅਦਾਲਤ ਵਿਚ ਕਦੇ ਵੀ ਪੇਸ਼ ਨਹੀਂ ਹੋਇਆ। ਸਾਲ 2003 ਦੀ ਇਹ ਕਹਾਣੀ ਦੱਬੀ ਹੀ ਰਹੀ ਤੇ ਫਿਰ ਸਾਲ 2020 ਵਿਚ ਸੂਚਨਾ ਅਧਿਕਾਰ ਹੇਠ ਇੱਕ ਸੋਸ਼ਲ ਵਰਕਰ ਨੇ ਸੂਚਨਾ ਮੰਗੀ ਤਾਂ ਸਾਰਾ ਕੇਸ ਲੋਕਾਂ ਅੱਗੇ ਆ ਗਿਆ ਅਤੇ ਪੁਲਿਸ ਅਤੇ ਸੈਸ਼ਨ ਜੱਜ ਦੇ ਨਾਲ 'ਸੀ ਐੱਮ ਵਿੰਡੋ' ਵਿਚ ਚੜ੍ਹ ਗਿਆ, ਪਰ ਇਸ ਦੇ ਬਾਅਦ ਵੀ ਕੇਸ ਦੱਬ ਦਿੱਤਾ ਗਿਆ, ਕਿਉਂਕਿ 'ਦਸਤਾਵੇਜ਼ ਗਾਇਬ' ਹੋ ਗਏ ਸਨ। ਪਿਛਲੇ ਮਹੀਨੇ ਜਦੋਂ ਉਨ੍ਹਾਂ ਦਸਤਾਵੇਜ਼ਾਂ ਦੀ ਨਕਲ ਪੁਲਿਸ ਨੂੰ ਮਿਲ ਗਈ ਤਾਂ ਅਦਾਲਤ ਨੇ ਇਸ ਦੀ ਸੁਣਵਾਈ ਲਈ ਨਵੇਂ ਹੁਕਮ ਕੀਤੇ ਹਨ। ਅਮ੍ਰਿਤਸਰ ਦੇ ਇੱਕ ਪੂਰੇ ਪਰਿਵਾਰ ਦੀ ਖ਼ੁਦਕੁਸ਼ੀ ਦੇ ਕੇਸ ਵਿਚ ਅਦਾਲਤ ਤੇ ਥਾਣਿਆਂ ਤੱਕ ਹਰ ਥਾਂ ਤੋਂ ਦਸਤਾਵੇਜ਼ ਗਾਇਬ ਕਰਵਾ ਦਿੱਤੇ ਜਾਣ ਕਾਰਨ ਕਈ ਸਾਲ ਸੁਣਵਾਈ ਨਹੀਂ ਸੀ ਹੋ ਸਕੀ। ਦਸਤਾਵੇਜ਼ ਗਾਇਬ ਕਰਨ ਦੇ ਏਦਾਂ ਦੇ ਕਈ ਕੇਸ ਪੰਜਾਬ ਵਿਚ ਵੀ ਕਈ ਵਾਰ ਵਾਪਰ ਚੁੱਕੇ ਹਨ ਤੇ ਅੱਗੋਂ ਵੀ ਵਾਪਰਦੇ ਰਹਿਣਗੇ, ਕਿਉਂਕਿ ਚੋਰ ਅਤੇ ਕੁੱਤੀ ਰਲ ਜਾਣ ਨਾਲ ਇਹੋ ਕੁਝ ਹੁੰਦਾ ਹੈ।

ਫਿਰ ਆਉ ਉੱਤਰ ਪ੍ਰਦੇਸ਼ ਵੱਲ, ਜਿੱਥੇ ਖੇਲਈ ਨਾਂਅ ਦਾ ਇੱਕ 'ਮੁਰਦਾ' ਅਦਾਲਤ ਵਿਚ ਆਪਣੇ ਆਪ ਨੂੰ ਜ਼ਿੰਦਾ ਸਾਬਤ ਕਰਨ ਲਈ ਗਿਆ ਤੇ ਅਦਾਲਤ ਦੇ ਦਰਾਂ ਅੱਗੇ ਸਚਮੁੱਚ ਮੁਰਦਾ ਬਣ ਗਿਆ ਹੈ। ਉਸੇ ਉੱਤਰ ਪ੍ਰਦੇਸ਼ ਵਿਚ ਲਾਲ ਬਿਹਾਰੀ ਤਿਵਾੜੀ ਨਾਂਅ ਦੇ ਇੱਕ ਬੰਦੇ ਨੇ ਇੱਕ ਵਾਰੀ 'ਅਖਿਲ ਯੂ ਪੀ ਮ੍ਰਿਤਕ ਸੰਘ' (ਅੰਗਰੇਜ਼ੀ ਵਿਚ 'ਉੱਤਰ ਪ੍ਰਦੇਸ਼ ਐਸੋਸੀਏਸ਼ਨ ਆਫ ਡੈੱਡ ਪੀਪਲ) ਬਣਾਈ ਸੀ, ਜਿਸ ਵਿਚ ਉਸੇ ਵਾਂਗ ਰਿਸ਼ਤੇਦਾਰਾਂ ਵੱਲੋਂ ਸਤਾਏ ਅਤੇ ਕਾਗਜ਼ਾਂ ਵਿਚ 'ਮ੍ਰਿਤਕ' ਲਿਖਵਾਏ ਜਾ ਚੁੱਕੇ ਲੋਕ ਸ਼ਾਮਲ ਸਨ। ਭਾਰਤ ਦੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਜਦੋਂ ਉੱਤਰ ਪ੍ਰਦੇਸ਼ ਦੀ ਰਾਜਧਾਨੀ ਲਖਨਊ ਤੋਂ ਚੋਣ ਲੜਨ ਲਈ ਕਾਗਜ਼ ਭਰੇ ਤਾਂ ਉਸ ਦੇ ਮੁਕਾਬਲੇ 'ਮ੍ਰਿਤਕ ਸੰਘ' ਦੇ ਪ੍ਰਧਾਨ ਵਜੋਂ ਲਾਲ ਬਿਹਾਰੀ ਤਿਵਾੜੀ ਨੇ ਕਾਗਜ਼ ਭਰ ਦਿੱਤੇ। ਫਿਰ ਉਸ ਨੇ ਮੀਡੀਆ ਨੂੰ ਕਿਹਾ ਸੀ ਕਿ ਉਹ ਚੋਣ ਨਹੀਂ ਲੜ ਸਕਦਾ, ਕਿਉਂਕਿ ਉਸ ਦੀ ਵੋਟ ਨਹੀਂ ਬਣੀ ਅਤੇ ਵੋਟ ਇਸ ਲਈ ਨਹੀਂ ਬਣੀ ਕਿ ਰਿਸ਼ਤੇਦਾਰਾਂ ਨੇ ਉਸ ਨੂੰ ਮਰਿਆ ਦਰਜ ਕਰਵਾ ਰੱਖਿਆ ਹੈ। ਉਸ ਨੇ ਦੱਸਿਆ ਕਿ ਉਸੇ ਵਰਗੇ ਸੌ ਤੋਂ ਵੱਧ 'ਮੁਰਦੇ' ਇਸ ਰਾਜ ਦੀ ਸਰਕਾਰ ਅਤੇ ਅਦਾਲਤਾਂ ਵਿਚ ਇਹ ਸਾਬਤ ਕਰਨ ਲਈ ਕੇਸ ਲੜਦੇ ਫਿਰਦੇ ਹਨ ਕਿ ਅਸੀਂ ਹਾਲੇ ਮਰੇ ਨਹੀਂ, ਜਿਉਂਦੇ ਹਾਂ, ਪਰ ਉਨ੍ਹਾਂ ਦੀ ਸੁਣਵਾਈ ਨਹੀਂ ਹੋ ਰਹੀ, ਇਸ ਲਈ ਅਸਾਂ ਮਿਲ ਕੇ 'ਅਖਿਲ ਯੂ ਪੀ ਮ੍ਰਿਤਕ ਸੰਘ' ਬਣਾਇਆ ਅਤੇ ਦੇਸ਼ ਦੇ ਪ੍ਰਧਾਨ ਮੰਤਰੀ ਮੁਕਾਬਲੇ ਚੋਣ ਲੜਨ ਦਾ ਫੈਸਲਾ ਕੀਤਾ ਹੈ, ਤਾਂ ਕਿ ਸੰਸਾਰ ਸਾਹਮਣੇ ਅਸਲੀਅਤ ਰੱਖੀ ਜਾਵੇ। ਉਸ ਚੋਣ ਵਿਚ ਉਸ ਦੇ ਕਾਗਜ਼ ਰੱਦ ਹੋ ਜਾਣੇ ਸਨ ਤੇ ਹੋ ਗਏ, ਇਸ ਨਾਲ ਭਾਰਤ ਦੇ ਹਾਲਾਤ ਭਾਵੇਂ ਨਹੀਂ ਬਦਲੇ,ਪਰ ਇਸ ਨਾਲ ਇਹ ਮੁੱਦਾ ਸੰਸਾਰ ਭਰ ਵਿਚ ਚਲਾ ਗਿਆ ਅਤੇ ਫਿਰ ਨਤੀਜਾ ਹੈਰਾਨੀ ਵਾਲਾ ਨਿਕਲਿਆ। ਨੋਬਲ ਇਨਾਮ ਬਾਰੇ ਸੰਸਾਰ ਭਰ ਦੇ ਲੋਕ ਜਾਣਦੇ ਹਨ, ਇਸ ਤੋਂ ਉਲਟ ਇੱਕ 'ਇਗਨੋਬਲ ਪ੍ਰਾਈਜ਼' ਵੀ ਚੱਲਦਾ ਹੈ ਤੇ ਹਰ ਵਾਰੀ ਏਹੋ ਜਿਹੇ ਵਿਅਕਤੀ ਨੂੰ ਦਿੱਤਾ ਜਾਂਦਾ ਹੈ, ਜਿਸ ਨੇ ਕੋਈ ਅਲੋਕਾਰ ਕੰਮ ਕੀਤਾ ਹੋਇਆ ਹੋਵੇ। ਪ੍ਰਧਾਨ ਮੰਤਰੀ ਵਾਜਪਾਈ ਵਿਰੁੱਧ ਚੋਣ ਲੜਨ ਵਾਲੇ ਲਾਲ ਬਿਹਾਰੀ ਤਿਵਾੜੀ ਨੂੰ ਇਸ ਲਈ 'ਇਗਨੋਬਲ ਪ੍ਰਾਈਜ਼' ਦਿੱਤਾ ਗਿਆ ਕਿ ਉਸ ਨੇ 'ਮੁਰਦਿਆਂ ਦੀ ਐਸੋਸੀਏਸ਼ਨ' ਬਣਾ ਕੇ ਉਨ੍ਹਾਂ ਲੋਕਾਂ ਦਾ ਮੁੱਦਾ ਉਭਾਰਿਆ ਹੈ, ਜਿਨ੍ਹਾਂ ਨੂੰ ਕੋਈ ਜਿਉਂਦੇ ਨਹੀਂ ਸੀ ਮੰਨਦਾ। ਉਂਜ ਇਸ ਤੋਂ ਪਹਿਲਾਂ ਉਹੀ ਲਾਲ ਬਿਹਾਰੀ ਤਿਵਾੜੀ ਦੋ ਸਾਬਕਾ ਪ੍ਰਧਾਨ ਮੰਤਰੀਆਂ ਰਾਜੀਵ ਗਾਂਧੀ ਅਤੇ ਵੀ ਪੀ ਸਿੰਘ ਦੇ ਵਿਰੁੱਧ ਵੀ ਚੋਣ ਲੜਿਆ ਸੀ ਅਤੇ ਹਰ ਵਾਰੀ ਚੋਣ ਲੜਨ ਤੋਂ ਵੱਧ ਜ਼ੋਰ ਇਸ ਗੱਲ ਉੱਤੇ ਦੇਂਦਾ ਸੀ ਕਿ ਮੈਨੂੰ ਜ਼ਿੰਦਾ ਕਰ ਦਿਉ। 'ਮਰ ਗਿਆ' ਵਜੋਂ ਦਰਜ ਕੀਤਾ ਗਿਆ ਉਹ ਬੰਦਾ ਅਠਾਰਾਂ ਸਾਲ ਕੇਸ ਲੜਨ ਮਗਰੋਂ ਜਦੋਂ ਹਾਈ ਕੋਰਟ ਨੇ ਜ਼ਿੰਦਾ ਮੰਨਿਆ ਸੀ ਤਾਂ ਘਰ ਬੈਠਣ ਦੀ ਥਾਂ ਆਪਣੇ ਵਰਗੇ ਬਾਕੀ 'ਮ੍ਰਿਤਕਾਂ' ਦੀ ਐਸੋਸੀਏਸ਼ਨ ਬਣਾ ਕੇ ਉਨ੍ਹਾਂ ਵਾਸਤੇ ਲੜਨ ਲੱਗ ਪਿਆ। ਲਖਨਊ ਵਿਚ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੇ ਮੁਕਾਬਲੇ ਚੋਣ ਲੜਨ ਉਹ ਪਾਰਲੀਮੈਂਟ ਦੀ ਮੈਂਬਰੀ ਲੈਣ ਵਾਸਤੇ ਨਹੀਂ ਸੀ ਗਿਆ, ਸਗੋਂ ਇਸ ਲਈ ਗਿਆ ਸੀ ਕਿ ਦੁਨੀਆ ਨੂੰ ਦੱਸ ਸਕੇ ਕਿ ਭਾਰਤ ਵਿਚ 'ਮੁਰਦੇ' ਵੀ ਕੇਸ ਭੁਗਤਦੇ ਫਿਰਦੇ ਹਨ।

ਹਾਲਾਤ ਦਾ ਦੂਸਰਾ ਪਹਿਲੂ ਇਹ ਹੈ ਕਿ ਇਸ ਦੇ ਬਾਅਦ ਵੀ ਉਸੇ ਉੱਤਰ ਪ੍ਰਦੇਸ਼ ਵਿਚ ਇਹ ਗੰਦੀ ਖੇਡ ਚੱਲੀ ਜਾਂਦੀ ਹੈ। ਇਹ ਖੇਡ ਇਸ ਲਈ ਚੱਲਦੀ ਹੈ ਕਿ ਸਾਨੂੰ ਉਸ ਨਿਆਂਪਾਲਿਕਾ ਉੱਤੇ ਪੂਰਾ ਭਰੋਸਾ ਹੈ, ਜਿਸ ਬਾਰੇ ਸੁਰਜੀਤ ਪਾਤਰ ਨੇ ਕਿਹਾ ਸੀ: 'ਇਸ ਅਦਾਲਤ ਵਿਚ ਬੰਦੇ ਬਿਰਖ ਹੋ ਗਏ, ਫੈਸਲੇ ਸੁਣਦਿਆਂ-ਸੁਣਦਿਆਂ ਸੁੱਕ ਗਏ, ਆਖੋ ਇਨ੍ਹਾਂ ਨੂੰ ਕਿ ਉੱਜੜੇ ਘਰੀਂ ਜਾਣ ਹੁਣ, ਇਹ ਕਦੋਂ ਤੱਕ ਏਥੇ ਖੜੇ ਰਹਿਣਗੇ!' ਇਸ ਵਰਤਾਰੇ ਦੀ ਇੱਕ ਤਾਜ਼ਾ ਮਿਸਾਲ ਇਹ ਹੈ ਕਿ ਇੱਕ ਕੇਸ ਜਨਵਰੀ 2017 ਵਿਚ ਦਰਜ ਹੋਇਆ ਸੀ, ਬੀਤੀ 15 ਨਵੰਬਰ ਨੂੰ ਉਸ ਦੀ ਅਗਲੀ ਤਰੀਕ ਪਈ ਤੇ ਇਹ ਨਵੀਂ ਤਰੀਕ ਅਗਲੇ ਦਸੰਬਰ ਮਹੀਨੇ ਦੀ ਨਹੀਂ, ਅਗਲੇ ਸਾਲ ਮਈ ਦੇ ਤੀਸਰੇ ਦਿਨ ਦੀ ਪਈ ਹੈ। ਮੁਕੱਦਮਾ ਇੱਕ ਬਹੁਤ ਵੱਡੇ ਆਦਮੀ ਬਾਰੇ ਹੈ। ਜਦੋਂ ਮੁਕੱਦਮਾ ਕਿਸੇ ਰਸੂਖਦਾਰ ਵਿਰੁੱਧ ਹੋਇਆ ਹੋਵੇ, ਏਦਾਂ ਅਕਸਰ ਹੋ ਜਾਂਦਾ ਹੈ ਅਤੇ ਇਸ ਉੱਤੇ ਕੋਈ ਹੈਰਾਨੀ ਪ੍ਰਗਟ ਨਹੀਂ ਕੀਤੀ ਜਾ ਸਕਦੀ। ਭਾਰਤ ਦੇ ਲੋਕਾਂ ਦੀ ਸੰਵੇਦਨਸ਼ੀਲਤਾ ਇਸ ਤੋਂ ਸਮਝ ਆ ਜਾਂਦੀ ਹੈ ਕਿ ਜ਼ਿੰਦਾ ਹੋਣ ਦਾ ਸੰਘਰਸ਼ ਕਰਦਾ ਖੇਲਈ ਨਾਂਅ ਦਾ 'ਮੁਰਦਾ' ਅਦਾਲਤ ਦੇ ਦਰਵਾਜ਼ੇ ਉੱਤੇ ਜਾ ਕੇ ਜਦੋਂ ਸਚਮੁੱਚ ਮਰ ਗਿਆ ਤਾਂ ਭਾਰਤੀ ਮੀਡੀਏ ਦੇ ਵੱਡੇ ਹਿੱਸੇ ਲਈ ਉਸ ਦੀ ਖਬਰ ਵੀ ਖਬਰ ਨਹੀਂ ਸੀ, ਬਹੁਤ ਸਾਰੇ ਅਖਬਾਰਾਂ ਵਿਚ ਇਹ ਖਬਰ ਨਹੀਂ ਲੱਭੀ ਤੇ ਦਿੱਲੀ ਵਿਚ ਕੁੱਤਾ ਮਰੇ ਤੋਂ ਉਸ ਦੀ ਨਿੱਕੀ-ਨਿੱਕੀ ਵੰਨਗੀ ਪਰੋਸਣ ਵਾਲੇ ਟੀ ਵੀ ਚੈਨਲਾਂ ਵਾਲਿਆਂ ਵਿਚੋਂ ਵੀ ਬਹੁਤਿਆਂ ਨੂੰ ਇਸ ਖਬਰ ਉੱਤੇ ਪੰਜ-ਸੱਤ ਮਿੰਟ ਫੂਕਣੇ ਜਾਇਜ਼ ਨਹੀਂ ਸੀ ਲੱਗੇ। ਹੇ ਪਿਆਰੀ ਭਾਰਤ ਮਾਂ!

# 'ਮੈਨੂੰ ਟੈਲੀਵਿਜਨ ਲੈ ਦੇ ਵੇ, ਤਸਵੀਰਾਂ ਬੋਲਦੀਆਂ'

## ਕੌਮਾਂਤਰੀ ਟੈਲੀਵਿਜਨ ਦਿਵਸ 'ਤੇ ਵਿਸ਼ੇਸ਼



ਗੋਬਿੰਦਰ ਸਿੰਘ ਢੀਂਡਸਾ

ਪੰਜਾਬ ਦੀ ਮਕਬੂਲ ਦੋਗਾਣਾ ਗਾਇਕ ਜੋੜੀ ਮੁਹੰਮਦ ਸਦੀਕ ਤੇ ਬੀਬਾ ਰਣਜੀਤ ਕੌਰ ਦੇ ਪ੍ਰਸਿੱਧ ਗੀਤ 'ਮੈਨੂੰ ਟੈਲੀਵਿਜਨ ਲੈ ਦੇ ਵੇ, ਤਸਵੀਰਾਂ ਬੋਲਦੀਆਂ' ਆਪਣੇ ਆਪ ਵਿਚ ਹੀ ਟੈਲੀਵਿਜਨ ਦੀ ਮਹੱਤਤਾ ਵੱਲ ਇਸ਼ਾਰਾ ਕਰਦਾ ਹੈ। ਟੈਲੀਵਿਜਨ ਮੀਡੀਆ ਦੀ ਸਭ ਤੋਂ ਪ੍ਰਮੁੱਖ ਤਾਕਤ ਦੇ ਰੂਪ ਵਿਚ ਉਭਰਿਆ ਹੈ। ਪਹਿਲੀ ਵਾਰ 1907 ਵਿਚ ਟੈਲੀਵਿਜਨ ਸ਼ਬਦ ਹੋਂਦ ਵਿਚ ਆਇਆ ਅਤੇ ਡਿਕਸ਼ਨਰੀ ਵਿਚ ਜੋੜਿਆ ਗਿਆ। ਟੈਲੀਵਿਜਨ ਦਾ ਸੰਖੇਪ ਸ਼ਬਦ ਟੀਵੀ ਪਹਿਲੀ ਵਾਰ 1948 ਵਿਚ ਇਸਤੇਮਾਲ ਕੀਤਾ ਗਿਆ।

ਸੰਯੁਕਤ ਰਾਸ਼ਟਰ ਸੰਘ ਦੀ ਮਹਾਂਸਭਾ ਨੇ 17 ਦਸੰਬਰ, 1996 ਨੂੰ 21 ਨਵੰਬਰ ਨੂੰ ਕੌਮਾਂਤਰੀ ਟੈਲੀਵਿਜਨ ਦਿਵਸ ਦੇ ਰੂਪ ਵਿਚ ਮਨਾਉਣ ਦੀ ਘੋਸ਼ਣਾ ਕੀਤੀ। ਸੰਯੁਕਤ ਰਾਸ਼ਟਰ ਨੇ ਸਾਲ 1996 ਵਿਚ 21 ਅਤੇ 22 ਨਵੰਬਰ ਨੂੰ ਵਿਸ਼ਵ ਦੇ ਪਹਿਲੇ ਕੌਮਾਂਤਰੀ ਟੈਲੀਵਿਜਨ ਫੋਰਮ ਦਾ ਆਯੋਜਨ ਕੀਤਾ ਸੀ। ਟੈਲੀਵਿਜਨ ਲੋਕਾਂ ਦੇ ਮਨੋਰੰਜਨ ਅਤੇ ਗਿਆਨ ਵਿਚ ਵਾਧਾ ਕਰਨ ਵਿਚ ਸਹਾਈ ਹੋਇਆ ਹੈ। ਸਕਾਟਲੈਂਡ ਇੰਜੀਨੀਅਰ ਜਾੱਨ ਲੋਗੀ ਬੇਅਰਡ ਨੇ ਟੈਲੀਵਿਜਨ ਦੀ ਖੋਜ 1924 ਵਿਚ ਕੀਤੀ। ਯੂਨੈਸਕੋ ਨੇ ਟੈਲੀਵਿਜਨ ਨੂੰ ਸੰਚਾਰ ਅਤੇ ਸੂਚਨਾ ਦੇ ਮਹੱਤਵਪੂਰਨ ਸਾਧਨ ਦੇ ਰੂਪ ਵਿਚ ਪਹਿਚਾਣਿਆ ਹੈ।

ਭਾਰਤ ਵਿਚ ਪਹਿਲੀ ਵਾਰ ਟੀ.ਵੀ. 15 ਸਤੰਬਰ, 1959 ਨੂੰ ਆਇਆ। 'ਦੂਰਦਰਸ਼ਨ' ਦਾ ਪਹਿਲਾ ਪ੍ਰਸਾਰਣ ਪ੍ਰਯੋਗੀ ਆਧਾਰ 'ਤੇ ਅੱਧੇ ਘੰਟੇ ਲਈ ਸਿੱਖਿਅਕ ਅਤੇ ਵਿਕਾਸ ਕਾਰਜ ਕਰਮਾਂ ਦੇ ਰੂਪ ਵਿਚ ਸ਼ੁਰੂ ਕੀਤਾ ਗਿਆ। ਸ਼ੁਰੂਆਤੀ ਸਮੇਂ ਦੂਰਦਰਸ਼ਨ ਦਾ ਪ੍ਰਸਾਰਣ ਹਫਤੇ ਵਿਚ ਕੇਵਲ ਤਿੰਨ ਦਿਨ ਅੱਧੇ-ਅੱਧੇ ਘੰਟੇ ਲਈ ਹੁੰਦਾ ਸੀ, ਉਦੋਂ ਇਸ ਨੂੰ ਟੈਲੀਵਿਜਨ ਇੰਡੀਆ ਨਾਮ ਦਿੱਤਾ ਗਿਆ ਸੀ ਅਤੇ ਬਾਅਦ ਵਿਚ 1975 ਵਿਚ ਇਸਦਾ ਹਿੰਦੀ ਨਾਮਕਰਨ 'ਦੂਰਦਰਸ਼ਨ' ਰੱਖਿਆ ਗਿਆ। ਸਾਲ 1991 ਵਿਚ ਹੋਏ ਆਰਥਿਕ ਸੁਧਾਰਾਂ ਤੱਕ 'ਦੂਰਦਰਸ਼ਨ' ਇਕੱਲਾ ਹੀ ਰਾਸ਼ਟਰੀ ਚੈਨਲ ਬਣਿਆ ਰਿਹਾ।

'ਦੂਰਦਰਸ਼ਨ' ਦੀ ਦੇਸ਼ ਦੇ ਮਹਾਂਨਾਗਰਾਂ ਦਿੱਲੀ ਵਿਚ 9 ਅਗਸਤ 1984 ਨੂੰ, ਮੁੰਬਈ ਵਿਚ 1 ਮਈ 1985, ਚੇਨੱਈ ਵਿਚ 19 ਨਵੰਬਰ 1987 ਅਤੇ ਕਲਕੱਤੇ ਵਿਚ 1 ਜੁਲਾਈ 1988 ਨੂੰ ਸ਼ੁਰੂਆਤ ਕੀਤੀ ਗਈ। 26 ਜਨਵਰੀ, 1993 ਨੂੰ ਮੈਟਰੋ ਚੈਨਲ ਸ਼ੁਰੂ ਕਰਨ ਲਈ ਇੱਕ ਦੂਜੇ ਚੈਨਲ ਦੀ ਨੈੱਟਵਰਕਿੰਗ ਹੋਈ। 14 ਮਾਰਚ 1995 ਨੂੰ ਅੰਤਰਰਾਸ਼ਟਰੀ ਚੈਨਲ ਡੀਡੀ ਇੰਡੀਆ ਦੀ ਸ਼ੁਰੂਆਤ ਹੋਈ। 23 ਨਵੰਬਰ 1997 ਨੂੰ ਪ੍ਰਸਾਰ ਭਾਰਤੀ ਦਾ ਗਠਨ (ਭਾਰਤੀ ਪ੍ਰਸਾਰਣ ਨਿਗਮ) ਹੋਇਆ। ਡੀਡੀ ਪੰਜਾਬੀ ਦੀ ਸ਼ੁਰੂਆਤ ਸਾਲ 1998 ਵਿਚ ਕੀਤੀ ਗਈ ਅਤੇ 18 ਮਾਰਚ 1999 ਨੂੰ ਖੇਡ ਚੈਨਲ ਡੀਡੀ ਸਪੋਰਟਸ ਦੀ ਸ਼ੁਰੂਆਤ ਹੋਈ। 3 ਨਵੰਬਰ 2002 ਨੂੰ ਚੌਵੀ ਘੰਟੇ ਖਬਰਾਂ ਵਾਲੇ ਚੈਨਲ ਡੀਡੀ ਨਿਊਜ਼ ਦੀ ਸ਼ੁਰੂਆਤ ਕੀਤੀ ਗਈ। 16 ਦਸੰਬਰ, 2004 ਨੂੰ ਮੁਫ਼ਤ ਡੀਟੀਐੱਚ ਸੇਵਾ ਡੀਡੀ ਡਾਇਰੈਕਟ ਦੀ ਸ਼ੁਰੂਆਤ ਕੀਤੀ ਗਈ।



1991 ਦੇ ਬਾਅਦ ਨਿੱਜੀ ਅਤੇ ਵਿਦੇਸ਼ੀ ਪ੍ਰਸਾਰਕਾਂ ਨੂੰ ਸੀਮਿਤ ਸੰਚਾਲਨ ਵਿਚ ਸ਼ਾਮਿਲ ਹੋਣ ਦੀ ਆਗਿਆ ਦਿੱਤੀ ਗਈ। ਵਰਤਮਾਨ ਸਮੇਂ ਬਹੁਤ ਹੀ ਚੈਨਲ ਲੋਕਾਂ ਦੀ ਕਚਹਿਰੀ ਵਿਚ ਆਪਣੀਆਂ ਸੇਵਾਵਾਂ ਦੇ ਰਹੇ ਹਨ। ਭਾਰਤੀ ਟੈਲੀਵਿਜਨ ਦੇ ਸਭ ਤੋਂ ਵੱਧ ਮਸ਼ਹੂਰ ਪ੍ਰੋਗਰਾਮਾਂ ਵਿਚ ਹਮ ਲੋਗ, ਬੁਨਿਆਦ, ਰਾਮਾਇਣ, ਮਹਾਂਭਾਰਤ, ਸ਼੍ਰੀ ਕ੍ਰਿਸ਼ਨਾ, ਮਾਲਗੁੱਡੀ ਡੇਜ਼, ਸ਼ਕਤੀਮਾਨ ਆਦਿ ਰਹੇ ਹਨ।

1936 ਤੱਕ ਦੁਨੀਆਂ ਵਿਚ ਲਗਭਗ 200 ਟੈਲੀਵਿਜਨ ਸੈੱਟ ਇਸਤੇਮਾਲ ਹੋਣ ਲੱਗੇ ਸੀ ਅਤੇ 12 ਇੰਚ ਦੀ ਟੀਵੀ ਸਕਰੀਨ ਦੇ ਨਾਲ ਵੱਡੇ ਵੱਡੇ ਉਪਕਰਨ ਆਉਂਦੇ ਸਨ। ਪੂਰੀ ਤਰ੍ਹਾਂ ਨਾਲ ਰੰਗਦਾਰ ਟੀਵੀ ਪ੍ਰਸਾਰਣ 1953 ਵਿਚ ਅਮਰੀਕਾ ਵਿਚ ਸ਼ੁਰੂ ਹੋਇਆ। ਰਾਬਰਟ ਐਡਲਰ ਨੇ ਪਹਿਲਾ ਰਿਮੋਟ ਕੰਟਰੋਲ 1956 ਵਿਚ ਬਣਾਇਆ।

1973 ਵਿਚ ਟੀਵੀ ਦੀ ਸਕਰੀਨ ਨੂੰ ਹੋਰ ਵੱਡਾ ਕੀਤਾ ਗਿਆ ਅਤੇ ਇਸ ਸਮੇਂ ਟੀਵੀ ਦਾ ਵਜ਼ਨ ਕਾਫੀ ਹੁੰਦਾ ਸੀ। ਸਾਲ 1980 ਵਿਚ ਟੀਵੀ ਦੇ ਨਾਲ ਵੀ.ਸੀ.ਆਰ. ਵੀਡੀਓ ਗੇਮਜ਼ ਆਉਣ ਲੱਗੀਆਂ ਅਤੇ ਇਸ ਨਾਲ ਟੀਵੀ ਦੀ ਪ੍ਰਸਿੱਧੀ ਹੋਰ ਵਧਦੀ ਗਈ ਅਤੇ ਫਿਰ ਰਿਮੋਟ ਵਾਲੇ ਟੀਵੀ ਨੇ ਦਸਤਕ ਦਿੱਤੀ। ਸਮੇਂ ਨਾਲ ਟੀਵੀ ਵਿਚ ਬਹੁਤ ਬਦਲਾਅ ਆਏ, ਟੀਵੀ ਦੇ ਸਾਈਜ਼ ਅਤੇ ਗੁਣਵੱਤਾ ਵਧੀਆ ਹੋਈ, ਐੱਲ.ਸੀ.ਡੀ ਅਤੇ ਪਲਾਜ਼ਮਾ ਵਰਗੀ ਟੈਕਨੌਲੋਜੀ ਦੀ ਵਰਤੋਂ ਸ਼ੁਰੂ ਹੋਈ ਅਤੇ ਵਰਤਮਾਨ ਸਮਾਂ ਸਮਾਰਟ ਟੀਵੀ ਦਾ ਹੈ।

# ਅਮਰੀਕਨ ਯੂਨੀਵਰਸਿਟੀ ਦਾ ਅਨੁਭਵ

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

*ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਇਸ ਲੇਖ ਵਿਚ ਉਨ੍ਹਾਂ ਨੇ ਅਮਰੀਕਾ ਦੀ ਯੂਨੀਵਰਸਿਟੀ ਵਿਚ ਪੜ੍ਹਾਉਣ ਦੇ ਆਪਣੇ ਅਨੁਭਵ ਸਾਂਝੇ ਕੀਤੇ ਹਨ। ਉਨ੍ਹਾ ਦੱਸਿਆ ਹੈ ਕਿ ਇਕ ਪਿੰਡ ਦੇ ਜੁਆਕ ਲਈ ਕਿਸੇ ਵਿਦੇਸ਼ੀ ਯੂਨੀਵਰਸਿਟੀ ਵਿਚ ਪੜ੍ਹਾਉਣ ਦਾ ਸੁਪਨਾ ਪੂਰਾ ਹੋਣਾ ਕਿਸੇ ਖ਼ੁਆਬ ਦੇ ਪੂਰੇ ਹੋਣ ਤੋਂ ਘੱਟ ਨਹੀਂ।*

1977 ਵਿਚ ਫਿਜ਼ਿਕਸ ਦੀ ਐਮ.ਐਸਸੀ. ਕੀਤੀ ਤਾਂ ਕੈਨੇਡਾ ਵਿਚ ਵੱਸਦੇ ਕਰੀਬੀ ਰਿਸ਼ਤੇਦਾਰ ਦਾ ਸੁਝਾਅ ਆਇਆ ਕਿ ਕੈਨੇਡਾ ਵਿਚ ਉਚੇਰੀ ਪੜ੍ਹਾਈ ਲਈ ਆਜਾ, ਜ਼ਿੰਦਗੀ ਹੀ ਬਦਲ ਜਾਵੇਗੀ। ਚੰਗਾ ਲੱਗਾ ਕਿ ਕੋਈ ਤਾਂ ਹੈ ਜਿਸਨੂੰ ਮੇਰੇ ਚੰਗੇਰੇ ਭਵਿੱਖ ਦੀ ਚਿੰਤਾ ਹੈ। ਉਚੇਰੀ ਪੜ੍ਹਾਈ ਲਈ ਕੈਨੇਡਾ ਦੀ ਯੂਨੀਵਰਸਿਟੀ ਵਿਚ ਅਪਲਾਈ ਕੀਤਾ। ਦਾਖਲਾ ਵੀ ਮਿਲ ਗਿਆ ਪਰ ਯੂਨੀਵਰਸਿਟੀ ਵਲੋਂ ਸਪਾਂਸਰਸ਼ਿਪ ਲਈ ਆਖਿਆ ਗਿਆ ਤਾਂ ਉਹੀ ਰਿਸ਼ਤੇਦਾਰ ਸਪਾਂਸਰਸ਼ਿਪ ਦੇਣ ਤੋਂ ਹੀ ਮੁਨਕਰ ਹੋ ਗਿਆ। ਇਸ ਮੁਨਕਰੀ ਨਾਲ ਉਹ ਸੁਪਨਾ ਤਿੜਕ ਗਿਆ ਜਿਹੜਾ ਮੈਂ ਲਿਆ ਸੀ ਕਿ ਕੈਨੇਡਾ ਵਿਚ ਪੀਐਚਡੀ ਕਰਨ ਤੋਂ ਬਾਅਦ ਕਿਸੇ ਯੂਨੀਵਰਸਿਟੀ ਵਿਚ ਪੜ੍ਹਾਉਣ ਦਾ ਮੌਕਾ ਮਿਲੇਗਾ। ਇਸ ਤਿੜਕੇ ਹੋਏ ਸੁਪਨੇ ਦੀ ਚੀਸ ਮਨ ਵਿਚ ਦਬਾਅ, ਇਸ ਦੀਆਂ ਕਿੱਚਰਾਂ ਨੂੰ ਜ਼ਿੰਦਗੀ ਦੀਆਂ ਪੈੜਾਂ ਵਿਚ ਲੁਕਾ ਲਿਆ। ਮੈਂ ਮਨ-ਮਸੋਸ ਕੇ ਪੰਜਾਬ ਦੇ ਪ੍ਰਾਈਵੇਟ ਕਾਲਜਾਂ ਵਿਚ ਪੜ੍ਹਾਉਣ ਤੋਂ ਬਾਅਦ, ਸਰਕਾਰੀ ਸੇਵਾ ਵਿਚ ਆ ਕੇ ਸਰਕਾਰੀ ਕਾਲਜ ਵਿਚ ਪੜ੍ਹਾਉਣ ਲੱਗ ਗਿਆ। ਜ਼ਿੰਦਗੀ ਰਵਾਂ-ਰਵੀਂ ਚੱਲ ਪਈ। ਬਹੁਤੀ ਵਾਰ ਸੰਵੇਦਨਸ਼ੀਲ ਵਿਅਕਤੀ ਨੂੰ ਤਿੜਕੇ ਸੁਪਨੇ ਦੀ ਚੀਸ ਬਹੁਤ ਤੰਗ ਕਰਦੀ ਹੈ ਅਤੇ ਇਸ ਚੀਸ ਨੂੰ ਸਹਿਲਾਉਣ ਦੇ ਬਾਵਜੂਦ ਵੀ ਇਹ ਤੁਹਾਡੀ ਸੋਚ-ਮਸਤਕ ਤੋਂ ਓਝਲ ਨਹੀਂ ਹੁੰਦੀ। ਮੈਂ ਸਰਕਾਰੀ ਕਾਲਜ ਕਪੂਰਥਲਾ ਵਿਚ ਪੜ੍ਹਾਉਂਦਿਆਂ, ਗੁਰੂ ਨਾਨਕ ਯੂਨੀਵਰਸਿਟੀ ਵਿਚ ਡਾ. ਕੁਲਵੰਤ ਸਿੰਘ ਥਿੰਦ ਦੀ ਅਗਵਾਈ ਹੇਠ 1990 ਵਿਚ ਨਿਊਕਲੀਅਰ ਫਿਜ਼ਿਕਸ ਵਿਚ ਪਾਰਟ-ਟਾਈਮ ਪੀ. ਐਚਡੀ ਕਰਨੀ ਸ਼ੁਰੂ ਕਰ ਦਿੱਤੀ। ਪੀ.ਐਚਡੀ ਕਰਨ ਸਮੇਂ ਹੀ ਮੈਂ ਅੰਤਰਰਾਸ਼ਟਰੀ ਕਾਨਫਰੰਸ ਵਿਚ ਸ਼ਾਮਲ ਹੋਣ ਲਈ ਕੈਨੇਡਾ ਗਿਆ ਜਿਸ ਨਾਲ ਮਨ ਨੂੰ ਇਹ ਸਕੂਨ ਜ਼ਰੂਰ ਮਿਲਿਆ ਕਿ ਕਿਸੇ ਤੋਂ ਮੁਥਾਜੀ ਤੋਂ ਬਗੈਰ ਵੀ ਤੁਸੀਂ ਆਪਣੇ ਕਦਮਾਂ ਵਿਚ ਸੁਪਨਈ ਸਫ਼ਰ ਉਗਾ ਸਕਦੇ ਹੋ। ਇਸਨੂੰ ਪ੍ਰਾਪਤੀ ਦਾ ਸਿਰਨਾਵਾਂ ਵੀ ਦੇ ਸਕਦੇ ਹੋ।

2003 ਵਿਚ ਇੰਮੀਗਰੇਸ਼ਨ ਲੈ ਕੇ ਪਰਿਵਾਰ ਸਮੇਤ ਕੈਨੇਡਾ ਆ ਗਿਆ। ਬਰੈਂਪਟਨ ਵਿਚ ਪੰਜਾਬੀ ਮੀਡੀਆ ਵਿਚ ਕੰਮ ਕਰਦਿਆਂ ਵੀ ਅਚੇਤ ਮਨ ਵਿਚ ਕੈਨੇਡਾ ਦੇ ਕਿਸੇ ਕਾਲਜ ਜਾਂ ਯੂਨੀਵਰਸਿਟੀ ਵਿਚ ਪੜ੍ਹਾਉਣ ਦਾ ਸੁਪਨਾ ਅੰਗੜਾਈ ਲੈਂਦਾ ਰਿਹਾ। ਕਈ ਵਾਰ ਅਪਲਾਈ ਕੀਤਾ ਪਰ ਕੈਨੇਡਾ ਦੀਆਂ ਵਿਦਿਅਕ ਸੰਸਥਾਵਾਂ ਦਾ ਇਕ ਹੀ ਜਵਾਬ ਹੁੰਦਾ ਕਿ ਤੁਹਾਡੇ ਕੋਲ ਕੈਨੇਡਾ ਵਿਚ ਪੜ੍ਹਾਉਣ ਦਾ ਕੋਈ ਤਜਰਬਾ ਨਹੀਂ। ਭਲਾ ਮੌਕਾ ਦੇਣ ਤੋਂ ਬਗੈਰ ਤਜਰਬਾ ਕਿੰਝ ਆਵੇਗਾ? ਮਨ ਦੁਖੀ ਤਾਂ ਹੁੰਦਾ ਸੀ ਪਰ ਸਿਰੜ ਹਾਰ ਨਾ ਮੰਨਣ ਲਈ ਬਜ਼ਿੱਦ। 'ਕੇਰਾਂ ਮੈਂ ਅਮਰੀਕਾ ਆਪਣੀ ਬੇਟੀ ਨੂੰ ਮਿਲਣ ਗਿਆ ਤਾਂ ਬਾਰਡਰ 'ਤੇ ਅਮਰੀਕਨ ਇੰਮੀਗਰੇਸ਼ਨ ਅਧਿਕਾਰੀ ਨੂੰ ਜਦ ਪਤਾ ਲੱਗਾ ਕਿ ਮੈਂ ਫਿਜ਼ਿਕਸ ਵਿਚ ਪੀ.ਐਚਡੀ ਹਾਂ ਤਾਂ ਉਸਦਾ ਕਹਿਣਾ ਸੀ ਕਿਉਂ ਤੁਸੀਂ ਕੈਨੇਡਾ ਵਿਚ ਆਪਣੀ ਲਿਆਕਤ ਨੂੰ ਵਿਅਰਥ ਗਵਾ ਰਹੇ ਹੋ? ਅਮਰੀਕਾ ਆਓ। ਸਾਨੂੰ ਤੁਹਾਡੇ ਵਰਗਿਆਂ ਦੀ ਬਹੁਤ ਲੋੜ ਹੈ। ਸਮੇਂ ਨਾਲ ਇਹ ਗੱਲ ਵੀ ਕਦੇ ਕਦਾਈਂ ਯਾਦ ਆ ਜਾਂਦੀ।

2014 ਵਿਚ ਵੱਡੀ ਬੇਟੀ ਨੇ ਜ਼ਿੱਦ ਕੀਤੀ ਕਿ ਅਸੀਂ ਦੋਵੇਂ ਭੈਣਾਂ ਤਾਂ ਹੁਣ ਅਮਰੀਕਾ ਵਿਚ ਹਾਂ। ਤੁਸੀਂ ਵੀ ਅਮਰੀਕਾ ਆ ਜਾਓ ਅਤੇ ਅਸੀਂ ਪੱਕੇ ਤੌਰ 'ਤੇ ਅਮਰੀਕਾ ਜਾਣ ਦਾ ਫੈਸਲਾ ਕਰ ਲਿਆ। ਕੈਨੇਡਾ ਵਿਚ ਸਭ ਕੁਝ ਸਮੇਟ ਕੇ ਅਮਰੀਕਾ ਜਾਣ ਤੋਂ ਕੁਝ ਦਿਨ ਪਹਿਲਾਂ ਜਦ ਮੈਂ ਸੂਫ਼ੀ ਫਕੀਰ ਸਾਈਂ ਕਾਕਾ ਜੀ (ਜਿਨ੍ਹਾਂ ਨੇ ਅੰਮ੍ਰਿਤਾ ਪ੍ਰੀਤਮ ਨਾਲ ਮਿਲ ਕੇ 'ਕੱਚੇ ਧਾਗੇ ਦਾ ਰਿਸ਼ਤਾ' ਕਿਤਾਬ ਵੀ ਲਿਖੀ ਹੈ ਅਤੇ ਜੋ ਮੇਰੇ ਮਿੱਤਰ ਦੇ ਘਰ ਠਹਿਰੇ ਹੋਏ ਸਨ) ਨੂੰ ਮਿਲਿਆ ਅਤੇ ਦੱਸਿਆ ਮੈਂ ਹੁਣ ਅਮਰੀਕਾ ਪੱਕੇ ਤੌਰ 'ਤੇ ਜਾ ਰਿਹਾ ਹਾਂ ਤਾਂ ਉਨ੍ਹਾਂ ਦਾ ਭੋਲੇ ਭਾਅ ਜਵਾਬ ਸੀ ਕਿ ਚੱਲੋ ਚੰਗਾ ਹੋਇਆ। ਤੁਸੀਂ ਕਿਸੇ ਵਿਦਿਅਕ ਅਦਾਰੇ ਵਿਚ ਪੜ੍ਹਾ ਕੇ ਆਪਣਾ ਗਿਆਨ ਦੂਸਰਿਆਂ ਨੂੰ ਜ਼ਰੂਰ ਵੰਡੋਗੇ। ਕਈ ਵਾਰ ਕਿਸੇ ਵਲੋਂ ਅਚੇਤ ਹੀ ਕਹੀ ਹੋਈ ਗੱਲ ਦਾ ਕਿੰਨਾ ਡੂੰਘਾ ਅਰਥ ਹੁੰਦਾ ਹੈ ਅਤੇ ਇਹ ਤੁਹਾਡੀ ਜ਼ਿੰਦਗੀ ਦੀ ਦਿਸ਼ਾ ਨੂੰ ਕਿਵੇਂ ਨਿਰਧਾਰਤ ਕਰਦੀ ਹੈ, ਇਸਦਾ ਅੰਦਾਜ਼ਾ ਜਦ ਮੈਂ ਹੁਣ ਲਾਉਂਦਾ ਹਾਂ ਤਾਂ ਬਹੁਤ ਹੈਰਾਨੀ ਹੁੰਦੀ ਹੈ। 2014 ਵਿਚ ਅਮਰੀਕਾ ਆ ਕੇ, ਫਿਰ ਮਨ ਵਿਚ ਕਿਸੇ ਕਾਲਜ ਜਾਂ ਯੂਨੀਵਰਸਿਟੀ ਵਿਚ ਪੜ੍ਹਾਉਣ ਦਾ ਖਿਆਲ ਆਇਆ। ਦਰਅਸਲ ਤੁਹਾਡੇ ਮਨ ਵਿਚ ਤਿੜਕੇ ਸੁਪਨੇ ਦੀ ਤਾਮੀਰਦਾਰੀ ਕਰਨ ਅਤੇ ਇਸ ਨੂੰ ਸੱਚ ਕਰਨ ਲਈ ਮਨ ਦੀ ਕਿਸੇ ਨੁੱਕਰੇ ਕੋਈ ਨਾ ਕੋਈ ਭਾਵਨਾ ਉਸਲਵੱਟੇ ਲੈਂਦੀ ਹੀ ਰਹਿੰਦੀ ਏ। ਮੈਂ 12ਵੀਂ ਤੀਕ ਫਿਜ਼ਿਕਸ ਪੜ੍ਹਾਉਣ ਲਈ ਆਨਲਾਈਨ ਸਰਟੀਫਿਕੇਟ ਵੀ ਪ੍ਰਾਪਤ ਕਰ ਲਿਆ। ਪਰ ਮੇਰੇ ਮਨ ਵਿਚ ਸਿਰਫ਼ ਕਾਲਜ ਜਾਂ ਕਿਸੇ ਯੂਨੀਵਰਸਿਟੀ ਵਿਚ ਪੜ੍ਹਾਉਣ ਦੀ ਤਮੰਨਾ ਹੀ ਮੈਨੂੰ ਨਵੀਆਂ ਸੰਭਾਵਨਾਵਾਂ ਅਤੇ ਨਵੀਆਂ ਤਰਕੀਬਾਂ ਵੰਨੀਂ ਤੋਰੀ ਰੱਖਦੀ।

ਅਕਤੂਬਰ 2015 ਵਿਚ ਕਲੀਵਲੈਂਡ ਸਟੇਟ ਯੂਨੀਵਰਸਿਟੀ ਦੇ ਡੀਨ, ਸਾਇੰਸ ਨੂੰ ਮਿਲਿਆ ਜੋ ਉਸ ਸਮੇਂ ਫਿਜ਼ਿਕਸ ਵਿਭਾਗ ਦਾ ਚੇਅਰ ਵੀ ਸੀ। ਉਸਨੇ ਦੱਸਿਆ ਕਿ ਸਾਨੂੰ ਇਕ ਪ੍ਰੋਫੈਸਰ ਦੀ ਲੋੜ ਹੈ। ਇਸ ਲਈ ਤੁਹਾਨੂੰ ਇਕ ਲੈਕਚਰ ਦੇਣਾ ਪਵੇਗਾ। ਦਰਅਸਲ ਇਥੇ ਕਿਸੇ ਵੀ ਵਿਅਕਤੀ ਨੂੰ ਉਸਦੀ ਕਾਰਗੁਜ਼ਾਰੀ ਵਿਚੋਂ ਦੇਖਿਆ ਜਾਂਦਾ ਹੈ ਨਾ ਕਿ ਉਸਦੀ ਡਿਗਰੀ ਜਾ ਸਿਫ਼ਾਰਸ਼ ਨੂੰ ਆਧਾਰ ਮੰਨ ਕੇ ਨੌਕਰੀ ਮਿਲਦੀ ਹੈ। ਇਸ ਸਬੰਧ ਵਿਚ ਤੁਸੀਂ ਪ੍ਰੋ. ਫੋਡਰ ਨੂੰ ਮਿਲੋ। ਉਨ੍ਹਾਂ ਕੋਲੋਂ ਲੈਕਚਰ ਦਾ ਸਮਾਂ, ਵਿਸ਼ੇ ਆਦਿ ਬਾਰੇ ਗੱਲ ਕਰੋ। ਜਦ ਮੈਂ ਪ੍ਰੋ. ਫੋਡਰ ਨੂੰ ਮਿਲਿਆ ਤਾਂ ਉਹ ਪੁੱਛਣ ਲੱਗਾ ਕਿ ਤੁਸੀਂ ਫਿਜ਼ਿਕਸ ਦੇ ਕਿਸ ਚੈਪਟਰ 'ਤੇ ਲੈਕਚਰ ਦੇਵੋਗੇ, ਕਿੰਝ ਦੇਵੋਗੇ (ਬਲੈਕਬੋਰਡ 'ਤੇ ਚਾਕ, ਓਵਰਹੈਡ ਪ੍ਰੋਜੈਕਟਰ, ਪਾਵਰ ਪੁਆਇੰਟ ਜਾਂ ਆਨਲਾਈਨ ਦੇਵੋਗੇ) ਅਤੇ ਕਦੋਂ ਦੇ ਸਕਦੇ ਹੋ? ਤਾਂ ਮੇਰਾ ਜਵਾਬ ਸੀ ਕਿ ਮੈਂ ਹਰ ਚੈਪਟਰ 'ਤੇ, ਕਿਸੇ ਵੀ ਸਮੇਂ ਅਤੇ ਕਿਸੇ ਵੀ ਤਰੀਕੇ ਨਾਲ ਲੈਕਚਰ ਦੇਣ ਲਈ ਤਿਆਰ ਹਾਂ। ਤੁਸੀਂ ਦੱਸੋ ਕਿ ਮੈਂ ਕਿਹੜੇ ਖਾਸ ਚਾਪਟਰ 'ਤੇ, ਕਦੋਂ ਅਤੇ ਕਿਸ ਤਰੀਕੇ ਨਾਲ ਲੈਕਚਰ ਦੇਵਾਂ। ਦਰਅਸਲ ਜਦ ਤੁਸੀਂ ਆਪਣੀ ਚੋਣ ਦੱਸਦੇ ਹੋ ਤਾਂ ਇਹ ਤੁਹਾਡੀ ਕਮਜੋਰੀ ਜ਼ਾਹਰ ਕਰਦਾ ਹੈ। ਜਦ ਤੁਸੀਂ ਇਹ ਕਹਿੰਦੇ ਹੋ ਮੈਂ ਹਰ ਵੇਲੇ ਹਰ ਕਿਸਮ ਦੇ ਚੈਪਟਰ ਅਤੇ ਹਰ ਤਰੀਕੇ ਨਾਲ ਚੈਲਿੰਜ ਮਨਜ਼ੂਰ ਕਰਦਾਂ ਹਾਂ ਤਾਂ ਇਹ ਤੁਹਾਡੇ ਆਤਮ-ਵਿਸ਼ਵਾਸ ਦਾ ਪ੍ਰਤੱਖ ਪ੍ਰਮਾਣ ਹੁੰਦਾ ਹੈ। ਮੈਂ ਉਨ੍ਹਾਂ ਦੇ ਦੱਸੇ ਹੋਏ ਚੈਪਟਰ, ਸਮੇਂ ਅਤੇ ਤਕਨੀਕ ਅਨੁਸਾਰ ਲੈਕਚਰ ਦੇਣ ਲਈ ਗਿਆ ਤਾਂ ਇਕ ਕਲਾਸ ਸਮੇਤ ਉਸ ਵਿਚ ਫਿਜ਼ਿਕਸ ਵਿਭਾਗ ਦਾ ਸਾਰਾ ਸਟਾਫ਼ ਚੇਅਰ ਸਮੇਤ ਹਾਜ਼ਰ ਸੀ। ਲੈਕਚਰ ਤੋਂ ਬਾਅਦ ਸਾਰੇ ਵਿਦਿਆਰਥੀਆਂ ਅਤੇ ਸਟਾਫ਼ ਕੋਲੋਂ ਮੇਰੇ ਪੜ੍ਹਾਉਣ ਬਾਰੇ ਰਾਏ ਵਾਸਤੇ ਇਕ ਪ੍ਰੋਫਾਰਮਾ ਭਰਵਾਇਆ ਗਿਆ। ਜਦ ਮੈਂ ਕਲਾਸ ਤੋਂ ਬਾਹਰ ਆਇਆ ਡਾ. ਫੋਡਰ ਮੇਰੇ ਨਾਲ ਹੀ ਆ ਗਏ। ਮੈਨੂੰ ਵਿਭਾਗ ਦੀਆਂ ਲੈਬਾਂ ਦਿਖਾਉਣ ਲੱਗੇ ਅਤੇ ਕਹਿਣ ਲੱਗੇ ਕਿ ਤੁਹਾਨੂੰ ਆਪਣੇ ਪੜ੍ਹਾਉਣ ਵਿਚ ਮੈਥ ਨੂੰ ਘਟਾਉਣਾ ਪਵੇਗਾ ਕਿਉਂਕਿ ਇਹ ਵਿਦਿਆਰਥੀ ਮੈਥ ਵਿਚ ਜ਼ਿਆਦਾ ਹੁਸ਼ਿਆਰ ਨਹੀਂ। ਤੁਹਾਨੂੰ ਕੁਝ ਦਿਨਾਂ ਤੀਕ ਈ-ਮੇਲ ਮਿਲੇਗੀ ਕਿ ਸਾਰਿਆਂ ਦਾ ਤੁਹਾਡੇ ਪੜ੍ਹਾਉਣ ਪ੍ਰਤੀ ਕੀ ਨਜ਼ਰੀਆ ਹੈ? ਪ੍ਰੋ. ਫੋਡਰ ਵਲੋਂ ਦਿਖਾਏ ਉਚੇਚ ਤੋਂ ਇਉਂ ਲੱਗਦਾ ਸੀ ਜਿਵੇਂ ਉਨ੍ਹਾਂ ਨੂੰ ਮੇਰਾ ਪੜ੍ਹਾਉਣਾ ਚੰਗਾ ਲੱਗਿਆ ਹੋਵੇ। ਹਫ਼ਤੇ ਬਾਅਦ ਡੀਨ ਦੀ ਈ-ਮੇਲ ਆਈ ਕਿ ਤੁਸੀਂ ਪੜ੍ਹਾਉਣ ਲਈ ਚੁਣੇ ਗਏ ਹੋ। ਜਨਵਰੀ 2016 ਤੋਂ ਤੁਹਾਡੀਆਂ ਕਲਾਸਾਂ ਸ਼ੁਰੂ ਹੋਣਗੀਆਂ ਅਤੇ ਪਹਿਲੇ ਸਮੈਸਟਰ ਵਿਚ ਤੁਸੀਂ ਸਿਰਫ਼ ਇਕ ਹੀ ਕੋਰਸ ਪੜ੍ਹਾਓਗੇ।



1977 ਵਿਚ ਲਏ ਹੋਏ ਸੁਪਨੇ ਦਾ 2016 ਵਿਚ ਪੂਰਾ ਹੋਣਾ ਲਗਭਗ ਚਾਲੀ ਸਾਲ ਲੰਮੀਂ ਉਡੀਕ ਦੀ ਪੂਰਨਤਾ। ਬਹੁਤ ਕਠਿਨ ਹੁੰਦਾ ਹੈ ਇੰਨੀ ਲੰਮੀ ਉਡੀਕ ਕਰਨਾ ਅਤੇ ਇੰਨੇ ਲੰਮੇ ਸਮੇਂ ਲਈ ਤਿੜਕੇ ਹੋਏ ਸੁਪਨੇ ਦੀ ਚੀਸ ਨੂੰ ਜਿਊਂਦਾ ਰੱਖਣਾ। ਇਸਦੀ ਪੂਰਨਤਾ ਲਈ ਨਿਰੰਤਰ ਕੁਝ ਨਾ ਕੁਝ ਉਜਰ ਕਰਦੇ ਰਹਿਣਾ। ਅਕਸਰ ਲੋਕ ਬਹੁਤ ਜਲਦੀ ਟੁੱਟੇ ਸੁਪਨੇ ਨੂੰ ਭੁੱਲ ਜਾਂਦੇ ਅਤੇ ਦੁਨਿਆਵੀ ਦੌੜ ਵਿਚ ਉਲਝੇ ਆਪਣੇ ਉਦੇਸ਼ ਤੋਂ ਹੀ ਮੁਨਕਰ ਹੋ ਜਾਂਦੇ। ਦਰਅਸਲ ਇਹ ਹਾਸਲ, ਸੁਪਨੇ ਦੀ ਪੂਰਨਤਾ ਦੇ ਨਾਲ-ਨਾਲ ਖ਼ੁਦ ਨੂੰ ਵੀ ਤਸੱਲੀ ਦੇ ਗਿਆ ਕਿ ਬੰਦਾ ਚਾਹੇ ਤਾਂ ਕੁਝ ਵੀ ਪ੍ਰਾਪਤ ਕਰ ਸਕਦਾ ਬਸ਼ਰਤੇ ਕਿ ਉਸਦੇ ਮਨ ਵਿਚ ਹਨੇਰਿਆਂ 'ਚੋਂ ਚਾਨਣ-ਝੀਤ ਨੂੰ ਦੇਖਣ ਦੀ ਜਾਚ ਹੋਵੇ, ਮੁਸ਼ਕਲਾਂ ਅਤੇ ਔਕੜਾਂ ਨਾਲ ਆਢਾ ਲਾਉਣ ਦਾ ਵੱਲ ਹੋਵੇ ਅਤੇ ਦੁਸ਼ਵਾਰੀਆਂ ਨੂੰ ਉਲੰਘ ਕੇ ਨਵੀਆਂ ਪੈੜਾਂ ਨੂੰ ਸਿਰਜਣ ਦਾ ਹੁਨਰ ਹੋਵੇ। ਯਾਦ ਆਉਂਦਾ ਹੈ ਜਨਵਰੀ 2016 ਵਿਚ ਯੂਨੀਵਰਸਿਟੀ ਦਾ ਪਹਿਲਾ ਦਿਨ। ਕਮਰੇ ਵਿਚ ਦਾਖਲ ਹੁੰਦਿਆਂ ਹੀ ਅੱਖ ਭਰ ਆਈ। ਕਲਾਸ ਵਿਚ 60 ਗੋਰੇ ਵਿਦਿਆਰਥੀ। ਸੋਚਾਂ! ਕੁਦਰਤ ਅਤੇ ਮੇਰੇ ਮਾਪਿਆਂ ਦੀ ਇਹ ਕਰਤਾਰੀ ਇਨਾਇਤ ਹੈ। ਮੰਡ ਵਿਚ ਪਸ਼ੂ ਚਾਰਦੇ ਜੁਆਕ ਨੇ ਕਦੇ ਖ਼ੁਆਬ ਵਿਚ ਵੀ ਸੋਚਿਆ ਨਹੀਂ ਹੋਣਾ ਕਿ ਉਹ ਕਿਸੇ ਦਿਨ ਅਮਰੀਕਾ ਦੀ ਯੂਨੀਵਰਸਿਟੀ ਵਿਚ ਪੜ੍ਹਾਵੇਗਾ। ਇਹ ਮੇਰੇ ਪਿੰਡ, ਮੇਰੇ ਬੁੱਢੇ ਘਰ, ਮੇਰੇ ਅਧਿਆਪਕਾਂ ਦੀਆਂ ਦੁਆਵਾਂ ਨੇ ਜਿਸ ਸਦਕਾ ਮੈਨੂੰ ਇਹ ਮੌਕਾ ਮਿਲਿਆ। ਪਹਿਲੇ ਦਿਨ ਕਲਾਸ ਵਿਚ ਮੈਂ ਕੁਝ ਮਿੰਟ ਲਈ ਆਪਣੇ ਪਿਛੋਕੜ, ਵਿਦਿਆ, ਧਾਰਮਿਕ ਅਕੀਦੇ, ਆਪਣੇ ਪਹਿਰਾਵੇ ਅਤੇ ਪਰਿਵਾਰ ਬਾਰੇ ਜਾਣਕਾਰੀ ਸਾਂਝੀ ਕਰਦਾ ਹਾਂ। ਫਿਰ ਹਰ ਵਿਦਿਅਰਥੀ ਨੂੰ ਉਸਦਾ ਨਾਮ, ਉਹ ਕਿਹੜੇ ਸੁਪਨੇ ਲੈ ਕੇ ਯੂਨੀਵਰਸਿਟੀ ਵਿਚ ਦਾਖਲ ਹੋਇਆ ਅਤੇ ਇਸਦੀ ਪੂਰਨਤਾ ਲਈ ਕਿੰਨਾ ਕੁ ਅਰਪਿਤ ਅਤੇ ਪ੍ਰਤੀਬੱਧ ਹੈ, ਬਾਰੇ ਪੁੱਛਦਾ ਹਾਂ। ਇਸ ਨਾਲ ਵਿਦਿਅਰਥੀਆਂ ਨੂੰ ਆਪਣੇ ਅੰਦਰ ਝਾਕਣ, ਸੁਪਨੇ ਪਛਾਨਣ ਅਤੇ ਇਸਨੂੰ ਪੂਰਾ ਕਰਨ ਲਈ ਹੋਰ ਉਦਮ ਕਰਨ ਦੀ ਉਤੇਜਨਾ ਮਿਲਦੀ ਹੈ। ਮੈਂ ਆਪਣੇ ਅਧਿਆਪਨ ਦੌਰਾਨ, ਵਿਦਿਆਰਥੀਆਂ ਨੂੰ ਵਿਸ਼ੇ ਦੇ ਗਿਆਨ ਦੇਣ ਦੇ ਨਾਲ, ਜ਼ਿੰਦਗੀ ਦੇ ਸਰੋਕਾਰਾਂ, ਕਦਰਾਂ-ਕੀਮਤਾਂ ਅਪਨਾਉਣ ਅਤੇ ਖ਼ੁਦ ਪ੍ਰਤੀ ਸੁਹਿਰਦ ਅਤੇ ਸਮਰਪਿਤ ਹੋਣ ਲਈ ਪ੍ਰੇਰਿਤ ਕਰਦਾ ਹਾਂ।


ਅਮਰੀਕਾ ਵਿਚ ਯੂਨੀਵਰਸਿਟੀ ਦੇ ਪ੍ਰੋਫੈਸਰ ਦਾ ਬਹੁਤ ਹੀ ਸਤਿਕਾਰ ਅਤੇ ਉਚਾ ਰੁਤਬਾ ਹੈ। ਹਰ ਪ੍ਰੋਫੈਸਰ ਆਪਣੀ ਕਲਾਸ ਤੋਂ ਬਾਅਦ ਇਕ ਘੰਟਾ ਆਪਣੇ ਵਿਦਿਆਰਥੀਆਂ ਲਈ ਰਾਖਵਾਂ ਰੱਖਦਾ ਹੈ ਤਾਂ ਕਿ ਕੋਈ ਵੀ ਵਿਦਿਆਰਥੀ ਪੜ੍ਹਾਈ ਬਾਰੇ ਕੋਈ ਵੀ ਪ੍ਰਸ਼ਨ ਪੁੱਛ ਸਕੇ। ਪ੍ਰੋਫੈਸਰ ਆਪਣਾ ਕੋਰਸ ਖ਼ੁਦ ਤਿਆਰ ਕਰਦਾ ਹੈ, ਕਿੰਨੇ ਟੈਸਟ ਲੈਣੇ, ਕਿਸ ਤਰੀਕ ਨੂੰ ਲੈਣੇ, ਕਿਵੇਂ ਲੈਣਾ, ਕਿਸ ਤਰੀਕ ਨੂੰ ਕਿਹੜਾ ਚੈਪਟਰ ਪੜ੍ਹਾਉਣਾ ਆਦਿ ਪਹਿਲੇ ਦਿਨ ਤੋਂ ਹੀ ਤੈਅ ਹੁੰਦਾ। ਇਸਦਾ ਪੂਰਾ ਵੇਰਵਾ ਹਰ ਵਿਦਿਆਰਥੀ ਨੂੰ ਈ-ਮੇਲ ਕਰ ਦਿੱਤਾ ਜਾਂਦਾ। ਹਰ ਟੈਸਟ, ਕੁਇਜ਼, ਆਨ ਲਾਈਨ ਵਰਕ ਆਦਿ ਪ੍ਰੋਫੈਸਰ ਖ਼ੁਦ ਕਰਦਾ। ਖ਼ੁਦ ਹੀ ਮੁਲਾਂਕਣ ਕਰਦਾ ਅਤੇ ਗਰੇਡ ਦਿੰਦਾ ਹੈ। ਵਿਭਾਗ ਦਾ ਚੇਅਰ ਜਾਂ ਯੂਨੀਵਰਸਿਟੀ ਦਾ ਕੋਈ ਵੀ ਅਧਿਕਾਰੀ ਇਸ ਵਿਚ ਦਖਲ ਨਹੀਂ ਦਿੰਦਾ। ਇਨ੍ਹਾਂ ਗਰੇਡਾਂ ਨੂੰ ਕੋਈ ਚੈਲਿੰਜ ਨਹੀਂ ਕਰ ਸਕਦਾ। ਹਾਂ ਪ੍ਰੋਫੈਸਰ ਪੂਰਨ-ਪਾਰਦਰਸ਼ੀ ਅਤੇ ਨਿਰਪੱਖ ਹੁੰਦਾ ਹੈ ਅਤੇ ਕੋਈ ਵੀ ਵਿਦਿਆਰਥੀ ਕਿਸੇ ਵੀ ਸਮੇਂ ਤੁਹਾਡੇ ਕੋਲੋਂ ਆਪਣੇ ਗਰੇਡਾਂ ਬਾਰੇ ਕੋਈ ਵੀ ਪ੍ਰਸ਼ਨ ਪੁੱਛ ਸਕਦਾ ਹੈ ਅਤੇ ਇਸਦਾ ਜਵਾਬ ਦੇਣਾ ਤੁਹਾਡੀ ਜ਼ਿੰਮੇਵਾਰੀ ਹੁੰਦੀ ਹੈ। ਹਰ ਸਮੈਟਰ ਦੇ ਖਤਮ ਹੋਣ 'ਤੇ ਯੂਨੀਵਰਸਿਟੀ ਵਲੋਂ ਵਿਦਿਆਰਥੀਆਂ ਕੋਲੋਂ ਪ੍ਰੋਫੈਸਰ ਦਾ ਗੁਪਤ ਰੂਪ ਵਿਚ ਆਨਲਾਈਨ ਮੁਲਾਂਕਣ ਕਰਵਾਇਆ ਜਾਂਦਾ ਹੈ। ਇਹ ਮੁਲਾਂਕਣ ਚੇਅਰ ਤੋਂ ਹੁੰਦਾ ਹੋਇਆ ਤੁਹਾਡੇ ਕੋਲ ਪਹੁੰਚਦਾ ਹੈ ਕਿ ਤੁਹਾਨੂੰ ਆਪਣੀਆਂ ਕਮੀਆਂ ਜਾਂ ਚੰਗੇ ਗੁਣਾਂ ਦਾ ਪਤਾ ਲੱਗ ਸਕੇ। ਪਤਾ ਲੱਗ ਸਕੇ ਕਿ ਵਿਦਿਆਰਥੀਆਂ ਦੇ ਤੁਹਾਡੇ ਬਾਰੇ ਕੀ ਵਿਚਾਰ ਹਨ? ਤੁਹਾਡਾ ਮੁਲਾਂਕਣ ਮਾੜਾ ਹੋਣ 'ਤੇ ਤੁਹਾਨੂੰ ਬਾਹਰ ਦਾ ਰਸਤਾ ਦਿਖਾ ਦਿੱਤਾ ਜਾਂਦਾ ਹੈ।

ਪਹਿਲੇ ਸਮੈਸਟਰ ਤੋਂ ਬਾਅਦ ਅਗਲੇ ਸਮੈਸਟਰ ਲਈ ਦੋ ਕੋਰਸ ਪੜ੍ਹਾਉਣ ਲਈ ਕਿਹਾ ਗਿਆ। ਚੰਗਾ ਲੱਗਾ ਕਿ ਮੈਂ ਨਵੇਂ ਅਦਾਰੇ ਵਿਚ, ਨਵੇਂ ਮਾਹੌਲ ਅਤੇ ਨਵੇਂ ਤਰੀਕੇ ਨਾਲ ਫਿਜ਼ਿਕਸ ਪੜ੍ਹਾਉਣ ਲਈ ਖ਼ੁਦ ਨੂੰ ਅੱਪਡੇਟ ਕਰ ਕੇ, ਵਕਤ ਦਾ ਹਾਣੀ ਹੋ ਸਕਿਆ। ਯੂਨੀਵਰਸਿਟੀ ਵਿਚ ਪੜ੍ਹਾਉਣ ਦੌਰਾਨ ਮੈਂ ਇਹ ਦੇਖਿਆ ਕਿ ਕਈ ਵਾਰ ਵਿਦਿਆਰਥੀ ਆਪਣੀਆਂ ਨਿੱਜੀ ਮੁਸ਼ਕਲਾਂ ਵੀ ਤੁਹਾਡੇ ਨਾਲ ਸਾਂਝੀਆਂ ਕਰਦੇ ਹਨ ਅਤੇ ਤੁਹਾਡੇ ਕੋਲੋਂ ਸਲਾਹ ਵੀ ਲੈਂਦੇ ਹਨ। ਮੇਰੇ ਜ਼ਿਆਦਾਤਰ ਵਿਦਿਆਰਥੀ ਮੈਡੀਕਲ ਫੀਲਡ ਵਿਚ ਜਾਣ ਵਾਲੇ ਹੁੰਦੇ ਹਨ ਇਸ ਲਈ ਜਦ ਉਨ੍ਹਾਂ ਨੇ ਕਿਸੇ ਮੈਡੀਕਲ/ ਡੈਂਟਲ/ਫਾਰਮੇਸੀ/ ਫਿਜ਼ਿਓਥੈਰੇਪੀ ਕਾਲਜ ਵਿਚ ਦਾਖਲਾ ਲੈਣਾ ਹੁੰਦਾ ਤਾਂ ਉਨ੍ਹਾਂ ਦੇ ਪ੍ਰੋਫੈਸਰ ਵਲੋਂ ਭੇਜੇ ਗਏ ਸਿਫਾਰਸ਼ੀ ਪੱਤਰ ਦੀ ਬਹੁਤ ਅਹਿਮੀਅਤ ਹੁੰਦੀ ਹੈ। ਹਰ ਪ੍ਰੋਫੈਸਰ ਆਪਣੇ ਵਿਦਿਆਰਥੀ ਦਾ ਸਹੀ ਮੁਲਾਂਕਣ ਕਰ ਕੇ ਸਬੰਧਤ ਅਦਾਰੇ ਨੂੰ ਭੇਜਦਾ ਹੈ ਅਤੇ ਅਦਾਰਾ ਕਦੇ ਵੀ ਕਿਸੇ ਪ੍ਰੋਫੈਸਰ ਦੀ ਦਿਆਨਤਦਾਰੀ 'ਤੇ ਕੋਈ ਕਿੰਤੂ ਨਹੀਂ ਕਰਦਾ। ਮੈਂ ਇਹ ਵੀ ਦੇਖਿਆ ਕਿ ਜਦ ਤੁਸੀਂ ਸਿਰ 'ਤੇ ਦਸਤਾਰ ਪਹਿਨ ਕੇ ਕਿਸੇ ਅਦਾਰੇ ਵਿਚ ਕੰਮ ਕਰਦੇ ਹੋ ਤਾਂ ਤੁਸੀਂ ਆਪਣੇ ਭਾਈਚਾਰੇ ਦੇ ਇਕ ਅਦਿੱਖ ਰੂਪ ਵਿਚ ਦੂਤ ਹੁੰਦੇ ਹੋ। ਬਹੁ-ਗਿਣਤੀ ਵਿਚ ਪੜ੍ਹਦੇ ਗੋਰੇ ਵਿਦਿਆਰਥੀਆਂ ਨੂੰ ਤੁਹਾਡੇ ਬਾਰੇ ਜਾਣਕਾਰੀ ਮਿਲਦੀ ਹੈ। ਮੇਰੇ ਦੋ ਕੋਰਸਾਂ ਵਿਚ ਹਰ ਸਮੈਸਟਰ ਵਿਚ ਸੌ ਕੁ ਵਿਦਿਆਰਥੀ ਹੁੰਦੇ ਹਨ ਭਾਵ 100 ਕੁ ਪਰਿਵਾਰਾਂ ਨੂੰ ਸਿੱਖ ਧਰਮ ਬਾਰੇ ਕੁਝ ਗਿਆਨ ਜ਼ਰੂਰ ਮਿਲਦਾ ਹੈ।

ਦਰਅਸਲ ਇਨ੍ਹਾਂ ਅਦਾਰਿਆਂ ਰਾਹੀਂ ਤੁਸੀਂ ਆਪਣੀ ਪਛਾਣ ਨੂੰ ਉਸ ਰੂਪ ਵਿਚ ਦਰਸਾ ਸਕਦੇ ਹੋ ਜਿਹੜੀ ਤੁਸੀਂ ਦੁਨੀਆਂ ਨੂੰ ਦੱਸਣਾ ਚਾਹੁੰਦੇ ਹੋ। ਮੈਂ ਸਾਰੀ ਉਮਰ ਹੀ ਪੰਜਾਬ ਦੇ ਕਾਲਜਾਂ ਵਿਚ ਪੜ੍ਹਾਇਆ ਪਰ ਮੈਂ ਦੇਖਿਆ ਕਿ ਇੱਥੇ ਯੂਨੀਵਰਸਿਟੀ ਵਿਚ ਪੜ੍ਹਦੇ ਵਿਦਿਆਰਥੀ ਜ਼ਿਆਦਾ ਮਿਹਨਤੀ ਅਤੇ ਟੀਚੇ ਪ੍ਰਤੀ ਫ਼ਿਕਰਮੰਦ ਨੇ। ਉਹ ਬਹੁਤ ਇਮਾਨਦਾਰ ਅਤੇ ਸੱਚ ਬੋਲਦੇ ਨੇ। ਯੂਨੀਵਰਸਿਟੀ ਵਲੋਂ ਕਰਵਾਏ ਜਾਂਦੇ ਮੁਲਾਂਕਣ ਵਿਚ ਵੀ ਤੁਹਾਨੂੰ ਉਨ੍ਹਾਂ ਦੀ ਸਪੱਸ਼ਟਤਾ ਸਾਫ਼ ਦਿਸਦੀ ਹੈ। ਜ਼ਿਆਦਾਤਰ ਵਿਦਿਆਰਥੀ ਆਪਣੀ ਪੜ੍ਹਾਈ ਦਾ ਖਰਚਾ ਖ਼ੁਦ ਉਠਾਉਂਦੇ ਨੇ। ਪੜ੍ਹਾਈ ਦੇ ਨਾਲ ਨਾਲ ਪਾਰਟ-ਟਾਈਮ ਕੰਮ ਵੀ ਕਰਦੇ ਨੇ। ਇਥੇ ਪੜ੍ਹਨ ਦੀ ਕੋਈ ਨਿਰਧਾਰਤ ਉਮਰ ਨਹੀਂ। ਮੇਰੇ ਕੁਝ ਵਿਦਿਆਰਥੀ ਉਹ ਹੁੰਦੇ ਜਿਹੜੇ ਇਕ ਕਿੱਤੇ ਵਿਚੋਂ ਰਿਟਾਇਰ ਹੋ ਕੇ ਮੁੜ ਪੜ੍ਹਾਈ ਕਰ ਕੇ ਦੂਸਰੇ ਕਿੱਤੇ ਵਿਚ ਜਾਣਾ ਚਾਹੁੰਦੇ। ਇਸ ਵੇਲੇ ਵੀ ਦੋ ਵਿਦਿਆਰਥੀ ਅਜੇਹੇ ਹਨ ਜੋ ਅਮਰੀਕਨ ਆਰਮੀ ਵਿਚ ਹਨ ਅਤੇ ਨਾਲ ਨਾਲ ਪੜ੍ਹਾਈ ਕਰ ਕੇ ਡਾਕਟਰ ਬਣਨਾ ਚਾਹੁੰਦੇ ਨੇ। ਮੈਂ ਅਕਸਰ ਹੀ ਭੌਤਿਕ ਵਿਗਿਆਨ ਪੜ੍ਹਾਉਂਦਿਆਂ, ਇਸਨੂੰ ਰੋਜ਼ਾਨਾ ਜ਼ਿੰਦਗੀ ਦੀਆਂ ਕੁਝ ਕਿਰਿਆਵਾਂ ਨਾਲ ਜੋੜ ਕੇ ਜ਼ਿੰਦਗੀ ਦੇ ਸੱਚੇ-ਸੁੱਚੇ ਅਰਥਾਂ ਦੀ ਨਿਸ਼ਾਨਦੇਹੀ ਕਰਨ ਲੱਗ ਪਵਾਂ ਜਾਂ ਖ਼ੂਬਸੂਰਤ ਜ਼ਿੰਦਗੀ ਨੂੰ ਹੋਰ ਖ਼ੂਬਸੂਰਤ ਬਣਾਉਣ ਜਾਂ ਸਫ਼ਲ ਜ਼ਿੰਦਗੀ ਵਿਚ ਆਉਣ ਵਾਲੀਆਂ ਚੁਣੌਤੀਆਂ ਦੀ ਗੱਲ ਕਰਨ ਲੱਗ ਪਵਾਂ ਤਾਂ ਅਕਸਰ ਕਈ ਵਾਰ ਵਿਦਿਆਰਥੀ ਇਹ ਵੀ ਕਹਿ ਦਿੰਦੇ ਕਿ ਡਾ. ਭੰਡਾਲ ਇਹ ਫਿਜ਼ਿਕਸ ਦੀ ਕਲਾਸ ਦੀ ਬਜਾਏ ਸਗੋਂ ਫ਼ਿਲਾਸਫ਼ੀ ਦੀ ਕਲਾਸ ਜ਼ਿਆਦਾ ਲੱਗਦੀ ਹੈ। ਉਹ ਬਹੁਤ ਧਿਆਨ ਨਾਲ ਸੁਪਨਿਆਂ ਨੂੰ ਪੂਰਾ ਕਰਨ ਦੀਆਂ ਗੱਲਾਂ ਸੁਣਦੇ ਹਨ। ਕਈ ਵਾਰ ਇੰਝ ਲੱਗਦਾ ਹੈ ਜਿਵੇਂ ਉਨ੍ਹਾਂ ਨੂੰ ਕਿਤਾਬੀ ਗਿਆਨ ਦੇ ਚੌਗਿਰਦੇ ਵਿਚੋਂ ਬਾਹਰ ਝਾਕਣ ਦੀ ਕਿਸੇ ਨੇ ਅਹਿਮੀਅਤ ਨਹੀਂ ਦੱਸੀ। ਉਨ੍ਹਾਂ ਨੂੰ ਚੰਗਾ ਲੱਗਦਾ ਹੈ ਕਿ ਜਦ ਕੋਈ ਉਨ੍ਹਾਂ ਨੂੰ ਜੀਵਨ ਦੀ ਸੁੰਦਰਤਾ ਅਤੇ ਕੁਦਰਤੀ ਕਿਰਿਆਵਾਂ ਨੂੰ ਨਿਹਾਰਨ ਦਾ ਗੁਰ ਦੱਸਦਾ ਹੈ। ਮੈਂ ਇਹ ਵੀ ਜਾਣਿਆ ਕਿ ਤੁਸੀਂ ਕੀ ਹੋ, ਇਹ ਸ਼ਾਇਦ ਤੁਹਾਡੇ ਨਾਲੋਂ ਤੁਹਾਡੇ ਵਿਦਿਆਰਥੀ ਬਿਹਤਰ ਜਾਣਦੇ ਅਤੇ ਸਮਝਦੇ ਨੇ। ਤੁਹਾਡੇ ਨਾਲੋਂ ਤੁਹਾਡਾ ਕੰਮ ਜ਼ਿਆਦਾ ਬੋਲਦਾ ਹੈ। ਯਾਦ ਆਉਂਦਾ ਹੈ ਕਿ ਪਿਛਲੇ ਸਾਲ ਕਿਸੇ ਹੋਰ ਕਾਲਜ ਤੋਂ ਈ-ਮੇਲ ਆਈ ਕਿ ਸਾਡੇ ਕਾਲਜ ਵਿਚ ਫਿਜ਼ਿਕਸ ਦਾ ਇਕ ਕੋਰਸ ਪੜ੍ਹਾਉਣ ਲਈ ਸਾਨੂੰ ਤੁਹਾਡੀ ਲੋੜ ਹੈ। ਸਾਨੂੰ ਆ ਕੇ ਮਿਲੋ। ਮੈਂ ਦੱਸਿਆ ਕਿ ਮੈਂ ਤਾਂ ਪਹਿਲਾਂ ਹੀ ਪੜ੍ਹਾ ਰਿਹਾ ਹਾਂ ਤਾਂ ਉਸ ਕਾਲਜ ਦੇ ਡੀਨ ਦਾ ਕਹਿਣਾ ਸੀ ਕਿ 'ਕੇਰਾਂ ਮਿਲ ਜਾਓ। ਜਦ ਮੈਂ ਡੀਨ ਸਾਹਿਬ ਨੂੰ ਮਿਲਿਆ ਤਾਂ ਉਸਨੇ ਕਿਹਾ ਕਿ ਤੁਸੀਂ ਸ਼ੁਕਰਵਾਰ ਨੂੰ ਵਿਹਲੇ ਹੁੰਦੇ ਹੋ, ਉਸ ਦਿਨ ਹੀ ਸਾਡੇ ਕਾਲਜ ਵਿਚ ਪੜ੍ਹਾ ਦਿਆ ਕਰੋ। ਮੈਂ ਜਦ ਪੜ੍ਹਾਉਣ ਲਈ ਹਾਮੀ ਭਰੀ ਤਾਂ ਡੀਨ ਪੁੱਛਣ ਲੱਗਾ ਕਿ ਤੁਸੀਂ ਇਹ ਨਹੀਂ ਪੁੱਛੋਗੇ ਕਿ ਕੋਰਸ ਪੜ੍ਹਾਉਣ ਲਈ ਅਸੀਂ ਤੁਹਾਨੂੰ ਹੀ ਕਿਉਂ ਸੰਪਰਕ ਕੀਤਾ? ਦੱਸਾਂ! ਕਦੇ 'ਰੇਟ ਮਾਈ ਪ੍ਰੋਫੈਸਰ' ਵੈੱਬਸਾਈਟ 'ਤੇ ਆਪਣੇ ਬਾਰੇ, ਆਪਣੇ ਵਿਦਿਆਰਥੀਆਂ ਦੇ ਵਿਚਾਰ ਪੜ੍ਹਨਾ। ਤੁਹਾਨੂੰ ਪਤਾ ਲੱਗੇਗਾ ਕਿ ਤੁਸੀਂ ਵਿਦਿਆਰਥੀਆਂ ਵਿਚ ਕਿੰਨੇ ਮਕਬੂਲ ਹੋ। ਇਸ ਵੈੱਬਸਾਈਟ ਤੋਂ ਦੇਖ ਕੇ ਅਸੀਂ ਤੁਹਾਨੂੰ ਬੁਲਾਇਆ ਕਿਉਂਕਿ ਸਾਨੂੰ ਤੁਹਾਡੇ ਵਰਗਾ ਪ੍ਰੋਫੈਸਰ ਚਾਹੀਦਾ ਸੀ। ਮਨ ਖ਼ੁਸ਼ ਹੋਇਆ ਕਿ ਮੈਂ ਆਪਣੀ ਪਛਾਣ, ਮਾਪਿਆਂ ਅਤੇ ਪਿੰਡ ਦੀ ਲਾਜ ਰੱਖ ਸਕਿਆ। ਯਾਦ ਆਇਆ ਕਿ ਪਿਛਲੇ ਸਾਲ ਫਰਵਰੀ ਵਿਚ ਜਦ ਮੈਂ ਆਪਣੇ ਦਫਤਰ ਵਿਚ ਬੈਠਾ ਆਪਣਾ ਲੈਕਚਰ ਤਿਆਰ ਕਰ ਰਿਹਾ ਸੀ ਤਾਂ ਮੇਰੇ ਚੇਅਰ ਡਾ. ਫੋਡਰ ਨੇ ਮੇਰੇ ਦਰਵਾਜ਼ੇ 'ਤੇ ਦਸਤਕ ਦਿੰਦਿਆਂ ਕਿ ਡਾ. ਭੰਡਾਲ ਜੇ ਤੁਸੀਂ ਵਿਹਲੇ ਹੋਵੋ ਤਾਂ ਇਕ ਗੱਲ ਤੁਹਾਡੇ ਨਾਲ ਸਾਂਝੀ ਕਰਨੀ ਹੈ। ਜਦ ਮੈਂ ਕਿਹਾ ਕਿ ਮੈਂ ਵਿਹਲਾ ਹੀ ਹਾਂ, ਦੱਸੋ। ਤਾਂ ਉਸ ਨੇ ਕਿਹਾ ਕਿ ਅੱਜ ਹੀ ਮੈਨੂੰ ਯੂਨੀਵਰਸਿਟੀ ਵਲੋਂ ਤੁਹਾਡੇ ਪਿਛਲੇ ਸਮੈਸਟਰ ਦੇ ਵਿਦਿਆਰਥੀਆਂ ਦਾ ਮੁਲਾਂਕਣ ਪ੍ਰਾਪਤ ਹੋਇਆ ਹੈ। ਮੈਂ ਚਾਹੁੰਦਾ ਹਾਂ ਕਿ ਮੇਰੇ ਸਾਰੇ ਪ੍ਰੋਫੈਸਰ ਤੁਹਾਡੇ ਵਰਗੇ ਹੀ ਹੋਣ। ਪਿੰਡ ਦੇ ਉਸ ਜੁਆਕ ਲਈ ਜਿਸਨੇ 40 ਸਾਲ ਪਹਿਲਾਂ ਕਦੇ ਵਿਦੇਸ਼ ਦੀ ਯੂਨੀਵਰਸਿਟੀ ਵਿਚ ਪੜ੍ਹਾਉਣ ਦਾ ਸੁਪਨਾ ਲਿਆ ਸੀ, ਇਸ ਤੋਂ ਵੱਡਾ ਹੋਰ ਕੀ ਸਨਮਾਨ ਹੋ ਸਕਦਾ ਹੈ। ਇਹ ਸੁਣਦਿਆਂ ਹੀ ਮੈਂ ਚੁੱਪ ਹੋ ਗਿਆ ਅਤੇ ਸ਼ੁਕਰਗੁਜ਼ਾਰੀ ਵਿਚ ਮੇਰਾ ਸਿਰ ਝੁਕ ਗਿਆ।

**ਪ੍ਰਤੀਕਰਮ**

# ਕਿਸਾਨੀ ਨੂੰ 'ਬਚਾਉਣ' ਲਈ ਸੁੱਚਾ ਸਿੰਘ ਗਿੱਲ ਦੀਆਂ ਖਿਆਲੀ ਉਡਾਰੀਆਂ



**ਮਾਨਵ**

ਪੰਜਾਬ ਦੇ ਉੱਘੇ ਅਰਥਸ਼ਾਸਤਰੀ ਸੁੱਚਾ ਸਿੰਘ ਗਿੱਲ ਦੇ ਪੰਜਾਬ ਟਾਈਮਜ਼ ਦੇ 8 ਅਕਤੂਬਰ ਦੇ ਅੰਕ ਵਿਚ "ਖੇਤੀ ਸੰਕਟ ਅਤੇ ਛੋਟੇ ਕਿਸਾਨਾਂ ਦੀ ਹੋਣੀ" ਸਿਰਲੇਖ ਹੇਠ ਛਪੇ ਲੇਖ ਵਿਚ ਉਨ੍ਹਾਂ ਨੇ ਪੰਜਾਬ ਦੀ ਗਰੀਬ ਕਿਸਾਨੀ ਦੀ ਹੋ ਰਹੀ ਦੁਰਦਸ਼ਾ 'ਤੇ ਵਿਚਾਰ ਪ੍ਰਗਟਾਉਂਦਿਆਂ ਇਸ ਨੂੰ ਬਚਾਉਣ ਲਈ ਆਪਣੇ ਨੁਸਖੇ ਪੇਸ਼ ਕੀਤੇ। ਸੁੱਚਾ ਸਿੰਘ ਗਿੱਲ ਨੇ ਪੰਜਾਬ ਦੇ ਅਰਥਚਾਰੇ 'ਤੇ ਅਤੇ ਖਾਸਕਰ ਪੰਜਾਬ ਦੀ ਖੇਤੀ ਵਿਚਲੇ ਸਰਮਾਏਦਾਰਾ ਵਿਕਾਸ ਬਾਰੇ ਕਿਸੇ ਵੇਲੇ ਕਾਫੀ ਚੰਗਾ ਕੰਮ ਕੀਤਾ ਹੈ ਪਰ ਉਨ੍ਹਾਂ ਦਾ ਉਪਰੋਕਤ ਲੇਖ ਪੰਜਾਬ ਦੀ ਗਰੀਬ ਕਿਸਾਨੀ ਦੀ ਹਾਲਤ ਦੀ ਵਿਗਿਆਨਕ ਪੜਤਾਲ ਕਰਨ ਦੀ ਥਾਂ ਵਾਰ-ਵਾਰ ਦੁਹਰਾਏ ਜਾਂਦੇ ਗਲਤ ਤਰਕਾਂ ਤੇ ਬਿਨਾਂ ਠੋਸ ਸਬੂਤਾਂ ਤੋਂ ਚੱਲਵੀਆਂ ਗੱਲਾਂ ਦਾ ਜੋੜ ਬਣ ਕੇ ਰਹਿ ਗਿਆ ਹੈ।

**ਭਾਰਤ ਤੇ ਪੰਜਾਬ ਵਿਚ ਸਰਮਾਏਦਾਰੀ ਵਿਕਾਸ ਬਾਰੇ ਸੁੱਚਾ ਸਿੰਘ ਗਿੱਲ ਦੀ ਤੱਥਾਂ ਰਹਿਤ ਗਲਤ ਪੇਸ਼ਕਾਰੀ**

ਲੇਖਕ ਨੇ ਆਪਣੀ ਲਿਖਤ ਵਿਚ ਖਾਸ ਪੰਜਾਬ ਤੇ ਆਮ ਭਾਰਤ ਵਿਚ ਹੋਏ ਸਰਮਾਏਦਾਰਾ ਵਿਕਾਸ ਬਾਰੇ ਵਿਚਾਰ ਪੇਸ਼ ਕਰਦਿਆਂ ਨਾ ਸਿਰਫ਼ ਗਲਤ ਵਿਆਖਿਆ ਕੀਤੀ ਹੈ ਸਗੋਂ ਕਈ ਆਪਾ-ਵਿਰੋਧੀ ਗੱਲਾਂ ਵੀ ਲਿਖੀਆਂ ਹਨ।

ਸੁੱਚਾ ਸਿੰਘ ਗਿੱਲ ਲਿਖਦੇ ਹਨ ਕਿ ਭਾਰਤ ਵਿਚ ਸਨਅਤੀ ਵਿਕਾਸ ਖੇਤੀ ਵਿਚੋਂ ਉਜੜ ਰਹੀ ਆਬਾਦੀ ਨੂੰ ਜਜ਼ਬ ਨਹੀਂ ਕਰ ਸਕਿਆ ਜਿਸ ਕਾਰਨ ਖੇਤੀ ਦਾ ਸੰਕਟ ਗੰਭੀਰ ਹੋ ਗਿਆ ਹੈ। ਪਰ ਸੱਚਾਈ ਇਹ ਹੈ ਕਿ ਪਿਛਲੇ 75 ਸਾਲਾਂ ਵਿਚ ਭਾਰਤ ਵੱਲੋਂ ਅਪਣਾਏ ਸਰਮਾਏਦਾਰਾ ਰਾਹ ਕਾਰਨ ਭਾਰਤ ਦੇ ਪੈਦਾਵਾਰੀ ਸਬੰਧਾਂ ਵਿਚ ਬੁਨਿਆਦੀ ਤਬਦੀਲੀ ਆਈ ਹੈ। 1983 ਦੇ ਕੌਮੀ ਨਮੂਨਾ ਸਰਵੇਖਣ ਮੁਤਾਬਕ ਜਿੱਥੇ ਖੇਤੀ ਵਿਚ ਘਰੇਲੂ ਪਰਿਵਾਰਾਂ ਦਾ 77% ਹਿੱਸਾ ਲੱਗਿਆ ਹੋਇਆ ਸੀ, ਉਹ ਘਟ ਕੇ 2018-19 ਵਿਚ 40% ਦੇ ਆਸ-ਪਾਸ ਹੀ ਰਹਿ ਗਿਆ। ਭਾਵ ਸਪੱਸ਼ਟ ਹੈ ਕਿ ਖੇਤੀ ਵਿਚੋਂ ਬਾਹਰ ਹੋਈ ਇਸ ਗਰੀਬ ਕਿਸਾਨੀ ਦਾ ਵੱਡਾ ਹਿੱਸਾ ਸਨਅਤ ਤੇ ਸੇਵਾ ਖੇਤਰ ਵਿਚ ਜਜ਼ਬ ਹੋਇਆ ਹੈ। 1980 ਵਿਚ ਸਨਅਤੀ ਰੁਜ਼ਗਾਰ ਦਾ ਹਿੱਸਾ ਕਰੀਬ 13% ਤੋਂ ਵਧ ਕੇ ਇਸ ਵੇਲੇ 21% ਤੇ ਸੇਵਾ ਖੇਤਰ ਵਿਚ ਵੱਡੀ ਛਾਲ ਲਾਉਂਦਾ ਹੋਇਆ 1980 ਦੇ 18.6% ਤੋਂ ਵਧ ਕੇ ਲਗਭਗ 33% ਹੋ ਗਿਆ। ਜੇ ਸੁੱਚਾ ਸਿੰਘ ਗਿੱਲ ਮੁਤਾਬਕ ਖੇਤੀ ਤੋਂ ਬਾਹਰ ਰੁਜ਼ਗਾਰ ਪੈਦਾ ਹੋ ਹੀ ਨਹੀਂ ਰਿਹਾ ਤਾਂ ਸਨਅਤ ਤੇ ਸੇਵਾ ਖੇਤਰ ਕਿਉਂ ਵਧਿਆ ਹੈ?

ਦੂਸਰਾ ਅਹਿਮ ਨੁਕਤਾ ਇਹ ਕਿ ਖੇਤੀ ਦਾ ਰੁਜ਼ਗਾਰ ਤੇ ਕੁੱਲ ਘਰੇਲੂ ਪੈਦਾਵਾਰ ਵਿਚ ਹਿੱਸਾ ਘਟਣ ਤੋਂ ਇਹ ਮਤਲਬ ਨਹੀਂ ਕਿ ਇਹ ਨਿਰਪੇਖ ਤੌਰ 'ਤੇ ਘਟਿਆ ਹੈ ਭਾਵ ਖੇਤੀ ਪਹਿਲਾਂ ਤੋਂ ਵੀ ਪੱਛੜ ਗਈ ਹੈ। ਨਹੀਂ! ਇਸਦਾ ਮਤਲਬ ਹੈ ਕਿ ਇਹ ਗੈਰ-ਖੇਤੀ ਖੇਤਰ ਦੇ ਮੁਕਾਬਲੇ ਵਿਚ ਘਟ ਗਿਆ ਹੈ। ਇਸ ਘਟੇ ਹਿੱਸੇ ਦੇ ਬਾਵਜੂਦ ਖੇਤੀ ਅੰਦਰ ਹਰ ਫ਼ਸਲ ਦੀ ਪੈਦਾਵਾਰ ਤੇ ਪ੍ਰਤੀ ਇਕਾਈ ਪੈਦਾਵਾਰ ਦੋਹਾਂ ਵਿਚ ਮਣਾ-ਮੂੰਹੀਂ ਵਾਧਾ ਹੋਇਆ ਹੈ। ਯਕੀਨਨ ਅਜਿਹਾ ਭਾਰਤ ਦੀ ਖੇਤੀ ਦੇ ਸਰਮਾਏਦਾਰਾ ਲੀਹਾਂ 'ਤੇ ਪੈਣ ਕਾਰਨ ਹੋਇਆ ਹੈ ਤੇ ਇਸ ਤੱਥ ਨੂੰ ਤਾਂ ਖੁਦ ਸੁੱਚਾ ਸਿੰਘ ਗਿੱਲ ਵੀ ਤਸਲੀਮ ਕਰਦੇ ਹਨ। ਇੱਕ ਪਾਸੇ ਉਹ ਕਹਿੰਦੇ ਹਨ ਕਿ "ਖੇਤੀ ਵਿਚ ਸਰਮਾਏਦਾਰਾ ਸਿਸਟਮ ਭਾਰੂ ਹੋ ਗਿਆ" ਤੇ ਨਾਲ਼ ਹੀ ਕਹਿੰਦੇ ਹਨ ਕਿ "ਖੇਤੀ ਤੋਂ ਬਾਹਰ ਰੁਜ਼ਗਾਰ ਨਹੀਂ ਮਿਲ਼ ਰਿਹਾ" ਪਰ ਜੇ ਇਨ੍ਹਾਂ ਦਹਾਕਿਆਂ ਵਿਚ ਖੇਤੀ ਤੋਂ ਬਾਹਰ ਰੁਜ਼ਗਾਰ ਹੀ ਨਹੀਂ ਮਿਲ਼ਿਆ ਤਾਂ ਖੇਤੀ ਅੰਦਰ ਸਰਮਾਏਦਾਰਾ ਸਿਸਟਮ ਭਾਰੂ ਕਿਵੇਂ ਹੋ ਗਿਆ? ਆਖਰ ਖੇਤੀ-ਸਨਅਤ-ਸੇਵਾ ਖੇਤਰ ਤਿੰਨੇ ਇੱਕ-ਦੂਜੇ 'ਤੇ ਨਿਰਭਰ ਹਨ। ਅਜਿਹਾ ਕਿਵੇਂ ਹੋ ਗਿਆ ਕਿ ਸਨਅਤ ਤੇ ਸੇਵਾ ਖੇਤਰ ਵਿਕਾਸ ਨਹੀਂ ਕਰ ਰਹੇ ਜਾਣੀ ਉਥੇ ਰੁਜ਼ਗਾਰ ਪੈਦਾ ਨਹੀਂ ਹੋ ਰਿਹਾ ਤੇ ਇਨ੍ਹਾਂ 'ਤੇ ਨਿਰਭਰ ਖੇਤੀ ਖੇਤਰ ਵਿਚ ਸਰਮਾਏਦਾਰਾ ਸਿਸਟਮ "ਭਾਰੂ" ਹੋ ਰਿਹਾ ਹੈ?

ਇਸੇ ਤਰ੍ਹਾਂ ਉਹ ਕਹਿੰਦੇ ਹਨ ਕਿ "ਆਰਥਿਕ ਵਿਕਾਸ ਨਾਲ਼ ਮਸ਼ੀਨੀਕਰਨ" ਹੋਇਆ ਜਿਸ ਕਾਰਨ ਖੇਤੀ ਵਿਚੋਂ ਤਾਂ ਰੁਜ਼ਗਾਰ ਘਟਿਆ ਪਰ ਉਦਯੋਗਿਕ ਤੇ ਸੇਵਾਵਾਂ ਦੇ ਖੇਤਰ ਵਿਚ "ਲੋੜੀਂਦੀ" ਮਾਤਰਾ ਵਿਚ ਰੁਜ਼ਗਾਰ ਪੈਦਾ ਨਹੀਂ ਹੋਇਆ। ਜਾਣੀ ਉਹ ਫੇਰ ਮੰਨਦੇ ਹਨ ਕਿ "ਆਰਥਿਕ ਵਿਕਾਸ" ਹੋਇਆ ਹੈ, "ਮਸ਼ੀਨੀਕਰਨ" ਵੀ ਹੋਇਆ ਹੈ ਤੇ ਦੂਜੇ ਪਾਸੇ ਕਹਿ ਰਹੇ ਨੇ ਕਿ ਗੈਰ-ਖੇਤੀ ਖੇਤਰ ਅੰਦਰ ਰੁਜ਼ਗਾਰ ਪੈਦਾ ਨਹੀਂ ਹੋ ਰਿਹਾ! ਤਾਂ ਫੇਰ ਇਹ ਵਿਕਾਸ ਕਿੱਥੋਂ ਡਿੱਗ ਰਿਹਾ ਹੈ? ਅੱਗੇ ਉਹ ਆਪਣੇ ਬਿਆਨ ਨੂੰ ਥੋੜ੍ਹਾ ਹਿਸਾਬ-ਸਿਰ ਕਰਨ ਲਈ ਸ਼ਬਦ "ਲੋੜੀਂਦਾ" ਵਰਤਦੇ ਹਨ, ਕਿ "ਲੋੜੀਂਦਾ" ਰੁਜ਼ਗਾਰ ਪੈਦਾ ਨਹੀਂ ਹੋਇਆ। ਪਰ ਸਰਮਾਏਦਾਰੀ ਪ੍ਰਬੰਧ ਕਦੇ ਵੀ "ਲੋੜੀਂਦਾ" ਵਿਕਾਸ ਕਰਦਾ ਹੀ ਨਹੀਂ! ਇਹ ਹਮੇਸ਼ਾ ਬੇਰੁਜ਼ਗਾਰਾਂ ਦੀ ਰਾਖਵੀਂ ਫੌਜ ਨੂੰ ਜਨਮ ਦਿੰਦਾ ਹੈ, ਜਿਹੜੀ ਆਰਥਿਕ ਸੰਕਟ ਦੇ ਸਮੇਂ ਵਧਦੀ ਵੀ ਹੈ। ਕਿਰਤੀਆਂ ਦੀ ਪੂਰੀ ਫੌਜ ਨੂੰ ਜਜ਼ਬ ਕਰ ਸਕੇ ਇਹ ਭਾਰਤ ਜਿਹੇ ਪੱਛੜੇ ਸਰਮਾਏਦਾਰਾ ਮੁਲਕ ਦੀ ਤਾਂ ਛੱਡੋ, ਪੱਛਮ ਦੇ ਵਿਕਸਤ ਸਰਮਾਏਦਾਰਾ ਮੁਲਕਾਂ ਲਈ ਵੀ ਸੰਭਵ ਨਹੀਂ। ਅਜਿਹੇ ਤਰਕ ਤੋਂ ਇਹੀ ਲੱਗਦਾ ਹੈ ਕਿ ਹੈ ਲੇਖਕ ਸਰਮਾਏਦਾਰੀ ਪ੍ਰਬੰਧ ਦੇ ਬਿਲਕੁਲ ਮੁੱਢਲੇ ਜਿਹੇ ਨੇਮਾਂ ਨੂੰ ਵੀ ਜਾਂ ਭੁੱਲ ਗਏ ਹਨ ਜਾਂ ਤੱਜ ਗਏ ਹਨ।



**ਗਲਤ ਵਿਆਖਿਆ ਤੋਂ ਪਰਵਾਸੀ ਵਿਰੋਧ ਵੱਲ ਤਿਲਕਣ ਦਾ ਖ਼ਤਰਾ!**

ਇੱਕ ਬੇਹੱਦ ਅਹਿਮ ਨੁਕਤਾ ਪੰਜਾਬ ਅੰਦਰ ਪਰਵਾਸੀਆਂ ਦੇ ਰੁਜ਼ਗਾਰ ਦਾ ਹੈ। ਸੁੱਚਾ ਸਿੰਘ ਗਿੱਲ ਜਦੋਂ ਆਪਣੇ ਲੇਖ ਵਿਚ ਲਿਖਦੇ ਹਨ, "ਹਰੇ ਇਨਕਲਾਬ ਦੇ ਸ਼ੁਰੂ ਦੇ ਸਾਲਾਂ ਵਿਚ ਕੁੱਝ ਛੋਟੀਆਂ ਤੇ ਦਰਮਿਆਨੀਆਂ ਉਦਯੋਗਿਕ ਇਕਾਈਆਂ ਦਾ ਵਿਕਾਸ ਹੋਇਆ ਸੀ। ਇਨ੍ਹਾਂ ਇਕਾਈਆਂ ਵਿਚ ਪੰਜਾਬ ਤੋਂ ਬਾਹਰ ਦੇ ਕਿਰਤੀਆਂ ਨੇ ਬਹੁਤਾ ਰੁਜ਼ਗਾਰ ਲੈ ਲ਼ਿਆ" ਤਾਂ ਉਹ ਜਾਣੇ-ਅਣਜਾਣੇ ਪਰਵਾਸੀ ਵਿਰੋਧ 'ਤੇ ਟਿਕੀ ਫੁੱਟ-ਪਾਊ ਸਿਆਸਤ ਨੂੰ ਹੱਥਾ ਦੇ ਦਿੰਦੇ ਹਨ। ਜੇ ਅਸੀਂ ਪਰਵਾਸ ਦੇ ਵਰਤਾਰੇ ਦੀ ਇਤਿਹਾਸਕ ਪ੍ਰਕਿਰਿਆ, ਸਮਾਜ ਵਿਕਾਸ ਵਿਚ ਇਸਦੀ ਭੂਮਿਕਾ ਆਦਿ 'ਤੇ ਨਾ ਜਾ ਕੇ ਸਿਰਫ਼ ਇੱਕ ਪਹਿਲੂ - ਇਸ ਦੇ ਅਸਲ ਪੈਮਾਨੇ ਦੀ ਹੀ ਚਰਚਾ ਕਰੀਏ ਤਾਂ ਵੀ ਅਸੀਂ ਪਰਵਾਸੀ ਵਿਰੋਧੀ ਸਿਆਸਤ ਕਰਨ ਵਾਲ਼ਿਆਂ ਦੇ ਬੇਤੁਕੇਪਣ ਨੂੰ ਸਮਝ ਲਵਾਂਗੇ।

ਅਦਾਰੇ 'ਭਾਰਤੀ ਅਰਥਚਾਰੇ ਦੇ ਨਿਰੀਖਣ ਕੇਂਦਰ' ਦੀ ਰਿਪੋਰਟ ਮੁਤਾਬਕ ਪੰਜਾਬ ਵਿਚ ਕੁੱਲ ਕਾਮਾ-ਸ਼ਕਤੀ 1.03 ਕਰੋੜ ਹੈ ਤੇ ਅਖਬਾਰ 'ਇਕਨੌਮਿਕ ਟਾਈਮਜ਼' ਦੀ ਰਿਪੋਰਟ ਮੁਤਾਬਕ ਇਨ੍ਹਾਂ ਵਿਚੋਂ 10 ਲੱਖ ਪਰਵਾਸੀ ਮਜ਼ਦੂਰ ਹਨ ਜਾਣੀ ਪਰਵਾਸੀਆਂ ਦੀ ਹਿੱਸੇਦਾਰੀ ਹੈ ਮਹਿਜ਼ 10%! ਰਣਜੀਤ ਸਿੰਘ ਘੁੰਮਣ ਤੇ ਹੋਰਾਂ ਦੀ 2007 ਵਿਚ ਆਈ ਰਿਪੋਰਟ ("ਪੰਜਾਬ ਵਿਚ ਸਥਾਨਕ ਖੇਤੀ ਕਿਰਤ ਦੀ ਸਥਿਤੀ", ਪੰਜਾਬ ਸਰਕਾਰ, 2007) ਵੀ ਵੱਧ-ਘੱਟ ਇਸੇ ਅੰਕੜੇ ਦੀ ਤਸਦੀਕ ਕਰਦੀ ਹੈ। ਜੇ ਕੁੱਲ ਆਬਾਦੀ ਦੀ ਗੱਲ ਕਰਨੀ ਹੋਵੇ ਤਾਂ ਪਰਵਾਸੀਆਂ ਦੀ ਕੁੱਲ ਆਬਾਦੀ 30-40 ਲੱਖ ਦਰਮਿਆਨ ਦੱਸੀ ਜਾਂਦੀ ਹੈ (ਭਾਵੇਂ ਇਨ੍ਹਾਂ ਵਿਚੋਂ ਕਿੰਨੇ ਹੀ ਐਥੇ ਦੋ ਜਾਂ ਤਿੰਨ ਪੀੜ੍ਹੀਆਂ ਤੋਂ ਵੀ ਵੱਧ ਸਮੇਂ ਤੋਂ ਰਹਿੰਦੇ ਹੋਏ ਪੰਜਾਬੀ ਸਮਾਜ ਦਾ ਹੀ ਅਹਿਮ ਅੰਗ ਬਣ ਚੁੱਕੇ ਹਨ) ਜਿਹੜੀ ਕਿ ਪੰਜਾਬ ਦੀ ਕੁੱਲ ਆਬਾਦੀ ਦਾ ਓਹੀ 10-11% ਹੀ ਬਣਦੀ ਹੈ! ਸੋ ਕਹਿਣ ਦਾ ਭਾਵ ਪੰਜਾਬ ਵਿਚ ਮਜ਼ਦੂਰਾਂ ਤੇ ਕੁੱਲ ਆਬਾਦੀ ਦਾ 90% ਸਥਾਨਕ ਲੋਕ ਹੀ ਹਨ! ਕਿਉਂਕਿ ਪਰਵਾਸੀ ਮਜ਼ਦੂਰ ਲੁਧਿਆਣੇ, ਮੋਹਾਲੀ, ਚੰਡੀਗੜ੍ਹ ਆਦਿ ਸ਼ਹਿਰਾਂ ਦੀਆਂ ਬਸਤੀਆਂ ਵਿਚ ਇੱਕ ਥਾਂ ਰਹਿੰਦੇ ਹਨ, ਇਸ ਲਈ ਇਨ੍ਹਾਂ ਦੀ ਮੌਜੂਦਗੀ ਵੱਧ ਪ੍ਰਤੱਖ ਹੈ ਜਦਕਿ ਪੰਜਾਬੀ ਮਜ਼ਦੂਰ ਆਲ਼ੇ-ਦੁਆਲ਼ੇ ਦੇ ਪਿੰਡਾਂ/ਇਲਾਕਿਆਂ ਵਿਚੋਂ ਕੰਮ ਕਰਨ ਕਸਬਿਆਂ/ਸ਼ਹਿਰਾਂ ਵੱਲ ਆਉਂਦੇ-ਜਾਂਦੇ ਹਨ ਇਸ ਕਰਕੇ ਅਕਸਰ ਇਹ ਆਬਾਦੀ ਓਹਲੇ ਹੋ ਜਾਂਦੀ ਹੈ।

ਭਾਰਤ ਪੱਧਰ 'ਤੇ ਜੇ ਅੰਤਰ-ਸੂਬਾਈ ਪਰਵਾਸ ਦੇ ਅੰਕੜਿਆਂ ਨੂੰ ਦੇਖੀਏ ਤਾਂ ਕਈ ਅਖੌਤੀ ਦਾਅਵੇ ਢਹਿ-ਢੇਰੀ ਹੁੰਦੇ ਹਨ। 2011 ਦੇ ਅੰਕੜਿਆਂ ਮੁਤਾਬਕ ਯੂਪੀ ਤੇ ਬਿਹਾਰ ਅੰਤਰ-ਸੂਬਾਈ ਪਰਵਾਸ ਦਾ ਸਭ ਤੋਂ ਵੱਡਾ ਸਰੋਤ ਹਨ। ਇਨ੍ਹਾਂ ਦੋਹਾਂ ਸੂਬਿਆਂ ਵਿਚੋਂ ਕ੍ਰਮਵਾਰ 83 ਲੱਖ ਤੇ 63 ਲੱਖ ਲੋਕਾਂ ਨੇ ਆਪਣੇ ਸੂਬੇ ਛੱਡ ਕੇ ਹੋਰਾਂ ਇਲਾਕਿਆਂ ਨੂੰ ਅਸਥਾਈ/ਸਥਾਈ ਪਰਵਾਸ ਕੀਤਾ ਭਾਵ ਸੂਬੇ ਦੀ ਕੁੱਲ ਆਬਾਦੀ ਵਿਚ ਹਿੱਸਾ ਬਣਿਆ ਮਹਿਜ਼ 4.15% ਤੇ 6%! ਦੂਜੇ ਪਾਸੇ ਮਹਾਰਾਸ਼ਟਰਾ 2011 ਤੱਕ 60 ਲੱਖ ਪਰਵਾਸੀਆਂ ਦੀ ਆਮਦ ਨਾਲ਼ ਭਾਰਤ ਦਾ ਸਭ ਤੋਂ ਵੱਡਾ ਲੈਣਹਾਰ ਸੂਬਾ ਸੀ ਭਾਵ ਪਰਵਾਸ ਦੀ ਪਸੰਦੀਦਾ ਥਾਂ ਸੀ ਤੇ ਮਹਾਰਾਸ਼ਟਰਾ ਦੀ ਆਬਾਦੀ 2011 ਵਿਚ 11.23 ਕਰੋੜ ਸੀ ਭਾਵ ਸਭ ਤੋਂ ਵੱਧ ਪਰਵਾਸੀਆਂ ਨੂੰ ਜਜ਼ਬ ਕਰਨ ਵਾਲ਼ੇ ਸੂਬੇ ਅੰਦਰ ਪਰਵਾਸੀਆਂ ਦੀ ਗਿਣਤੀ ਕੁੱਲ ਆਬਾਦੀ ਦਾ ਮਹਿਜ਼ 5.34% ਬਣੀ। ਮਹਾਰਾਸ਼ਟਰਾ ਤੋਂ ਬਾਅਦ ਵਾਰੀ ਆਉਂਦੀ ਹੈ ਦਿੱਲੀ, ਗੁਜਰਾਤ ਤੇ ਦੱਖਣੀ ਸੂਬਿਆਂ ਦੀ; ਪੰਜਾਬ ਦਾ ਨੰਬਰ ਤਾਂ ਬਹੁਤ ਬਾਅਦ ਵਿਚ ਆਉਂਦਾ ਹੈ। ਸੋ ਪੰਜਾਬ ਦੇ ਸਰੋਤਾਂ, ਨੌਕਰੀਆਂ ਆਦਿ 'ਤੇ ਪਰਵਾਸੀਆਂ ਦਾ ਕਬਜ਼ਾ ਹੋਣ ਦਾ ਹਊਆ ਖੜ੍ਹਾ ਕਰਨਾ ਸਿਰੇ ਦੀ ਪਿਛਾਂਹ-ਖਿੱਚੂ ਸਿਆਸਤ ਨੂੰ ਹੀ ਹਵਾ ਦੇ ਕੇ ਪੰਜਾਬ ਦਾ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼ ਹੈ ਤੇ ਕਿਤੇ ਨਾ ਕਿਤੇ ਸੁੱਚਾ ਸਿੰਘ ਗਿੱਲ ਆਪਣੇ ਗਲਤ ਦਾਅਵੇ ਨਾਲ਼ ਅਜਿਹੀ ਸਿਆਸਤ ਨੂੰ ਬੌਧਿਕ ਹੱਥਾ ਦਿੰਦੇ ਨਜ਼ਰ ਆਉਂਦੇ ਹਨ।

**ਸਹਿਕਾਰੀ ਖੇਤੀ – ਸੁੱਚਾ ਸਿੰਘ ਗਿੱਲ ਦਾ ਪਿਛਾਂਹ-ਖਿੱਚੂ ਯੂਟੋਪੀਆ**

ਲੇਖ ਦੇ ਅਖੀਰਲੇ ਹਿੱਸੇ ਵਿਚ ਸੁੱਚਾ ਸਿੰਘ ਗਿੱਲ ਨੇ ਗਰੀਬ ਕਿਸਾਨੀ ਦੇ ਉਜਾੜੇ ਨੂੰ ਰੋਕਣ ਲਈ ਸਹਿਕਾਰੀ ਖੇਤੀ ਦੇ ਮਾਡਲ ਨੂੰ ਅਪਣਾਉਣ 'ਤੇ ਜ਼ੋਰ ਦਿੱਤਾ ਹੈ ਤੇ ਨਾਲ਼ ਹੀ ਕਰਜ਼ੇ ਦੇ ਮੱਕੜ-ਜਾਲ ਨੂੰ ਤੋੜਨ ਤੇ ਕਿਸਾਨਾਂ ਦੀ ਆਮਦਨ ਵਧਾਉਣ ਲਈ ਘੱਟੋ-ਘੱਟੋ ਸਮਰਥਨ ਮੁੱਲ ਦੀ ਮੰਗ ਵੀ ਕੀਤੀ ਹੈ। ਪਰ ਸੁੱਚਾ ਸਿੰਘ ਗਿੱਲ ਨੇ ਕਿਸਾਨੀ ਸਿਰ ਕਰਜ਼ੇ ਦੀ ਪੇਸ਼ਕਾਰੀ ਕਰਦੇ ਸਮੇਂ ਕਿਸਾਨੀ ਦੀਆਂ ਵੱਖ-ਵੱਖ ਪਰਤਾਂ ਦੀ ਕੋਈ ਗੱਲ ਨਹੀਂ ਕੀਤੀ ਜਿਸ ਨਾਲ਼ ਇਸ ਮਸਲੇ ਦੀ ਕੋਈ ਸਹੀ ਸਮਝ ਨਹੀਂ ਬਣ ਪਾਉਂਦੀ। ਕਰਜ਼ੇ ਦੀ ਗੱਲ ਕਰਦਿਆਂ ਗਰੀਬ ਕਿਸਾਨੀ ਨੂੰ ਅਮੀਰ ਕਿਸਾਨੀ ਨਾਲ਼ੋਂ ਵੱਖ ਕਰ ਕੇ ਵੇਖਣਾ ਬਣਦਾ ਹੈ। ਧਨੀ ਕਿਸਾਨੀ ਲਈ ਕਰਜ਼ਾ ਇੱਕ ਵਰਦਾਨ ਹੈ ਕਿਉਂਕਿ ਇਹ ਸੰਸਥਾਗਤ ਸਰੋਤਾਂ ਤੋਂ ਸਸਤਾ ਕਰਜ਼ਾ ਹਾਸਲ ਕਰ ਕੇ ਉਸ ਨੂੰ ਆਪਣੀ ਖੇਤੀ ਤੇ ਮੁਨਾਫਾ ਵਧਾਉਣ ਲਈ ਵਰਤਦੀ ਹੈ। ਕਰਜ਼ੇ ਦੇ ਇਨ੍ਹਾਂ ਸਰੋਤਾਂ ਉੱਪਰ ਪੂਰੀ ਤਰ੍ਹਾਂ ਧਨੀ ਕਿਸਾਨੀ ਦਾ ਦਬਦਬਾ ਹੈ ਜਦਕਿ ਛੋਟੇ ਕਿਸਾਨ ਕੁੱਲ ਕਿਸਾਨ ਪਰਿਵਾਰਾਂ ਦਾ 86.2% ਹੋਣ ਦੇ ਬਾਵਜੂਦ ਵੀ ਸੰਸਥਾਗਤ ਕਰਜ਼ੇ ਦਾ 40% ਵੀ ਨਹੀਂ ਬਣਦੇ ਤੇ ਉਨ੍ਹਾਂ ਨੂੰ ਆਪਣੀਆਂ ਕਰਜ਼ਾ ਲੋੜਾਂ ਲਈ ਆਮ ਤੌਰ 'ਤੇ ਧਨੀ ਕਿਸਾਨੀ 'ਤੇ ਹੀ ਨਿਰਭਰ ਹੋਣਾ ਪੈਂਦਾ ਹੈ। 10 ਏਕੜ ਤੋਂ ਉੱਪਰ ਦੀ ਮਾਲਕੀ ਵਾਲ਼ੇ ਕਿਸਾਨ ਗਿਣਤੀ ਪੱਖੋਂ ਸਿਰਫ਼ 4% ਹੋਣ ਦੇ ਬਾਵਜੂਦ ਕਿਸਾਨੀ ਸਿਰ ਕੁੱਲ ਕਰਜ਼ੇ ਵਿਚ 60% ਦੇ ਹਿੱਸੇਦਾਰ ਹਨ (ਸਰੋਤ – ਕੌਮੀ ਨਮੂਨਾ ਸਰਵੇਖਣ ਸੰਸਥਾਨ ਦੀ 2013 ਦੀ ਰਿਪੋਰਟ ਤੇ ਆਰ ਬੀ ਆਈ ਵੱਲ਼ੋਂ 2016-17 ਵਿਚ ਸੰਸਦੀ ਕਮੇਟੀ ਮੂਹਰੇ ਪੇਸ਼ ਰਿਪੋਰਟ) ਧਨੀ ਕਿਸਾਨੀ ਇਹ ਕਰਜ਼ਾ ਲੈ ਕੇ ਆਪਣੀ ਖੇਤੀ ਨੂੰ ਵਧਾ ਰਹੀ ਹੈ ਤੇ ਮੁਕਾਬਲੇ ਵਿਚ ਛੋਟੀ ਕਿਸਾਨੀ ਨੂੰ ਬਾਹਰ ਕਰ ਰਹੀ ਹੈ। ਇਸੇ ਲਈ ਕਿਸਾਨਾਂ ਦੀ ਕਰਜ਼ਾ ਮੁਆਫ਼ੀ ਦੀ ਮੰਗ ਅਸਲ ਵਿਚ ਇਸ ਧਨੀ ਕਿਸਾਨੀ ਨੂੰ ਹੋਰ ਫਾਇਦਾ ਪਹੁੰਚਾਉਣ ਵਾਲ਼ੀ ਹੈ ਜਦਕਿ ਗਰੀਬ ਕਿਸਾਨੀ ਜਿਸ ਦੀ ਬੈਂਕਾਂ ਤੇ ਹੋਰ ਸੰਸਥਾਗਤ ਸਰੋਤਾਂ ਤੱਕ ਪਹੁੰਚ ਨਹੀਂ, ਉਸ ਨੂੰ ਇਨ੍ਹਾਂ ਕਰਜ਼ਾ ਮੁਆਫ਼ੀਆਂ ਦਾ ਭੋਰਾ ਫਾਇਦਾ ਨਹੀਂ ਹੁੰਦਾ।

ਇਸੇ ਤਰ੍ਹਾਂ ਮੰਡੀਆਂ ਵਿਚ ਜਿਣਸਾਂ ਦੇ ਭਾਅ ਵਧਾਉਣ ਦੀ ਮੰਗ ਭਾਵ ਘੱਟੋ-ਘੱਟ ਸਮਰਥਨ ਮੁੱਲ ਵਧਾਉਣ ਦੀ ਮੰਗ ਇਸੇ ਧਨੀ ਕਿਸਾਨੀ ਨੂੰ ਫਾਇਦਾ ਪਹੁੰਚਾਉਂਦੀ ਹੈ ਜਿਸਦੀ ਫਸਲ ਮੰਡੀਆਂ ਦਾ ਵੱਡਾ ਹਿੱਸਾ ਬਣਦੀ ਹੈ। ਇਸ ਮੰਗ ਦਾ ਮੁਲਕ ਦੀ ਵੱਡੀ ਬਹੁ-ਗਿਣਤੀ ਕਿਰਤੀ ਆਬਾਦੀ, ਸ਼ਹਿਰੀ ਤੇ ਪੇਂਡੂ ਮਜ਼ਦੂਰ, ਅਰਧ-ਮਜ਼ਦੂਰ, ਸ਼ਹਿਰੀ ਮੱਧ-ਵਰਗ ਨੂੰ ਨਾ ਸਿਰਫ਼ ਕੋਈ ਫਾਇਦਾ ਨਹੀਂ ਸਗੋਂ ਇਹ ਇਨ੍ਹਾਂ ਦੇ ਉਲਟ ਭੁਗਤਦੀ ਮੰਗ ਹੈ। ਅੱਜ ਦੇਸ਼ ਦੀ ਕੁੱਲ ਕਿਰਤ ਸ਼ਕਤੀ 'ਚ ਕਿਸਾਨੀ ਸਿਰਫ 24% ਰਹਿ ਗਈ ਹੈ। ਇਸ 24% 'ਚੋਂ ਅੱਗੇ 65% ਕਿਸਾਨ ਸੀਮਾਂਤ ਅਤੇ ਛੋਟੇ ਕਿਸਾਨ ਹਨ, ਜਿਨ੍ਹਾਂ ਦਾ ਖੇਤੀ ਜਿਣਸਾਂ ਦੇ ਭਾਅ ਵਧਣ 'ਚ ਕੋਈ ਹਿੱਤ ਨਹੀਂ। ਇਸ ਲਈ ਖੇਤੀ ਜਿਣਸਾਂ ਦੇ ਲਾਹੇਵੰਦੇ ਭਾਅ ਦਾ ਮੁੱਖ ਫਾਇਦਾ ਨਿਗੂਣੀ ਜੇਹੀ ਘੱਟ ਗਿਣਤੀ ਧਨੀ ਕਿਸਾਨੀ ਨੂੰ ਹੁੰਦਾ ਹੈ, ਜਿਹੜੀ ਵਧੇ ਮੁਨਾਫ਼ਿਆਂ ਨਾਲ਼ ਸਭ ਤੋਂ ਪਹਿਲਾਂ ਉਸੇ ਗਰੀਬ ਕਿਸਾਨੀ ਦੀਆਂ ਜ਼ਮੀਨਾਂ ਖਰੀਦ ਕੇ ਉਨ੍ਹਾਂ ਨੂੰ ਖੇਤੀ ਤੋਂ ਫ਼ਾਰਗ ਕਰੇਗੀ ਜਿਸ ਗਰੀਬ ਕਿਸਾਨੀ ਨੂੰ ਬਚਾਉਣ ਦੀ ਗੱਲ ਸੁੱਚਾ ਸਿੰਘ ਗਿੱਲ ਕਰਦੇ ਹਨ।

ਅੰਤ ਵਿਚ ਲੇਖਕ ਨੇ ਸਹਿਕਾਰੀ ਖੇਤੀ ਦੇ ਮਾਡਲ ਨੂੰ ਅਪਣਾਉਣ ਦੀ ਗੱਲ ਕਹੀ ਹੈ। ਸਰਮਾਏਦਾਰਾ ਪ੍ਰਬੰਧ ਤਹਿਤ ਸਹਿਕਾਰੀ ਖੇਤੀ ਦਾ ਮਾਡਲ ਇੱਕ ਪਿਛਾਂਹ-ਖਿੱਚੂ ਯੂਟੋਪੀਏ ਤੋਂ ਵਧ ਕੇ ਹੋਰ ਕੁੱਝ ਨਹੀਂ। ਜੇ ਬਹੁਤ ਸਾਰੇ ਕਿਸਾਨ ਮਿਲ਼ ਕੇ ਵੱਖ-ਵੱਖ ਸਹਿਕਾਰੀ ਖੇਤ ਕਾਇਮ ਕਰ ਵੀ ਲੈਣ ਤਾਂ ਵੀ ਐਥੇ ਸਰਮਾਏਦਾਰੀ ਪ੍ਰਬੰਧ ਦੇ ਨੇਮ ਹੀ ਲਾਗੂ ਹੋਣਗੇ। ਆਪਸੀ ਮੁਕਾਬਲੇਬਾਜ਼ੀ ਵਿਚ ਜ਼ਿਆਦਾ ਵੱਡੇ ਤੇ ਬਿਹਤਰ ਸਾਧਨਾਂ ਵਾਲ਼ੇ ਸਹਿਕਾਰੀ ਖੇਤ ਦੂਜਿਆਂ ਦੇ ਮੁਕਾਬਲੇ ਬਿਹਤਰ ਹਾਲਤ ਵਿਚ ਹੋਣਗੇ ਤੇ ਅੰਤ ਨੂੰ ਬਹੁਤ ਸਾਰੇ ਛੋਟੇ, ਪੱਛੜੇ ਸਹਿਕਾਰੀ ਖੇਤ ਮੁਕਾਬਲੇ ਵਿਚ ਉਜੜ ਜਾਣਗੇ। ਦੂਸਰਾ ਇੱਕ ਸਹਿਕਾਰੀ ਖੇਤ ਦੇ ਅੰਦਰ ਵੀ ਗੈਰ-ਬਰਾਬਰੀ ਨਾ ਸਿਰਫ਼ ਮੌਜੂਦ ਰਹੇਗੀ ਸਗੋਂ ਵਧੇਗੀ। ਜਿਉਂ-ਜਿਉਂ ਅਜਿਹਾ ਖੇਤ ਵੱਡਾ ਹੁੰਦਾ ਜਾਵੇਗਾ ਉਵੇਂ-ਉਵੇਂ ਵਧੇਰੇ ਸਰਮਾਇਆ ਇਸ ਵਿਚ ਨਿਵੇਸ਼ ਕਰਨ ਵਾਲ਼ੇ ਕਿਸਾਨਾਂ ਨੂੰ ਮੁਨਾਫੇ ਦਾ ਵੱਡਾ ਹਿੱਸਾ ਮਿਲ਼ੇਗਾ ਤੇ ਛੋਟਿਆਂ ਨੂੰ ਘੱਟ ਤੇ ਇਸ ਤਰ੍ਹਾਂ ਇੱਕ ਸਹਿਕਾਰੀ ਖੇਤ ਦੇ ਅੰਦਰ ਗੈਰ-ਬਰਾਬਰੀ ਵਧਦੀ ਜਾਵੇਗੀ। ਤੀਸਰਾ, ਜਿਹੜੇ ਥੋੜ੍ਹੇ-ਬਹੁਤ ਸਹਿਕਾਰੀ ਖੇਤ ਵੱਡ-ਅਕਾਰੀ ਬਣ ਵੀ ਜਾਣਗੇ ਉਹ ਵੱਧ ਤੋਂ ਵੱਧ ਉਜਰਤੀ ਮਜ਼ਦੂਰਾਂ ਦੀ ਲੁੱਟ 'ਤੇ ਨਿਰਭਰ ਹੁੰਦੇ ਜਾਣਗੇ। ਦੁਨੀਆਂ ਦਾ ਇਤਿਹਾਸ ਇਹੀ ਦੱਸਦਾ ਹੈ ਕਿ ਸਰਮਾਏਦਾਰਾ ਪ੍ਰਬੰਧ ਅਧੀਨ ਸਹਿਕਾਰੀ ਖੇਤੀ ਨਾਲ਼ ਕਿਸਾਨੀ ਦੀ ਹਾਲਤ ਸੁਧਾਰਨ ਦਾ ਦਾਅਵਾ ਇੱਕ ਰੁਮਾਂਸਮਈ ਸੁਪਨੇ ਤੋਂ ਵਧ ਕੇ ਕੁੱਝ ਨਹੀਂ ਤੇ ਇਨ੍ਹਾਂ ਦਾ ਨਾਕਾਮ ਹੋਣਾ ਤੈਅ ਹੈ।

ਅੱਜ ਗਰੀਬ ਕਿਸਾਨੀ ਦੀ ਸਰਮਾਏਦਾਰਾ ਪ੍ਰਬੰਧ ਤਹਿਤ ਹੋ ਰਹੀ ਦੁਰਦਸ਼ਾ ਦਾ ਹੱਲ ਜ਼ਮੀਨ ਦੀ ਮੁੜ ਸਿਰਿਓਂ ਵੰਡ ਜਾਂ ਸਹਿਕਾਰੀ ਖੇਤੀ ਦੇ ਮਾਡਲ ਨਹੀਂ ਸਗੋਂ ਜ਼ਮੀਨ ਦਾ ਸਮੂਹੀਕਰਨ ਹੈ ਪਰ ਇਹ ਸਮੂਹੀਕਰਨ ਸਿਰਫ਼ ਸਮਾਜਵਾਦੀ ਪ੍ਰਬੰਧ ਤਹਿਤ ਹੀ ਸੰਭਵ ਹੋ ਸਕਦਾ ਹੈ। ਪਰ ਸਮਾਜਵਾਦੀ ਪ੍ਰਬੰਧ ਤੇ ਇਸ ਤਹਿਤ ਕਿਸਾਨੀ ਦੀ ਹਾਲਤ ਬਿਹਤਰ ਕਰਨ ਦੇ ਸਫ਼ਲ ਤਜਰਬਿਆਂ ਬਾਰੇ ਸੁੱਚਾ ਸਿੰਘ ਗਿੱਲ ਦੀ ਕਲਮ ਚੁੱਪ ਰਹਿ ਕੇ ਤੇ ਇਸੇ ਲੁੱਟ ਆਧਾਰਿਤ ਸਰਮਾਏਦਾਰ ਪ੍ਰਬੰਧ ਤਹਿਤ ਗਰੀਬ ਕਿਸਾਨੀ ਦੇ ਚੰਗੇ ਭਵਿੱਖ ਦਾ ਛਲਾਵਾ ਦੇ ਕੇ ਤਲਖ਼ ਹਕੀਕਤਾਂ ਤੋਂ ਮੂੰਹ ਮੋੜਨ ਦੀ ਅਸਫਲ ਕੋਸ਼ਿਸ਼ ਕਰਦੀ ਹੈ।

---

## ਕਾਵਿ ਵਿਅੰਗ

### ਵਿਹਾਰ

ਕਰਦੇ ਗੱਲਾਂ ਨੇ ਬਹੁਤ ਘਨੇਰੀਆਂ ਜੋ, ਵਿਰਲ ਹੁੰਦੀ ਹੈ ਉਨ੍ਹਾਂ ਦੇ ਵਿਹਾਰ ਦੇ ਵਿਚ।
ਪੂਜਾ ਕਰਦੇ ਜੋ ਨਿੱਜੀ ਸੁਆਰਥਾਂ ਦੀ, ਹੁੰਦੀ ਖੋਟ ਹੈ ਉਨ੍ਹਾਂ ਦੇ ਪਿਆਰ ਦੇ ਵਿਚ।
ਉਦੋਂ ਰੱਬ ਨੂੰ ਵੀ ਦੱਸਦਾ ਹੈ ਟੱਬ ਬੰਦਾ, ਹੁੰਦਾ ਜਦੋਂ ਹੈ ਉਹ ਪੂਰੇ ਹੰਕਾਰ ਦੇ ਵਿਚ।
ਛੜੇ ਛਾਂਡ ਨੂੰ ਹੁੰਦਾ ਇਹ ਸੁੱਖ 'ਚੋਹਲਾ', ਜਾਣਾ ਪੈਂਦਾ ਨਾ ਬਹੁਤਾ ਬਾਜ਼ਾਰ ਦੇ ਵਿਚ।

----0----

### ਸਵਾਲ

ਸੁੱਖਣਾ ਸੁੱਖ ਕੇ ਲਿਆ ਸੀ ਪੁੱਤ ਜਿਹੜਾ, ਪੁੱਛਣਾ ਛੱਡਤਾ ਹਾਲ ਉਸ ਮਾਪਿਆਂ ਦਾ।
ਕਾਰੋਬਾਰ 'ਚ ਰਹਿੰਦਾ ਹੈ ਬਿਜ਼ੀ ਬਹੁਤਾ, ਕਰਤਾ ਘੱਟ ਖ਼ਿਆਲ ਉਸ ਮਾਪਿਆਂ ਦਾ।
ਘੜੀ ਪਲ ਦਾ ਲੋੜਦੇ ਨੇ ਸਾਥ ਕੇਵਲ, ਨਹੀਂ ਕੋਈ ਹੋਰ ਸਵਾਲ ਉਸ ਮਾਪਿਆਂ ਦਾ।
ਮਾੜੀ ਜਿਨ੍ਹਾਂ ਦੀ ਹੋਵੇ ਔਲਾਦ 'ਚੋਹਲਾ', ਹੁੰਦਾ ਹਾਲ ਬੇਹਾਲ ਉਸ ਮਾਪਿਆਂ ਦਾ।

*-ਰਮੇਸ਼ ਬੱਗਾ ਚੋਹਲਾ*

# ਅਜਮੇਰ ਔਲਖ ! ਤੂੰ ਕਿਤੇ ਨਹੀਂ ਗਿਆ ! (3)

***ਅਜਮੇਰ ਔਲਖ ਨੇ ਆਪਣੇ ਨਾਟਕਾਂ ਵਿਚ ਛੋਟੀ ਕਿਸਾਨੀ ਦੀ ਬਾਤ ਨਿਆਰੇ ਢੰਗ ਨਾਲ ਪਾਈ ਹੈ। ਉਨ੍ਹਾਂ ਦੀਆਂ ਰਚਨਾਵਾਂ ਮਨੁੱਖੀ ਸਰੋਕਾਰਾਂ ਲਈ ਤਾਂਘਦੀਆਂ ਪਾਠਕਾਂ ਦੇ ਦਿਲਾਂ ਅੰਦਰ ਤਾਂਘ ਦੀਆਂ ਤਰਬਾਂ ਛੇੜਦੀਆਂ ਹਨ। ਉਘੇ ਲਿਖਾਰੀ ਵਰਿਆਮ ਸਿੰਘ ਸੰਧੂ ਨੇ ਆਪਣੇ ਇਸ ਸ਼ਬਦ ਚਿੱਤਰ ਵਿਚ ਆਪਣੇ ਮਿੱਤਰ ਅਜਮੇਰ ਔਲਖ ਦੀਆਂ ਇਨ੍ਹਾਂ ਤਾਂਘਾਂ ਨੂੰ ਬਹੁਤ ਰੀਝ ਤੇ ਨੀਝ ਨਾਲ ਫੜਿਆ ਹੈ ਅਤੇ ਉਸ ਸ਼ਖਸ ਨਾਲ ਮਿਲਾਇਆ ਹੈ ਜਿਸ ਦਾ ਦਿਲ ਸਦਾ ਅਵਾਮ ਲਈ ਧੜਕਦਾ ਰਿਹਾ ਹੈ। ਇਸ ਲੰਮੇ ਲੇਖ ਦੀ ਤੀਜੀ ਅਤੇ ਆਖਰੀ ਕਿਸ਼ਤ ਅਸੀਂ ਆਪਣੇ ਪਾਠਕਾਂ ਦੇ ਰੂ-ਬ-ਰੂ ਕਰ ਰਹੇ ਹਾਂ।***

*(ਕੁਝ ਤਕਨੀਕੀ ਕਾਰਨਾਂ ਕਰ ਕੇ ਇਹ ਕਿਸ਼ਤ ਪਿਛਲੇ ਅੰਕ ਵਿਚ ਛਪਣੋਂ ਰਹਿ ਗਈ ਸੀ)*

## ਰੱਜੀ ਹੋਈ ਰੂਹ

ਅਸੀਂ ਵੇਖਿਆ ਹੈ ਕਿ ਅੱਜ ਕੱਲ੍ਹ ਸਾਡੇ ਸਾਹਿਤਕਾਰ ਵਿਦੇਸ਼ਾਂ ਵਿਚ ਗੇੜਾ ਮਾਰਨ ਲਈ ਅਨੇਕਾਂ ਹਰਬੇ ਵਰਤਦੇ ਰਹਿੰਦੇ ਹਨ। ਪਰਵਾਸੀ ਲੇਖਕਾਂ ਦੀਆਂ 'ਰੱਦੀ' ਲਿਖਤਾਂ ਨੂੰ ਸੋਨੇ ਦੇ ਭਾਅ ਤੋਲ ਕੇ ਉਹਨਾਂ ਦਾ ਮੁੱਲ ਵੱਟਦੇ ਹਨ। ਏਧਰੋਂ ਓਧਰੋਂ ਜੋ ਹੱਥ ਲੱਗੇ, ਸਮੇਟਣ ਦੀ ਕਰਦੇ ਹਨ। ਪੈਸੇ, ਕੱਪੜੇ, ਸ਼ਰਾਬਾਂ ਤੇ ਹੋਰ ਕਈ ਕੁਝ।

ਅਜਮੇਰ ਔਲਖ ਨੇ ਵੀ ਵਿਦੇਸ਼ਾਂ ਦੇ ਕਈ



ਦੌਰੇ ਕੀਤੇ। ਉਹਨੂੰ ਬੜੇ ਮਾਣ-ਸਨਮਾਨ ਨਾਲ ਬੁਲਾਇਆ ਜਾਂਦਾ। ਉਹ ਬਾਹਰ ਜਾ ਕੇ ਨਾਟਕਾਂ ਦੀ ਤਿਆਰੀ ਕਰਵਾਉਂਦਾ। ਨਾਟਕ ਖੇਡਦਾ। ਉਹਦੇ ਕੋਲ ਅਜਿਹੇ ਪ੍ਰਸੰਸਕਾਂ ਦੀ

**ਵਰਿਆਮ ਸਿੰਘ ਸੰਧੂ**
**ਫੋਨ: 747-535-1539**

ਘਾਟ ਨਹੀਂ ਸੀ ਜਿਹੜੇ ਉਹਦੇ ਲਈ ਤੋਹਫ਼ਿਆਂ ਤੇ ਡਾਲਰਾਂ ਦੇ ਢੇਰ ਲਾ ਦੇਣ ਪਰ ਉਹ ਫ਼ਕੀਰ ਆਦਮੀ ਸੀ। ਕਿਸੇ ਵੀ ਕਿਸਮ ਦੇ ਲਾਲਚ ਤੋਂ ਰਹਿਤ।

ਜਦੋਂ ਉਹ ਕੁਝ ਸਾਲ ਪਹਿਲਾਂ ਭੈਣ ਮਨਜੀਤ ਨਾਲ ਕੈਨੇਡਾ ਵਿਚ ਡਰਾਮਾ ਖੇਡਣ ਆਇਆ ਤਾਂ ਅਸੀਂ ਉਸ ਨਾਲ ਟਰਾਂਟੋ ਵੱਸਦੇ ਲੇਖਕਾਂ ਨੇ ਨਿਰੋਲ ਨਿੱਜੀ ਲੇਖਕ-ਮਿਲਣੀ ਦਾ ਪ੍ਰਬੰਧ ਕੀਤਾ। ਉਹਨੇ ਆਪਣੇ ਸੰਬੋਧਨ ਵਿਚ ਆਪਣੀ ਬਿਮਾਰੀ ਦਾ ਜ਼ਿਕਰ ਤੱਕ ਨਾ ਕੀਤਾ। ਜ਼ਿਕਰ ਸੀ ਤਾਂ ਨਾਟਕਾਂ ਦਾ, ਆਪਣੇ ਨਿਰੰਤਰ ਸਮਾਜੀ-ਸਿਆਸੀ ਜੀਵਨ-ਸੰਘਰਸ਼ ਦਾ। ਉਹਨੇ ਆਪਣੀ ਬਿਮਾਰੀ ਦੀ ਥਾਂ ਸਮਾਜ ਤੇ ਸਿਆਸਤ ਨੂੰ ਲੱਗੇ ਕੋਹੜ ਤੇ ਕੈਂਸਰ ਦਾ ਜ਼ਿਕਰ ਕੀਤਾ ਤੇ ਅੰਤ ਤੱਕ ਇਸ ਬਿਮਾਰੀ ਨਾਲ ਲੜਨ ਦਾ ਆਪਣਾ ਅਹਿਦ ਦੁਹਰਾਇਆ। ਆਪਣੀ ਬਿਮਾਰੀ 'ਤੇ ਦੁੱਖਾਂ ਦਾ ਬਖ਼ਾਨ ਕਰ ਕੇ ਹਮਦਰਦੀ ਬਟੋਰਨਾ ਤੇ ਜੇ ਥੋੜ੍ਹਾ ਕੁ ਹੋਰ ਆਖ ਦਈਏ, ਹੋਰਨਾਂ ਵਾਂਗ ਡਾਲਰ ਬਟੋਰਨਾ, ਉਹਦੇ ਸੁਭਾਅ ਦਾ ਹਿੱਸਾ ਹੀ ਨਹੀਂ ਸੀ। ਉਹ ਧੁਰੋਂ ਰਾਜ਼ੀ ਤੇ ਰੱਜੀ ਰੂਹ ਸੀ। ਸਦਾ ਚੜ੍ਹਦੀ ਕਲਾ ਵਿਚ ਰਹਿਣ ਵਾਲੀ ਰੂਹ।

## ਦਿਲਚਸਪ ਪ੍ਰਸੰਗ

ਇਹ ਨਹੀਂ ਕਿ ਉਹ ਉਦਾਸ ਨਹੀਂ ਹੁੰਦਾ ਹੋਵੇਗਾ ਪਰ ਉਹਦੀ ਉਦਾਸੀ ਦੇ ਪ੍ਰਸੰਗ ਹੋਰ ਸਨ।

ਔਲਖ ਨੂੰ ਟਰਾਂਟੋ ਦੀ ਤਰਕਸ਼ੀਲ ਸੁਸਾਇਟੀ ਨੇ ਆਪਣੇ ਸਾਲਾਨਾ ਮੇਲੇ 'ਤੇ ਨਾਟਕ ਖੇਡਣ ਲਈ ਇੰਡੀਆ ਤੋਂ ਬੁਲਾਇਆ ਸੀ। ਔਲਖ ਨੇ ਡੇਢ ਦੋ ਮਹੀਨੇ ਪਹਿਲਾਂ ਆ ਕੇ ਨਾਟਕ ਲਈ ਢੁਕਵੇਂ ਐਕਟਰਾਂ ਦੀ ਭਾਲ ਕੀਤੀ। ਉਨ੍ਹਾਂ ਨੂੰ ਟਰੇਨਿੰਗ ਦਿੱਤੀ। ਰੀਹਰਸਲਾਂ ਕਰਵਾਈਆਂ। ਤਰਕਸ਼ੀਲ ਸੁਸਾਇਟੀ ਵਾਲੇ ਪ੍ਰੋਗਰਾਮ 'ਤੇ ਮੈਂ ਬਿਮਾਰ ਹੋਣ ਕਰ ਕੇ ਚਾਹੁੰਦਿਆਂ ਹੋਇਆਂ ਵੀ ਪਹੁੰਚ ਨਾ ਸਕਿਆ ਤਾਂ ਅਗਲੇ ਅਗਲੇਰੇ ਦਿਨ ਮੇਰਾ ਬਿਮਾਰ ਹੋਣਾ ਸੁਣ ਕੇ ਔਲਖ ਮੈਨੂੰ ਘਰ ਮਿਲਣ ਆਇਆ। ਮੈਂ ਨਾਟਕ ਬਾਰੇ ਜਾਨਣਾ ਚਾਹਿਆ ਤਾਂ ਪਰੇਸ਼ਾਨ ਤੇ ਉਦਾਸ ਹੋਏ ਔਲਖ ਨੇ ਦੱਸਿਆ ਕਿ ਸੁਸਾਇਟੀ ਵਾਲੇ ਪਹਿਲਾਂ ਹੋਰ ਪ੍ਰੋਗਰਾਮ ਕਰਦੇ ਰਹੇ। ਕਦੀ ਗਾਉਣ-ਵਜਾਉਣ ਦਾ, ਕਦੀ ਜਾਦੂ ਟੂਣਿਆਂ ਬਾਰੇ। ਜਦੋਂ ਨਾਟਕ ਖੇਡਿਆ ਜਾਣ ਲੱਗਾ ਤਾਂ ਅਜੇ ਅੱਧਾ ਕੁ ਨਾਟਕ ਹੋਇਆ ਸੀ ਕਿ ਹਾਲ ਦੀ ਬੁਕਿੰਗ ਦਾ ਟਾਈਮ ਖ਼ਤਮ ਹੋ ਗਿਆ ਤੇ ਹਾਲ ਵਾਲਿਆਂ ਦੇ ਕਹਿਣ 'ਤੇ ਨਾਟਕ ਨੂੰ ਵਿਚਾਲੇ ਹੀ ਬੰਦ ਕਰ ਦੇਣ ਲਈ ਮਜਬੂਰ ਹੋਣਾ ਪਿਆ। ਇਹੋ ਹੀ ਕਾਰਨ ਸੀ ਔਲਖ ਦੀ ਉਦਾਸੀ ਦਾ। ਉਹਦੀ ਦੋ ਮਹੀਨੇ ਤੋਂ ਕੀਤੀ ਮਿਹਨਤ ਰੁਲ਼ ਗਈ ਸੀ। ਮੈਂ ਔਲਖ ਦਾ ਦਿਲ ਧਰਾਉਣ ਤੇ ਖ਼ੁਸ਼ ਕਰਨ ਲਈ ਨਜ਼ਾਮਦੀਨ ਦਾ ਲਤੀਫ਼ਾ ਸੁਣਾਇਆ:

-ਔਲਖ ਸਾਹਿਬ! ਇੱਕ ਵਾਰ ਕੋਈ ਰਾਹਗੀਰ ਕਿਸੇ ਪਿੰਡ ਵਿਚੋਂ ਲੰਘ ਰਿਹਾ ਸੀ। ਭੁੱਖ ਲੱਗੀ ਹੋਈ ਸੀ। ਪੈਂਡਾ ਲੰਮਾ ਸੀ। ਉਸ ਨੇ ਕਿਸੇ ਘਰ ਦਾ ਦਰਵਾਜ਼ਾ ਖੜਕਾਇਆ। ਤੁਸੀਂ ਜਾਣਦੇ ਹੀ ਓ ਕਿ ਉਹਨੀਂ ਦਿਨੀਂ ਕੋਈ ਵੀ ਰਾਹਗੀਰ ਰੋਟੀ-ਪਾਣੀ ਛਕਣ ਲਈ ਕਿਸੇ ਵੀ ਘਰ ਦਾ ਦਰਵਾਜ਼ਾ ਖੜਕਾ ਸਕਦਾ ਸੀ। ਕਿਸੇ ਮਾਈ ਨੇ ਦਰਵਾਜ਼ਾ ਖੋਲ੍ਹਿਆ। ਰਾਹੀ ਦੇ ਕਹਿਣ 'ਤੇ ਉਹਨੂੰ ਆਦਰ ਨਾਲ ਮੰਜੇ 'ਤੇ ਬਿਠਾਇਆ। ਰੋਟੀ ਪਾ ਕੇ ਦਿੱਤੀ। ਥਾਲੀ ਵਿਚ ਰੱਖੀ ਰੋਟੀ ਮੁੱਕਣ ਲੱਗੀ ਤਾਂ ਮਾਈ ਨੇ ਹੋਰ ਫ਼ੁਲਕਾ ਲੈਣ ਲਈ ਪੁੱਛਿਆ। ਰਾਹੀ ਕਹਿੰਦਾ, "ਚਲੋ ਰਹਿਣ ਦਿਓ।" ਮਾਈ ਕਹਿੰਦੀ, "ਰਹਿਣ ਦਿਓ ਦਾ ਕੀ ਮਤਲਬ? ਜੇ ਰੱਜ ਗਿਐਂ ਤਾਂ ਰਹਿਣ ਦਿੰਦੀ ਆਂ। ਜੇ ਭੁੱਖ ਐ ਤਾਂ ਲੈ ਲੈ।" ਉਹਨੇ ਫੁਲਕਾ ਰਖਾ ਲਿਆ। ਮਾਈ ਨੇ ਹੋਰ ਫੁਲਕੇ ਬਾਰੇ ਪੁੱਛਿਆ ਤਾਂ ਕਹਿੰਦਾ, "ਨਹੀਂ, ਹੁਣ ਨੀ ਲੋੜ। ਰੱਜ ਗਿਆਂ।" ਮਾਈ ਕਹਿੰਦੀ, "ਲੈ ਲੈ, ਲੈ ਲੈ। ਅਜੇ ਤੂੰ ਪੈਂਡਾ ਕਰਨਾ ਏਂ।" ਉਹਨੇ ਹੋਰ ਫੁਲਕਾ ਲੈ ਲਿਆ। ਫਿਰ ਵੀ ਉਹਨੇ ਦੋ ਚਾਰ ਵਾਰ ਇੰਝ ਹੀ ਨਾਂਹ ਕੀਤੀ ਪਰ ਮਾਈ ਦੇ ਕਹਿਣ 'ਤੇ ਫ਼ੁਲਕਾ ਲੈ ਲੈਂਦਾ ਰਿਹਾ। ਜਦੋਂ ਜਾਣ ਲੱਗਾ ਤਾਂ ਮਾਈ ਨੇ ਪੁੱਛਿਆ, "ਵੀਰਾ! ਦੱਸ ਤਾਂ ਸਹੀ ਕੰਮ ਕੀ ਕਰਦਾ ਹੁੰਦਾਂ?"

ਕਹਿੰਦਾ, "ਮਾਤਾ! ਮੈਂ ਪਟਵਾਰੀ ਆਂ। ਜੇ ਕਿਤੇ ਆਪਣੀ ਜ਼ਮੀਨ ਦਾ ਹਿਸਾਬ ਕਿਤਾਬ ਜਾਂ ਗਿਣਤੀ ਮਿਣਤੀ ਕਰਾਉਣੀ ਹੋਈ ਤਾਂ ਮੈਨੂੰ ਹੁਕਮ ਕਰੀਂ।"

ਮਾਤਾ ਕਹਿੰਦੀ, "ਨਖ਼ਾਫ਼ਣਿਆਂ ਤੂੰ ਸਵਾਹ ਦਾ ਪਟਵਾਰੀ ਏਂ। ਤੈਥੋਂ ਤਾਂ ਆਪਣੇ ਢਿੱਡ ਦੀ ਗਿਣਤੀ ਮਿਣਤੀ ਨਹੀਂ ਹੁੰਦੀ। ਜ਼ਮੀਨਾਂ ਖ਼ੇਹ ਤੇ ਸਵਾਹ ਮਿਣਦਾ ਹੋਏਂਗਾ!"

ਲਤੀਫ਼ਾ ਸੁਣਾ ਕੇ ਮੈਂ ਔਲਖ ਨੂੰ ਕਿਹਾ, "ਔਲਖ ਸਾਹਿਬ! ਫਿਰ ਤਾਂ ਉਸ ਪਟਵਾਰੀ ਵਰਗੀ ਹੀ ਹੋਈ ਆਪਣੀ ਇਹ ਤਰਕਸ਼ੀਲ ਸੁਸਾਇਟੀ। ਜਿਹੜੀ ਸੁਸਾਇਟੀ ਆਪਣੇ ਪ੍ਰੋਗਰਾਮ ਦੇ ਸਮੇਂ ਦੀ ਤਰਕਸ਼ੀਲ ਵੰਡ ਨਹੀਂ ਕਰ ਸਕਦੀ, ਉਹ ਜ਼ਿੰਦਗੀ ਦੇ ਹੋਰ ਮਸਲਿਆਂ ਬਾਰੇ ਕਿਹੋ ਜਿਹਾ ਤਰਕਸ਼ੀਲ ਰਵੱਈਆ ਰੱਖਦੀ ਹੋਊ?"

ਔਲਖ ਖਿੜ ਖਿੜਾ ਕੇ ਹੱਸਿਆ। ਉਹਦੀ ਉਦਾਸੀ ਧੁਪ ਗਈ ਸੀ। ਮੇਰੀ ਗੱਲ ਸੁਣ ਕੇ ਤਰਕਸ਼ੀਲ ਸੁਸਾਇਟੀ ਵਾਲਿਆਂ ਨੇ ਮੂੰਹ ਸੁਜਾ ਲਿਆ ਪਰ ਔਲਖ ਦਾ ਨਾਟਕ ਕਰਨ ਲਈ ਸੁਸਾਇਟੀ ਨੂੰ ਦੋਬਾਰਾ ਪ੍ਰੋਗਰਾਮ ਕਰਨਾ ਪਿਆ।

## ਜਦੋਂ ਔਲਖ ਨੇ ਮੇਰੀ ਗੱਲ ਨਾ ਮੰਨੀ

ਅਜਮੇਰ ਔਲਖ ਨੂੰ ਕਿਸੇ ਅਹੁਦੇ ਦੀ ਭੁੱਖ ਨਹੀਂ ਸੀ। ਭੁੱਖ ਹੁੰਦੀ ਤਾਂ ਉਹਦਾ ਨਾਟਕ ਵੇਖਣ ਤੋਂ ਬਾਅਦ ਕਲਾ ਦੇ ਅਸਰ ਨਾਲ ਕੀਲੇ ਹੋਏ ਡਾ. ਅਤਰ ਸਿੰਘ ਨੇ ਪਹਿਲੀਆਂ ਕੁਰਸੀਆਂ 'ਤੇ ਬੈਠੇ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਅਮਰੀਕ ਸਿੰਘ ਨੂੰ ਜਦੋਂ ਕਿਹਾ ਸੀ, "ਇਸ ਮੁੰਡੇ ਨੂੰ ਆਪਣੀ ਯੂਨੀਵਰਸਿਟੀ ਦੇ ਥਿਏਟਰ ਡਿਪਾਰਟਮੈਂਟ ਵਿਚ ਲੈ ਕੇ ਜਾਓ!" ਤੇ ਡਾ. ਅਮਰੀਕ ਸਿੰਘ ਨੇ ਜਵਾਬ ਵਿਚ ਕਿਹਾ ਸੀ, "ਆ-ਜੇ, ਕੱਲ੍ਹ ਹੀ ਆ ਕੇ ਜੁਆਇਨ ਕਰ ਲਵੇ।" ਤਾਂ ਅਜਮੇਰ ਔਲਖ ਨੇ ਇਸ ਪੇਸ਼ਕਸ਼ ਨੂੰ ਅਣਗੌਲਿਆਂ ਹੀ ਕਰ ਛੱਡਿਆ ਸੀ। ਚਾਹੁੰਦਾ ਤਾਂ ਕਿਸੇ ਯੂਨੀਵਰਸਿਟੀ ਦਾ ਵਾਈਸ ਚਾਂਸਲਰ ਵੀ ਬਣ ਸਕਦਾ ਸੀ, ਨਹੀਂ ਤਾਂ ਘੱਟੋ-ਘੱਟ ਪੰਜਾਬੀ ਯੂਨੀਵਰਸਿਟੀ ਦੇ ਥਿਏਟਰ ਵਿਭਾਗ ਦੇ ਪ੍ਰੋਫ਼ੈਸਰ ਤੇ ਮੁਖੀ ਦੇ ਅਹੁਦੇ ਤੱਕ ਤਾਂ ਸਹਿਜੇ ਹੀ ਪਹੁੰਚ ਜਾਂਦਾ।

ਉਹ ਕਿਸੇ ਅਹੁਦੇ ਮਗਰ ਨਹੀਂ ਦੌੜਿਆ। ਸਭ ਅਹੁਦੇਦਾਰੀਆਂ ਉਸ ਕੋਲ ਆਪਣੇ ਆਪ ਚੱਲ ਕੇ ਹੀ ਆਈਆਂ। ਇੱਕ ਵਾਰ ਉਹ ਕੇਂਦਰੀ ਲੇਖਕ ਸਭਾ ਦੇ ਪ੍ਰਧਾਨ ਦੀ ਚੋਣ ਲੜਨ ਲਈ 'ਲੋੜਵੰਦਾਂ' ਦੇ 'ਮਨਾਉਣ' 'ਤੇ ਮੈਦਾਨ ਵਿਚ ਨਿੱਤਰ ਆਇਆ। ਅਸੀਂ ਜਾਣਦੇ ਹਾਂ ਕਿ ਕੇਂਦਰੀ ਲੇਖਕ ਸਭਾ ਉੱਤੇ ਸਦਾ ਵੱਖ-ਵੱਖ ਕਮਿਊਨਿਸਟ ਧਿਰਾਂ ਦਾ ਕਬਜ਼ਾ ਰਿਹਾ ਹੈ। ਅੱਜ ਵੀ ਇੰਵ ਹੀ ਹੈ। ਇਹ ਧੜੇ ਚੋਣਾਂ ਵੇਲੇ ਵੋਟ ਪਾਉਣ ਲੱਗਿਆਂ ਅਹੁਦੇਦਾਰੀਆਂ ਲਈ



*ਅਜਮੇਰ ਔਲਖ: ਨੀਝ ਵਾਲੀ ਨਿਗ੍ਹਾ।*

ਖਲੋਣ ਵਾਲੇ ਸਾਹਿਤਕਾਰਾਂ ਦੀਆਂ ਪ੍ਰਾਪਤੀਆਂ, ਉਹਨਾਂ ਦੇ ਕਿਰਦਾਰ ਦੀ ਬੁਲੰਦੀ ਵਗ਼ੈਰਾ ਨੂੰ ਨਹੀਂ ਵੇਖਦੇ, ਸਗੋਂ 'ਪਾਰਟੀ ਆਦੇਸ਼' ਨੂੰ ਮੰਨਦਿਆਂ 'ਆਪਣੇ ਪੈਨਲ ਦੇ ਬੰਦਿਆਂ' ਨੂੰ ਵੋਟ ਪਾਉਂਦੇ ਹਨ। ਹਰ ਵਾਰ ਇਹ ਪਾਰਟੀਆਂ ਆਪਣੀ ਸਹੂਲਤ ਅਨੁਸਾਰ 'ਆਪਸੀ ਗੱਠਜੋੜ' ਕਰ ਕੇ ਆਪਣਾ ਪੈਨਲ ਤਿਆਰ ਕਰਦੀਆਂ ਹਨ ਅਤੇ ਫਿਰ ਵੱਖ-ਵੱਖ ਜ਼ਿਲ੍ਹਿਆਂ ਤੋਂ ਬੱਸਾਂ ਭਰ ਕੇ ਆਪਣੇ ਉਮੀਦਵਾਰਾਂ ਨੂੰ ਜਿਤਾਉਣ ਲਈ ਹੱਲਾ ਬੋਲਦੀਆਂ ਹਨ। ਇਸ ਵਤੀਰੇ ਦੀ ਸਭ ਤੋਂ ਵੱਡੀ ਕਾਣ ਉਦੋਂ ਨਜ਼ਰ ਆਈ ਜਦੋਂ ਉਹਨਾਂ ਨੇ ਧੜੇਬਾਜ਼ੀ ਵਿਚ ਆ ਕੇ ਗੁਰਸ਼ਰਨ ਸਿੰਘ ਵਰਗੀ ਨਾਮਵਰ ਹਸਤੀ ਨੂੰ ਵੀ ਹਰਾ ਦਿੱਤਾ ਸੀ। ਮੇਰੇ ਵਰਗੇ ਗੁਰਸ਼ਰਨ ਸਿੰਘ ਦੇ ਸੈਂਕੜੇ ਕਦਰਦਾਨਾਂ ਨੂੰ ਇਸ ਹਾਰ ਦਾ ਧੱਕਾ ਲੱਗਾ ਸੀ। ਹੁਣ ਸਾਡੇ ਦੂਜੇ, ਓਡੇ-ਕੇਡੇ ਹੀ ਵੱਡੇ ਨਾਟਕਕਾਰ ਨੇ ਚੋਣਾਂ ਵਿਚ ਪ੍ਰਧਾਨਗੀ ਪਦ ਲਈ ਕਾਗਜ਼ ਭਰ ਦਿੱਤੇ ਸਨ। ਮੇਰੇ ਮਨ ਨੂੰ ਗੁਰਸ਼ਰਨ ਸਿੰਘ ਵਾਲਾ ਤੌਖ਼ਲਾ ਖਾਣ ਲੱਗਾ। ਅਜੇ ਨਾਮ ਵਾਪਸ ਲਏ ਜਾਣ ਦੀ ਤਰੀਕ ਬਾਕੀ ਸੀ। ਮੈਂ ਔਲਖ ਨੂੰ ਫੋਨ ਕਰ ਕੇ 'ਸਮਝਾਉਣ' ਦੀ ਕੋਸ਼ਿਸ਼ ਕੀਤੀ, "ਆਪਾਂ ਜਾਣਦੇ ਹਾਂ ਕਿ ਕੇਂਦਰੀ ਲੇਖਕ ਸਭਾ ਦੀ ਅਹੁਦੇਦਾਰੀ ਸਾਹਿਤ ਦਾ ਬਹੁਤਾ ਕੁਝ ਨਹੀਂ ਸਵਾਰਦੀ। ਇਹ ਤਾਂ ਸਾਹਿਤ ਦੀ 'ਸੇਵਾ' ਕਰਨ ਨਾਲੋਂ ਬਹੁਤਾ, ਲੇਖਕਾਂ ਨੂੰ ਆਪਸ ਵਿਚ ਪਾੜਨ ਦਾ ਰੋਲ ਨਿਭਾਉਂਦੀ ਆ ਰਹੀ ਹੈ। ਤੁਸੀਂ ਇਸ ਅਹੁਦੇ ਵਿਚੋਂ ਕੀ ਲੈਣਾ ਹੈ। ਮੇਰੀ ਫ਼ਿਕਰਮੰਦੀ ਹੈ ਕਿ ਜੇ ਕਿਤੇ 'ਨੇ-ਜਾਣੀਏਂ' ਗੁਰਸ਼ਰਨ ਸਿੰਘ ਵਾਲੀ ਹੋ ਗਈ ਤਾਂ...। ਮੈਨੂੰ ਤਾਂ ਸਰਬਸੰਮਤੀ ਨਾਲ ਇੱਕ ਵਾਰ ਜਨਰਲ ਸਕੱਤਰ ਲਈ ਤੇ ਦੂਜੀ ਵਾਰ ਪ੍ਰਧਾਨਗੀ ਦੀ ਪੇਸ਼ਕਸ਼ ਹੋਈ ਸੀ ਤੇ ਮੈਂ ਉਹ ਪੇਸ਼ਕਸ਼ ਦੋਵੇਂ ਵਾਰ ਠੁਕਰਾ ਦਿੱਤੀ ਸੀ। ਹਾਲਾਂਕਿ ਸਰਬਸੰਮਤੀ ਕਾਰਨ ਹਾਰਨ ਦਾ ਖ਼ਤਰਾ ਵੀ ਕੋਈ ਨਹੀਂ ਸੀ ਤੇ 'ਬੱਲੇ! ਬੱਲੇ!' ਵਾਧੂ ਦੀ। ਤੁਹਾਨੂੰ ਤਾਂ ਅਜਿਹੀ 'ਬੱਲੇ! ਬੱਲੇ!' ਦੀ ਵੀ ਕੀ ਲੋੜ ਹੈ। ਤੁਸੀਂ ਤਾਂ ਪਹਿਲਾਂ ਹੀ ਐਸੇ ਸਭ ਅਹੁਦਿਆਂ ਤੋਂ ਉੱਚੇ ਹੋ।"

ਮੈਂ ਆਪਣੀ ਗੱਲ ਮੁਕਾਈ ਤਾਂ ਔਲਖ ਸਹਿਜ ਭਾਅ ਬੋਲਿਆ, "ਓ ਯਾਰ ਸੰਧੂ! ਹੁਣ ਤਾਂ ਕਾਗ਼ਜ਼ ਭਰੇ ਗਏ ਨੇ।"

"ਕਾਗ਼ਜ਼ ਵਾਪਸ ਵੀ ਤਾਂ ਹੋ ਸਕਦੇ ਨੇ। ਮੈਂ ਏਸੇ ਲਈ ਤਾਂ ਫੋਨ ਕੀਤਾ।"

"ਹੁਣ ਤਾਂ ਯਾਰ, ਉਹਨਾਂ ਨਾਲ ਬਚਨ ਕਰ ਲਿਆ।" 'ਉਹਨਾਂ' ਤੋਂ ਭਾਵ ਉਹਨੂੰ ਚੋਣਾਂ ਵਿਚ ਖੜ੍ਹਾ ਕਰਨ ਵਾਲੇ ਦੋਸਤਾਂ ਤੋਂ ਸੀ।

"ਮੈਂ ਤਾਂ ਬੜੇ ਫ਼ਿਕਰ ਵਿਚ ਹਾਂ ਕਿ ਕਿਤੇ...!"

"ਓ ਸੰਧੂ! ਤੂੰ ਫ਼ਿਕਰ ਨਾ ਕਰ। ਤੇਰੀ ਪਿੱਠ ਨਹੀਂ ਲੱਗਦੀ। ਹੁਣ ਤਾਂ ਬੇੜਾ ਝਨਾਂ ਵਿਚ ਠੇਲ੍ਹ ਦਿੱਤਾ ਹੈ।"


ਮੈਨੂੰ ਖ਼ੁਸ਼ੀ ਸੀ ਕਿ ਉਹਨੂੰ ਆਪਣੀ ਜਿੱਤ-ਹਾਰ ਮੇਰੀ ਜਿੱਤ-ਹਾਰ ਵੀ ਲੱਗਦੀ ਸੀ ਪਰ ਮੇਰਾ ਵਿਸਵਿਸਾ ਖ਼ਤਮ ਨਹੀਂ ਸੀ ਹੋਇਆ। ਉਹਦਾ ਦ੍ਰਿੜ੍ਹ ਨਿਸਚਾ ਵੇਖ ਕੇ ਮੈਨੂੰ ਸੋਹਨ ਸਿੰਘ 'ਸੀਤਲ' ਦੀਆਂ ਸਤਰਾਂ ਆਈਆਂ, "ਦਾਈਆ ਸੂਰਮੇ ਦਾ ਸਿਰ ਦੇ ਨਾਲ ਹੁੰਦਾ, ਜਿੱਤ ਹਾਰ ਦੀ ਜਾਣੇ ਕਰਤਾਰ ਸਿੰਘੋ।"

ਔਲਖ ਉਹ ਚੋਣ ਜਿੱਤ ਗਿਆ। ਮੇਰੇ ਸਿਰ ਤੋਂ ਮਣਾਂ-ਮੂੰਹੀਂ ਭਾਰ ਲਹਿ ਗਿਆ। ਇਹ ਤਾਂ ਐਵੇਂ ਮੇਰੇ ਮਨ ਦਾ ਵਹਿਮ ਸੀ। ਉਹਦੀ ਕਲਾ ਦੇ ਆਸ਼ਕ ਉਹਨੂੰ ਹਾਰਨ ਕਿੱਥੇ ਦੇਣ ਲੱਗੇ ਸਨ।

ਪ੍ਰਧਾਨਗੀ ਦੇ ਰੰਗ-ਢੰਗ ਵੇਖਣ ਤੋਂ ਬਾਅਦ ਆਖ਼ਰਕਾਰ ਉਹ ਮੇਰੇ ਨਾਲ ਸਹਿਮਤ ਹੋ ਗਿਆ ਸੀ ਕਿ ਇਸ 'ਪ੍ਰਧਾਨਗੀ 'ਚੋਂ 'ਕੱਢਣ-ਪਾਉਣ' ਨੂੰ ਕੁਝ ਨਹੀਂ ਸੀ!

## ਦੇਸ਼ ਭਗਤ ਯਾਦਗਾਰ ਕਮੇਟੀ ਦਾ ਮੈਂਬਰ ਬਣਨਾ

ਕੇਂਦਰੀ ਪੰਜਾਬੀ ਲੇਖਕ ਸਭਾ ਦੀਆਂ ਚੋਣਾਂ ਬਾਰੇ ਗੱਲ ਕਰਦਿਆਂ ਜ਼ਿਕਰ ਹੋਇਆ ਹੀ ਹੈ ਕਿ ਕਿਵੇਂ ਵੱਖ-ਵੱਖ ਕਮਿਊਨਿਸਟ ਪਾਰਟੀਆਂ ਚੋਣਾਂ ਵਿਚ 'ਆਪਣੇ ਉਮੀਦਵਾਰ' ਖੜ੍ਹੇ ਕਰਨ ਲਈ ਆਪਣੇ 'ਪੈਨਲ' ਬਣਾਉਂਦੀਆਂ ਹਨ। 'ਪੈਨਲਾਂ ਦੀ ਇਹ ਖੇਡ' ਵੱਖ-ਵੱਖ ਅਦਾਰਿਆਂ ਵਿਚ ਚੱਲਦੀ ਰਹਿੰਦੀ ਹੈ। ਜਲੰਧਰ ਦੀ ਦੇਸ਼ ਭਗਤ ਯਾਦਗਾਰ ਕਮੇਟੀ ਵੀ ਇਸ ਪੱਖੋਂ ਕਿਸੇ ਦੀ ਨੂੰਹ-ਧੀ ਨਾਲੋਂ ਘੱਟ ਨਹੀਂ। ਸਾਰੇ ਜਾਣਦੇ ਹਨ ਕਿ ਯਾਦਗਾਰ ਕਮੇਟੀ ਵਿਚ ਵੀ ਦੋਵਾਂ ਕਮਿਊਨਿਸਟ ਪਾਰਟੀਆਂ, ਆਰ.ਸੀ.ਐਮ.ਪੀ.ਆਈ. (ਪਾਸਲਾ ਗਰੁੱਪ) ਤੇ



*ਖੁਸ਼-ਪਲ: ਅਜਮੇਰ ਸਿੰਘ ਔਲਖ।*

ਕੁਝ ਕੁ ਨਕਸਲੀ ਗਰੁੱਪਾਂ ਦਾ ਬੋਲਬਾਲਾ ਹੈ। ਜਦੋਂ ਵੀ ਕਮੇਟੀ ਦੀ ਨਵੀਂ ਚੋਣ ਹੁੰਦੀ ਹੈ ਤਾਂ ਏਥੇ ਵੀ ਸਹੂਲਤ ਅਨੁਸਾਰ ਅਹੁਦੇਦਾਰੀਆਂ ਦੀ ਵੰਡ-ਵੰਡਾਈ ਕਰ ਕੇ ਪੈਨਲ ਤਿਆਰ ਕੀਤੇ ਜਾਂਦੇ ਹਨ। ਹੋਰ ਤਾਂ ਹੋਰ ਜਦੋਂ ਕਿਸੇ ਕਮੇਟੀ ਮੈਂਬਰ ਜਾਂ ਟਰੱਸਟੀ ਦੀ ਮੌਤ ਹੁੰਦੀ ਹੈ ਤਾਂ ਆਪਣੇ-ਆਪਣੇ ਗਰੁੱਪ ਦੀ ਪਹਿਲਾਂ ਹੀ ਮਿਥੀ ਪ੍ਰਤੀਨਿਧਤਾ ਅਨੁਸਾਰ ਮਰਨ ਵਾਲੇ 'ਆਪਣੇ ਮੈਂਬਰ' ਦੀ ਥਾਂ 'ਆਪਣੇ ਹੀ ਗਰੁੱਪ ਦਾ ਬੰਦਾ' ਨਾਮਜ਼ਦ ਕਰ/ਕਰਵਾ ਜਾਂ ਚੁਣ ਲਿਆ ਜਾਂਦਾ ਹੈ।

ਇੱਕ ਵਾਰ ਦੀ ਗੱਲ ਹੈ ਕਿ ਕਮੇਟੀ ਨੇ ਰਵਾਇਤੀ ਵਿਧੀ ਅਨੁਸਾਰ ਇੱਕ ਨਵੇਂ ਮੈਂਬਰ ਨੂੰ ਸਰਬਸੰਮਤੀ ਨਾਲ ਕਮੇਟੀ ਮੈਂਬਰ ਬਣਾਉਣ ਲਈ ਉਹਦਾ ਨਾਂ 'ਆਫੀਸ਼ਲ' ਉਮੀਦਵਾਰ ਵਜੋਂ ਪੇਸ਼ ਕੀਤਾ ਤਾਂ ਸਥਾਪਤ ਧਿਰ ਦੇ ਵਿਰੋਧੀ ਸਿਆਸੀ ਗਰੁੱਪ ਦੇ ਉਸ ਦਿਨ ਮੀਟਿੰਗ ਵਿਚ ਬੈਠੇ ਕੇਵਲ ਤੇ ਕੇਵਲ ਇੱਕ ਮੈਂਬਰ ਵੱਲੋਂ ਅਜਮੇਰ ਔਲਖ ਦਾ ਨਾਂ ਵਿਰੋਧੀ ਉਮੀਦਵਾਰ ਵਜੋਂ ਪੇਸ਼ ਕਰ ਦਿੱਤਾ। ਇਸ ਦੀ ਕਿਸੇ ਨੇ ਤਾਈਦ ਵੀ ਨਾ ਕੀਤੀ। ਇਸ ਸੂਰਤ ਵਿਚ ਔਲਖ ਦੇ ਨਾਂ ਨੂੰ ਰੱਦ ਕਰ ਕੇ 'ਆਫੀਸ਼ਲ' ਉਮੀਦਵਾਰ ਦੇ ਹੱਕ ਵਿਚ ਹੱਥ ਖੜ੍ਹੇ ਕਰਨ ਲਈ ਕਿਹਾ ਗਿਆ। ਇਸ ਸਮੇਂ ਮੈਨੂੰ ਬੁਰਾ ਇਹ ਲੱਗਾ ਕਿ ਔਲਖ ਸਾਹਿਬ ਦਾ ਨਾਂ ਪੇਸ਼ ਹੋ ਰਿਹਾ ਹੋਵੇ ਤੇ ਉਸ ਨੂੰ ਹੱਥ ਖੜ੍ਹੇ ਕਰਵਾ ਕੇ ਬੁਰੀ ਤਰ੍ਹਾਂ ਰੱਦ ਕਰ ਦਿੱਤਾ ਜਾਵੇ! ਮੈਂ ਉਸ ਵੇਲੇ ਉੱਠ ਕੇ ਹੱਥ ਖੜ੍ਹਾ ਕਰ ਕੇ ਔਲਖ ਦਾ ਨਾਂ ਰੱਦ ਕਰਨੋਂ ਰੋਕ ਕੇ ਉਹਦੀ ਸਾਹਿਤ, ਸਮਾਜ ਤੇ ਸਭਿਆਚਾਰ ਲਈ ਘਾਲੀ ਘਾਲਣਾ ਦਾ ਜ਼ਿਕਰ ਕੀਤਾ ਤੇ ਕਮੇਟੀ ਵਿਚ ਉਹਦੀ ਸ਼ਮੂਲੀਅਤ ਨੂੰ ਬਹੁਤ ਕੀਮਤੀ ਬਿਆਨ ਕਰਦਿਆਂ, ਉਹਦੀ ਕਮਜ਼ੋਰ ਸਿਹਤ ਨੂੰ 'ਹਾਲ ਦੀ ਘੜੀ' ਸਰਗਰਮ ਸੇਵਾ ਨਾ ਕਰ ਸਕਣ ਦੀ ਸਥਿਤੀ ਵਿਚ ਹੋਣ ਦਾ ਬਹਾਨਾ ਘੜਿਆ ਤੇ ਨਾਲ ਹੀ ਉਹਦਾ ਨਾਂ ਪੇਸ਼ ਕਰਨ ਵਾਲੇ ਇਕੋ ਇੱਕ ਸੰਬੰਧਤ ਮੈਂਬਰ ਨੂੰ ਵੀ ਬੇਨਤੀ ਕੀਤੀ ਕਿ ਉਹ ਇਸ ਤਰੀਕੇ ਨਾਲ ਔਲਖ ਸਾਹਿਬ ਦੇ ਏਨੇ ਵੱਡੇ ਨਾਂ ਨੂੰ ਵੋਟਾਂ ਦੀ ਗਿਣਤੀ ਦੇ ਇਮਤਿਹਾਨ ਵਿਚ ਨਾ ਪਾਵੇ। ਔਲਖ ਦੇ ਛੇਤੀ ਸਿਹਤਯਾਬ ਹੋਣ ਦੀ ਦੁਆ ਕਰਦਿਆਂ ਮੈਂ ਕਮੇਟੀ ਨੂੰ ਵੀ ਬੇਨਤੀ ਕੀਤੀ ਕਿ ਜਦੋਂ ਵੀ ਔਲਖ ਸਾਹਿਬ ਦੀ ਸਿਹਤ ਆਗਿਆ ਦੇਵੇ, ਉਹਨਾਂ ਦੀ ਸਿਆਣਪ ਦਾ ਲਾਭ ਲੈਣ ਲਈ ਉਹਨਾਂ ਨੂੰ ਕਮੇਟੀ ਵਿਚ ਜ਼ਰੂਰ ਸ਼ਾਮਲ ਕੀਤਾ ਜਾਵੇ। ਮੇਰੇ ਇਸ ਸੁਝਾਉ ਨੂੰ ਖ਼ਾਮੋਸ਼ ਜਿਹੀ ਸਹਿਮਤੀ ਵੀ ਮਿਲ ਗਈ। ਬਾਅਦ ਵਿਚ ਮੈਂ ਕਮੇਟੀ ਦੀ ਜਨਰਲ ਸਕੱਤਰ ਡਾ. ਰਘਬੀਰ ਕੌਰ ਤੇ ਕੁਝ ਹੋਰ ਰਸੂਖ ਵਾਲੇ ਮੈਂਬਰਾਂ ਨੂੰ ਲਗਭਗ ਇਹ ਗੱਲ ਮੰਨਵਾ ਲਈ ਕਿ ਅਗਲੀ ਵਾਰ ਜਦ ਵੀ ਕੋਈ 'ਸੀਟ' ਖਾਲੀ ਹੋਈ ਤਾਂ ਅਜਮੇਰ ਔਲਖ ਨੂੰ ਹੀ ਮੈਂਬਰ ਲਿਆ ਜਾਣਾ ਚਾਹੀਦਾ ਹੈ।

ਮੇਰੀ ਗੱਲ ਨੂੰ ਉਸ ਗਰੁੱਪ ਵੱਲੋਂ ਔਲਖ ਕੋਲ ਗ਼ਲਤ ਰੰਗ ਵਿਚ ਪੇਸ਼ ਨਾ ਕੀਤਾ ਜਾਵੇ, ਕਿ, ਮੈਂ ਹੀ ਉਹਦੇ ਕਮੇਟੀ ਮੈਂਬਰ 'ਬਣਨ ਦੇ ਰਾਹ ਵਿਚ ਰੁਕਾਵਟ' ਬਣ ਗਿਆ ਸਾਂ। ਇਸ ਨਾਲ ਸਾਡੇ ਵਿਚ ਗ਼ਲਤਫ਼ਹਿਮੀ ਪੈਦਾ ਹੋ ਸਕਦੀ ਸੀ। ਮੈਂ ਓਸੇ ਦਿਨ ਉਹਨੂੰ ਫੋਨ 'ਤੇ ਸਾਰੀ ਗੱਲ ਸਮਝਾ ਵੀ ਦਿੱਤੀ ਸੀ। ਉਹਨੇ ਮੈਨੂੰ ਨਿਸਚਿੰਤ ਹੋ ਜਾਣ ਲਈ ਕਿਹਾ ਕਿ ਅਜਿਹੀਆਂ ਗੱਲਾਂ ਨਾਲ ਸਾਡੀ ਦੋਵਾਂ ਦੀ ਵਰ੍ਹਿਆਂ ਤੋਂ ਚੱਲੀ ਆ ਰਹੀ ਦੋਸਤੀ ਦਾ ਕੁਝ ਨਹੀਂ ਵਿਗੜਨ ਲੱਗਾ।

ਉਤਲੀ ਗੱਲ ਤੋਂ ਬਾਅਦ ਕੁਝ ਸਾਲਾਂ ਵਿਚ ਕੁਝ ਵਡੇਰੀ ਉਮਰ ਦੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਕੁਝ ਮੈਂਬਰ ਇੱਕ ਤੋਂ ਬਾਅਦ ਦੂਜਾ ਤੇ ਫਿਰ ਹੋਰ ਸਦੀਵੀ ਵਿਛੋੜਾ ਦੇ ਗਏ। ਵਿਛੜ ਜਾਣ ਵਾਲੇ ਪੰਜ ਮੈਂਬਰਾਂ ਦੀ ਥਾਂ ਪੰਜ ਨਵੇਂ ਮੈਂਬਰ ਲਏ ਜਾਣੇ ਸਨ। ਮੇਰੇ ਮਨ 'ਤੇ ਅਜਮੇਰ ਔਲਖ ਵਾਲੀ ਗੱਲ ਦਾ 'ਭਾਰ' ਸੀ। ਮੈਂ ਉਹਨੀਂ ਦਿਨੀਂ ਕੈਨੇਡਾ ਵਿਚ ਸਾਂ। ਮੈਂ ਕਮੇਟੀ ਦੀ ਜਨਰਲ ਸਕੱਤਰ ਡਾ. ਰਘਬੀਰ ਕੌਰ ਨੂੰ ਫੋਨ ਕਰ ਕੇ ਕਿਹਾ ਕਿ ਕੀਤੇ ਵਾਅਦੇ ਮੁਤਾਬਕ ਔਲਖ ਸਾਹਿਬ ਨੂੰ ਇਸ ਵਾਰੀ ਜ਼ਰੂਰ ਮੈਂਬਰ ਲਿਆ ਜਾਵੇ, ਆਖੋ ਤਾਂ ਮੈਂ ਇਹ ਤਜਵੀਜ਼ ਕਮੇਟੀ ਨੂੰ ਲਿਖਤੀ ਤੌਰ 'ਤੇ ਵੀ ਭੇਜ ਦਿਆਂਗਾ। ਉਹ ਕਹਿੰਦੀ ਕਿ ਮੈਂ ਲਿਖ ਕੇ ਨਾ ਭੇਜਾਂ। ਉਂਝ ਉਹ ਆਗੂ ਗਰੁੱਪ ਦੇ ਕਮੇਟੀ ਮੈਂਬਰਾਂ ਤੇ ਅਹੁਦੇਦਾਰਾਂ ਨਾਲ ਮੇਰਾ ਸੁਝਾਅ ਸਾਂਝਾ ਕਰ ਲਵੇਗੀ। ਮੈਨੂੰ ਨਹੀਂ ਪਤਾ ਉਸ ਨੇ ਕਿਸੇ ਨਾਲ ਮੇਰਾ ਸੁਝਾਅ ਸਾਂਝਾ ਕੀਤਾ ਵੀ ਸੀ ਜਾਂ ਨਹੀਂ ਪਰ ਜਦੋਂ ਮੈਂ ਨਵੇਂ ਲਏ ਗਏ ਪੰਜ ਮੈਂਬਰਾਂ ਦੇ ਨਾਂ ਪ੍ਰੈੱਸ ਵਿਚ ਪੜ੍ਹੇ ਤਾਂ ਉਹਨਾਂ ਵਿਚ ਔਲਖ ਦਾ ਨਾਮ ਨਾ ਵੇਖ ਕੇ ਮੈਨੂੰ ਬੜੀ ਮਾਯੂਸੀ ਹੋਈ। ਮੈਂ ਜਨਰਲ ਸਕੱਤਰ ਕੋਲ ਇਤਰਾਜ਼ ਕੀਤਾ ਤਾਂ ਉਸ ਨੇ ਕਿਹਾ ਕਿ ਆਗੂ ਧੜੇ ਦੇ ਸਿਆਸੀ ਗਰੁਪਾਂ ਨੇ ਇਹ ਸੀਟਾਂ 'ਆਪਸ ਵਿਚ ਵੰਡ ਲਈਆਂ'। ਅਜਮੇਰ ਔਲਖ ਦਾ ਨਾਂ ਫੇਰ ਪਹਿਲਾਂ ਵਾਂਗ ਹੀ, ਪਹਿਲੀ ਵਾਰ ਉਹਦਾ ਨਾਂ ਤਜਵੀਜ਼ ਕਰਨ ਵਾਲੀ ਧਿਰ ਵੱਲੋਂ ਓਸੇ ਹੀ ਇਕੱਲੇ ਇਕਹਿਰੇ ਅੰਦਾਜ਼ ਵਿਚ ਪੇਸ਼ ਕੀਤਾ ਗਿਆ ਤੇ ਫੇਰ ਰੱਦ ਹੋ ਗਿਆ।

*(ਬਾਕੀ ਅਗਲੇ ਸਫੇ 'ਤੇ)*

ਮੈਂ ਉਤਲੀ ਸਾਰੀ ਵਾਰਤਾ ਔਲਖ ਨਾਲ ਸਾਂਝੀ ਕਰਦਿਆਂ ਉਹਨੂੰ ਈਮੇਲ ਕੀਤੀ, "ਤੁਹਾਡੇ 'ਹਮਾਇਤੀ ਗਰੁੱਪ' ਨੂੰ ਜੇ ਉਹ ਤੁਹਾਨੂੰ ਮੈਂਬਰ ਬਣਾ ਸਕਣ ਵਾਲੀ ਬਹੁਸੰਮਤੀ ਜੁਟਾ ਨਹੀਂ ਸਕਦੇ ਤਾਂ ਤੁਹਾਡੇ ਨਾਂ ਨੂੰ ਹਰ ਵਾਰ ਠੁਣ੍ਹੇ ਵਜੋਂ ਨਹੀਂ ਸੀ ਵਰਤਣਾ ਚਾਹੀਦਾ। ਇਸ ਵਿਚ ਉਹਨਾਂ ਦੀ ਨਾ ਹੋਵੇ ਪਰ ਤੁਹਾਡੇ ਨਾਂ ਦੀ ਹਾਨੀ ਹੁੰਦੀ ਹੈ। ਮੈਂ ਇਸ ਪੀੜ ਨੂੰ ਮਹਿਸੂਸ ਕਰਦਿਆਂ ਪਿਛਲੇ ਦਿਨੀਂ ਤੁਹਾਨੂੰ ਮੈਂਬਰ ਲੈਣ ਲਈ ਦੇਸ਼ ਭਗਤ ਯਾਦਗਾਰ ਕਮੇਟੀ ਨੂੰ ਖੁੱਲ੍ਹੀ ਚਿੱਠੀ ਲਿਖੀ ਤੇ ਜਿੰਨੇ ਕੁ ਮੈਂਬਰਾਂ ਦੇ ਮੇਰੇ ਕੋਲ ਈਮੇਲ ਪਤੇ ਸਨ, ਉਹਨਾਂ ਨੂੰ ਵੀ ਭੇਜੀ। ਮੈਂ ਇਸ ਨੂੰ ਵੱਕਾਰ ਦਾ ਸਵਾਲ ਬਣਾ ਕੇ ਲੱਗਾ ਹੋਇਆਂ। ਸ਼ਾਇਦ ਮੇਰੀ ਕੋਸਿਸ਼ ਨੂੰ ਫ਼ਲ ਵੀ ਪੈ ਜਾਵੇ ਸਗੋਂ ਮੈਂ ਤਾਂ ਇਹ ਚਾਹੁੰਦਾਂ ਕਿ ਤੁਸੀਂ ਛੇਤੀ ਤੋਂ ਛੇਤੀ ਕਮੇਟੀ ਦੇ ਮੈਂਬਰ ਬਣੋ ਤੇ ਮਹਾਨ ਸੂਰਬੀਰਾਂ ਦੀ ਗੱਦੀ 'ਤੇ ਬੈਠੇ ਸਿਆਸੀ ਸੱਜਣਾਂ ਦੇ ਦਰਸ਼ਨ ਆਪਣੀਆਂ ਅੱਖਾਂ ਨਾਲ ਕਰੋ।

ਇਹ ਸਤਰਾਂ ਤੁਹਾਨੂੰ ਇਸ ਕਰ ਕੇ ਲਿਖ ਰਿਹਾਂ ਕਿ ਤੁਹਾਡੇ ਮਨ ਵਿਚ ਕਿਸੇ ਕਿਸਮ ਦਾ ਸ਼ੁਬਾ ਨਾ ਰਹੇ ਕਿ ਮੇਰੇ ਮਨ ਵਿਚ ਤੁਹਾਡਾ ਕਿੰਨਾ ਆਦਰ ਹੈ।

ਮਨਜੀਤ ਭੈਣ ਜੀ ਲਈ ਤੇ ਤੁਹਾਡੇ ਲਈ ਸਾਡੇ ਦੋਵਾਂ ਜੀਆਂ ਵੱਲੋਂ ਬਹੁਤ ਸਾਰਾ ਸਨੇਹ ਤੇ ਆਦਰ-ਮਾਣ।

ਤੁਹਾਡਾ-ਵਰਿਆਮ

(ਇਹ ਚਿੱਠੀ ਨਿਰੋਲ ਨਿੱਜੀ ਹੈ) ਵਰਿਆਮ ਸਿੰਘ ਸੰਧੂ

ਕੁਝ ਦਿਨਾਂ ਬਾਅਦ ਔਲਖ ਦਾ ਜਵਾਬ ਆਇਆ।

ਪਿਆਰੇ ਸੰਧੂ ਸਾਹਿਬ-ਮੇਰਾ ਨੈੱਟ ਕਾਫ਼ੀ ਚਿਰ ਤੋਂ ਠੀਕ ਕੰਮ ਨਹੀਂ ਸੀ ਕਰ ਰਿਹਾ ਤੇ ਨਾ ਹੀ ਅਜੇ ਕਰਨ ਲੱਗਿਆ ਹੈ। ਅੱਜ ਅਚਾਨਕ ਹੀ ਖੱਲ੍ਹ ਗਿਆ ਹੈ ਤੇ ਤੁਹਾਨੂੰ ਲਿਖ ਰਿਹਾਂ। ਮੈਨੂੰ ਇਸ ਗੱਲ ਦਾ ਪੂਰੀ ਤਰ੍ਹਾਂ ਪਤਾ ਹੀ ਨਹੀਂ, ਬਲਕਿ ਵਿਸ਼ਵਾਸ ਵੀ ਹੈ ਕਿ ਤੁਸੀਂ ਕਦੇ ਵੀ ਮੇਰੇ ਬਾਰੇ ਮੰਦਭਾਵਨਾ ਨਹੀਂ ਰੱਖ ਸਕਦੇ। ਉਂਝ ਵੀ ਕੇਂਦਰੀ ਲੇਖਕ ਸਭਾ ਦਾ ਪ੍ਰਧਾਨ ਬਣਨ ਤੋਂ ਬਾਅਦ ਮੇਰਾ ਇਹਨਾਂ ਮੈਂਬਰੀਆਂ-ਸ਼ੈਂਬਰੀਆਂ ਤੇ ਅਹੁਦੇਦਾਰੀਆਂ ਤੋਂ ਮਨ ਫਿੱਕਾ ਹੀ ਪੈ ਗਿਆ ਹੈ ਤੇ ਨਾ ਹੀ ਮੈਂ ਆਪਣੇ ਆਪ ਨੂੰ ਇਹਨਾਂ ਦੇ ਯੋਗ ਸਮਝਦਾ ਹਾਂ। ਜੇ ਕੋਈ ਬੰਦਾ ਮੇਰੇ ਮੈਂਬਰ ਬਣਾਏ ਜਾਣ ਦੇ ਵੀ ਵਿਰੁੱਧ ਹੈ ਤਾਂ ਮੈਨੂੰ ਉਸ ਉੱਤੇ ਵੀ ਕੋਈ ਗਿ਼ਲਾ ਨਹੀਂ। ਸੋ ਜੇ ਮੈਨੂੰ ਕਿਸੇ ਕਮੇਟੀ ਵਿਚ ਨਹੀਂ ਲਿਆ ਗਿਆ ਜਾਂ ਕਿਸੇ ਨੇ ਮੇਰੇ ਨਾਂ ਦਾ ਵਿਰੋਧ ਕੀਤਾ ਹੈ, ਮੇਰੇ ਮਨ ਅੰਦਰ ਉਸ ਇਨਸਾਨ ਬਾਰੇ ਕਿਸੇ ਵੀ ਤਰ੍ਹਾਂ ਦੀ ਮੰਦਭਾਵਨਾ ਨਹੀਂ। ਹੱਕ ਅਤੇ ਵਿਰੋਧ ਵਿਚ ਬੋਲਣ ਦਾ ਹਰ ਇੱਕ ਇਨਸਾਨ ਦਾ ਅਧਿਕਾਰ ਹੈ ਤੇ ਸਾਨੂੰ ਕਿਸੇ ਦੇ ਅਧਿਕਾਰ ਉੱਤੇ ਕੋਈ ਗਿ਼ਲਾ ਨਹੀਂ ਕਰਨਾ ਚਾਹੀਦਾ, ਐਸਾ ਮੇਰਾ ਵਿਚਾਰ ਹੈ। ਰਜਵੰਤ ਭੈਣ ਜੀ ਨੂੰ ਸਤਿਕਾਰ ਤੇ ਸੁਪਨ ਨੂੰ ਪਿਆਰ। -ਤੁਹਾਡਾ ਆਪਣਾ ਔਲਖ

ਉਸ ਤੋਂ ਬਾਅਦ ਮੈਂ ਔਲਖ ਨੂੰ ਲਿਖਿਆ:

-ਪਿਆਰੇ ਔਲਖ ਸਾਹਿਬ! ਪਿਛਲੇ ਦਿਨੀਂ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਪ੍ਰਧਾਨ ਤੇ ਜਨਰਲ ਸਕੱਤਰ ਤੇ ਹੋਰ ਮੈਂਬਰਾਂ ਨੂੰ ਮੈਂ ਤੁਹਾਨੂੰ ਕਮੇਟੀ ਦਾ ਮੈਂਬਰ ਲੈਣ ਦਾ ਬੇਨਤੀ ਪੱਤਰ ਭੇਜਿਆ ਸੀ, ਉਹਦੀ ਕਾਪੀ ਤੁਹਾਨੂੰ ਭੇਜ ਰਿਹਾਂ। ਇਹ ਤਾਂ ਤੁਸੀਂ ਜਾਣਦੇ ਹੀ ਓ ਕਿ ਆਪਾਂ ਦੋਵਾਂ ਦੀ ਦਹਾਕਿਆਂ ਦੀ ਸੁਖਾਵੀਂ ਰਿਸ਼ਤਗੀ ਵਿਚ ਇੱਕ ਪਲ ਵੀ ਅਜਿਹਾ ਨਹੀਂ ਆਇਆ ਜਦੋਂ ਅਸੀਂ ਇੱਕ ਦੂਜੇ ਬਾਰੇ ਲੇਸ ਮਾਤਰ ਵੀ ਕੋਈ ਮੰਦਭਾਵਨਾ ਰੱਖੀ ਹੋਵੇ ਪਰ ਤੁਹਾਡਾ ਨਾਂ ਮੈਂਬਰੀ ਲਈ ਦੋ ਵਾਰ ਪੇਸ਼ ਹੋਣ ਤੇ ਰੱਦ ਹੋਣ ਤੋਂ ਮੇਰਾ ਮਨ ਡਾਢਾ ਦੁਖੀ ਹੋਇਆ ਹੈ। ਮੈਂ ਏਸੇ ਪ੍ਰਸੰਗ ਵਿਚ ਕਮੇਟੀ ਦੇ ਪ੍ਰਧਾਨ ਤੇ ਜਨਰਲ ਸਕੱਤਰ ਨੂੰ ਜਿਹੜੀ ਚਿੱਠੀ ਲਿਖੀ ਹੈ, ਤੇ ਜਿਸ ਦੀ ਕਾਪੀ ਕੁਝ ਹੋਰ ਮੈਂਬਰਾਂ ਨੂੰ ਵੀ ਭੇਜੀ ਹੈ, ਉਸ ਚਿੱਠੀ ਦਾ ਹੂ-ਬ-ਹੂ ਉਤਾਰਾ ਹੇਠਾਂ ਦਰਜ ਹੈ:

ਪ੍ਰਧਾਨ/ਸਕੱਤਰ,

ਦੇਸ਼ ਭਗਤ ਯਾਦਗਾਰ ਕਮੇਟੀ,

ਜਲੰਧਰ।

ਸਤਿਕਾਰਯੋਗ ਜੀਓ!

ਪਿਛਲੇ ਦਿਨੀਂ ਮੈਂ ਪ੍ਰੈੱਸ ਵਿਚ ਕਮੇਟੀ ਲਈ ਨਵੇਂ ਨਾਮਜ਼ਦ ਕੀਤੇ ਮੈਂਬਰਾਂ ਦਾ ਵੇਰਵਾ ਪੜ੍ਹਿਆ। ਮੈਂ ਕਮੇਟੀ ਦੇ ਇਸ ਫ਼ੈਸਲੇ ਦਾ ਸਤਿਕਾਰ ਕਰਦਾ ਹਾਂ ਤੇ ਨਵੇਂ ਮੈਂਬਰਾਂ ਨੂੰ ਮੁਬਾਰਕ ਦਿੰਦਾ ਹੋਇਆ ਆਪ ਜੀ ਦਾ ਧਿਆਨ ਇਸ ਗੱਲ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਕੁਝ ਸਾਲ ਪਹਿਲਾਂ ਜਦੋਂ ਕਮੇਟੀ ਵਿਚ ਕਿਸੇ ਨਵੇਂ ਮੈਂਬਰ ਨੂੰ ਨਾਮਜ਼ਦ ਕਰਨ ਦਾ ਫ਼ੈਸਲਾ ਹੋਣ ਲੱਗਾ ਸੀ ਤਾਂ ਕਮੇਟੀ ਵੱਲੋਂ ਹਾਊਸ ਵਿਚ ਪੇਸ਼ ਕੀਤੇ ਜਾਣ ਵਾਲੇ ਸ੍ਰੀ ਦੇਵ ਰਾਜ ਨਈਅਰ ਦੇ ਮੁਕਾਬਲੇ ਕਮੇਟੀ ਦੇ ਇੱਕ ਸਤਿਕਾਰੋਗ ਮੈਂਬਰ ਨੇ ਪ੍ਰੋ. ਅਜਮੇਰ ਸਿੰਘ ਔਲਖ ਦਾ ਨਾਮ ਵੀ ਪੇਸ਼ ਕੀਤਾ ਸੀ। ਉਸ ਸਮੇਂ ਮੈਂ ਔਲਖ ਸਾਹਿਬ ਦੀ ਬਿਮਾਰੀ ਦਾ ਹਵਾਲਾ ਦੇ ਕੇ ਉਹਨਾਂ ਦਾ ਨਾਂ ਪੇਸ਼ ਕਰਨ ਵਾਲੇ ਸੰਬੰਧਤ ਮੈਂਬਰ ਨੂੰ ਵੀ ਬੇਨਤੀ ਕੀਤੀ ਸੀ ਕਿ ਸ਼ਾਇਦ ਅਜੇ ਬਿਮਾਰੀ ਦੀ ਇਸ ਹਾਲਤ ਵਿਚ ਔਲਖ ਸਾਹਿਬ ਤੋਂ ਸਰਗਰਮੀ ਨਾਲ ਕੰਮ ਕਰਨਾ ਸੰਭਵ ਨਾ ਹੋਵੇ ਪਰ ਔਲਖ ਸਾਹਿਬ ਦੀਆਂ ਸਾਹਿਤ, ਸਮਾਜ ਤੇ ਰਾਜਨੀਤਕ ਖੇਤਰ ਵਿਚ ਮਾਣਯੋਗ ਪ੍ਰਾਪਤੀਆਂ ਦੇ ਹਵਾਲੇ ਨਾਲ ਉਹਨਾਂ ਦੇ ਸਿਹਤਮੰਦ ਹੋਣ ਦੀ ਸ਼ੁਭ-ਇੱਛਾ ਪ੍ਰਗਟਾਉਂਦਿਆਂ ਮੈਂ ਇਹ ਵੀ ਕਿਹਾ ਸੀ ਕਿ ਕਿਸੇ ਵੀ ਅਗਾਂਹਵਧੂ ਲੋਕ-ਹਿਤੈਸ਼ੀ ਅਦਾਰੇ ਵਿਚ ਔਲਖ ਸਾਹਿਬ ਦੀ ਸ਼ਮੂਲੀਅਤ ਉਸ ਅਦਾਰੇ ਵਿਚ ਮਾਣਯੋਗ ਵਾਧਾ ਹੋਵੇਗਾ।

ਅਸੀਂ ਜਾਣਦੇ ਹਾਂ ਕਿ ਅਜਮੇਰ ਸਿੰਘ ਔਲਖ ਹੁਣ ਤੰਦਰੁਸਤ ਹਨ ਤੇ ਪੂਰੀ ਸਰਗਰਮੀ ਨਾਲ ਸਾਹਿਤ ਰਚਣ, ਨਾਟਕ ਖੇਡਣ ਦੇ ਨਾਲ-ਨਾਲ ਲੋਕ-ਹਿਤਾਂ ਲਈ ਸਰਗਰਮ ਜਥੇਬੰਦੀਆਂ ਵਿਚ ਤਨਦੇਹੀ ਨਾਲ ਸੂਬਾਈ ਪੱਧਰ 'ਤੇ ਆਗੂ ਰੋਲ ਨਿਭਾ ਰਹੇ ਹਨ।

ਮੈਂ ਪੂਰੀ ਨਿਮਰਤਾ ਨਾਲ ਦੇਸ਼ ਭਗਤ ਯਾਦਗਾਰ ਕਮੇਟੀ ਨੂੰ ਸੁਝਾਓ ਦੇਣਾ ਚਾਹੁੰਦਾ ਹਾਂ ਕਿ ਔਲਖ ਸਾਹਿਬ ਦੀ ਦੇਸ਼ ਭਗਤ ਯਾਦਗਾਰ ਕਮੇਟੀ ਵਿਚ ਸ਼ਮੂਲੀਅਤ ਬੜਾ ਹੀ ਮੁੱਲਵਾਨ ਵਾਧਾ ਹੋਵੇਗੀ। ਨਿਸਚੈ ਹੀ, ਇਸ ਬਾਰੇ ਅੰਤਮ ਫ਼ੈਸਲਾ ਕਰਨ ਦਾ ਅਧਿਕਾਰ ਕਮੇਟੀ ਦੀ ਜਨਰਲ ਬਾਡੀ ਕੋਲ ਹੈ ਪਰ ਕਮੇਟੀ ਦੀ ਜਨਰਲ ਬਾਡੀ ਦਾ ਮੈਂਬਰ ਹੋਣ ਦੀ ਹੈਸੀਅਤ ਵਿਚ ਮੈਨੂੰ ਕਮੇਟੀ ਅੱਗੇ ਆਪਣਾ ਵਿਚਾਰ ਪੇਸ਼ ਕਰਨ ਦਾ ਹੱਕ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਹੁਣ ਜਦੋਂ ਵੀ ਕਦੀ ਕਮੇਟੀ ਵਿਚ ਨਵਾਂ ਮੈਂਬਰ ਲੈਣ ਦੀ ਗੁੰਜਾਇਸ਼ ਹੋਵੇ ਤਾਂ ਅਜਮੇਰ ਸਿੰਘ ਔਲਖ ਦੇ ਨਾਂ ਨੂੰ ਜ਼ਰੂਰ ਵਿਚਾਰਿਆ ਜਾਵੇ ਜੀ। ਮੇਰੀ ਬੇਨਤੀ ਹੈ ਕਿ ਮੇਰੀ ਇਹ ਰਾਇ ਕਮੇਟੀ ਦੀ ਕਿਸੇ ਵੀ ਅਗਲੀ ਸੰਭਾਵਤ ਮੀਟਿੰਗ ਵਿਚ ਕਮੇਟੀ ਮੈਂਬਰਾਂ ਨਾਲ ਜ਼ਰੂਰ ਸਾਂਝੀ ਕੀਤੀ ਜਾਵੇ। ਇਹ ਰਾਇ ਸਮੂਹ ਕਮੇਟੀ ਮੈਂਬਰਾਂ ਤੋਂ ਓਹਲੇ ਵਿਚ ਨਹੀਂ ਰੱਖੀ ਜਾਣੀ ਚਾਹੀਦੀ।

ਹਿਤੂ

ਵਰਿਆਮ ਸਿੰਘ ਸੰਧੂ

ਆਖ਼ਰਕਾਰ ਮੇਰੀ ਲੰਮੀ ਜਦੋ-ਜਹਿਦ ਤੋਂ ਬਾਅਦ ਅਜਮੇਰ ਸਿੰਘ ਔਲਖ ਨੂੰ ਕਮੇਟੀ ਦਾ ਮੈਂਬਰ ਨਾਮਜ਼ਦ ਕਰ ਲਿਆ ਗਿਆ।

ਇਹ ਸਾਰਾ ਬਿਰਤਾਂਤ ਇਸ ਕਰ ਕੇ ਸਾਂਝਾ ਕਰਨਾ ਪਿਆ ਕਿ ਸਾਡੇ ਅਦਾਰਿਆਂ ਵਿਚ ਚੱਲਦੇ 'ਵਿਹਾਰ' ਤੋਂ ਤੁਸੀਂ ਜਾਣੂ ਹੋ ਸਕੋ। ਜੇ ਕੇਂਦਰੀ ਲੇਖਕ ਸਭਾ ਵਿਚ ਧੜੇਬੰਦੀ ਗੁਰਸ਼ਰਨ ਸਿੰਘ ਨੂੰ ਹਰਾ ਸਕਦੀ ਹੈ ਤਾਂ ਅਜਿਹੀ ਧੜੇਬੰਦੀ ਹੀ ਕਈ ਸਾਲ ਅਜਮੇਰ ਸਿੰਘ ਔਲਖ ਦੇ ਦੇਸ਼ ਭਗਤ ਯਾਦਗਾਰ ਕਮੇਟੀ ਦਾ ਮੈਂਬਰ ਬਣਨ ਦੇ ਰਾਹ ਵਿਚ ਰੁਕਾਵਟ ਵੀ ਖੜ੍ਹੀ ਕਰ ਸਕਦੀ ਹੈ। ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦੀ ਚੋਣ ਲੜਨ ਤੋਂ ਰੋਕਣ ਲਈ ਕੀਤੀ ਮੇਰੀ ਅਪੀਲ ਭਾਵੇਂ ਔਲਖ ਨੇ ਖ਼ਾਰਜ ਕਰ ਦਿੱਤੀ ਸੀ ਪਰ ਆਖ਼ਰਕਾਰ ਪ੍ਰਧਾਨਗੀ ਦਾ 'ਸਵਾਦ' ਵੇਖ ਲੈਣ ਤੋਂ ਬਾਅਦ ਉਹਨੂੰ ਇਹ ਕਹਿਣਾ ਪਿਆ, 'ਉਂਝ ਵੀ ਕੇਂਦਰੀ ਲੇਖਕ ਸਭਾ ਦਾ ਪ੍ਰਧਾਨ ਬਣਨ ਤੋਂ ਬਾਅਦ ਮੇਰਾ ਇਹਨਾਂ ਮੈਂਬਰੀਆਂ-ਸ਼ੈਂਬਰੀਆਂ ਤੇ ਅਹੁਦੇਦਾਰੀਆਂ ਤੋਂ ਮਨ ਫਿੱਕਾ ਹੀ ਪੈ ਗਿਆ ਹੈ ਤੇ ਨਾ ਹੀ ਮੈਂ ਆਪਣੇ ਆਪ ਨੂੰ ਇਹਨਾਂ ਦੇ ਯੋਗ ਸਮਝਦਾ ਹਾਂ।'

ਸਾਡੇ ਇਸ ਵਿਚਾਰ-ਵਟਾਂਦਰੇ ਵਿਚੋਂ ਇੱਕ ਗੱਲ ਹੋਰ ਸਪੱਸ਼ਟ ਹੁੰਦੀ ਹੈ ਕਿ ਔਲਖ ਕਿੰਨਾ ਸਹਿਜ ਤੇ ਸੁਹਿਰਦ-ਭਾਵੀ ਸੀ ਤੇ ਏਨੇ ਸਾਲਾਂ ਤੱਕ ਕਮੇਟੀ ਵਿਚ ਉਹਨੂੰ ਸ਼ਾਮਲ ਨਾ ਕੀਤੇ ਜਾਣ ਦਾ ਕੋਈ ਗਿਲਾ ਨਹੀਂ ਸੀ।



ਅਜਮੇਰ ਸਿੰਘ ਔਲਖ ਪੰਜਾਬੀ ਸਾਹਿਤ ਅਕਾਦਮੀ ਦਾ ਭਾਅਜੀ ਗੁਰਸ਼ਰਨ ਸਿੰਘ ਯਾਦਗਾਰੀ ਇਨਾਮ ਹਾਸਲ ਕਰਦੇ ਹੋਏ।

## ਗੁਰਸ਼ਰਨ ਸਿੰਘ ਤੇ ਅਜਮੇਰ ਸਿੰਘ ਔਲਖ ਦੀ ਸਾਂਝ ਤੇ ਫ਼ਰਕ

ਅਜਮੇਰ ਔਲਖ ਨੂੰ 2015 ਵਿਚ 'ਗੁਰਸ਼ਰਨ ਸਿੰਘ ਲੋਕ-ਕਲਾ ਸਲਾਮ ਕਾਫ਼ਲੇ' ਵੱਲੋਂ 'ਭਾਈ ਲਾਲੋ ਕਲਾ ਸਨਮਾਨ', ਭਰੇ-ਪੂਰੇ ਚਾਅ ਅਤੇ ਉਤਸ਼ਾਹ ਨਾਲ ਭਰੇ ਭਾਰੀ ਜਨਤਕ ਇਕੱਠ ਵਿਚ ਦੇ ਕੇ ਸਾਬਤ ਕਰ ਦਿੱਤਾ ਕਿ ਲੋਕਾਂ ਦੇ ਲੇਖਕ ਨੂੰ ਲੋਕ ਸਦਾ ਆਪਣੇ ਦਿਲ ਵਿਚ ਵਸਾ ਕੇ ਰੱਖਦੇ ਹਨ ਕਿਉਂਕਿ ਉਹਨਾਂ ਲੇਖਕਾਂ ਦਾ ਲਿਖਿਆ ਸ਼ਬਦ-ਸ਼ਬਦ ਉਹਨਾਂ ਦੇ ਆਪਣੇ ਹੀ ਦਿਲਾਂ ਦੀ ਆਵਾਜ਼ ਹੁੰਦਾ ਹੈ। ਇਸ ਸਨਮਾਨ ਨਾਲ ਭਾਈ ਲਾਲੋ ਅਤੇ ਗੁਰਸ਼ਰਨ ਸਿੰਘ ਦੇ ਨਾਵਾਂ ਦਾ ਜੁੜੇ ਹੋਣਾ ਇਸ ਗੱਲ ਦਾ ਸੰਕੇਤ ਹੈ ਕਿ ਗੁਰਸ਼ਰਨ ਸਿੰਘ ਤੇ ਅਜਮੇਰ ਔਲਖ 'ਭਾਈ ਲਾਲੋਆਂ ਦੇ ਹੱਕਾਂ ਬੁਲਾਰੇ' ਅਤੇ ਇੱਕੋ ਰਾਹ ਦੇ ਪਾਂਧੀ ਸਨ। ਵੱਡੇ ਨੇ ਪੈੜਾਂ ਪਾਈਆਂ ਤੇ ਛੋਟੇ ਨੇ ਸਿਦਕ-ਦਿਲੀ ਤੇ ਦ੍ਰਿੜ੍ਹਤਾ ਨਾਲ ਉਹਨਾਂ ਪੈੜਾਂ 'ਤੇ ਤੁਰਦੇ ਰਹਿਣ ਦੀ ਕਰਾਮਾਤ ਕਰ ਵਿਖਾਈ। ਅਜਮੇਰ ਔਲਖ ਨੇ ਗੁਰਸ਼ਰਨ ਸਿੰਘ ਦੀ ਪੰਜਾਬੀ ਰੰਗਮੰਚ ਨੂੰ ਇਤਿਹਾਸਕ ਦੇਣ ਬਾਰੇ ਸਲਾਮ ਕਰਦਿਆਂ ਲਿਖਿਆ ਸੀ, "ਇਸ ਵਿਚ ਸ਼ੱਕ ਨਹੀਂ ਕਿ ਗੁਰਸ਼ਰਨ ਸਿੰਘ ਭਾਅ ਜੀ ਨੇ ਪੰਜਾਬੀ ਨਾਟਕ ਨੂੰ ਆਮ ਲੋਕਾਂ ਤੱਕ ਪੁੱਜਦਾ ਕਰਨ ਲਈ ਵੱਡੀ ਸੰਸਥਾ ਵਾਂਗ ਕੰਮ ਕੀਤਾ ਹੈ। ਉਹਨਾਂ ਨੇ ਪੰਜਾਬ ਵਿਚ ਨਾਟਕ ਤੇ ਰੰਗਮੰਚ ਦੀ ਲਹਿਰ ਪੈਦਾ ਕਰਨ ਲਈ ਇਤਿਹਾਸਕ ਮਹੱਤਵ ਵਾਲਾ ਆਗੂ ਰੋਲ ਨਿਭਾਇਆ ਹੈ। ਮੇਰੇ ਵਰਗੇ ਜੋ ਪੰਜਾਬ ਦੇ ਪਿੰਡਾਂ ਵਿਚ ਜਾ ਕੇ ਥੋੜ੍ਹਾ-ਬਹੁਤਾ ਰੰਗਮੰਚ ਕਰ ਰਹੇ ਹਨ ਤਾਂ ਉਹਨਾਂ ਤੋਂ ਮਿਲੀ ਪ੍ਰੇਰਨਾ ਸਦਕਾ ਹੀ ਕਰਨ ਲੱਗੇ ਹਨ।... ਇੱਛਾ ਇਹੋ ਹੈ ਕਿ ਗੁਰਸ਼ਰਨ ਸਿੰਘ ਦੇ ਰੰਗਮੰਚ ਨੂੰ ਹੁਣ ਅੱਗੇ ਤੋਰਿਆ ਜਾਵੇ ਜਿਸ ਅਨੁਸਾਰ ਨਾਟਕ ਸਿਰਫ਼ ਰੱਜੇ-ਪੁੱਜੇ ਲੋਕਾਂ ਦੇ ਮਨੋਰੰਜਨ ਦਾ ਸਾਧਨ ਹੀ ਕਿਉਂ ਰਹੇ ਸਗੋਂ ਇਹ ਪਿੰਡਾਂ ਦੀਆਂ ਸੱਥਾਂ, ਗਲੀਆਂ ਤੇ ਥੜ੍ਹਿਆਂ ਤੱਕ ਪਹੁੰਚਣਾ ਚਾਹੀਦਾ ਹੈ।"

ਔਲਖ ਦੇ ਇਹ ਬੋਲ ਮਹਾਨ ਧਨੁਰਧਾਰੀ ਅਰਜਨ ਵੱਲੋਂ ਆਪਣੇ ਗੁਰੂ ਦ੍ਰੋਣਾਚਾਰੀਆ ਦੇ ਚਰਨਾਂ ਵਿਚਕਾਰ ਨਮਸਕਾਰ ਵਜੋਂ ਸੁੱਟੇ ਤੀਰ ਵਰਗੇ ਹਨ। ਵੱਡੇ ਨੇ ਮੁਹੱਬਤਾਂ ਦਾ ਗੁਲਦਸਤਾ ਭੇਟ ਕੀਤਾ ਤੇ ਛੋਟੇ ਨੇ ਸੀਸ ਨਿਵਾ ਕੇ ਬੁੱਕ ਵਿਚ ਸੰਭਾਲ ਕੇ ਸੀਨੇ ਨਾਲ ਲਿਆ। ਇਸ ਗੁਲਦਸਤੇ ਦੇ ਫੁੱਲਾਂ ਵਿਚ ਵਿਚਾਰਧਾਰਕ ਖ਼ੁਸ਼ਬੂ ਵੀ ਸੀ ਤੇ ਕਲਾ ਦਾ ਰੰਗ ਵੀ। ਅਜਮੇਰ ਔਲਖ ਨੇ ਗੁਰਸ਼ਰਨ ਸਿੰਘ ਦੀ ਦਿੱਤੀ ਇਸ ਖ਼ੁਸ਼ਬੂ ਨੂੰ ਲੰਮੇ ਸਾਹ ਲੈ ਕੇ ਅੰਦਰ ਵਸਾ ਲਿਆ ਤੇ ਕਲਾ ਦੇ ਸੱਤੇ ਰੰਗ ਆਪਣੀ ਰੂਹ ਵਿਚ ਘੋਲ ਲਏ। ਦੋਵੇਂ ਗੁਰੂ-ਚੇਲਾ ਧੰਨ ਹੋ ਗਏ। ਇੱਕ ਹੋ ਗਏ। ਕੋਈ ਵੱਡਾ-ਛੋਟਾ ਨਾ ਰਿਹਾ।

ਨਿਰਸੰਦੇਹ ਗੁਰਸ਼ਰਨ ਸਿੰਘ ਦੀ ਪੰਜਾਬੀ ਨਾਟਕ ਨੂੰ ਪੰਜਾਬ ਦੇ ਪਿੰਡਾਂ ਦੇ ਵਿਹੜਿਆਂ ਅਤੇ ਸੱਥਾਂ ਵਿਚ ਲੈ ਕੇ ਜਾਣ ਦੀ ਇਤਿਹਾਸਕ ਦੇਣ ਤੋਂ ਕੋਈ ਮੁਨਕਰ ਹੋ ਹੀ ਨਹੀਂ ਸਕਦਾ। ਜਦੋਂ ਗੁਰਸ਼ਰਨ ਸਿੰਘ 'ਅੰਮ੍ਰਿਤਸਰ ਨਾਟਕ ਕਲਾ ਕੇਂਦਰ' ਦੇ ਬੈਨਰ ਹੇਠ ਅੰਮ੍ਰਿਤਸਰ ਦੇ ਓਪਨ ਏਅਰ ਥੀਏਟਰ ਵਿਚ ਹਰ ਮਹੀਨੇ ਨਵਾਂ ਨਾਟਕ ਕਰਦੇ ਸਨ ਤਾਂ ਅਸੀਂ ਉਚੇਚੇ ਤੌਰ 'ਤੇ ਆਪਣੇ ਪਿੰਡਾਂ ਤੋਂ ਚੱਲ ਕੇ ਰਾਤ ਨੂੰ ਹੋਣ ਵਾਲੇ ਇਹ ਨਾਟਕ ਵੇਖਣ ਜਾਂਦੇ। ਨਾਟਕ ਵੇਖਣ ਤੋਂ ਬਾਅਦ ਰਾਤ ਕਿਸੇ ਸਸਤੇ ਹੋਟਲ ਵਿਚ ਕੱਟਦੇ। ਗੁਰਸ਼ਰਨ ਸਿੰਘ ਦੀਆਂ ਨਾਟਕੀ ਪੇਸ਼ਕਾਰੀਆਂ ਸੁਨੇਹੇ ਦੇ ਨਾਲ-ਨਾਲ ਕਲਾ ਦੀਆਂ ਸਿਖ਼ਰਾਂ ਛੋਹਣ ਵਾਲੀਆਂ ਸਨ। 'ਆਲ੍ਹਣਾ ਤੀਲੋ-ਤੀਲ', 'ਲੂਣਾ', 'ਗੋਦੋ ਦੀ ਉਡੀਕ', 'ਜਿਨੁ ਸੱਚ ਪੱਲੇ ਹੋਇ' 'ਤਖ਼ਤ ਲਾਹੌਰ', 'ਨੰਗਾ ਆਦਮੀ' ਵਰਗੀਆਂ ਅਨੇਕਾਂ ਸ਼ਾਹਕਾਰ ਪੇਸ਼ਕਾਰੀਆਂ ਦਾ ਆਨੰਦ ਮਾਣਿਆਂ ਪਰ ਪਿੰਡਾਂ ਤੋਂ ਨਾਟਕ ਵੇਖਣ ਆਉਣ ਵਾਲਿਆਂ ਲਈ ਰਾਤ ਰਹਿਣ ਦੀ ਸਮੱਸਿਆ ਹੋਣ ਕਰ ਕੇ 'ਸਾਡੇ ਵਰਗਿਆਂ' ਦੀ ਗਿਣਤੀ ਬਹੁਤ ਥੋੜ੍ਹੀ ਹੁੰਦੀ। ਬਹੁਤੇ ਦਰਸ਼ਕ ਸ਼ਹਿਰੀ ਮੱਧ-ਸ਼੍ਰੇਣੀ ਨਾਲ ਸੰਬੰਧਤ ਹੁੰਦੇ ਤੇ ਉਹਨਾਂ ਨੂੰ ਨਾਟਕ ਵੇਖਣ ਲਈ ਪਾਸ ਮੁਹੱਈਆ ਕਰਵਾਏ ਜਾਂਦੇ ਸਨ। ਗੁਰਸ਼ਰਨ ਸਿੰਘ ਦਾ ਨਾਟਕ ਵੇਖਣ ਲਈ ਅੰਮ੍ਰਿਤਸਰ ਆਉਣ ਦਾ ਤਰੱਦਦ ਸਾਡੇ ਵਰਗੇ ਖ਼ਬਤੀ ਲੋਕ ਤਾਂ ਕਰ ਸਕਦੇ ਸਨ ਪਰ ਆਮ ਪੰਜਾਬੀ ਦਰਸ਼ਕ ਇਹਨਾਂ ਨਾਟਕਾਂ ਤੋਂ ਵਾਂਝੇ ਰਹਿ ਜਾਂਦੇ। ਕੁਝ ਸਮੇਂ ਬਾਅਦ ਗੁਰਸ਼ਰਨ ਸਿੰਘ ਨੇ ਖ਼ੁਦ ਹੀ ਮਹਿਸੂਸ ਕੀਤਾ ਕਿ ਉਹਦੇ ਨਾਟਕਾਂ ਦੇ ਸੁਨੇਹੇ ਦਾ ਅਸਲ ਅਧਿਕਾਰੀ ਦਰਸ਼ਕ ਤਾਂ ਪਿੰਡਾਂ ਵਿਚ ਵੱਸਦਾ ਹੈ। ਸਾਡੇ ਮਨ ਦੀ ਰੀਝ ਪੂਰੀ ਹੋ ਗਈ। ਗੁਰਸ਼ਰਨ ਸਿੰਘ ਦੀ ਟੀਮ ਪਿੰਡ-ਪਿੰਡ ਨਾਟਕ ਕਰਨ ਲੱਗੀ।

ਗੁਰਸ਼ਰਨ ਸਿੰਘ ਨੇ ਪੰਜਾਬੀ ਨਾਟਕ ਅਤੇ ਰੰਗਮੰਚ ਨੂੰ ਕੁਝ ਵਿਸ਼ੇਸ਼ ਦਰਸ਼ਕਾਂ ਦੇ ਦਾਇਰੇ ਵਿਚੋਂ ਕੱਢ ਕੇ ਪੰਜਾਬ ਦੇ ਲੋਕ-ਮਨਾਂ ਤੱਕ ਆਪਣਾ ਸੁਨੇਹਾ ਪਹੁੰਚਾਉਣ ਦਾ ਮਹਾਨ ਕਾਰਜ ਕੀਤਾ। ਸਾਡੇ ਇਹ ਵੀ ਵੇਖਣ ਵਿਚ ਆਇਆ ਕਿ ਆਪਣੀ ਉਮਰ ਦੇ ਪਿਛਲੇ ਸਾਲਾਂ ਵਿਚ ਉਹਨਾਂ ਦੇ ਨਾਟਕਾਂ ਵਿਚਲਾ ਦਾ 'ਸੁਨੇਹਾ' ਏਨਾ ਪ੍ਰਮੁੱਖ ਹੋ ਗਿਆ ਕਿ ਕਈ ਵਾਰ ਕਲਾ-ਧਰਮ ਤੋਂ ਵੀ ਵਿਜੋਗਿਆ ਜਾਂਦਾ ਤੇ ਨਿਰੋਲ 'ਭਾਸ਼ਨੀ ਨਾਹਰੇ' ਤੱਕ ਵੀ ਸਿਮਟ ਜਾਂਦਾ ਰਿਹਾ ਪਰ ਉਹਦੀਆਂ ਪੈੜਾਂ 'ਤੇ ਤੁਰਨ ਵਾਲੇ ਅਜਮੇਰ ਔਲਖ ਦੀ ਸਦਾ ਵਿਸ਼ੇਸ਼ਤਾ ਰਹੀ ਕਿ ਉਹਨੇ ਆਪਣੇ ਨਾਟਕਾਂ ਵਿਚ ਸਦਾ ਕਲਾ-ਧਰਮ ਨੂੰ ਨਿਭਾਇਆ। ਨਾਟਕ ਨੂੰ ਕਦੀ ਵੀ ਨਾਹਰਾ ਨਾ ਬਣਨ ਦਿੱਤਾ। ਇਸ ਪੱਖੋਂ ਉਹ ਗੁਰਸ਼ਰਨ ਸਿੰਘ ਵਰਗਾ ਹੋ ਕੇ ਵੀ ਉਸ ਤੋਂ ਥੋੜ੍ਹਾ ਕੁ ਵੱਖਰਾ ਸੀ।

ਦੂਜੇ ਪਾਸੇ ਖ਼ੁਦ ਗੁਰਸ਼ਰਨ ਸਿੰਘ ਨੇ ਇਕ ਤਰ੍ਹਾਂ ਨਾਲ ਸਾਡੇ ਕਥਨ ਦੀ ਹੀ ਤਸਦੀਕ ਕਰਦਿਆਂ ਲਿਖਿਆ ਸੀ, "ਅਜਮੇਰ ਔਲਖ ਦਾ ਪੇਂਡੂ ਰੰਗਮੰਚ ਵਿਸ਼ਵ ਪੱਧਰ ਦਾ ਹੈ।... ਉਹਦੇ ਨਾਟਕਾਂ ਦੀ ਉਸਾਰੀ ਪੂਰੀ ਵਿਉਂਤ ਨਾਲ ਚੱਲਦੀ ਹੈ। ਉਹਨਾਂ ਦਾ ਸ਼ੁਰੂ ਹੈ, ਦਰਮਿਆਨ ਹੈ ਅਤੇ ਸਿਖਰ ਹੈ। ਕਿਸੇ ਸਫ਼ਲ ਕਾਰੀਗਰ ਵਾਂਗ ਉਹ ਜਾਣਦਾ ਹੈ ਕਿ ਉਹਨੇ ਵਿਸ਼ੇ ਨੂੰ ਕਿਸ ਤਰ੍ਹਾਂ ਉੱਤਮ ਕਲਾ ਕ੍ਰਿਤ ਵਿਚ ਬਦਲਣਾ ਹੈ।"

ਅਜਮੇਰ ਔਲਖ ਖ਼ੁਦ ਵਿਚਾਰਧਾਰਾ ਅਤੇ ਕਲਾ ਦੀ ਰਿਸ਼ਤਗੀ ਬਾਰੇ ਬੜਾ ਸਪੱਸ਼ਟ ਸੀ, "ਜੇ ਲੇਖਕ ਆਪਣੀ ਨਿੱਜੀ ਜੀਵਨ-ਦ੍ਰਿਸ਼ਟੀ ਨੂੰ ਆਪਣੇ ਸਾਹਿਤ ਵਿਚ ਬਿੰਬਤ ਹੁੰਦੀ ਦ੍ਰਿਸ਼ਟੀ ਨਾਲੋਂ ਵੱਧ ਮਹੱਤਵ ਦੇ ਕੇ ਉਸ ਦੇ ਪ੍ਰਚਾਰ ਕਰਨ ਦਾ ਸ਼ਿਕਾਰ ਹੋ ਜਾਂਦਾ ਹੈ ਤਾਂ ਨਿਸ਼ਚੇ ਹੀ ਉਸ ਦੀ ਰਚਨਾ ਪੇਤਲੇਪਣ ਦਾ ਸ਼ਿਕਾਰ ਹੋਵੇਗੀ ਤੇ ਉਸ ਉੱਤੇ ਪ੍ਰਚਾਰ ਦਾ ਦੋਸ਼ ਲਾਉਣਾ ਵੀ ਅਨੁਚਿਤ ਨਹੀਂ ਠਹਿਰਾਇਆ ਜਾ ਸਕੇਗਾ।"

ਇੰਝ ਰਾਜਨੀਤਕ ਜਾਗ੍ਰਿਤੀ ਦੇ ਥੀਏਟਰ ਨੂੰ ਸਮਰਪਤਿ ਹੋਣ ਦੇ ਬਾਵਜੂਦ ਔਲਖ ਨੇ ਆਪਣੇ ਨਾਟਕਾਂ ਨੂੰ ਕਲਾ ਦੇ ਦਾਇਰੇ ਅੰਦਰ ਹੀ ਰੱਖਿਆ ਤੇ ਉਹਨਾਂ ਨੂੰ ਕਦੀ 'ਪ੍ਰਚਾਰ' ਨਾ ਬਣਨ ਦਿੱਤਾ।

## ਰੀੜ੍ਹ ਦੀ ਹੱਡੀ ਨਿਰੀ ਸਰੀਰ 'ਚ ਨਹੀਂ ਸਗੋਂ ਜ਼ਮੀਰ 'ਚ ਹੁੰਦੀ ਹੈ

ਮਾਹਿਰ ਡਾਕਟਰਾਂ ਦੀ ਰਾਇ ਸੀ ਕਿ ਬਿਮਾਰੀ ਏਨੀ ਖ਼ਤਰਨਾਕ ਹੱਦ ਤੱਕ ਵਧ ਚੁੱਕੀ ਹੈ ਕਿ ਉਹ ਮਸਾਂ ਛੇ ਮਹੀਨੇ ਤੇ ਜੇ ਇਲਾਜ ਬਹੁਤ ਹੀ ਚੰਗੀ ਤਰ੍ਹਾਂ ਕਰਵਾਇਆ ਜਾਵੇ ਤਾਂ ਵੱਧ ਤੋਂ ਵੱਧ ਦੋ ਢਾਈ ਸਾਲ ਕੱਢ ਸਕਦਾ ਹੈ ਪਰ ਹੈਰਾਨ ਹੋਈਦਾ ਹੈ ਕਿ ਉਹਨੇ ਡਾਕਟਰਾਂ ਨੂੰ ਇੱਕ ਵਾਰ ਤਾਂ ਝੂਠਾ ਸਾਬਤ ਕਰ ਦਿੱਤਾ। ਕਬੱਡੀ ਦੇ ਚੰਗੇ ਧਾਕੜ ਧਾਵੀ ਵਾਂਗ ਉਹ ਹਰ ਵਾਰ ਧਾਵਾ ਕਰ ਕੇ ਜੱਫਾ ਮਾਰਨ ਲਈ ਅੱਗੇ ਵਧੀ ਆਉਂਦੀ ਮੌਤ ਨੂੰ ਝਕਾਨੀ ਦੇ ਕੇ ਨਿਕਲ ਜਾਂਦਾ ਜਾਂ ਚਪੇੜਾਂ ਮਾਰ ਕੇ ਧੌਣ ਪਰਨੇ ਸੁੱਟ ਦਿੰਦਾ ਤੇ ਹੰਨੇ ਪਾਰ ਕਰ ਜਾਂਦਾ। ਲਗਭਗ ਪੂਰੇ ਦਸ, ਸਾਢੇ ਦਸ ਸਾਲ ਤੱਕ ਮੌਤ ਉਹਨੂੰ ਜੱਫਾ ਨਾ ਮਾਰ ਸਕੀ। ਇਹਨਾਂ ਸਾਲਾਂ ਵਿਚ ਬਿਮਾਰੀ ਦੇ ਸਾਰੇ ਫ਼ਿਕਰ, ਖ਼ਰਚੇ ਤੇ ਦੁੱਖਾਂ ਦਾ ਭਾਰ ਭੈਣ ਮਨਜੀਤ ਚੁੱਕਦੀ ਰਹੀ ਤੇ ਔਲਖ ਨਾਟਕ ਲਿਖਦਾ ਰਿਹਾ, ਖੇਡਦਾ ਰਿਹਾ, ਵਿਦੇਸ਼ਾਂ ਵਿਚ ਜਾ ਕੇ ਨਾਟਕ ਵਰਕਸ਼ਾਪਾਂ ਲਾ ਕੇ ਪਰਵਾਸੀ ਨੌਜਵਾਨਾਂ ਤੇ ਬੱਚਿਆਂ ਵਿਚ ਵਿਚ ਨਾਟਕ ਦੇ ਬੀਜ ਬੀਜਦਾ ਰਿਹਾ। ਕਮਾਲ ਦਾ ਸੀ ਉਹਦਾ ਸਿਦਕ, ਸਿਰੜ ਤੇ ਸੂਰਮਗਤੀ।

ਕੈਂਸਰ ਮੌਤ ਬਣ ਕੇ ਲਲਕਾਰੇ ਮਾਰਦਾ ਰੀੜ੍ਹ ਦੀ ਹੱਡੀ ਵੱਲ ਤੁਰਿਆ ਆ ਰਿਹਾ ਸੀ ਪਰ ਅਜਮੇਰ ਔਲਖ ਬੇਪ੍ਰਵਾਹ ਹੋ ਕੇ ਆਪਣੀ ਤੋਰੇ ਤੁਰਿਆ ਜਾ ਰਿਹਾ ਸੀ। ਨਾਟਕ ਖੇਡਦਾ। ਕਲਾਕਾਰਾਂ ਤੇ ਯਾਰਾਂ ਦੋਸਤਾਂ ਨਾਲ ਹੱਸਦਾ ਖੇਡਦਾ। ਮੌਤ ਤਾਂ ਲੱਗਦਾ ਸੀ, ਉਹਦੇ ਚਿੱਤ-ਖ਼ਿਆਲ ਵਿਚ ਨਾ ਹੋਵੇ! ਸਿਖਰ 'ਤੇ ਪਹੁੰਚੀ ਬਿਮਾਰੀ ਦੇ ਦਿਨੀਂ, ਜਦੋਂ ਉਹਦੇ ਪੈਰਾਂ ਨੇ ਖੜ੍ਹਨੋਂ ਤੇ ਤੁਰਨੋਂ ਵੀ ਇਨਕਾਰ ਕਰ ਦਿੱਤਾ ਸੀ ਤੇ ਉਹਦਾ ਮੰਜੇ ਉੱਤੇ ਸਿੱਧਾ ਲੰਮੇ ਪੈਣਾ ਵੀ ਔਖਾ ਹੋ ਗਿਆ ਤੇ ਉਹ ਵਾਰ-ਵਾਰ ਪਾਸੇ ਬਦਲਣ ਤੱਕ ਮਹਿਦੂਦ ਹੋ ਕੇ ਰਹਿ ਗਿਆ ਸੀ, ਉਹਨੂੰ 'ਸੁੱਖ-ਸਾਂਦ' ਪੁੱਛਣ ਲਈ ਜਦ ਵੀ ਫੋਨ ਕੀਤਾ ਤਾਂ ਉਹਦੀ ਆਵਾਜ਼ ਵਿਚ ਸਦਾ ਬਹਾਰ ਗੜ੍ਹਕਾ ਹੁੰਦਾ। ਸ਼ਾਇਦ ਉਹ ਆਪਣੇ ਯਾਰਾਂ-ਦੋਸਤਾਂ, ਪਾਠਕਾਂ ਤੇ ਦਰਸ਼ਕਾਂ ਨੂੰ ਦੱਸਣਾ ਚਾਹੁੰਦਾ ਸੀ ਕਿ ਰੀੜ੍ਹ ਦੀ ਹੱਡੀ ਨਿਰੀ ਸਰੀਰ 'ਚ ਨਹੀਂ ਸਗੋਂ ਜ਼ਮੀਰ 'ਚ ਹੁੰਦੀ ਹੈ। ਉਂਝ ਇਹ ਤਾਂ ਨਹੀਂ ਸੀ ਕਿ ਮੌਤ ਉਹਨੂੰ ਨੇੜੇ, ਹੋਰ ਨੇੜੇ ਆਉਂਦੀ ਦਿਸਦੀ ਨਹੀਂ ਸੀ। ਇਸ ਰੰਗਲੇ ਜਹਾਨ ਤੋਂ ਤੁਰ ਜਾਣ ਦੀ ਪੀੜ 'ਤੇ ਉਦਾਸੀ ਉਹਦੇ ਅੰਦਰ ਗੂੰਜਦੀ ਨਹੀਂ ਸੀ ਪਰ ਉਹ ਜਾਣਦਾ ਸੀ ਕਿ ਆਪਣੀ ਇਸ ਪੀੜ ਲਈ ਉਹਨੂੰ ਆਪੇ ਹੀ ਹੂੰਗਣਾ ਪੈਣਾ ਸੀ ਜਾਂ ਉਹਦੀ ਪਤਨੀ ਮਨਜੀਤ 'ਤੇ ਪਿਆਰੀਆਂ ਧੀਆਂ ਨੇ ਉਹਦੇ ਦੁੱਖ ਦਾ ਪਹਾੜ ਕਈ ਸਾਲ ਆਪਣੇ ਸਿਰ 'ਤੇ ਚੁੱਕੀ ਰੱਖਣਾ ਸੀ। ਉਹਨਾਂ ਨੇ ਉਹਦੇ 'ਤਾਪ' ਚੜ੍ਹਨ 'ਤੇ ਉਮਰ ਭਰ ਲਈ ਹੂੰਗਦੇ ਰਹਿਣਾ ਸੀ।

ਅਸੀਂ ਰੂਸੀ ਲੇਖਕਾਂ ਦੀਆਂ ਅਜਿਹੀਆਂ ਲਿਖਤਾਂ ਦੇ ਕਾਇਲ ਰਹੇ ਹਾਂ ਜਿਨ੍ਹਾਂ ਵਿਚ ਨਾਵਲਾਂ ਦੇ ਉਹਨਾਂ ਪਾਤਰਾਂ ਦੀ ਸੱਚੀ ਕਹਾਣੀ ਨੂੰ ਬਿਆਨ ਕੀਤਾ ਹੁੰਦਾ ਸੀ ਜਿਨ੍ਹਾਂ ਨੇ ਆਪਣੇ ਸਰੀਰ ਦੀ ਬਹੁਤ ਹੀ ਮਾਂਦੀ ਅਵਸਥਾ ਵਿਚ ਵੀ ਹੌਸਲਾ ਨਹੀਂ ਸੀ ਹਾਰਿਆ। ਉਹਨਾਂ ਨੇ ਵੱਡੇ ਤੋਂ ਵੱਡੀ ਬਿਮਾਰੀ ਤੇ ਅਸਹਿ ਪੀੜਾ ਦੇ ਬਾਵਜੂਦ ਦਿਲ ਨਹੀਂ ਸੀ ਹਾਰਿਆ ਸਗੋਂ ਬਿਮਾਰੀ ਨਾਲ ਤੇ ਵਿਰੋਧੀ ਹਾਲਾਤ ਨਾਲ ਜੂਝਦੇ ਹੋਏ ਬੜੀ ਸਿਦਕ ਦਿਲੀ ਨਾਲ ਲੜਾਈ ਜਾਰੀ ਰੱਖੀ ਸੀ। ਅਜਿਹੀਆਂ ਦੋ ਲਿਖਤਾਂ ਮੇਰੇ ਚੇਤੇ ਵਿਚ ਲਿਸ਼ਕ ਆਈਆਂ ਹਨ। ਇੱਕ ਤਾਂ ਹੈ ਨਿਕੋਲਾਈ ਆਸਤ੍ਰੋਵਸਕੀ ਦੀ 'ਸੂਰਮੇ ਦੀ ਸਿਰਜਣਾ' ਅਤੇ ਦੂਜੀ ਹੈ ਬੋਰਸ ਪੋਲਵੋਈ ਦੀ 'ਅਸਲੀ ਇਨਸਾਨ ਦੀ ਕਹਾਣੀ'। ਸਾਡੇ ਸਾਹਿਤ ਦੇ ਇਤਿਹਾਸ ਵਿਚ ਅਜਿਹਾ ਹੀ ਸੂਰਮਾ ਤੇ ਅਸਲੀ ਇਨਸਾਨ ਅਜਮੇਰ ਅਲਖ ਹੋ ਗੁਜ਼ਰਿਆ ਹੈ।

ਕਾਸ਼! ਸਾਡਾ ਕੋਈ ਲੇਖਕ ਸਾਡੇ ਇਸ ਮਹਾਨ ਲੇਖਕ ਬਾਰੇ ਅਜਿਹਾ ਹੀ ਯਾਦਗਾਰੀ ਨਾਵਲ ਲਿਖ ਸਕੇ ਤਾਕਿ ਆਉਣ ਵਾਲੀਆਂ ਪੀੜ੍ਹੀਆਂ ਜਾਣ ਸਕਣ ਕਿ ਸਾਡਾ ਅਜਮੇਰ ਔਲਖ ਕਿਸੇ ਵੀ 'ਸੂਰਮੇ ਤੇ ਅਸਲੀ ਇਨਸਾਨ' ਨਾਲੋਂ ਘੱਟ ਨਹੀਂ ਸੀ।

## ਅਜਮੇਰ ਔਲਖ! ਤੂੰ ਕਿਤੇ ਨਹੀਂ ਗਿਆ!

ਜਦੋਂ ਅਜਮੇਰ ਔਲਖ ਦੀ ਜਾਨ-ਲੇਵਾ ਤੇ 'ਮਹਿੰਗੀ' ਬਿਮਾਰੀ ਬਾਰੇ ਉਹਦੇ ਪਾਠਕਾਂ-ਦਰਸ਼ਕਾਂ ਨੂੰ ਪਤਾ ਲੱਗਾ ਤਾਂ ਉਹ ਉਹਨੂੰ 'ਤੱਤੀ ਵਾ ਨਾ ਲੱਗੇ!', ਸੋਚ ਕੇ ਪਹਾੜ ਬਣ ਕੇ ਉਹਦੇ ਪਿੱਛੇ ਆਣ ਖਲੋਤੇ। ਔਲਖ ਨੇ ਉਹਨਾਂ ਦੀ ਮੁਹੱਬਤ ਵਿਚ ਸ਼ਰਸ਼ਾਰ ਹੋ ਕੇ ਉਹਨਾਂ ਨੂੰ 'ਕਿਰਤੀ ਦੇਵਤੇ', 'ਧਰਤੀ ਦੇ ਜਾਏ' ਤੇ 'ਧਰਤ ਦੇ ਰੱਬ', ਆਖ ਕੇ ਵਡਿਆਇਆ ਸੀ। ਉਹਨਾਂ ਸਭਨਾਂ ਨੂੰ ਮੁਖ਼ਾਤਬ ਹੁੰਦਿਆਂ ਔਲਖ ਨੇ ਨਜ਼ਮ ਲਿਖੀ ਸੀ, 'ਮੈਂ ਆਵਾਂਗਾ...'। ਉਸ ਨਜ਼ਮ ਦੀਆਂ ਆਖ਼ਰੀ ਸਤਰਾਂ ਸਨ:

ਹੇ ਕਿਰਤ! ਮੈਂ ਆ ਰਿਹੈਂ
ਤੇਰੇ ਬਖ਼ਸ਼ੇ ਵਿਸ਼ਵਾਸ ਤੇ ਸ਼ਕਤੀ ਦੇ ਸਿਰ 'ਤੇ!
ਹੇ ਸਿਰਜਣਾ! ਮੈਂ ਆ ਰਿਹੈਂ
ਆਪਣੀਆਂ ਅੱਖਾਂ ਵਿਚ ਟਪਕਦੇ
ਹੰਝੂਆਂ ਦੇ ਸਿਰ 'ਤੇ!
ਹੇ ਜ਼ਿੰਦਗੀ! ਮੈਂ ਆ ਰਿਹੈਂ
ਮੇਰੇ ਸਿਰ ਚੜ੍ਹਿਆ ਤੇਰਾ ਕਰਜ਼ਾ
ਉਤਾਰਨ ਵਾਸਤੇ!
ਮੈਂ ਆਵਾਂਗਾ ਮੇਰੀਓ ਸਕੀਓ ਭੈਣੋ
ਆਪਣੇ ਹਿੱਸੇ ਦੀ
ਜ਼ਿੰਦਗੀ ਜਿਊਣ ਵਾਸਤੇ
ਆਪਣੇ ਰਹਿੰਦੇ ਕਾਰਜ ਨਿਭਾਉਣ ਵਾਸਤੇ
(12 ਫਰਵਰੀ 2008)

ਆਪਣਿਆਂ ਵੱਲੋਂ ਧਿਰ ਬਣ ਕੇ ਨਾਲ ਖਲੋਣ ਕਾਰਨ ਤੇ ਆਪਣੀ ਦ੍ਰਿੜ੍ਹਤਾ ਤੇ ਸਿਦਕ ਸਦਕਾ ਉਹ ਬਿਮਾਰੀ ਨਾਲ ਅੰਤਲੇ ਸਾਹਾਂ ਤੱਕ ਲੜਦਾ ਰਿਹਾ। ਓਨਾ ਚਿਰ ਤੁਰਦਾ ਰਿਹਾ, ਨਾਟਕ ਖੇਡਦਾ-ਖਿਡਾਉਂਦਾ ਰਿਹਾ, ਜਿੰਨਾ ਚਿਰ ਤਕ ਬਿਮਾਰੀ ਨੇ ਉਹਨੇ ਮੂਲੋਂ ਹੀ ਹਿੱਲਣ ਜੋਗਾ ਨਾ ਛੱਡਿਆ। ਉਹ ਆਪਣੇ ਲੋਕਾਂ ਦਾ ਆਪਣੇ ਸਿਰ ਚਾੜ੍ਹਿਆ ਕਰਜ਼ਾ ਲਗਾਤਾਰ ਮੋੜਦਾ ਰਿਹਾ।

ਇਸ ਨਜ਼ਮ ਵਿਚ ਉਸ ਨੇ ਜਿਊਂਦੇ ਰਹਿਣ ਦਾ ਜਿਹੜਾ ਵਚਨ ਆਪਣੇ ਮੁਹੱਬਤੀਆਂ ਨੂੰ ਦਿੱਤਾ ਸੀ, ਉਹ ਵਚਨ ਅਜੇ ਵੀ ਕਾਇਮ-ਦਾਇਮ ਹੈ। ਉਹਦੀਆਂ ਲਿਖਤਾਂ ਅਜੇ ਵੀ ਬੋਲਦੀਆਂ ਹਨ, ਇਹ ਲਿਖਤਾਂ ਅਜੇ ਵੀ ਜਿਊਂਦੀਆਂ ਹਨ। ਇਹ ਲਿਖਤਾਂ ਅਜਮੇਰ ਸਿੰਘ ਔਲਖ ਨੂੰ ਕਦੀ ਮਰਨ ਨਹੀਂ ਦੇਣ ਲੱਗੀਆਂ। ਅਸੀਂ ਉਹਦੇ ਸਕੇ ਭਰਾ ਤੇ ਸਕੀਆਂ ਭੈਣਾਂ ਉਹਨੂੰ ਵਿਸ਼ਵਾਸ ਦਿਵਾਉਂਦੇ ਹਾਂ, "ਅਜਮੇਰ ਔਲਖ! ਤੂੰ ਕਿਤੇ ਨਹੀਂ ਗਿਆ। ਤੂੰ ਤਾਂ ਸਦਾ ਸਾਡੇ ਅੰਗ-ਸੰਗ ਏਂ। ਤੂੰ ਤਾਂ ਸਾਡੇ ਦਿਲਾਂ ਵਿਚ ਵੱਸਦਾ ਏਂ!" *(ਸਮਾਪਤ)*

ਕਹਾਣੀ

# ਸਿਕੰਦਰ

**ਡਾ. ਅਜੀਤ ਸਿੰਘ ਕੋਟਕਪੂਰਾ ਨੇ ਆਪਣੀ ਕਹਾਣੀ 'ਸਿਕੰਦਰ' ਵਿਚ ਔਰਤ ਦੀ ਹੋਣੀ ਨੂੰ ਬਿਆਨ ਕੀਤਾ ਹੈ, ਜਿਸ ਨੂੰ ਪੈਰ-ਪੈਰ 'ਤੇ ਕਈ ਤਰ੍ਹਾਂ ਦੇ ਇਮਤਿਹਾਨ ਦੇਣੇ ਪੈਂਦੇ ਹਨ। ਪਰ ਸਭ ਤੋਂ ਵੱਧ ਔਕੜਾਂ ਦਾ ਸਾਹਮਣਾ ਉਸ ਨੂੰ ਉਦੋਂ ਕਰਨਾ ਪੈਂਦਾ ਹੈ ਜਦ ਉਹ ਨੂੰ ਮਾਂ ਬਣਨ ਦਾ ਸੁਭਾਗ ਪ੍ਰਾਪਤ ਨਹੀਂ ਹੁੰਦਾ। ਕਹਾਣੀ ਦੀ ਮੁੱਖ ਪਾਤਰ ਸਿਕੰਦਰ ਨੂੰ ਵੀ ਆਪਣੇ ਪਤੀ 'ਚ ਨੁਖਸ ਹੋਣ ਕਾਰਨ ਮਾਂ ਨਾ ਬਣਨ 'ਤੇ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਤੇ ਅੰਤ ਨੂੰ ਭਾਵੇਂ ਉਹ ਕਿਸੇ ਹੋਰ ਦੇ ਬੱਚੇ ਨੂੰ ਹੀ ਜਨਮ ਦਿੰਦੀ ਹੈ ਪਰ ਉਹ ਹਾਰ ਕੇ ਵੀ ਖੁਦ ਨੂੰ ਜਿੱਤਿਆ ਮਹਿਸੂਸ ਕਰਦੀ ਹੈ।**

ਸੂਰਜ ਹੁਣ ਰੁੱਖਾਂ ਦੇ ਓਹਲੇ ਹੋ ਚਲਿਆ ਸੀ। ਸ਼ਾਮ ਹੋ ਚਲੀ ਸੀ ਕੈਲਾ ਵੀ ਸਵੇਰ ਦਾ ਗਿਆ ਅਜੇ ਘਰ ਨਹੀਂ ਸੀ ਮੁੜਿਆ। ਕਦੇ ਕਦੇ ਉਹ ਆਪਣੀ ਭੈਣ ਦੇ ਘਰ ਹੀ ਰਾਤ ਰਹਿ ਪੈਂਦਾ। ਸਵੇਰੇ ਕੰਮ 'ਤੇ ਉਥੋਂ ਹੀ ਚਲਾ ਜਾਇਆ ਕਰਦਾ ਸੀ। ਮੈਂ ਸੋਚ ਰਹੀ ਸੀ ਕਿ ਜੇ ਕਲ ਨਹੀਂ ਆਇਆ ਤਾਂ ਅੱਜ ਆ ਜਾਵੇਗਾ। ਕਿੰਨੇ ਦਿਨ ਭੈਣ ਦੇ ਘਰ ਦੀਆਂ ਖਾਵੇਗਾ, ਅਖੀਰ ਆਪਣੇ ਕਿੱਲੇ 'ਤੇ ਤਾਂ ਆਵੇਗਾ ਹੀ। ਸਵੇਰ ਦਾ ਮੇਰਾ ਵੀ ਕੰਮ ਨੂੰ ਉਕਾ ਹੀ ਜੀਅ ਨਹੀਂ ਕਰ ਰਿਹਾ, ਮਨ ਵਿਚੋਂ ਆ ਰਹੇ ਚੰਗੇ ਮੰਦੇ ਖਿਆਲ ਨੂੰ ਵਿਸਾਰ ਆਪਣੇ ਆਪ ਨੂੰ ਧੱਕਾ ਦੇ ਕੇ ਮੰਜੇ ਤੋਂ ਉਠਦੀ ਹਾਂ। ਸਰੀਰ ਕੰਡੇ ਵਿਚ ਨਹੀਂ ਸੀ। ਸਿਰ ਦੀ ਕੱਲੀ-ਕੱਲੀ ਨਾੜੀ ਜਾਮ ਹੋ ਗਈ ਲੱਗਦੀ ਸੀ। ਘਰ ਦਾ ਕੰਮ ਵਾਜਾਂ ਮਾਰ ਰਿਹਾ ਸੀ। ਨਲਕੇ ਲਾਗੇ ਪਏ ਭਾਂਡੇ ਮਾਂਜਣ ਵਾਲੇ ਪਏ ਸਨ। ਉਠ ਕੇ ਚੁੱਲ੍ਹੇ ਨੂੰ ਫੂਕਿਆ ਦਾਲ ਧਰ ਦਿੱਤੀ ਅਤੇ ਆਪ ਭਾਂਡਿਆਂ ਵੱਲ ਨੂੰ ਅਹੁੜੀ। ਛੇਤੀ-ਛੇਤੀ ਭਾਂਡਿਆਂ ਨੂੰ ਹੱਥ ਮਾਰ ਬਾਲਟੀ ਲੈ ਮੱਝ ਦੀ ਧਾਰ ਕੱਢਣ ਲਈ ਟੁਰ ਪਈ।

ਜਨਮ ਤਾਂ ਮੇਰਾ ਆਮ ਪਰਿਵਾਰ ਵਿਚ ਹੋਇਆ ਸੀ। ਮੇਰਾ ਬਾਪ ਮੇਹਨਤ ਕਰਨ ਵਾਲਾ ਸਿਰੜੀ ਕਾਮਾ ਸੀ। ਸਾਰਾ ਦਿਨ ਮਿੱਟੀ ਨਾਲ ਮਿੱਟੀ ਹੋਇਆ ਰਹਿੰਦਾ ਸੀ। ਮਾਂ ਮੇਰੀ ਘਰ ਦੇ ਕੰਮਾਂ ਵਿਚ ਨਿਪੁੰਨ



ਡਾ. ਅਜੀਤ ਸਿੰਘ ਕੋਟਕਪੂਰਾ


ਅਤੇ ਗਲੀ ਮੁਹੱਲੇ ਵਿਚ ਮਿਲਨਸਾਰ ਔਰਤ ਸੀ। ਭਾਵੇਂ ਸੱਤਾਂ ਪੁੱਤਰਾਂ ਦੀ ਮਾਂ ਸੀ ਪ੍ਰੰਤੂ ਘਰ ਦਾ ਕੰਮ ਹਮੇਸ਼ਾ ਠੰਨ-ਠੰਨ ਕਰਦੀ ਰਹਿੰਦੀ ਸੀ। ਇੰਜ ਲੱਗਦਾ ਸੀ ਉਹ ਘਰ ਦੇ ਕੰਮਾਂ ਤੋਂ ਥੱਕਦੀ ਹੀ ਨਹੀਂ ਸੀ। ਮੇਰੇ ਵੱਡੇ ਦੋ ਵੀਰ ਤਾਂ ਗੱਭਰੂ ਹੋ ਗਏ ਸਨ ਅਤੇ ਬਾਪ ਨਾਲ ਹੱਥ ਵਟਾਉਂਦੇ ਸਨ। ਤਿੰਨ ਪੜ੍ਹਦੇ ਸਨ ਉਨ੍ਹਾਂ ਵਿਚੋਂ ਇੱਕ ਤਾਂ ਬਹੁਤ ਹੁਸ਼ਿਆਰ ਸੀ ਅਤੇ ਹਰ ਸਾਲ ਆਪਣੀ ਜਮਾਤ ਵਿਚੋਂ ਪਹਿਲੇ ਨੰਬਰ 'ਤੇ ਆਉਂਦਾ ਸੀ। ਦੂਜੇ ਦੋ ਪੜ੍ਹਾਈ ਵਿਚ ਠੀਕ ਠੀਕ ਹੀ ਸਨ ਪਰ ਹਰ ਵਾਰ ਅਗਲੀ ਜਮਾਤ ਵਿਚ ਹੋ ਰਹੇ ਸਨ। ਬਾਪੂ ਕਿਹਾ ਕਰਦਾ ਸੀ ਕਿ ਤੀਜੇ ਨੰਬਰ ਵਾਲਾ ਤਾਂ ਮੇਰਾ ਅਫਸਰ ਬਣੂੰਗਾ। ਛੋਟੇ ਦੋਵੇਂ ਤਾਂ ਅਜੇ ਖੇਡਣ ਕੁੱਦਣ ਦੀ ਉਮਰ ਵਿਚ ਹੀ ਸਨ। ਜਦੋਂ ਮੈਂ ਇਸ ਘਰ ਵਿਚ ਜਨਮ ਲਿਆ ਤਾਂ ਕਿਸੇ ਨੇ ਵੀ ਮੂੰਹ ਨਹੀਂ ਫੁਲਾਇਆ, ਸਗੋਂ ਮੇਰੇ ਬਾਪ ਨੇ ਤਾਂ ਆਪਣੇ ਸ਼ਰੀਕੇ ਵਿਚ ਲੱਡੂ ਵੰਡੇ ਸੀ। ਉਸ ਨੇ ਮੇਰਾ ਨਾਮ ਸਿਕੰਦਰ ਕੌਰ ਰੱਖਿਆ ਸੀ। ਪਿਆਰ ਨਾਲ ਸਾਰੇ ਮੈਨੂੰ ਕਿੰਦੀ ਹੀ ਆਖਦੇ। ਸਾਰਾ ਹੀ ਟੱਬਰ ਮੈਨੂੰ ਹੱਥਾਂ 'ਤੇ ਚੁੱਕੀ ਫਿਰਦਾ। ਇੱਕ ਦੀ ਗੋਦੀ ਵਿਚੋਂ ਉਤਰਦੀ ਦੂਜੇ ਦੇ ਮੋਢਿਆਂ 'ਤੇ ਸਵਾਰ ਹੋ ਜਾਂਦੀ। ਦਿਨ ਵੇਲੇ ਤਾਂ ਮੈਂ ਕਦੇ ਮੰਜੇ ਉਪਰ ਪੈਂਦੀ ਹੀ ਨਹੀਂ ਸੀ। ਸਾਰਾ ਦਿਨ ਹੀ ਭਰਾਵਾਂ ਜਾਂ ਦਾਦੀ ਨਾਲ ਖੇਡਦੀ ਰਹਿੰਦੀ ਸੀ। ਸਮਾਂ ਕਦੋਂ ਰੁਕਦਾ ਹੈ ਇਹ ਤਾਂ ਹਮੇਸ਼ਾਂ ਖੰਭਾਂ 'ਤੇ ਹੀ ਸਵਾਰ ਰਹਿੰਦਾ ਹੈ ਦਿਨ, ਮਹੀਨੇ, ਸਾਲ ਗੁਜਰਦਿਆਂ ਪਤਾ ਹੀ ਨਾ ਲੱਗਾ। ਮੈਂ 10 ਸਾਲਾਂ ਦੀ ਹੋਈ ਤਾਂ ਵੱਡੇ ਦੋ ਵੀਰਾਂ ਦਾ ਇਕੱਠਿਆਂ ਹੀ ਵਿਆਹ ਕਰ ਦਿੱਤਾ। ਚੰਦ ਵਰਗੀਆਂ ਭਾਬੀਆਂ ਆਈਆਂ ਤੇ ਮੈਂ ਉਨ੍ਹਾਂ ਦੇ ਅੱਗੇ ਪਿੱਛੇ ਹੀ ਰਹਿੰਦੀ। ਕਦੇ ਇਕ ਕੋਲ ਕਦੇ ਦੂਜੀ ਕੋਲ। ਮੈਂ ਉਨ੍ਹਾਂ ਨਾਲ ਹੀ ਸੌਂ ਜਾਂਦੀ ਪਤਾ ਨਹੀਂ ਕਦੋਂ ਬੀਬੀ ਲੈ ਆਇਆ ਕਰਦੀ ਅਤੇ ਸਵੇਰੇ ਉੱਠਦੀ ਤਾਂ ਆਪਦੀ ਬੀਬੀ ਦੇ ਮੰਜੇ 'ਤੇ ਹੁੰਦੀ ਸਾਂ। ਮੈਨੂੰ ਉਨ੍ਹਾਂ ਨੇ ਕੋਈ ਕੰਮ ਨਾ ਕਰਨ ਦਿੱਤਾ, ਮੇਰਾ ਸਮਾਂ ਤਾਂ ਖੇਡਣ-ਕੁੱਦਣ ਵਿਚ ਬੀਤ ਜਾਂਦਾ ਸੀ। ਮੇਰੀ ਮਾਂ ਕਲਪਦੀ ਕਿ ਇਸ ਨੂੰ ਕੋਈ ਕੰਮ ਕਰਨਾ ਸਿਖਾਓ ਨਹੀਂ ਤਾਂ ਆਪਣੀ ਸੱਸ ਤੋਂ ਗੁਤਨੀ ਪੁਟਾਊ ਤੇ ਨਾਲੇ ਮੈਨੂੰ ਉਲਾਹਮਾ ਮਿਲੂ ਕੇ ਮਾਂ ਨੇ ਕੀ ਸਿਖਾਇਆ ਹੈ। ਪਰ ਭਾਬੀਆਂ ਇਸ ਗੱਲ 'ਤੇ ਕੰਨ ਨਾ ਧਰਦੀਆਂ ਤੇ ਮੈਨੂੰ ਸਹੇਲੀਆਂ ਸੰਗ ਖੇਡਣ ਤੋਂ ਵੇਹਲ ਨਾ ਮਿਲਦੀ। ਕੰਮ ਨੂੰ ਮੇਰਾ ਕਿਓਂ ਜੀਅ ਕਰਨਾ ਸੀ। ਮੇਰੇ ਪੜ੍ਹਨ ਬਾਰੇ ਕਿਸੇ ਨੇ ਸੋਚਿਆ ਹੀ ਨਹੀਂ ਸੀ। ਇਸ ਤਰ੍ਹਾਂ 5-6 ਸਾਲ ਹੋਰ ਲੰਘ ਗਏ, ਵੱਡਾ ਵੀਰ ਪੜ੍ਹਾਈ ਖਤਮ ਕਰ ਕੇ ਕੈਨੇਡਾ ਚਲਾ ਗਿਆ ਉਸ ਤੋਂ ਦੋਵੇਂ ਛੋਟੇ ਵਿਆਹੇ ਵੀ ਗਏ। ਕੈਨੇਡਾ ਵਾਲੇ ਨੇ ਉਥੇ ਕੋਈ ਸੋਹਣੀ ਕੁੜੀ ਲੱਭ ਮਾਪਿਆਂ ਦੀ ਰਜ਼ਾਮੰਦੀ ਨਾਲ ਵਿਆਹ ਕਰਵਾ ਲਿਆ। ਹੁਣ ਮੇਰੇ 'ਤੇ ਵੀ ਜਵਾਨੀ ਝਲਕਾਂ ਮਾਰਨ ਲੱਗ ਪਈ ਸੀ।

ਮਾਪਿਆਂ ਨੂੰ ਫਿਕਰ ਪੈ ਗਿਆ। ਭਾਬੀਆਂ ਤੇ ਬੀਬੀ ਰਲ ਕੇ ਘੁਸਰ-ਮੁਸਰ ਕਰਨ ਲੱਗ ਪਈਆਂ। ਮੇਰੇ ਕੰਨੀਂ ਵੀ ਕੰਨ ਵਲੇਲ ਪਈ। ਇਕ ਦਿਨ ਮੇਰੀ ਭੂਆ ਆਈ ਤੇ ਬੀਬੀ ਨਾਲ ਗੱਲ ਕਰ ਗਈ ਸੀ। ਮੈਨੂੰ ਬੀਬੀ ਨੇ ਦੱਸਿਆ ਕਿ ਤੇਰੀ ਭੂਆ ਤੇਰਾ ਰਿਸ਼ਤਾ ਆਪਣੇ ਪਿੰਡ ਲੈ ਕੇ ਜਾਣਾ ਚਾਹੁੰਦੀ ਹੈ। ਬੰਦੇ ਬੜੇ ਗੁਰਮੁਖ ਸੁਣੀਂਦੇ ਸੀ। ਉਨ੍ਹਾਂ ਦਾ ਇੱਕੋ ਇੱਕ ਮੁੰਡਾ ਸੀ। ਮੁੰਡੇ ਦਾ ਬਾਪੂ ਤਰਖਾਣਾ ਕੰਮ ਕਰਦਾ ਸੀ। ਮੁੰਡਾ ਭਾਵੇਂ ਪੰਜ ਸੱਤ ਜਮਾਤਾਂ ਪੜ੍ਹਿਆ ਸੀ ਅਤੇ ਬਾਪੂ ਨਾਲ ਹੀ ਕੰਮ ਕਰਦਾ ਸੀ। ਭੂਆ ਕਹਿੰਦੀ ਸੀ ਚੰਗਾ ਸਰਦਾ ਪੁੱਜਦਾ ਘਰ ਹੈ ਕੁੜੀ ਮੌਜਾਂ ਕਰੂਗੀ। ਕੁੜੀ ਨੂੰ ਕੋਈ ਤੰਗੀ ਫੰਗੀ ਨਹੀਂ ਆਵੇਗੀ। ਮੇਰੀ ਬੀਬੀ ਤੇ ਬਾਪੂ ਵੀ ਉਸ ਪਰਿਵਾਰ ਨੂੰ ਜਾਣਦੇ ਸੀ। ਉਹ ਵੀ ਇਸ ਰਿਸ਼ਤੇ ਲਈ ਰਾਜ਼ੀ ਹੋ ਗਏ। ਭੂਆ ਨੂੰ ਸੁਨੇਹਾ ਭੇਜ ਦਿੱਤਾ ਕਿ ਆਉਂਦੀ ਮੱਸਿਆ 'ਤੇ ਆ ਜਾਣ ਤੇ ਕੋਈ ਕਾਰ ਵਿਹਾਰ ਕਰ ਲੈਣ। ਮਸਾਂ 6-7 ਮਹੀਨੇ ਹੀ ਲੰਘੇ ਹੋਣਗੇ ਮੈਨੂੰ ਰੋਂਦੀ ਕੁਰਲਾਉਂਦੀ ਨੂੰ ਡੋਲੀ ਵਿਚ ਪਾ ਸਹੁਰੇ ਘਰ ਭੇਜ ਦਿੱਤਾ ਗਿਆ। ਦੋ ਕੁ ਦਿਨ ਉਥੇ ਰਹੀ ਅਤੇ ਸੁੱਤੀ ਮੈਂ ਆਪਣੀ ਭੂਆ ਦੇ ਘਰ ਤੇ ਤੀਸਰੇ ਦਿਨ ਮੁੜ ਵਾਪਸ ਆ ਗਈ।

ਸਾਲ ਕੁ ਬਾਅਦ ਮੇਰਾ ਮੁਕਲਾਵਾ ਤੋਰ ਦਿੱਤਾ ਗਿਆ। ਭਾਬੀਆਂ ਕਹਿਣ ਕਿ ਭੂਆ ਮਗਰ ਲੱਗ ਕੇ ਕਾਹਲੀ ਕੀਤੀ ਵਿਆਹ ਹਾਲੇ ਥੋੜੀ ਦੇਰ ਨੂੰ ਕਰਨਾ ਸੀ। ਹਾਲੇ ਤਾਂ ਨਿਆਣੀ ਹੀ ਸੀ। ਕੁਝ ਕੰਮ ਸਿੱਖ ਜਾਂਦੀ। ਕੋਈ ਥੋੜੀ ਬਹੁਤੀ ਸਿਲਾਈ ਕਢਾਈ ਸਿੱਖ ਜਾਂਦੀ। ਫਿਰ ਵੀ ਸਾਲ ਭਰ ਮੈਨੂੰ ਕੰਮ ਧੰਦਾ ਸਿਖਾਉਂਦੀਆਂ ਰਹੀਆਂ ਤੇ ਗੱਲੀਂ ਬਾਤੀਂ ਹੋਰ ਬਹੁਤ ਕੁਝ ਦੱਸਦੀਆਂ ਰਹਿੰਦੀਆਂ ਜਿਵੇਂ ਸਹੁਰੇ ਨੂੰ ਬਾਪੂ ਸਮਝੀਂ, ਸੱਸ ਦੀ ਹਰ ਗੱਲ ਮੰਨੀਂ, ਸਹੁਰੇ ਘਰ ਨੂੰ ਆਪਣਾ ਜਾਣ ਨੁਕਸਾਨ ਨਹੀਂ ਕਰਨਾ। ਉਸ ਘਰ ਨੂੰ ਆਪਣਾ ਹੀ ਜਾਣਨਾ ਹੈ। ਕਦੇ ਵੀ ਉਚਾ ਨੀਵਾਂ ਨਹੀਂ ਬੋਲਣਾ। ਕਦੇ ਕਦੇ ਉਹ ਕੈਲੇ ਦਾ ਨਾਂ ਲੈ ਕੇ ਮੈਨੂੰ ਚਿੜਾਉਂਦੀਆਂ ਤੇ ਆਪ ਮੁਸਕਣੀਏ ਹਸਦੀਆਂ। ਕੈਲਾ ਮੇਰੇ ਘਰ ਵਾਲੇ ਦਾ ਨਾਂ ਸੀ। ਮੈਂ ਤਾਂ ਉਸ ਨਾਲ ਢੰਗ ਨਾਲ ਗੱਲ ਵੀ ਨਹੀਂ ਕੀਤੀ ਸੀ ਪਰ ਭਾਬੀਆਂ ਮੈਨੂੰ ਮਖੌਲ ਕਰਦੀਆਂ ਰਹਿੰਦੀਆਂ ਸਨ।

ਵਿਆਹੀ ਆਈ ਨੂੰ 5 ਕੁ ਸਾਲ ਲੰਘੇ ਹੋਣਗੇ। ਬੜੇ ਵਧੀਆ ਦਿਨ ਲੰਘ ਰਹੇ ਸਨ ਲੱਗੀ ਚੜ੍ਹੀ ਦੀ ਫਿਕਰ ਨਹੀਂ ਸੀ। ਸੱਸ ਸਹੁਰਾ ਚੰਗੇ ਸਨ। ਮੇਰੇ ਨਾਲ ਪਿਆਰ ਭਰਿਆ ਵਤੀਰਾ ਰੱਖਦੇ ਸਨ। ਚਾਚਾ ਸੇਮਾ ਮੇਰੇ ਬਾਪ ਨਾਲ ਹੀ ਕੰਮ ਕਰਿਆ ਕਰਦਾ ਸੀ। ਸਾਡੇ ਮੁਹੱਲੇ ਦੇ ਨਾਲ ਦੇ ਮੁਹੱਲੇ ਵਿਚ ਰਹਿੰਦਾ ਸੀ। ਭਾਵੇਂ ਸੇਮਾ ਸਕਾ ਚਾਚਾ ਨਹੀਂ ਸੀ ਪਰ ਮੇਰੇ ਬਾਪੂ ਨਾਲ ਸਾਂਝ ਚੰਗੀ ਸੀ। ਉਹ ਹਰ ਗੱਲ ਮੇਰੇ ਬਾਪੂ ਨੂੰ ਪੁੱਛ ਕੇ ਹੀ ਕਰਦਾ ਸੀ। ਜਦੋਂ ਵੀ ਉਧਰੋਂ ਲੰਘਦਾ ਸਾਡੇ ਘਰ ਗੇੜਾ ਮਾਰ ਜਾਂਦਾ। ਕਦੇ ਕਦੇ ਚਾਚੀ ਵੀ ਆ ਜਾਇਆ ਕਰਦੀ, ਕੰਮ ਕਰਨ ਨੂੰ ਖਰੀ ਸੀ। ਉਨ੍ਹਾਂ ਦੇ ਘਰੇ ਲਵੇਰਾ ਤਾਂ ਹਮੇਸ਼ਾ ਹੀ ਹੋਇਆ ਕਰਦਾ ਸੀ। ਦੁੱਧ ਦਾ ਕੋਈ ਘਾਟਾ ਨਹੀਂ ਸੀ। ਉਨ੍ਹਾਂ ਦਾ ਇਕੋ ਇਕ ਪੁੱਤਰ ਸੀ ਪਿਆਰ ਨਾਲ ਉਸ ਨੂੰ ਕਾਕਾ ਹੀ ਆਖਦੇ ਸੀ, ਨਾਂ ਭਾਵੇਂ ਉਸ ਦਾ ਸੁਰਜੀਤ ਸੀ। ਉਹ ਸਕੂਲ ਜਾਂਦਾ ਸੀ, ਪੜ੍ਹਾਈ ਵਿਚ ਹੁਸ਼ਿਆਰ ਸੀ। ਉਹ ਵੀ ਕੈਨੇਡਾ ਜਾਣਾ ਲੋਚਦਾ ਸੀ ਪਰ ਉਸ ਨੂੰ ਸਮਝ ਨਹੀਂ ਆ ਰਹੀ ਸੀ ਕਿ ਕਿਹੜੀ ਪੜ੍ਹਾਈ ਕੀਤੀ ਜਾਵੇ। ਇਕ ਦਿਨ ਚਾਚੀ ਨੇ ਮੇਰੇ ਨਾਲ ਗੱਲ ਕੀਤੀ ਤਾਂ ਮੈਂ ਉਸ ਨੂੰ ਆਪਣੇ ਵੀਰੇ ਬਾਰੇ ਦੱਸਿਆ ਤੇ ਉਹ ਖੁਸ਼ ਹੋ ਗਈ। ਉਸ ਨੇ ਜਾ ਕਾਕੇ ਨੂੰ ਸਮਝਾਇਆ ਤੇ ਉਹ ਹੁਣ ਮੇਰੇ ਕੋਲ ਪੁੱਛ-ਗਿੱਛ ਕਰਨ ਲਈ ਆ ਗਿਆ। ਜਿੰਨਾ ਕੁ ਮੈਨੂੰ ਪਤਾ ਸੀ ਮੈਂ ਉਸ ਨੂੰ ਦੱਸ ਦਿੱਤਾ ਤੇ ਵੀਰੇ ਨਾਲ ਗੱਲ ਕਰਨ ਨੂੰ ਕਿਹਾ। ਮੈਂ ਉਸ ਨੂੰ ਆਪਣੇ ਵੀਰੇ ਦਾ ਨੰਬਰ ਦੇ ਦਿੱਤਾ।

ਉਸ ਨੂੰ ਰਾਹ ਮਿਲ ਗਿਆ ਸੀ, ਹੁਣ ਉਹ ਸਾਡੇ ਘਰ ਆ ਜਾਇਆ ਕਰਦਾ ਸੀ। ਜਦੋਂ ਮੈਂ ਵਿਆਹੀ ਆਈ ਸੀ ਉਹ ਤਾਂ ਮਾੜਕੂ ਜਿਹਾ ਹੀ ਸੀ, ਹੁਣ 4 ਕੁ ਸਾਲਾਂ ਵਿਚ ਸੋਹਣਾ ਜੁਆਨ ਬਣ ਗਿਆ ਸੀ। ਘਰ ਵਿਚ ਘਿਓ-ਦੁੱਧ ਆਮ ਸੀ। ਕਾੜ੍ਹਨੀ ਵਿਚੋਂ ਮਲਾਈ ਲਾਹ ਕੇ ਖਾ ਜਾਂਦਾ ਸੀ। ਕਦੇ ਕਦੇ ਖੇਡਦਾ ਹੋਇਆ ਆਉਂਦਾ ਤਾਂ ਕਾੜ੍ਹਨੀ ਵਿਚੋਂ ਦੁੱਧ ਕੱਢ ਕੇ ਪੀ ਜਾਂਦਾ। ਮਾਂ ਨੂੰ ਲੱਗਦਾ ਕਿ



ਬਿੱਲੀ ਦੁੱਧ ਪੀ ਗਈ ਹੋਵੇਗੀ ਉਸ ਨੂੰ ਕੀ ਇਲਮ ਸੀ ਕਿ ਘਰ ਦਾ ਬਿੱਲਾ ਹੀ ਇਹ ਕੰਮ ਕਰ ਰਿਹਾ ਸੀ ਪਰੰਤੂ ਉਹ ਉਸ ਨੂੰ ਵਧਦਾ ਫੁੱਲਦਾ ਵੇਖ ਖੁਸ਼ ਹੋਈ ਰਹਿੰਦੀ ਸੀ ਤੇ ਉਸ ਅਕਾਲ ਪੁਰਖ ਦਾ ਲੱਖ-ਲੱਖ ਸ਼ੁਕਰਾਨਾ ਕਰਦੀ ਸੀ।

ਕਾਕਾ ਹੁਣ ਕਾਲਜ ਵਿਚ ਪੜ੍ਹਾਈ ਕਰਨ ਲੱਗ ਪਿਆ। ਮੇਰੇ ਨਾਲ ਤਾਂ ਕੇਵਲ ਮਤਲਬ ਦੀ ਗੱਲ ਹੀ ਕਰਦਾ। ਚਾਚੀ ਕੁਝ ਢਿੱਲੀ ਮੱਠੀ ਰਹਿਣ ਲੱਗ ਪਈ। ਮੈਂ ਘਰ ਦੇ ਕੰਮਾਂ ਵਿਚ ਮਦਦ ਕਰਨ ਲਈ ਉਨ੍ਹਾਂ ਦੇ ਘਰ ਜਾਣ ਲੱਗ ਪਈ ਸਾਂ। ਕਦੇ ਕਦੇ ਮੈਂ ਕਾਕੇ ਨੂੰ ਵੀ ਰੋਟੀ ਦੇ ਦਿਆ ਕਰਦੀ ਤਾਂ ਉਹ ਮੇਰੇ ਵੱਲ ਦੇਖ ਕੇ ਮੁਸਕਰਾ ਪੈਂਦਾ। ਮੈਂ ਉਸ ਨੂੰ ਪੁੱਛ ਕੇ ਉਸ ਦੇ ਕੱਪੜੇ ਵੀ ਧੋ ਦਿੰਦੀ। ਘਰ ਦੇ ਕੰਮਾਂ ਵਿਚ ਹੱਥ ਵਟਾ ਦਿੰਦੀ। ਜੇ ਦੁੱਧ ਰਿੜਕਣ ਵਾਲਾ ਹੁੰਦਾ, ਮਧਾਣੀ ਮਾਰ ਦਿਆ ਕਰਦੀ। 3-4 ਸਾਲ ਹੋਰ ਲੰਘ ਗਏ। ਜਦੋਂ ਕਦੇ

> ***ਪਰਮਾਤਮਾ ਨੇ ਔਰਤ ਨੂੰ ਸਿਰਜਿਆ ਹੈ ਤੇ ਇਸ ਨੂੰ ਅਜੀਬ ਕਿਸਮ ਦੀ ਕਿਸਮਤ ਦਿੱਤੀ ਹੈ। ਜਦੋਂ ਇਹ ਪੈਦਾ ਹੁੰਦੀ ਹੈ ਇਸ ਦੀ ਲੜਾਈ ਸਮਾਜ ਵਿਚ ਆਪਣੀ ਥਾਂ ਬਣਾਉਣ ਲਈ ਸ਼ੁਰੂ ਹੋ ਜਾਂਦੀ ਹੈ। ਕਈ ਵਾਰ ਤਾਂ ਜਨਮ ਤੋਂ ਪਹਿਲਾਂ ਹੀ ਲੜਾਈ ਸ਼ੁਰੂ ਹੋ ਜਾਂਦੀ ਹੈ। ਕੁੱਖ ਵਿਚ ਹੀ ਖਤਮ ਕਰਨ ਦੇ ਯਤਨ ਕੀਤੇ ਜਾਂਦੇ ਹਨ। ਜੇ ਇਸ ਜ਼ੁਲਮ ਤੋਂ ਬਚ ਜਾਂਦੀ ਹੈ ਤਾਂ ਉਸ ਉਪਰ ਬਹੁਤ ਸਾਰੀਆਂ ਪਾਬੰਦੀਆਂ ਲਾ ਦਿੱਤੀਆਂ ਜਾਂਦੀਆਂ ਹਨ।***

ਪਿੰਡ ਵਿਚ ਵਿਆਹ ਹੁੰਦਾ ਮੈਨੂੰ ਤਾਂ ਚਾਅ ਹੀ ਚੜ੍ਹ ਜਾਂਦਾ ਸੀ। ਕਈ ਦਿਨ ਮੈਂ ਵਿਆਹ ਵਾਲੇ ਘਰ ਵਿਚ ਕੰਮਾਂ ਵਿਚ ਲੱਗੀ ਰਹਿੰਦੀ। ਮੁੰਡੇ ਕੁੜੀਆਂ ਨੂੰ ਨਾਲ ਲੈ ਲੰਗਰ ਚਾਹ ਪਾਣੀ ਦੀ ਸੇਵਾ ਕਰਦੀ ਰਹਿੰਦੀ। ਗੀਤ ਗਾਉਣ ਦਾ ਮੈਨੂੰ ਸ਼ੌਕ ਸੀ। ਜਦੋਂ ਗਿੱਧਾ ਪੈਂਦਾ ਤਾਂ ਨੱਚ ਨੱਚ ਧੂੜਾਂ ਪੁੱਟ ਦਿੰਦੀ। ਗੀਤਾਂ ਵਿਚ ਮੈਂ ਹੀ ਆਪਣਾ ਹੱਥ ਉਪਰ ਰੱਖਦੀ ਸੀ। ਕੁੜੀਆਂ ਨੂੰ ਨਾਲ ਲੈ ਕੇ ਜਾਗੋ ਕੱਢਦੀ। ਕੋਈ ਬਿਮਾਰ ਹੁੰਦਾ ਤਾਂ ਝੱਟ ਉਸ ਦੀ ਖਬਰ ਲੈਣ ਪੁੱਜ ਜਾਂਦੀ। ਜੇ ਕਿਸੇ ਦੀ ਮੌਤ ਹੋ ਜਾਂਦੀ ਤਾਂ ਵੀ ਉਸ ਦੇ ਦੁੱਖ ਦਰਦ ਵਿਚ ਸਾਂਝੀਦਾਰ ਜਾ ਬਣਦੀ। ਮੇਰੀ ਜਾਚੇ ਮੈਂ ਕਿਸੇ ਦਾ ਮਾੜਾ ਨਹੀਂ ਚਿਤਵਿਆ ਸੀ ਪ੍ਰੰਤੂ ਫਿਰ ਵੀ ਮੇਰੀ ਕੁੱਖ ਹਰੀ ਨਹੀਂ ਹੋਈ ਸੀ। ਜਿਸ ਦਾ ਮੈਨੂੰ ਵਧੇਰੇ ਦੁੱਖ ਸੀ।

ਪਰਮਾਤਮਾ ਨੇ ਔਰਤ ਨੂੰ ਸਿਰਜਿਆ ਹੈ ਤੇ ਇਸ ਨੂੰ ਅਜੀਬ ਕਿਸਮ ਦੀ ਕਿਸਮਤ ਦਿੱਤੀ ਹੈ। ਜਦੋਂ ਇਹ ਪੈਦਾ ਹੁੰਦੀ ਹੈ ਇਸ ਦੀ ਲੜਾਈ ਸਮਾਜ ਵਿਚ ਆਪਣੀ ਥਾਂ ਬਣਾਉਣ ਲਈ ਸ਼ੁਰੂ ਹੋ ਜਾਂਦੀ ਹੈ। ਕਈ ਵਾਰ ਤਾਂ ਜਨਮ ਤੋਂ ਪਹਿਲਾਂ ਹੀ ਲੜਾਈ ਸ਼ੁਰੂ ਹੋ ਜਾਂਦੀ ਹੈ। ਕੁੱਖ ਵਿਚ ਹੀ ਖਤਮ ਕਰਨ ਦੇ ਯਤਨ ਕੀਤੇ ਜਾਂਦੇ ਹਨ। ਜੇ ਇਸ ਜ਼ੁਲਮ ਤੋਂ ਬਚ ਜਾਂਦੀ ਹੈ ਤਾਂ ਉਸ ਉਪਰ ਬਹੁਤ ਸਾਰੀਆਂ ਪਾਬੰਦੀਆਂ ਲਾ ਦਿੱਤੀਆਂ ਜਾਂਦੀਆਂ ਹਨ। ਮੁੰਡਿਆਂ ਨੂੰ ਸਾਰੀਆਂ ਖੁੱਲ੍ਹਾਂ ਮਿਲ ਜਾਂਦੀਆਂ ਹਨ। ਔਰਤ ਨੂੰ ਆਪਣੇ ਹੱਕਾਂ ਦੀ ਲੜਾਈ ਆਪ ਹੀ ਲੜਨੀ ਪੈਂਦੀ ਹੈ। ਸਾਰਾ ਜੀਵਨ ਹੀ ਚਿੰਤਾਵਾਂ ਭਰਪੂਰ ਹੁੰਦਾ ਹੈ। ਔਰਤ ਸਿਕੰਦਰ ਬਣ ਦੁਨੀਆ 'ਤੇ ਫਤਹਿ ਪਾਉਣਾ ਲੋਚਦੀ ਹੈ ਪਰੰਤੂ ਇਸ ਨੂੰ ਕਦਮ ਕਦਮ 'ਤੇ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਈ ਵਾਰ ਤਾਂ ਹਾਲਾਤ ਇਹੋ ਜਿਹੇ ਬਣ ਜਾਂਦੇ ਹਨ ਕਿ ਔਰਤ ਖੁਦ ਵੀ ਫੈਸਲਾ ਨਹੀਂ ਕਰ ਪਾਉਂਦੀ ਕਿ ਉਹ ਇਸ ਲੜਾਈ ਨੂੰ ਲੜੇ ਜਾਂ ਹਥਿਆਰ ਸੁੱਟ ਦੇਵੇ। ਹਾਲਾਤ ਮਜਬੂਰ ਕਰ ਦਿੰਦੇ ਹਨ ਤਾਂ ਇਹ ਕਈ ਵਾਰ ਗਲਤ ਕਦਮ ਚੁੱਕ ਕੇ ਕੋਈ ਖੂਹ ਟੋਭਾ ਗੰਦਾ ਕਰ ਦਿੰਦੀ ਹੈ ਤੇ ਜੇ ਦਲੇਰੀ ਨਾਲ ਕੋਈ ਫੈਸਲਾ ਲੈਂਦੀ ਹੈ ਤਾਂ ਸਮਾਜ ਸਾਰੇ ਕਸੂਰ ਇਸ ਦੇ ਹੀ ਕੱਢਦਾ ਹੈ।

ਸਹੁਰਿਆਂ ਦੇ ਟੱਬਰ ਵਿਚ ਭਾਵੇਂ ਬਹੁਤ ਸੁੰਦਰ ਔਰਤ ਤਾਂ ਨਹੀਂ ਸੀ ਪਰ ਕਿਸੇ ਗੱਲੋਂ ਘਟ ਵੀ ਨਹੀਂ ਸੀ। ਰੰਗ ਗੰਦਮੀ ਸੀ। ਨੈਣ ਖਿੱਚ ਪਾਉਣ ਵਾਲੇ ਸਨ ਗਰਦਨ ਸੁਰਾਹੀਦਾਰ ਸੀ। ਹਿਕ ਦੇ ਉਭਾਰ ਬਹਿ ਜਾ, ਬਹਿ ਜਾ ਕਰਦੇ ਸਨ। ਪ੍ਰੰਤੂ ਮੇਰੀ ਕਮੀ ਹੀ ਰੜਕਦੀ ਸੀ ਕਿ ਸਿਕੰਦਰ ਕੌਰ ਦੇ ਹੁਣ ਤਕ ਕੋਈ ਨਿੱਕਾ ਨਿਆਣਾ ਕਿਉਂ ਨਹੀਂ ਸੀ ਹੋ ਸਕਿਆ। ਸੱਸ ਇਸ ਗਲੋਂ ਫ਼ਿਕਰਮੰਦ ਸੀ। ਉਹ ਮੈਨੂੰ ਕਈ ਸਿਆਣਿਆਂ ਕੋਲ ਲੈ ਕੇ ਗਈ ਸੀ। ਉਨ੍ਹਾਂ ਵਲੋਂ ਵਰਤਿਆ ਜਾਣ ਵਾਲਾ ਢੰਗ ਮੈਨੂੰ ਫੁਟੀ ਕੌਡੀ ਵੀ ਨਹੀਂ ਭਾਉਂਦਾ ਸੀ। ਸੱਸ ਮੈਨੂੰ ਸੰਤਾਂ ਦੇ ਚਰਨ ਘੁੱਟਣ ਨੂੰ ਆਖਦੀ ਸੀ ਅਤੇ ਚਾਹੁੰਦੀ ਸੀ ਕਿ ਮੈਂ ਸੰਤ ਨਾਲ ਇਕੱਲੀ ਸਮਾਂ ਗੁਜ਼ਾਰਾਂ, ਜੋ ਮੈਨੂੰ ਬਿਲਕੁਲ ਹੀ ਠੀਕ ਨਹੀਂ ਜਾਪਦਾ ਸੀ। ਕਈ ਜੜੀ ਬੂਟੀਆਂ ਦੀ ਵਰਤੋਂ ਕੀਤੀ ਗਈ ਪਰ ਕੋਈ ਵੀ ਫਾਇਦਾ ਨਹੀਂ ਹੋਇਆ ਸੀ। ਮੈਂ ਕਾਕੇ ਨਾਲ ਗੱਲ ਕੀਤੀ। ਉਸ ਨੇ ਸਲਾਹ ਦਿਤੀ ਕਿ ਪਹਿਲਾਂ ਟੈਸਟ ਕਰਵਾਏ ਜਾਣ ਫਿਰ ਸੋਚਦੇ ਹਾਂ। ਉਹ ਦੋਨਾਂ ਨੂੰ ਲੈ ਕੇ ਸ਼ਹਿਰੋਂ ਜਾਂਚ ਕਰਵਾ ਲਿਆਇਆ ਤਾਂ ਕੁਝ ਦਿਨਾਂ ਪਿੱਛੋਂ ਪਤਾ ਲੱਗਾ ਕੇ ਮੇਰੇ ਵਿਚ ਕੋਈ ਨੁਕਸ ਨਹੀਂ ਸੀ ਸਗੋਂ ਕੈਲੇ ਵਿਚ ਨੁਕਸ ਸੀ ਤੇ ਇਸ ਕਾਰਨ ਬੱਚਾ ਨਹੀਂ ਹੋ ਸਕਦਾ ਸੀ। ਮਸਨੂਈ ਗਰਭ ਬਾਰੇ ਵਿਚਾਰ ਕੀਤੀ ਗਈ। ਕਾਕੇ ਨੇ ਪਤਾ ਕਰ ਕੇ ਦੱਸਿਆ ਕਿ ਉਸ ਲਈ ਵੱਡੇ ਸ਼ਹਿਰ ਜਾਣਾ ਪਵੇਗਾ ਤੇ ਵਾਰ ਵਾਰ ਪਰਖ ਵੀ ਕੀਤੀ ਜਾਵੇਗੀ ਇਸ ਲਈ ਕਾਫੀ ਸਾਰਾ ਪੈਸੇ ਲੱਗੇਗਾ ਜਿਸ ਦੀ ਉਨ੍ਹਾਂ ਵਿਚ ਪਰੋਖੋ ਹੀ ਨਹੀਂ ਸੀ। ਮੈਂ ਸਬਰ ਕਰ ਕੇ ਬੈਠ ਗਈ ਤੇ ਰੱਬ ਦਾ ਭਾਣਾ ਮੰਨ ਘਰ ਦੇ ਕੰਮਾਂ ਵਿਚ ਆਪਣੇ ਆਪ ਨੂੰ ਰੁਝਾਈ ਰੱਖਦੀ।

ਉਧਰ ਕਈ ਦਿਨ ਤੋਂ ਘਰ ਵਿਚ ਕੋਈ ਖਿਚੜੀ ਜਿਹੀ ਪੱਕ ਰਹੀ ਸੀ। ਹਿਲਦੀ ਹਿਲਦੀ ਗੱਲ ਦਾ ਮੈਨੂੰ ਵੀ ਪਤਾ ਲੱਗਾ ਕਿ ਦੂਰ ਦੀ ਰਿਸ਼ਤੇਦਾਰੀ ਵਿਚੋਂ ਲੱਗਦੀ ਕੈਲੇ ਦੀ ਭੂਆ ਦੀ ਕੋਈ ਚਿੱਠੀ ਆਈ ਸੀ ਜਿਸ ਵਿਚ ਲਿਖਿਆ ਸੀ ਕਿ ਜੇ ਕਿੰਦੀ ਨੂੰ ਨਿੱਕਾ ਨਿਆਣਾ ਨਹੀਂ ਹੁੰਦਾ ਤਾਂ ਇਸ ਨੂੰ ਛੱਡ ਕੇ ਕੈਲੇ ਨੂੰ ਹੋਰ ਵਿਆਹ ਕਰਵਾ ਲੈਣਾ ਚਾਹੀਦਾ ਹੈ। ਉਹ ਕੈਲੇ ਨੂੰ ਬਾਹਰ ਸੱਦ ਲਵੇਗੀ ਤੇ ਪਰਿਵਾਰ ਦੀ ਜੜ੍ਹ ਲੱਗ ਜਾਵੇਗੀ। ਸੁਣਦਿਆਂ ਹੀ ਮੇਰੇ ਹੋਸ਼ ਗੁੰਮ ਹੋ ਗਏ। ਦੇਹ ਜੂਠੀ ਜਿਹੀ ਹੋ ਗਈ। ਮੈਂ ਮੌਜ ਨਾਲ ਆਪਣੇ ਘਰ ਵੱਸ ਰਹੀ ਸੀ। ਉਸ ਨੇ ਨਵਾਂ ਸਿਆਪਾ ਗਲ ਵਿਚ ਪਾ ਦਿੱਤਾ ਸੀ। ਮੈਂ ਤਾਂ ਕਦੇ ਚਿਤਵਿਆ ਹੀ ਨਹੀਂ ਸੀ ਕਿ ਮੇਰੀ ਵਸਦੀ ਰਸਦੀ ਜ਼ਿੰਦਗੀ ਵਿਚ ਭੁਚਾਲ ਆ ਜਾਇਗਾ। ਮੈਂ ਤਾਂ ਰੱਬ 'ਤੇ ਡੋਰੀ ਸੁੱਟ ਛੱਡੀ ਸੀ ਕਿ ਵਾਹਿਗੁਰੂ ਕਦੇ ਮੇਰੀ ਵੀ ਸੁਣ ਲਵੇਗਾ। ਬਹੁਤ ਸੁੱਖਾਂ ਵੀ ਸੁੱਖੀਆਂ ਕਿ ਕੈਲੇ ਵਿਚ ਜਿਹੜਾ ਨੁਖਸ ਹੈ ਆਪੇ ਸਮੇਂ ਨਾਲ ਠੀਕ ਹੋ ਜੂ। ਕੈਲੇ ਨੇ ਵੀ ਆਪਣਾ ਵਤੀਰਾ ਮੇਰੇ ਨਾਲ ਬਦਲ ਲਿਆ ਸੀ। ਹਰ ਵੇਲੇ ਲੜਦਾ ਹੀ ਰਹਿੰਦਾ ਸੀ। ਕੋਈ ਨਾ ਕੋਈ ਬਹਾਨਾ ਬਣਾ ਮੂੰਹ ਫ਼ੁਲਾ ਕੇ ਬੈਠ ਜਾਂਦਾ ਸੀ। ਮੈਂ ਹਮੇਸ਼ਾ ਇਹ ਸੋਚਦੀ ਕਿ ਮੈਂ ਇਹ ਭੇਤ ਖੋਲ੍ਹਦਿਆਂ ਕਿ ਜੇ ਕੈਲੇ ਨੇ ਇਥੇ ਕੁਝ ਨਹੀਂ ਕੀਤਾ ਤਾਂ ਹੋਰ ਵਿਆਹ ਨਾਲ ਜੁਆਕਾਂ ਦੀਆਂ ਲਾਈਨਾਂ ਨਹੀਂ ਲਾ ਸਕਦਾ। ਪਰ ਮੈਂ ਆਪਣਾ ਮੂੰਹ ਘੁੱਟੀ ਰੱਖਿਆ। ਮੇਰਾ ਚਿੱਤ ਕਹਿੰਦਾ ਕਿ ਸਾਰੇ ਹੀ ਚਾਚੇ ਸੇਮੇ ਦੀ ਗੱਲ ਮੰਨਦੇ ਹਨ ਮੈਂ ਆਪਣਾ ਦਿਲ ਚਾਚੀ ਕੋਲ ਫਰੋਲ ਵੇਖਾਂ। ਇਸ ਵਿਚਾਰ ਨਾਲ ਮੈਂ ਚਾਚੀ ਕੋਲ ਜਾ ਬੈਠੀ। ਚਾਚਾ ਸੇਮਾ ਵੀ ਘਰੇ ਹੀ ਸੀ। ਦੋਵੇਂ ਘਰ ਦੀ ਕਬੀਲਦਾਰੀ ਦੀਆਂ ਗੱਲਾਂ ਕਰਦੇ ਪਏ ਸਨ ਕਿ ਮੈਂ ਕੋਲੇ ਜਾ ਬੈਠੀ। ਮੈਂ ਹਾਲੇ ਗੱਲ ਛੇੜੀ ਹੀ ਸੀ ਕਿ ਮੇਰੇ ਹੰਝੂ ਜੋ ਡੱਕੇ ਹੋਏ ਸਨ ਆਪ ਮੁਹਾਰੇ ਗੱਲਾਂ ਉਪਰ ਆ ਗਏ ਰੋਂਦੀ ਰੋਂਦੀ ਨੇ ਸਾਰੀ ਰਾਮ ਕਹਾਣੀ ਕਹਿ ਸੁਣਾਈ। ਚਾਚੀ ਬੋਲੀ ਇਹ ਉਤ ਹੁਣ ਕੀ ਕਰਨ ਲੱਗੇ ਹਨ। ਹੁਣ ਮੈਂ ਸੋਚ ਰਹੀ ਸੀ ਮੈਂ ਹੁਣ ਇਤਨੇ ਸਮੇਂ ਪਿੱਛੋਂ ਭਾਬੀਆਂ ਦੇ ਬੂਹੇ ਜਾ ਕੇ ਕਿਵੇਂ ਬੈਠ ਜਾਵਾਂ। ਮਾਪੇ ਮੇਰੇ ਉਮਰਾਂ ਦੇ ਖਾਧੇ ਹੋਏ ਸਨ। ਮੈਨੂੰ ਮੇਰਾ ਉਜੜਦਾ ਘਰ ਦਿਸਣ ਲੱਗ ਪਿਆ ਸੀ। ਉਧਰੋਂ ਕਾਕਾ ਵੀ ਕਾਲਜ ਤੋਂ ਪੜ੍ਹ ਕੇ ਘਰ ਆ ਗਿਆ ਸੀ। ਉਸ ਨੇ ਕਿਤਾਬਾਂ ਰੱਖੀਆਂ ਤੇ

*(ਬਾਕੀ ਅਗਲੇ ਸਫੇ 'ਤੇ)*

# ਸੁਰਗੁ ਬਾਸੁ ਨ ਬਾਛੀਐ

ਬੰਦਾ ਸਾਰੀ ਜ਼ਿੰਦਗੀ ਸੁੱਖ ਹੀ ਭਾਲਦਾ ਰਹਿੰਦਾ, ਸੁੱਖ ਭਾਲਦਾ ਭਾਲਦਾ ਹੀ ਕਬਰ ਦੇ ਕਿਨਾਰੇ ਪਹੁੰਚ ਜਾਂਦਾ। ਸਾਰੀ ਜ਼ਿੰਦਗੀ ਤ੍ਰਿਸ਼ਨਾ ਪੂਰੀ ਨਹੀਂ ਹੁੰਦੀ। ਤ੍ਰਿਸ਼ਨਾ ਦੀ ਪੂਰਤੀ ਲਈ ਹੀ ਭਟਕਦਾ ਉਮਰ ਬਿਤਾ ਜਾਂਦਾ। ਮਨ 'ਚ ਤਰ੍ਹਾਂ-ਤਰ੍ਹਾਂ ਦੇ ਫੁਰਨੇ ਬਣਦੇ ਅਤੇ ਬਿਨਸਦੇ ਰਹਿੰਦੇ ਹਨ: ਇਸ ਦੌਰਾਨ ਅਕਸਰ ਇਸ ਗੱਲ ਦਾ ਅਨੁਭਵ ਨਹੀਂ ਹੁੰਦਾ ਕਿ ਜੋ ਸਾਡੇ ਕੋਲ ਹੈ, ਕੀ ਇਸ ਨਾਲ ਬੁੱਤਾ ਨਹੀਂ ਸਰ ਸਕਦਾ? ਹਾਂ ਜੇ ਹੋਰ ਪ੍ਰਾਪਤੀ ਦੀ ਚਾਹਨਾ ਹੈ ਤਾਂ ਉਹ ਕਿਸ ਕੀਮਤ 'ਤੇ ਹੋਣੀ ਹੈ? ਚਾਹੇ ਉਹ ਕੀਮਤ ਮਾਇਆ ਹੈ, ਮਾਨਸਿਕ ਹੈ ਜਾਂ ਸਮਾਜਿਕ ਹੈ! ਹਾਂ, ਸਭ ਗੱਲਾਂ ਸੋਚ ਕੇ, ਤੇ ਸਭ ਗਿਣਤੀਆਂ ਮਿਣਤੀਆਂ ਕਰ ਕੇ ਕਿਸੇ ਵਜ਼ਨਦਾਰ ਸਿੱਟੇ 'ਤੇ ਪਹੁੰਚ ਜਾਈਏ ਤਾਂ ਬਹੁਤੀ ਬੇਲੋੜੀ ਦੁਬਿਧਾ ਤੋਂ ਮੁਕਤੀ ਹੋ ਸਕਦੀ ਹੈ। ਜੇ, ਜੋ ਸਾਡੇ ਕੋਲ ਹੈ, ਉਸ ਦਾ ਤਾਂ ਪੂਰਾ ਅਨੰਦ ਲੈ ਨਾ ਸਕੀਏ ਤੇ



ਕਲਵੰਤ ਸਿੰਘ ਸਹੋਤਾ
ਫੋਨ: 604-589-5919

ਜੋ ਸਾਡੇ ਕੋਲ ਨਹੀਂ ਹੈ, ਉਸ ਵੱਲ ਝੂਰ ਝੂਰ ਕੁੜ੍ਹੀ ਜਾਈਏ ਤੇ ਤ੍ਰਿਸ਼ਨਾ ਵਧਾ ਕੇ, ਉਸ ਤ੍ਰਿਸ਼ਨਾ ਦੀ ਤਪਦੀ ਭੱਠੀ ਵਿਚ ਸੜੀ ਜਾਈਏ ਤਾਂ ਇਹ ਆਪ ਸਹੇੜੀ ਬੇਲੋੜੀ ਭਟਕਣ ਦੇ ਖੂਹ 'ਚ ਛਾਲ ਮਾਰਨ ਵਾਂਗ ਹੈ।

ਅੱਜ ਦੇ ਪਦਾਰਥਵਾਦੀ ਤੇ ਕਮਰਸ਼ੀਅਲ ਚਕਾਚੌਂਧ ਦੀ ਭੇਟ ਚੜ੍ਹੇ ਯੁਗ 'ਚ ਮਨਾਂ ਦੀ ਸ਼ਾਂਤੀ ਤੇ ਸੰਤੁਸ਼ਟੀ ਖੰਭ ਲਾ ਕੇ ਉੱਡ ਗਈ ਹੈ। ਸ਼ਾਂਤ ਰਹਿਣਾ ਚਾਹੁੰਦੇ ਹੋਏ ਵੀ ਸ਼ਾਂਤ ਤੇ ਅਡੋਲ ਜੀਵਨ ਬਸਰ ਨਹੀਂ ਕਰ ਸਕਦੇ, ਕਿਉਂਕਿ ਅਸੀਂ ਜਿਸ ਚੌਗਿਰਦੇ 'ਚ ਹਾਂ ਉਸ 'ਚ ਮਨ ਨੂੰ ਭੜਕਾਉਣ ਅਤੇ ਭਟਕਾਉਣ ਦੀਆਂ ਯੁਕਤਾਂ ਵੱਧ ਗੁੰਦੀਆਂ ਅਤੇ ਬੰਨ੍ਹੀਆਂ ਜਾਂਦੀਆਂ ਹਨ। ਖਾਸ ਕਰਕੇ ਆਧੁਨਿਕ ਮੀਡੀਆ ਰਾਹੀਂ, ਚਾਹੇ ਉਹ ਟੈਲੀਵਿਜ਼ਨ ਹੈ, ਰੇਡੀਓ ਹੈ, ਫੇਸਬੁੱਕ ਹੈ, ਇੰਸਟਾਗ੍ਰਾਮ ਹੈ, ਟਿਕਟੌਕ ਹੈ, ਟਵਿੱਟਰ ਹੈ ਜਾਂ ਹੋਰ ਜੋ ਵੀ ਕੁੱਝ: ਜਿਸ ਰਾਹੀਂ ਤਰ੍ਹਾਂ ਤਰ੍ਹਾਂ ਦੀਆਂ ਮਨ ਭਟਕਾਊ ਸੁਰਲੀਆਂ ਲਗਾਤਾਰ ਛੱਡ ਹੁੰਦੀਆਂ ਰਹਿੰਦੀਆਂ ਹਨ, ਤਾਂ ਫਿਰ ਅਸੀਂ ਸਭ ਕੁੱਝ ਦੇਖ ਇਸ ਦਾ ਸ਼ਿਕਾਰ ਤੇ ਗੁਲਾਮ ਹੋਣੋਂ ਨਹੀਂ ਬਚ ਸਕਦੇ। ਪਦਾਰਥਾਂ ਦੀ ਬੇਲੋੜੀ ਤੇ ਅਮੁੱਕ ਦੌੜ 'ਚ ਗ੍ਰਸਿਆ ਮਨੁੱਖ, ਉਲਝਣਾਂ 'ਚ ਪਈ ਬਿਰਤੀ ਅਤੇ ਨਾ ਪੂਰੇ ਹੋ ਰਹੇ (ਅਪੂਰਨ) ਫੁਰਨਿਆਂ ਦੀ ਨਿਰਾਸ਼ਾ 'ਚੋਂ ਬਾਹਰ ਨਿਕਲਣ ਲਈ ਬੰਦਾ ਸਿੱਧੇ ਜਾਂ ਅਸਿੱਧੇ ਤਰੀਕਿਆਂ ਨਾਲ, ਝਟਪਟ ਹੱਲ ਦੀ ਤਲਾਸ਼ 'ਚ ਏਧਰ ਓਧਰ ਝਾਕੇਗਾ। ਇਉਂ ਬੇਬਸੀ 'ਚ, ਉਸ ਦਾ ਧਿਆਨ, ਅਜਿਹੀ ਹੀ ਸਥਿਤੀ ਤੇ ਬਿਰਤੀ ਬੱਸ ਲੋਕਾਂ ਨੂੰ, ਮੱਛੀ ਜਾਲ ਪਾ ਕੇ ਕਾਬੂ ਕਰਨ ਵਾਲੀਆਂ ਤਰ੍ਹਾਂ ਤਰ੍ਹਾਂ ਦੀਆਂ ਅਖਬਾਰਾਂ ਤੇ ਹੋਰ ਮੀਡੀਆ ਸਾਧਨਾਂ ਰਾਹੀਂ ਕੀਤੀਆਂ ਜਾ ਰਹੀਆਂ ਮਸ਼ਹੂਰੀਆਂ ਵੱਲ ਪਏਗਾ: ਜਿਸ 'ਚ ਹਰ ਤਰ੍ਹਾਂ ਦੀ ਸਰੀਰਕ ਬਿਮਾਰੀ ਤੋਂ ਲੈ ਕੇ, ਮਾਨਸਿਕ, ਆਰਥਿਕ, ਘਰੇਲੂ, ਸਮਾਜਿਕ ਤੇ ਹੋਰ ਬੇਅੰਤ ਕਿਸਮ ਦਿਆਂ ਅੜਿੱਕਿਆਂ 'ਚੋਂ ਕੱਢਣ ਲਈ, ਸੁਰਤੀਆ ਹੱਲ ਦੇ ਦਾਅਵੇ ਬੜੀ ਬੇਸ਼ਰਮੀ ਅਤੇ ਇਖਲਾਕ ਨੂੰ ਛਿੱਕੇ ਟੰਗ ਕੇ ਕੀਤੇ ਗਏ ਹੁੰਦੇ ਹਨ। ਕਈ ਵਾਰੀ ਬਹੁਤ ਮਜ਼ਬੂਤ ਤੇ ਦ੍ਰਿੜ੍ਹ ਇਰਾਦੇ ਵਾਲੇ ਇਨਸਾਨ ਵੀ ਅਚਾਨਕ ਕੋਈ ਮੁਸੀਬਤ ਆ ਜਾਣ ਕਰਕੇ ਥਿੜਕ ਜਾਂਦੇ ਹਨ; ਤੇ ਮਨ 'ਚ ਕਮਜ਼ੋਰੀ ਆ ਜਾਂਦੀ ਹੈ। ਜਿਵੇਂ ਘਰ 'ਚ ਕੋਈ ਜ਼ਹਿਮਤ ਆ ਪੈਣੀ, ਘਰੇਲੂ ਕਲੇਸ਼ ਵਧ ਜਾਣਾ, ਜਾਂ ਕੋਈ ਹੋਰ ਅਣਕਿਆਸੀ ਮੁਸੀਬਤ ਦਾ ਟੁੱਟ ਪੈਣਾ ਆਦਿ। ਅਜਿਹੀ ਸਥਿਤੀ 'ਚ ਮਨ ਡੋਲਣ ਲੱਗਦਾ ਹੈ। ਇੰਜ ਦੁਬਿਦਾ ਵੱਸ ਕਮਜ਼ੋਰ ਮਨ ਇਨਸਾਨ ਨੂੰ ਜ਼ਰੂਰ ਸੋਚਣ ਲਈ ਮਜਬੂਰ ਕਰ ਦਏਗਾ ਕਿ ਕਿਉਂ ਨਾ ਫਲਾਣੀ ਅਖਬਾਰੀ ਮਸ਼ਹੂਰੀ ਦੇ ਸਰੋਤ ਨਾਲ ਸੰਪਰਕ ਕਰ ਕੇ, ਸਮੱਸਿਆ ਦੇ ਹੱਲ ਲਈ ਹੱਥ 'ਤੇ ਸਰ੍ਹੋਂ ਜਮਾਉਣ ਵਾਲਾ ਪ੍ਰਯੋਗ ਕਰ ਕੇ ਦੇਖੀਏ। ਹੁਣ ਦੇਖਣ ਵਾਲੀ ਗੱਲ ਇਹ ਹੈ ਕਿ ਅਜਿਹੀ ਦੁਬਿਧਾ ਦੋਹਰੀ ਤਰਾਸਦੀ ਹੈ। ਪਹਿਲੀ ਇਹ ਕਿ ਆਪਣੇ ਹਾਲਾਤ ਮੁਤਾਬਕ ਵਿੱਤੋਂ ਵਾਧੂ ਆਪਣੇ ਮਨ 'ਚ ਉਪਜਦੇ ਜਾਂ ਆਪ ਉਪਜਾਏ ਫੁਰਨਿਆਂ ਦੀ ਪੂਰਤੀ ਨਾ ਹੋ ਸਕਣਾ ਤੇ ਨਾਲ ਹੀ ਦੂਸਰੀ ਤਰਾਸਦੀ ਇਹ ਹੈ ਕਿ ਅਜਿਹੀ ਸਥਿਤੀ 'ਚੋਂ ਨਿਕਲਣ ਲਈ ਜਾਂ ਆਪਣੇ ਫੁਰਨਿਆਂ ਦੀ ਪ੍ਰਾਪਤੀ ਲਈ ਕੁੱਝ ਐਸੇ ਝਟਪਟੀ ਹੱਲ ਕਰਨ ਕਰਾਉਣ ਵਾਸਤੇ ਪਾਖੰਡੀ, ਢੋਂਗੀ ਅਖਬਾਰੀ ਇਸ਼ਤਿਹਾਰ ਪੜ੍ਹ ਕੇ ਆਰਥਿਕ ਲੁੱਟ ਕਰਵਾਉਣਾ ਅਤੇ ਮਗਰੋਂ ਹਲਕੇ-ਫੁਲਕੇ ਹੋ ਕੇ ਬਹਿ ਜਾਣਾ ਹੈ। ਜੋ ਅਜਿਹੇ ਹੱਲ ਕਰਨ ਵਾਲੇ ਗੱਲਾਂ ਕਰਾਮਾਤਾਂ ਦੀਆਂ ਕਰਦੇ ਹਨ, ਹੋਰਾਂ ਨੂੰ ਦੱਸਣ ਦਾ ਦਾਅਵਾ ਕਰਦੇ ਹਨ ਕਿ ਉਨ੍ਹਾਂ ਦੇ ਭਵਿੱਖ ਵਿਚ ਕੀ ਵਾਪਰਨਾ ਹੈ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਕੀ ਹੱਲ ਹੈ? ਆਦਿ ਦੀਆਂ ਡੀਂਗਾਂ ਮਾਰਦੇ ਹਨ ਉਨ੍ਹਾਂ ਨੂੰ ਤਾਂ ਆਪ ਆਪਣੇ ਭਵਿੱਖ ਦਾ ਨਹੀਂ ਪਤਾ ਹੁੰਦਾ ਕਿ ਕੱਲ੍ਹ ਨੂੰ ਉਨ੍ਹਾਂ ਨਾਲ ਕੀ ਹੋਣ ਵਾਲਾ ਹੈ ਪਰ ਭੋਲੇ ਭਾਲੇ ਸਿੱਧੇ ਸਾਦੇ ਲੋਕ ਉਨ੍ਹਾਂ ਦੀ ਚੁੰਗਲ 'ਚ ਫਸ ਦੋਹਰੀ ਲੁੱਟ ਦਾ ਸ਼ਿਕਾਰ ਹੁੰਦੇ ਹਨ।

ਸਾਡੇ ਮਹਾਨ ਗੁਰੂ ਸਾਹਿਬਾਨ ਦੀ ਰਚੀ ਬਾਣੀ ਨੂੰ ਪੜ੍ਹ ਕੇ, ਉਸ ਤੋਂ ਸੇਧ ਲੈ ਕੇ ਜੇ ਆਪਣੇ ਰੋਜ਼ਾਨਾ ਜੀਵਨ 'ਚ ਅਮਲੀ ਤੌਰ 'ਤੇ ਜ਼ਿੰਦਗੀ ਬਸਰ ਕਰਨ ਲਈ, ਆਪਣੇ ਜੀਵਨ ਦਾ ਅੰਗ ਬਣਾ ਲਈਏ ਤਾਂ ਅਜਿਹੀਆਂ ਮਾਨਸਿਕ ਦੁਬਿਧਾਵਾਂ ਤੋਂ ਬਚਿਆ ਜਾ ਸਕਦਾ ਹੈ। ਪਰ ਦੁੱਖ ਦੀ ਗੱਲ ਇਹ ਹੈ ਕਿ ਅਸੀਂ ਅਜਿਹਾ ਨਹੀਂ ਕਰਦੇ ਅਤੇ ਅਸੀਂ ਬਾਣੀ ਦਾ ਵੀ ਵਪਾਰੀਕਰਨ ਕਰ ਦਿੱਤਾ ਹੈ। ਗੁਰੂ ਨਾਨਕ ਦੇਵ ਜੀ ਨੇ, ਜਿੱਥੋਂ ਸਿੱਖ ਧਰਮ ਦੀ ਸ਼ੁਰੂਆਤ ਹੁੰਦੀ ਹੈ, ਸਾਨੂੰ ਵਹਿਮਾਂ-ਭਰਮਾਂ ਅਤੇ ਕਰਮ-ਕਾਂਡਾਂ ਤੋਂ ਮੁਕਤ ਕਰਵਾਉਣ ਲਈ ਰਾਹ ਦਰਸਾਇਆ ਸੀ: ਪਰ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਅੱਜ ਅਸੀਂ ਆਪਣੇ ਆਪ ਨੂੰ ਗੁਰੂ ਨਾਨਕ ਦੇਵ ਜੀ ਦੇ ਪੈਰੋਕਾਰ ਸਮਝਦੇ ਹੋਏ ਉਨ੍ਹਾਂ ਹੀ ਕਰਮ-ਕਾਂਡਾਂ ਅਤੇ ਭਰਮਾਂ-ਵਹਿਮਾਂ 'ਚ ਗੜੁੱਚ ਹੋ ਕੇ ਵਿਚਰ ਰਹੇ ਹਾਂ ਜਿਨ੍ਹਾਂ ਤੋਂ ਗੁਰੂ ਜੀ ਨੇ ਸਾਨੂੰ ਮੁਕਤੀ ਦਿਵਾਈ ਸੀ। ਇਹ ਆਪਣੇ ਆਪ ਵਿਚ ਬਹੁਤ ਵੱਡੀ ਤਰਾਸਦੀ ਹੈ। ਕਰਾਮਾਤਾਂ ਰਾਹੀਂ ਦੁੱਖਾਂ ਤਕਲੀਫਾਂ ਦੇ ਫੌਰੀ ਹੱਲ ਲਈ ਨਵੀਆਂ ਤੋਂ ਨਵੀਆਂ ਪ੍ਰਚਾਰੀਆਂ ਜਾ ਰਹੀਆਂ ਯੁਕਤਾਂ ਦਾ ਅਸੀਂ ਬਹੁ-ਗਿਣਤੀ ਲੋਕ ਚੁੰਬਕੀ ਪੱਧਰ 'ਤੇ ਸ਼ਿਕਾਰ ਹੋਈ ਜਾ ਰਹੇ ਹਾਂ; ਜਿਸ ਨਾਲ ਪਾਖੰਡੀ, ਕਰਮ-ਕਾਂਡੀ ਅਤੇ ਹਰੇਕ ਸਮੱਸਿਆ ਦਾ ਫੌਰੀ ਹੱਲ ਕਰਨ ਵਾਲੇ ਢੋਂਗੀ ਤੇ ਉਨ੍ਹਾਂ ਦੀਆਂ ਢੋਂਗੀ ਸੰਸਥਾਵਾਂ ਦਾ ਵਿਸਥਾਰ ਹੋ ਰਿਹਾ ਹੈ ਤੇ ਅਸੀਂ ਉਨ੍ਹਾਂ ਦਾ ਸ਼ਿਕਾਰ ਹੋ ਕੇ ਰੱਜ ਕੇ ਆਪਣਾ ਸ਼ੋਸ਼ਣ ਕਰਵਾ ਰਹੇ ਹਾਂ। ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਸਮੇਤ ਪਹਿਲੇ ਸਾਰੇ ਗੁਰੂ ਸਾਹਿਬਾਨਾਂ ਅਤੇ ਸਿਰਮੌਰ ਭਗਤਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਸੰਪਾਦਨ ਕਰ, ਸਾਨੂੰ ਅਤੇ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਕ ਬੇਮਿਸਾਲ ਅਦੁੱਤੀ ਤੋਹਫਾ ਦਿੱਤਾ ਸੀ। ਤਾਕੀਦ ਇਹ ਸੀ ਕਿ ਇਸ ਨੂੰ ਪੜ੍ਹ ਕੇ ਸਿੱਖ ਆਪਣੇ ਰੋਜ਼ਾਨਾ ਜੀਵਨ ਜਿਊਣ ਲਈ ਪ੍ਰਮੁੱਖ ਸੇਧ ਲੈ ਕੇ ਇਸ 'ਚ ਰਚੀ ਬਾਣੀ ਦੇ ਸਾਰੰਸ਼ ਅਨੁਸਾਰ ਅਮਲ ਕਰਨ ਤੇ ਜੀਵਨ ਜਿਊਣ: ਪਰ ਅੱਜ ਇਸ ਤਾਕੀਦ ਵਲ ਬਹੁਗਿਣਤੀ ਸਿੱਖਾਂ ਦੀ ਤਵੱਜੋ ਘੱਟ ਹੈ ਤੇ ਕਰਮ-ਕਾਂਡਾਂ ਵੱਲ ਜ਼ਿਆਦਾ ਹੈ। ਜੇ ਕਰਾਮਾਤਾਂ ਅਤੇ ਕਰਮ-ਕਾਂਡਾਂ 'ਚ ਗੁਰੂ ਸਾਹਿਬ ਦਾ ਵਿਸ਼ਵਾਸ ਤੇ ਧਾਰਨਾ ਹੁੰਦੀ ਤਾਂ ਪੰਚਮ ਪਾਤਸ਼ਾਹ ਨੂੰ ਤੱਤੀ ਤਵੀ 'ਤੇ ਬੈਠ ਸ਼ਹੀਦ ਹੋਣ ਦੀ ਕੀ ਲੋੜ ਸੀ? ਕਿਸੇ ਕਰਾਮਾਤ ਦੇ ਕ੍ਰਿਸ਼ਮੇ ਨਾਲ ਇਸ ਸਭ ਕਾਸੇ ਤੋਂ ਬਚ ਸਕਦੇ ਸਨ। ਉਨ੍ਹਾਂ ਦੇ ਅਹਿਦ ਅਤੇ ਵਿਸ਼ਵਾਸ ਦੀ ਨੀਂਹ ਅਮਲ ਸੀ, ਕਿਸੇ ਦੀ ਈਨ ਮੰਨ ਅਸੂਲਾਂ ਨਾਲ ਸਮਝੌਤਾ ਕਰਨਾ ਨਹੀਂ ਸੀ। ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਸਾਰਾ ਪਰਿਵਾਰ ਜ਼ੁਲਮ ਖ਼ਿਲਾਫ਼ ਲੜਦਿਆਂ ਵਾਰ ਦਿੱਤਾ। ਚਾਰੇ ਸਾਹਿਬਜ਼ਾਦੇ ਸਮੇਤ ਮਾਤਾ ਗੁਜਰੀ ਜੀ ਸ਼ਹੀਦ ਹੋਏ, ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦੀ ਦੇਣੀ ਪਈ; ਪਰ ਕਿਤੇ ਵੀ ਕਿਸੇ ਕਰਾਮਾਤ ਦੇ ਕ੍ਰਿਸ਼ਮੇ ਦੇ ਜੌਹਰ 'ਤੇ ਵਿਸ਼ਵਾਸ ਨਹੀਂ ਕੀਤਾ ਸਗੋਂ ਬਾਣੀ ਅਨੁਸਾਰ "ਤੇਰਾ ਭਾਣਾ ਮੀਠਾ ਲਾਗੈ" 'ਚ ਦ੍ਰਿੜ ਵਿਸ਼ਵਾਸ ਰੱਖਦਿਆਂ ਆਪਣੀ ਅਣਖ ਅਤੇ ਪ੍ਰਮੁੱਖ ਅਸੂਲਾਂ ਲਈ ਜ਼ੁਲਮ, ਅੱਤਿਆਚਾਰ ਕਰਨ ਵਾਲਿਆਂ ਦੀ ਈਨ ਨਾ ਮੰਨਦਿਆਂ ਨਿਧੜਕ ਪ੍ਰਪੱਕ ਧਾਰਨਾਵਾਂ ਸਨਮੁੱਖ, ਲੜਦਿਆਂ ਅਤੇ ਉਨ੍ਹਾਂ 'ਤੇ ਪਹਿਰਾ ਦਿੰਦਿਆਂ ਆਪਣਾ ਆਪ ਨਿਸ਼ਾਵਰ ਕਰਤਾ। ਕੀ ਇਹ ਸਾਡੇ ਲਈ ਮਿਸਾਲ ਨਹੀਂ? ਇੱਥੇ ਹੀ ਬੱਸ ਨਹੀਂ ਸਗੋਂ ਹਾਲਾਤ ਅਨੁਕੂਲ ਸਾਨੂੰ ਸਿੱਖੀ ਸਿਧਾਂਤਾਂ ਲਈ ਅਣਖ ਨਾਲ ਲੜਦੇ ਰਹਿਣ ਲਈ ਬਲ ਵੀ ਬਖ਼ਸ਼ਿਆ ਤੇ ਸੇਧ ਵੀ ਦਿੱਤੀ।

ਹਰ ਇੱਕ ਦੀ ਜ਼ਿੰਦਗੀ 'ਚ ਹਰ ਰੋਜ਼ ਬਹੁਤ ਕੁੱਝ ਵਾਪਰਦਾ ਹੈ, ਚੰਗਾ ਵੀ ਅਤੇ ਮਾੜਾ ਵੀ; ਮਨ ਦੀਆਂ ਧਾਰਨਾਵਾਂ ਮੁਤਾਬਕ ਜਦੋਂ ਸਾਡੇ ਸੋਚਣ ਅਨੁਸਾਰ ਨਾ ਵਾਪਰੇ ਤਾਂ ਅਸੀਂ ਘਬਰਾਉਂਦੇ ਹਾਂ; ਲੋਚਦੇ ਹਾਂ ਕਿ ਕੋਈ ਇਹੋ ਜਿਹੀ ਵਿਧ ਦੱਸੇ ਜਿਸ ਨਾਲ ਸਾਡੀ ਸੋਚ ਮੁਤਾਬਕ ਹੀ ਸਭ ਕੁੱਝ ਹੋਵੇ ਤੇ ਉਸੇ ਮੁਤਾਬਕ ਹੋਣ ਦਾ ਜ਼ਰੀਆ ਕੋਈ ਦੱਸ ਦਏ। ਅਜਿਹੀ ਸਥਿਤੀ 'ਚ ਅਸੀਂ ਡੋਲਦੇ ਹਾਂ, ਘਬਰਾਉਂਦੇ ਹਾਂ, ਉਦਾਸ ਹੁੰਦੇ ਹਾਂ, ਇਸ ਦੇ ਫੌਰੀ ਹੱਲ ਲਈ ਯਤਨਸ਼ੀਲ ਹੁੰਦੇ ਹਾਂ ਅਤੇ ਅਸਲੀਅਤ ਤੋਂ ਲਾਂਭੇ ਹੋਣ ਲੱਗਦੇ ਹਾਂ। ਸਾਡੇ ਗੁਰੂ ਸਾਹਿਬਾਨ ਨਾਲ ਜੋ ਘਟਨਾਵਾਂ ਵਾਪਰੀਆਂ, ਜਿਨ੍ਹਾਂ ਔਕੜਾਂ ਥਾਈਂ ਲੰਘ ਕੇ ਸਾਨੂੰ ਸਥਿਰਤਾ ਅਤੇ ਅਡੋਲਤਾ ਦਾ ਰਾਹ ਦਿਖਇਆ, ਇਹ ਸਾਡੇ ਲਈ ਚਾਨਣ ਮੁਨਾਰਾ ਹਨ। ਅਸੀਂ ਉਨ੍ਹਾਂ ਗੁਰੂ ਸਾਹਿਬਾਨਾਂ ਦੇ ਜੀਵਨ ਤੋਂ ਸੇਧ ਲੈ ਕੇ ਆਪਣੇ ਉੱਖੜੇ ਤੇ ਉਲਝੇ ਮਨ ਦੀ ਸਥਿਰਤਾ ਦੀ ਕਾਇਮੀ ਲਈ ਦ੍ਰਿੜ ਕਿਉਂ ਨਹੀਂ ਹੁੰਦੇ? ਕਿਉਂ ਨਹੀਂ ਰੋਜ਼ਾਨਾ ਜੀਵਨ 'ਚ ਆ ਰਹੇ ਉਤਰਾਅ ਚੜ੍ਹਾਅ, ਦੁੱਖ ਸੁੱਖ ਸਾਹਵੇਂ ਅਡੋਲ ਉਸ ਸਿਰਜਣਹਾਰ 'ਤੇ ਭਰੋਸਾ ਕਰਦੇ ਹੋਏ, ਜ਼ਿੰਦਗੀ ਦੇ ਜਿਹੜੇ ਵੀ ਹਾਲਾਤ ਬਣਨ, ਔਖੇ ਜਾਂ ਸੌਖੇ ਪੂਰਨ ਦ੍ਰਿੜਤਾ ਨਾਲ ਨਜਿੱਠਣ ਲਈ ਮਨ ਨੂੰ ਥਾਂਓਂ ਕਿਉਂ ਨਹੀਂ ਲਿਆਉਂਦੇ! ਕੀ ਸਿਰਫ ਔਕੜਾਂ ਦੇ ਹੱਲ ਲਈ ਬਣੇ ਬਣਾਏ ਹੱਲਾਂ 'ਚ ਹੀ ਗੁਆਚੇ ਫਿਰਦੇ ਰਹਿੰਦੇ ਹਾਂ? ਜ਼ਿੰਦਗੀ ਇੱਕ ਸੁਪਨਾ ਹੈ। ਇੱਕ ਸੁਪਨਾ ਰਾਤ ਨੂੰ ਆਉਂਦਾ ਹੈ ਜੋ ਅੱਖ ਖੁੱਲ੍ਹਣ ਸਾਰ ਹੀ ਮੁੱਕ ਜਾਂਦਾ ਹੈ। ਸਾਡੀ ਜ਼ਿੰਦਗੀ ਦਾ ਸਫ਼ਰ ਵੀ ਇੱਕ ਸੁਪਨਾ ਹੀ ਹੈ, ਸਿਰਫ ਰਾਤ ਵਾਲੇ ਸੁਪਨੇ ਨਾਲੋਂ ਫਰਕ ਇਹ ਹੈ ਕਿ ਇਹ ਸੁਪਨਾ ਜਦੋਂ ਬੰਦਾ ਅੱਖਾਂ ਮੀਟ ਇਸ ਦੁਨੀਆ ਤੋਂ ਕੂਚ ਕਰਦਾ ਹੈ ਉਦੋਂ ਮੁੱਕ ਜਾਂਦਾ ਹੈ।

ਇੱਕ ਧਾਰਨਾ ਹੈ ਕਿ ਜੇ ਬੰਦਾ ਜ਼ਿੰਦਗੀ 'ਚ ਚੰਗੇ ਕੰਮ ਕਰਦਾ ਹੈ ਤਾਂ ਮਰਨ ਉਪਰੰਤ ਉਹ ਸੁਰਗ ਨੂੰ ਜਾਂਦਾ ਹੈ ਤੇ ਜੇ ਉਹ ਮਾੜੇ ਕੰਮ ਕਰੇ ਤਾਂ ਨਰਕਾਂ 'ਚ ਵਾਸਾ ਹੁੰਦਾ ਹੈ। ਇੱਕ ਧਾਰਨਾ ਇਹ ਵੀ ਹੈ ਕਿ ਮਰਨ ਤੋਂ ਬਾਅਦ ਤਾਂ ਪਤਾ ਨਹੀਂ ਬੰਦੇ ਨੇ ਨਰਕ 'ਚ ਜਾਣਾ ਹੈ ਜਾਂ ਸੁਰਗ 'ਚ, ਪਰ ਨਰਕ-ਸੁਰਗ ਤਾਂ ਇਸੇ ਦੁਨੀਆਂ ਵਿਚ ਹੀ ਹੈ। ਇਨ੍ਹਾਂ ਦੋਹਾਂ ਧਾਰਨਾਵਾਂ 'ਚੋਂ ਕਿਹੜੀ ਸਹੀ ਜਾਂ ਗਲਤ ਹੈ, ਜਾਂ ਦੋਵੇਂ ਸਹੀ ਹਨ, ਇਸ ਬਾਰੇ ਪਾਠਕ ਆਪ ਹੀ ਆਪਣੀ ਸੋਝੀ ਮੁਤਾਬਕ ਨਿਰਣਾ ਕਰ ਲੈਣ ਤਾਂ ਦਰੁਸਤ ਰਹੇਗਾ। ਬਾਣੀ ਦਾ ਕਥਨ ਹੈ,

"ਸੁਰਗੁ ਬਾਸੁ ਨ ਬਾਛੀਐ ਡਰੀਐ ਨ ਨਰਕਿ ਨਿਵਾਸੁ॥

ਹੋਨਾ ਹੈ ਸੋ ਹੋਈ ਹੈ ਮਨਹਿ ਨ ਕੀਜੈ ਆਸ॥"-337 ਪੰਨਾ

ਇਨ੍ਹਾਂ ਪੰਕਤੀਆਂ ਵੱਲ ਜੇ ਗਹੁ ਕਰੀਏ ਅਤੇ ਜ਼ਰਾ ਗਹਿਰਾਈ ਨਾਲ ਝਾਤ ਮਾਰੀਏ ਤਾਂ ਇਹ ਸਪੱਸ਼ਟ ਸੁਨੇਹਾ ਮਿਲਦਾ ਹੈ ਕਿ ਬਹੁਤੀਆਂ ਆਸਾਂ, ਉਮੀਦਾਂ ਤੇ ਬੇਲੋੜੀਆਂ ਤ੍ਰਿਸ਼ਨਾਵਾਂ, ਫੁਰਨਿਆਂ ਦੇ ਵਾਵਰੋਲਿਆਂ 'ਚ ਘੁੰਮਣ-ਘੇਰੀਆਂ ਖਾਣ ਨਾਲੋਂ ਜੇ ਅਡੋਲ ਰਹਿ ਕੇ ਸੀਮਤ ਸਾਧਨਾਂ ਮੁਤਾਬਕ ਜੀਵਨ ਬਸਰ ਕਰੀਏ ਤਾਂ ਬਹੁਤੇ ਖਿਆਲੀ, ਆਪ ਪੈਦਾ ਕੀਤੇ ਫਿਕਰਾਂ ਅਤੇ ਝਮੇਲਿਆਂ ਤੋਂ ਬਚਦਿਆਂ ਬੇਫਿਕਰ ਤੇ ਸ਼ਾਂਤ ਜੀਵਨ ਜੀਆ ਜਾ ਸਕਦਾ ਹੈ।

# ਸਿਕੰਦਰ

*(ਪਿਛਲੇ ਸਫੇ ਦੀ ਬਾਕੀ)*

ਬਾਹਰ ਆ ਗਿਆ ਜਦ ਉਸ ਨੇ ਮੇਰੀਆਂ ਅੱਖਾਂ ਗਿੱਲੀਆਂ ਡਿਠੀਆਂ ਤਾਂ ਮੇਰੇ ਕੋਲ ਬੈਠ ਕੇ ਸਾਰੀ ਕਹਾਣੀ ਪੁੱਛਣ ਲੱਗਾ। ਉਹ ਮੇਰੇ ਕੋਲ ਵਾਧੂ ਘਾਟੂ ਗੱਲ ਨਹੀਂ ਕਰਦਾ ਸੀ। ਜਦੋਂ ਉਸ ਦੀ ਮਾਂ ਨੇ ਉਸ ਨੂੰ ਸਾਰੀ ਹੀਰ ਸੁਣਾ ਦਿੱਤੀ ਤਾਂ ਮੇਰਾ ਦਿਲ ਰੱਖਣ ਲਈ ਮੈਨੂੰ ਕਹਿਣ ਲੱਗਾ, ਸਾਰਾ ਕੁਝ ਠੀਕ ਹੋ ਜਾਊ। ਤੂੰ ਰੋ ਨਾ। ਆਪਣਾ ਰੁਮਾਲ ਕੱਢ ਮੇਰੇ ਅੱਥਰੂ ਪੂੰਝਣ ਲੱਗ ਪਿਆ। ਮੈਨੂੰ ਵੀ ਮਨ ਵਿਚ ਖੁਦਖੁਦੀ ਜਿਹੀ ਹੋਈ ਤੇ ਮੈਂ ਉਸ ਨੂੰ ਨਾ ਹਟਾਇਆ। ਫਿਰ ਉਸ ਨੇ ਆਪਣੇ ਬਾਹਰ ਜਾਣ ਦੀ ਗੱਲ ਬਾਰੇ ਪੁੱਛਣ ਦਾ ਕਹਿ ਕੇ ਉਥੋਂ ਉਠਾ ਲਿਆ ਤੇ ਆਪਣੇ ਕਮਰੇ ਵਿਚ ਚੱਲ ਕੇ ਗੱਲ ਕਰਨ ਲਈ ਉਠਾ ਕੇ ਲੈ ਗਿਆ।

ਉਸ ਨੇ ਕਮਰੇ ਵਿਚ ਜਾ ਕੇ ਕਿਹਾ, 'ਤੈਨੂੰ ਤਾਂ ਪਤਾ ਹੈ ਤੇਰੇ ਵਿਚ ਕੋਈ ਨੁਕਸ ਨਹੀਂ ਹੈ, ਨੁਕਸ ਤਾਂ ਕੈਲੇ ਵਿਚ ਹੈ। ਉਸ ਲਈ ਸਜ਼ਾ ਤੈਨੂੰ ਨਹੀਂ ਮਿਲੇਗੀ।' ਉਸ ਨੇ ਦਲੇਰੀ ਨਾਲ ਕਿਹਾ, 'ਜੇ ਤੈਨੂੰ ਕੋਈ ਇਤਰਾਜ਼ ਨਹੀਂ ਤਾਂ ਮੈਂ ਤੇਰੀ ਮਦਦ ਕਰ ਸਕਦਾ ਹਾਂ। ਜੇ ਇੱਕ ਵਾਰ ਬੱਚਾ ਠਹਿਰ ਗਿਆ ਤਾਂ ਕੋਈ ਮਾਈ ਦਾ ਲਾਲ ਤੈਨੂੰ ਘਰੋਂ ਨਹੀਂ ਹਿਲਾ ਸਕਦਾ। ਤੇਰੀ ਜੜ੍ਹ ਪੱਕੀ ਹੋ ਜਾਵੇਗੀ। ਤੇਰੀ ਗੋਦ ਵਿਚ ਵੀ ਇੱਕ ਫੁੱਲ ਖਿੜ ਜਾਵੇਗਾ। ਮੈਨੂੰ ਪਤਾ ਹੈ ਹਰ ਔਰਤ ਮਾਂ ਬਣ ਜਾਣ ਤੋਂ ਬਾਅਦ ਹੀ ਆਪਣੇ ਆਪ ਨੂੰ ਮੁਕੰਮਲ ਹੋਈ ਮਹਿਸੂਸ ਕਰਦੀ ਹੈ। ਤੇਰੀ ਇਸ ਇੱਛਾ ਨੂੰ ਪੂਰੀ ਕਰਨ ਵਿਚ ਮੈਂ ਤੇਰੀ ਸਹਾਇਤਾ ਕਰ ਸਕਦਾ ਹਾਂ। ਤੂੰ ਅਰਾਮ ਨਾਲ ਸੋਚ ਲਈਂ। ਜੇ ਤੇਰਾ ਮਨ ਮੰਨੇ ਤਾਂ ਦੱਸ ਦੇਵੀਂ। ਜਿਸ ਦਿਨ ਕੈਲਾ ਘਰ ਨਾ ਹੋਵੇ ਮੈਂ ਆ ਜਾਵਾਂਗਾ। ਇਸ ਗੱਲ ਦੀ ਕਿਸੇ ਨੂੰ ਖਬਰ ਨਹੀਂ ਕਰਨੀ। ਮੈਂ ਤੇਰੇ 'ਤੇ ਆਪਣਾ ਹੱਕ ਨਹੀਂ ਰੱਖਾਂਗਾ ਅਤੇ ਨਾ ਹੀ ਕਦੇ ਅਹਿਸਾਨ ਜਤਾਵਾਂਗਾ। ਤੇਰਾ ਇਕੱਲੀ ਦਾ ਫੈਸਲਾ ਅੰਤਮ ਹੋਵੇਗਾ।' ਇਹ ਸੁਣ ਇਕ ਵਾਰ ਤਾਂ ਮੈਨੂੰ ਚੰਗਾ ਨਾ ਲੱਗਾ ਫੇਰ ਵੀ ਸੋਚਣ ਦਾ ਆਖ ਆਪਣੇ ਘਰ ਆ ਗਈ।

ਮੇਰੇ ਪੈਰਾਂ ਹੇਠੋਂ ਜ਼ਮੀਨ ਕਦੇ ਵੀ ਖਿਸਕ ਸਕਦੀ ਸੀ, ਜੜ੍ਹਾਂ ਤੋਂ ਬਗੈਰ ਰੁੱਖ ਕਦੇ ਵੀ ਡਿੱਗ ਸਕਦਾ ਹੈ, ਹਨੇਰੀ ਝੁਲ ਪਈ ਸੀ ਕਦੇ ਵੀ ਤੂਫ਼ਾਨ ਦਾ ਰੂਪ ਧਾਰਨ ਕਰ ਸਕਦੀ ਸੀ। ਇਸ ਵਕਤ ਮੇਰਾ ਕੋਈ ਨਹੀਂ ਸੀ ਭਾਵੇਂ ਸੱਤ ਭਰਾ ਸਨ ਤੇ ਉਨ੍ਹਾਂ ਦਾ ਭਰਿਆ ਭੁਕੰਨਾ ਪਰਿਵਾਰ ਸੀ। ਇਤਨੇ ਸਾਲ ਪਿੱਛੋਂ ਪੇਕੇ ਕਿਵੇਂ ਜਾ ਕੇ ਬੈਠ ਸਕਦੀ ਸਾਂ। ਮਨ ਵਿਚ ਭੂਚਾਲ ਚੱਲ ਰਿਹਾ ਸੀ ਕਿ ਕਿੰਦੀ ਇਹ ਠੀਕ ਨਹੀਂ ਹੈ। ਪਰ ਫਿਰ ਇਹ ਲੱਗਦਾ ਕਿ ਉਸ ਨੇ ਮੇਰਾ ਘਰ ਬਚਾਉਣ ਲਈ ਆਖਿਆ ਹੈ ਅਤੇ ਮੇਰੇ ਉਪਰ ਕੋਈ ਹੱਕ ਨਹੀਂ ਜਮਾ ਰਿਹਾ, ਪੜ੍ਹਿਆ ਹੋਇਆ ਹੈ। ਮਸਨੂਈ ਗਰਭ ਦਾ ਢੰਗ ਅਪਣਾਉਣਾ ਅਤੀ ਮੁਸ਼ਕਿਲ ਲਗਦਾ ਹੈ ਅਨਪੜ੍ਹਾਂ ਨੂੰ ਕਿਵੇਂ ਸਮਝਾਵਾਂਗੀ ਕਿ ਮੈਂ ਕਿਉਂ ਵਾਰ ਵਾਰ ਕਾਕੇ ਨਾਲ ਘੁੰਮਦੀ ਫਿਰਦੀ ਹਾਂ ਪਿੰਡ ਵਾਲੇ ਸੌ ਸੌ ਗੱਲਾਂ ਬਣਾਉਣਗੇ। ਕੀਹਦਾ ਕੀਹਦਾ ਮੂੰਹ ਫੜ ਲਵਾਂਗੀ। ਉਸ ਨਾਲੋਂ ਤਾਂ ਚੰਗਾ ਹੈ ਕਿ ਮੈਂ ਕਾਕੇ ਦੀ ਗੱਲ ਮੰਨ ਲਵਾਂ। ਮੈਨੂੰ ਇਸ ਉਤਾਰ ਚੜ੍ਹਾਅ ਨੇ ਪਾਗਲ ਕੀਤਾ ਹੋਇਆ ਸੀ।

ਇੱਕ ਦਿਨ ਕੈਲੇ ਨੇ ਰਿਸ਼ਤੇਦਾਰੀ ਵਿਚ ਜਾਣਾ ਸੀ ਤੇ ਦੋ ਦਿਨ ਨਹੀਂ ਮੁੜਨਾ ਸੀ। ਬਹੁਤ ਦਿਨ ਤਕ ਮੈਂ ਬਲਦੀ ਅੱਗ ਨੂੰ ਸਾਂਭਿਆ ਸੀ। ਇਸ ਅੱਗ ਉਪਰ ਬਹੁਤ ਬਰਫ ਦੇ ਗੋਲੇ ਰੱਖੇ ਪਰੰਤੂ ਸ਼ਾਂਤ ਹੋਣ ਵਿਚ ਨਹੀਂ ਆ ਰਹੀ ਸੀ ਤੇ ਅਖੀਰ ਜਵਾਲਾ ਮੁਖੀ ਫਟਿਆ ਤੇ ਮੰਨ ਕਰੜਾ ਕਰ ਕੇ ਚਾਚੇ ਘਰ ਗਈ ਤੇ ਕਾਕੇ ਨੂੰ ਦੱਸ ਦਿੱਤਾ। ਅਗਲੇ ਐਤਵਾਰ ਦੀ ਕਾਕੇ ਨੂੰ ਵੀ ਕਾਲਜ ਵਿਚੋਂ ਛੁਟੀ ਸੀ। ਸ਼ਾਮ ਢਲੇ ਮੈਂ ਰੋਟੀ ਟੁੱਕ ਤੋਂ ਵੇਹਲੀ ਹੋ ਅੰਦਰ ਮੰਜੇ 'ਤੇ ਲੇਟ ਗਈ, ਮੇਰੇ ਅੰਦਰ ਉਥਲ ਪੁਥਲ ਚੱਲ ਰਹੀ ਸੀ। ਦਰਵਾਜ਼ਾ ਖੜਕਿਆ। ਮੈਂ ਖੋਲ੍ਹ ਦਿੱਤਾ। ਉਹ ਅੰਦਰ ਆ ਗਿਆ ਉਸ ਦੇ ਕਮੀਜ਼ ਪਜਾਮਾ ਪਾਇਆ ਹੋਇਆ ਸੀ, ਬਹੁਤ ਹੀ ਸੁਨੱਖਾ ਜਵਾਨ ਲੱਗ ਰਿਹਾ ਸੀ। ਇਕ ਵਾਰ ਤਾਂ ਮਨ ਵਿਚ ਘਬਰਾਹਟ ਹੋਈ ਕਿ ਕਿੰਦੀ ਤੂੰ ਇਹ ਠੀਕ ਨਹੀਂ ਕਰ ਰਹੀ ਪਰ ਉਸ ਨੂੰ ਸਾਹਮਣੇ ਦੇਖ ਮੇਰਾ ਮਨ ਬਦਲ ਗਿਆ ਉਸ ਨੂੰ ਅੰਦਰ ਲੈ ਗਈ। ਦਰਵਾਜ਼ਾ ਚੰਗੀ ਤਰ੍ਹਾਂ ਬੰਦ ਕਰ ਦਿੱਤਾ। ਮੇਰੇ ਅੰਦਰ ਅੱਗ ਬਲ ਰਹੀ ਸੀ ਉਸ ਨੂੰ ਸ਼ਾਂਤ ਕਰਨ ਲਈ ਏਹੀ ਇਕ ਉਪਰਾਲਾ ਠੀਕ ਜਾਪਿਆ ਸੀ। ਭਾਵੇਂ ਮੈਂ ਅੱਜ ਸੱਜ ਵਿਆਹੀ ਵਾਂਗ ਤਿਆਰ ਨਹੀਂ ਸੀ ਹੋਈ ਪਰੰਤੂ ਬਿਸਤਰ ਨੂੰ ਚੰਗੀ ਤਰ੍ਹਾਂ ਤਿਆਰ ਕਰ ਲਿਆ ਸੀ। ਫਿਰ ਅਸੀਂ ਦੋਵੇਂ ਗੱਲਾਂ ਕਰਨ ਲੱਗ ਪਏ। ਉਸ ਨੇ ਮੇਰੇ ਉਪਰ ਜਾਦੂ ਕਰਨਾ ਸ਼ੁਰੂ ਕਰ ਦਿੱਤਾ ਸੀ। ਮੈਂ ਸ਼ਰਮਾ ਕੇ ਉਸ ਦੇ ਗਲ ਨਾਲ ਲੱਗ ਗਈ। ਫਿਰ ਪਤਾ ਨਹੀਂ ਕੀ ਹੋਇਆ ਸੀ। ਸਵੇਰੇ ਜਦੋਂ ਅੱਖ ਖੁੱਲ੍ਹੀ ਗੋਡੇ ਗੋਡੇ ਸੂਰਜ ਚੜ੍ਹ ਆਇਆ ਸੀ। ਅੰਗ ਅੰਗ ਦੁਖ ਰਿਹਾ ਸੀ। ਕਾਕਾ ਤਾਂ ਸਵੇਰੇ ਹੀ ਚਲਾ ਗਿਆ ਸੀ ਤੇ ਰਾਤ ਨੂੰ ਮਿਲਣ ਲਈ ਉਸ ਨੂੰ ਮੈਂ ਆਖਿਆ ਸੀ ਉਹ ਆਉਣ ਦੀ ਹਾਮੀ ਭਰ ਗਿਆ ਸੀ। ਚੋਰੀ ਦੇ ਗੁੜ ਵਾਂਗਰਾਂ ਮੈਨੂੰ ਭੋਰ ਭੋਰ ਕੇ ਸਾਰੀ ਰਾਤ ਖਾਧਾ ਗਿਆ ਸੀ। ਜਿੰਨਾ ਉਸ ਨੇ ਮੈਨੂੰ ਭੰਨਿਆ ਸੀ ਮੈਂ ਵੀ ਹੋਰ ਟੁੱਟਣ ਲਈ ਤਿਆਰ ਸਾਂ। ਸੰਗ ਸ਼ਰਮ ਤਾਂ ਹੁਣ ਕੋਹਾਂ ਦੂਰ ਚਲੀ ਗਈ ਸੀ। ਉਹ ਮੈਨੂੰ ਅਨੰਦਿਤ ਕਰ ਰਿਹਾ ਸੀ ਤੇ ਮੈਂ ਪੂਰੀ ਤਰ੍ਹਾਂ ਨਸ਼ਿਆਈ ਗਈ ਸਾਂ। ਅੱਜ ਸਮਝ ਆਈ ਸੀ ਕਿ ਮਰਦ ਕੀ ਹੁੰਦਾ ਹੈ। ਇਤਨੇ ਸਾਲ ਤਾਂ ਭੱਠ ਝੋਕਦੇ ਰਹੇ ਸਾਂ। ਹੁਣ ਮੈਂ ਦੱਸਣ ਯੋਗ ਸਾਂ ਕਿ ਸੁਹਾਗ ਰਾਤ ਕਿਸ ਨੂੰ ਆਖਦੇ ਹਨ। ਅਗਲੀ ਰਾਤ ਵੀ ਅਸੀਂ ਇਕੱਠਿਆਂ ਹੀ ਗੁਜ਼ਾਰੀ। ਮੈਂ ਪੂਰੀ ਤਰ੍ਹਾਂ ਖੁਸ਼ ਸਾਂ। ਕਾਕੇ ਦੀ ਧੰਨਵਾਦੀ ਸਾਂ। ਉਸ ਨੇ ਪੂਰਾ ਜਿਗਰਾ ਦਿਖਾਇਆ ਸੀ। ਦੂਜੇ ਦਿਨ ਫਿਰ ਵੱਖਰਾ ਹੀ ਨਜ਼ਾਰਾ ਬੱਝਾ ਸੀ। ਹੁਣ ਅਸੀਂ ਪੂਰੀ ਤਰ੍ਹਾਂ ਖੁੱਲ੍ਹ ਗਏ ਸਾਂ। ਕਾਕੇ ਨੂੰ ਵੀ ਕੋਈ ਝਿਜਕ ਨਹੀਂ ਸੀ ਮੈਂ ਤਾਂ ਖੁਸ਼ ਸੀ ਮੇਰਾ ਸੰਸਾਰ ਹੁਣ ਨਹੀਂ ਉਜੜ ਸਕਦਾ, ਕਾਕਾ ਮੇਰੀ ਪਿੱਠ 'ਤੇ ਆ ਖੜੋਤਾ ਸੀ। ਮੈਨੂੰ ਉਸ ਦਾ ਪੂਰਾ ਸਹਾਰਾ ਸੀ। ਜਦੋਂ ਵੀ ਕੈਲੇ ਨੇ ਕਿਤੇ ਜਾਣਾ ਹੁੰਦਾ ਮੈਂ ਕਾਕੇ ਨੂੰ ਦੱਸ ਦਿਆ ਕਰਦੀ ਅਤੇ ਅਸੀਂ ਮਿਲ ਕੇ ਅਨੰਦਿਤ ਹੋ ਜਾਇਆ ਕਰਦੇ ਸੀ। ਇਸ ਤਰ੍ਹਾਂ ਦਿਨ ਬੀਤਦੇ ਗਏ।

ਅਖੀਰ ਮੇਰੀ ਮੁਰਾਦ ਪੂਰੀ ਹੋਈ, ਸੁੱਕੀ ਵੇਲ ਨੂੰ ਫ਼ਲ ਲੱਗਣ ਲੱਗਾ। ਜਦੋਂ ਦਿਲ ਕੱਚਾ ਕੱਚਾ ਹੋਣ ਲੱਗ ਪਿਆ। ਖੱਟਾ ਖਾਣ ਨੂੰ ਮਨ ਕਰਦਾ ਸੀ। ਇਕ ਦਿਨ ਮੇਰੀ ਹਾਲਤ ਜ਼ਿਆਦਾ ਪਤਲੀ ਹੋ ਗਈ ਮੇਰੇ ਅੰਦਰ ਕੁਝ ਨਹੀਂ ਸੀ ਟਿਕ ਰਿਹਾ, ਜੋ ਖਾਂਦੀ ਸੀ ਉਲਟੀ ਆ ਜਾਂਦੀ ਸੀ ਪਾਣੀ ਤਕ ਵੀ ਅੰਦਰ ਨਹੀਂ ਰਹਿੰਦਾ ਸੀ ਝੱਟ ਉਲਟੀ ਆ ਜਾਂਦੀ ਸੀ। ਕਮਜ਼ੋਰੀ ਹੋ ਗਈ। ਮੈਨੂੰ ਡਰ ਲੱਗਣ ਲੱਗਾ ਕਿ ਕਿਤੇ ਮੰਦਾ ਚੰਗਾ ਨਾ ਹੋ ਜਾਵੇ ਤੇ ਮੇਹਨਤ ਬੇਕਾਰ ਜਾਵੇ। ਸਮੇਂ ਨਾਲ ਸਾਰਾ ਕੁਝ ਠੀਕ ਹੋ ਗਿਆ। ਹੁਣ ਤਾਂ ਮੇਰਾ ਪੈਰ ਭੋਏਂ 'ਤੇ ਨਹੀਂ ਲੱਗਦਾ ਸੀ। ਹੁਣ ਦੱਸੇ ਕਿਹੜੇ ਬਹਾਨੇ ਛੱਡੂ। ਮੈਂ ਚੰਗਾ ਚੋਖਾ ਖਾਣ ਲੱਗ ਪਈ। ਇਹ ਡਰ ਮਨ ਵਿਚ ਸੀ ਕਿ ਬੱਚਾ ਕਮਜ਼ੋਰ ਨਾ ਰਹਿ ਜਾਵੇ। ਦਿਨ ਟੱਪਦੇ ਗਏ ਵਧਦਾ ਪੇਟ ਲੁਕ ਨਹੀਂ ਸਕਦਾ ਸੀ। ਰੱਜ ਕੇ ਖਾਧੇ ਦਾ ਸਭ ਨੂੰ ਪਤਾ ਉਸ ਵੇਲੇ ਲੱਗਾ ਜਿਸ ਵੇਲੇ ਮੇਰਾ ਦੂਸਰਾ ਜਨਮ ਹੋਇਆ। ਬੱਚਾ ਜੰਮਣਾ ਔਰਤ ਦਾ ਸੱਚ ਮੁੱਚ ਹੀ ਦੂਸਰਾ ਜਨਮ ਹੁੰਦਾ ਹੈ। ਮੈਂ ਤਾਂ ਪੂਰੀ ਖੁਸ਼ ਹੋਈ ਜਦੋਂ ਦਾਈ ਨੇ ਦੱਸਿਆ ਕੇ ਦਹੀਂ ਦੇ ਫੁੱਟ ਵਰਗਾ ਮੁੰਡਾ ਜੰਮਿਆ ਸੀ। ਸਿਕੰਦਰ ਜਿੱਤ ਗਈ ਸੀ ਜਾਂ ਹਾਰੀ ਸੀ ਇਸ ਬਾਰੇ ਹਰ ਪਾਠਕ ਦੇ ਵਿਚਾਰ ਵੱਖਰੇ ਵੱਖਰੇ ਹੋ ਸਕਦੇ ਹਨ। ਆਂਢ-ਗੁਆਂਢ ਮੁੰਡਾ ਵੇਖਣ ਆਇਆ ਤਾਂ ਮੈਨੂੰ ਵਧਾਈਆਂ ਮਿਲੀਆਂ। ਕੈਲੇ ਨੂੰ ਵੀ ਖੁਸ਼ੀ ਸੀ ਕਿ ਉਸ ਦੇ ਘਰ ਮੁੰਡਾ ਜੰਮਿਆ ਸੀ। ਉਸ ਨੇ ਆਪਦੇ ਕਬੀਲੇ ਵਿਚ ਲੱਡੂ ਵੰਡੇ। ਚਾਚਾ ਸੇਮਾ ਤੇ ਚਾਚੀ ਆਏ ਵਧਾਈ ਦੇ ਗਏ। ਭਰਾ, ਭਾਬੀਆਂ ਨੇ ਖੁਸ਼ੀਆਂ ਮਨਾਈਆਂ। ਦੋ ਕੁ ਮਹੀਨੇ ਮੈਂ ਪੇਕੇ ਲਾ ਆਈ। ਕਾਕੇ ਨੇ ਆਵਦੇ ਬੋਲ ਪੂਰੇ ਕੀਤੇ। ਕਦੇ ਕੋਈ ਗੱਲ ਨਾ ਕੀਤੀ। ਕੋਈ ਅਹਿਸਾਨ ਨਾ ਜਤਾਇਆ। ਓਹਨੂੰ ਚੰਗੀ ਨੌਕਰੀ ਮਿਲ ਗਈ ਸੀ। ਘਰ ਤੋਂ ਦੂਰ ਸੀ ਉਥੇ ਹੀ ਰਹਿਣ ਲੱਗ ਪਿਆ ਸੀ। ਉਥੇ ਹੀ ਉਸ ਨੇ ਘਰ ਲੈ ਲਿਆ ਤੇ ਚਾਚਾ ਚਾਚੀ ਨੂੰ ਵੀ ਲੈ ਗਿਆ ਸੀ।

ਮੁੰਡਾ ਵੱਡਾ ਹੋਇਆ ਤਾਂ ਉਸ ਨੂੰ ਸਕੂਲੇ ਲਾ ਦਿੱਤਾ। ਸਵੇਰੇ ਨਾਲ ਸਕੂਲ ਚਲਾ ਜਾਂਦਾ। ਮਨ ਲਾ ਕੇ ਪੜ੍ਹਾਈ ਕਰ ਰਿਹਾ ਸੀ। ਮੈਂ ਮਨ ਵਿਚ ਚਿਤਵ ਲਿਆ ਸੀ ਕਿ ਇਸ ਨੂੰ ਪੜ੍ਹਾਵਾਂਗੀ ਤੇ ਫਿਰ ਮਾਮੇ ਕੋਲ ਕੈਨੇਡਾ ਭੇਜ ਦੇਵਾਂਗੀ ਤੇ ਆਪ ਵੀ ਕੈਲੇ ਨੂੰ ਨਾਲ ਲੈ ਜੀਵਨ ਦੀ ਸ਼ਾਮ ਉਥੇ ਗੁਜ਼ਾਰਾਂਗੇ। ਪਰੰਤੂ ਰੱਬ ਨੂੰ ਇਹ ਮਨਜ਼ੂਰ ਨਹੀਂ ਸੀ। ਇੱਕ ਦਿਨ ਕੈਲਾ ਕੰਮ ਤੋਂ ਵਾਪਿਸ ਆ ਰਿਹਾ ਸੀ ਕਿ ਇੱਕ ਕਾਰ ਸਾਈਕਲ ਵਿਚ ਵੱਜੀ ਕੈਲਾ ਸੜਕ 'ਤੇ ਡਿਗ ਪਿਆ ਤੇ ਸਿਰ ਉਪਰ ਡੂੰਘੀ ਸੱਟ ਵੱਜੀ। ਖ਼ੂਨ ਦੀ ਧਤੀਰੀ ਵਹਿ ਤੁਰੀ। ਲੋਕਾਂ ਨੇ ਚੱਕ ਕੇ ਹਸਪਤਾਲ ਪਹੁੰਚਾਇਆ ਪਰ ਡਾਕਟਰ ਨੇ ਸਿਰ ਫੇਰ ਦਿੱਤਾ ਕਿ ਇਹ ਤਾਂ ਇਸ ਦੁਨੀਆ ਵਿਚ ਨਹੀਂ ਰਿਹਾ। ਮੈਨੂੰ ਵੀ ਖਬਰ ਮਿਲੀ, ਰੋਂਦੀ ਕੁਰਲਾਂਦੀ ਹਸਪਤਾਲ ਪੁੱਜੀ। ਅਖੀਰ ਮਿੱਟੀ ਸਾਂਭੀ। ਵੀਰ ਤੇ ਭਾਬੀਆਂ ਨੇ ਦਿਲਾਸਾ ਦਿੱਤਾ ਤੇ ਹੁਣ ਆਪਣੇ ਬੱਚੇ ਦੀ ਪੜ੍ਹਾਈ ਵੱਲ ਧਿਆਨ ਦੇਣ ਲਈ ਸਮਝਾਇਆ। ਕੈਨੇਡਾ ਵਾਲੇ ਵੀਰ ਦੀ ਲੰਬੀ ਗੱਲਬਾਤ ਵਿਚ ਉਸ ਨੇ ਵੀ ਕਿਹਾ ਕਿ ਥੋੜਾ ਜਿਹਾ ਵੱਡਾ ਹੋ ਜਾਵੇਗਾ ਤਾਂ ਮੈਂ ਇਸ ਦੇ ਕਾਗਜ਼ ਤਿਆਰ ਕਰਵਾ ਕੇ ਭੇਜ ਦੇਵਾਂਗਾ। ਚਿੰਤਾ ਨਾ ਕਰੀਂ ਮੈਂ ਤੁਹਾਨੂੰ ਇਥੇ ਹੀ ਆਪਣੇ ਕੋਲ ਸੱਦ ਲਵਾਂਗਾ। ਦੁਨੀਆ ਦੀਆਂ ਨਜ਼ਰਾਂ ਵਿਚ ਤਾਂ ਸਿਕੰਦਰ ਜੇਤੂ ਹੀ ਸੀ। ਜਦੋਂ ਕਾਮਯਾਬੀ ਮਿਲਦੀ ਹੈ ਤਾਂ ਲੋਕ ਸੁਆਦ ਨਾਲ ਅੰਬ ਖਾਂਦੇ ਹਨ ਪਰ ਅੰਬ ਦੇ ਰੁੱਖਾਂ ਦੀ ਗਿਣਤੀ ਕੋਈ ਵੀ ਨਹੀਂ ਕਰਦਾ। ਮੈਂ ਵੀ ਆਪਣੇ ਆਪ ਨੂੰ ਦੋਸ਼ੀ ਮੰਨਣਾ ਛੱਡ ਚੁੱਕੀ ਸੀ। ਹੁਣ ਮੈਨੂੰ ਆਪਣੇ ਬੱਚੇ ਦੀ ਤੰਦਰੁਸਤੀ ਦਾ ਫਿਕਰ ਸੀ। ਮੈਂ ਚਾਹੁੰਦੀ ਸਾਂ ਕਿ ਮੇਰਾ ਲੜਕਾ ਖੂਬ ਪੜ੍ਹਾਈ ਕਰੇ ਤੇ ਖੁਸ਼ੀਆਂ ਭਰਿਆ ਜੀਵਨ ਬਤੀਤ ਕਰੇ। ਆਖਿਰ ਸਿਕੰਦਰ ਹਾਰੀ ਹੋਈ ਬਾਜ਼ੀ ਜਿੱਤ ਚੁੱਕੀ ਸੀ।

# ਗੁਜਰਾਤ ਚੋਣਾਂ ਵਿਚ ਨਵੇਂ ਸਿਆਸੀ ਸਮੀਕਰਨ

ਦਿੱਲੀ ਤੇ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਜਿੱਤਣ ਤੋਂ ਬਾਅਦ ਹੁਣ ਆਮ ਆਦਮੀ ਪਾਰਟੀ ਨੇ ਆਪਣਾ ਸਾਰਾ ਜ਼ੋਰ ਗੁਜਰਾਤ ਦੀਆਂ ਅਗਲੇ ਮਹੀਨੇ ਹੋਣ ਵਾਲੀਆਂ ਚੋਣਾਂ ਵਿਚ ਲਾ ਰੱਖਿਆ ਹੈ। ਪਾਰਟੀ ਦੇ ਮੁਖੀ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਪੰਜਾਬ ਦੇ ਮੁੱਖ ਮੰਤਰੀ ਤੇ ਉਨ੍ਹਾਂ ਦੇ ਸਾਥੀ ਪਿਛਲੇ ਲੰਮੇ ਸਮੇਂ ਤੋਂ ਗੁਜਰਾਤ ਦੀਆਂ ਵੱਖ-ਵੱਖ ਥਾਵਾਂ 'ਤੇ ਰੈਲੀਆਂ, ਰੋਡ ਸ਼ੋਅਜ਼ ਤੇ ਹੋਰ ਸਿਆਸੀ ਸਰਗਰਮੀਆਂ ਵਿਚ ਰੁੱਝੇ ਹੋਏ ਹਨ।

ਗੁਜਰਾਤ ਮਹਾਤਮਾ ਗਾਂਧੀ ਤੇ ਸਰਦਾਰ ਪਟੇਲ ਦੀ ਜਨਮ ਭੂਮੀ ਹੈ। ਮੌਜੂਦਾ ਸੂਬਾ 1960 ਵਿਚ ਹੋਂਦ ਵਿਚ ਆਇਆ ਜਦੋਂ ਬੰਬੇ ਰਾਜ ਨੂੰ ਬੋਲੀ ਦੇ ਆਧਾਰ 'ਤੇ ਮਹਾਰਾਸ਼ਟਰ ਤੇ ਗੁਜਰਾਤ ਵਿਚ ਵੰਡ

ਜਗਰੂਪ ਸਿੰਘ ਸੇਖੋਂ

ਦਿੱਤਾ ਗਿਆ। ਇਹ ਸੂਬਾ ਆਜ਼ਾਦੀ ਤੋਂ ਬਾਅਦ ਤਕਰੀਬਨ ਚਾਰ ਦਹਾਕਿਆਂ ਤੋਂ ਜ਼ਿਆਦਾ ਸਮਾਂ ਕਾਂਗਰਸ ਦਾ ਗੜ੍ਹ ਰਿਹਾ ਤੇ ਪਿਛਲੇ ਢਾਈ ਦਹਾਕਿਆਂ ਤੋਂ ਭਾਜਪਾ ਦੇ ਮੁਕੰਮਲ ਰਾਜਨੀਤਕ ਕਬਜ਼ੇ ਅਧੀਨ ਹੈ। ਨਵਾਂ ਸੂਬਾ ਬਣਨ ਤੋਂ ਬਾਅਦ 1962 ਵਿਚ ਹੋਈਆਂ ਚੋਣਾਂ ਵਿਚ ਕਾਂਗਰਸ ਪਾਰਟੀ ਨੇ ਕੁੱਲ 154 ਸੀਟਾਂ ਵਿਚੋਂ 113 'ਤੇ ਜਿੱਤ ਪ੍ਰਾਪਤ ਕੀਤੀ ਤੇ 26 ਸੀਟਾਂ ਸਵਤੰਤਰ ਪਾਰਟੀ ਦੇ ਹਿੱਸੇ ਆਈਆਂ। 1967 ਦੀਆਂ ਚੋਣਾਂ ਵਿਚ ਕਾਂਗਰਸ ਦਾ ਆਧਾਰ ਹੋਰਨਾਂ ਸੂਬਿਆਂ ਵਾਂਗ ਗੁਜਰਾਤ ਵਿਚ ਵੀ ਘਟਿਆ ਤੇ ਇਹ 168 ਸੀਟਾਂ ਵਿਚੋਂ ਸਿਰਫ 93 ਹੀ ਜਿੱਤ ਸਕੀ ਜਦੋਂਕਿ ਸਵਤੰਤਰ ਪਾਰਟੀ ਨੇ 66 ਸੀਟਾਂ ਉੱਪਰ ਕਬਜ਼ਾ ਕੀਤਾ ਪਰ ਇੰਦਰਾ ਗਾਂਧੀ ਦੇ ਕੇਂਦਰ ਦੀ ਸੱਤਾ ਵਿਚ ਦੁਬਾਰਾ ਮਜ਼ਬੂਤ ਹੋਣ ਨਾਲ ਕਾਂਗਰਸ ਨੇ ਗੁਜਰਾਤ ਵਿਚ 1972 'ਚ 168 ਸੀਟਾਂ ਵਿਚੋਂ 140 ਜਿੱਤੀਆਂ ਤੇ ਉਸ ਤੋਂ ਵੱਖ ਹੋਏ ਕਾਂਗਰਸ ਦੇ ਧੜੇ ਕਾਂਗਰਸ (ਸੰਗਠਨ) ਨੇ 16 ਸੀਟਾਂ ਜਿੱਤੀਆਂ। ਇਸ ਸਮੇਂ ਤੱਕ ਜਨਸੰਘ ਦੀ ਰਾਜ ਦੀ ਰਾਜਨੀਤੀ ਵਿਚ ਕੋਈ ਪੈਂਠ ਨਹੀਂ ਬਣੀ ਸੀ, ਪਰ 1972 ਦੀਆਂ ਚੋਣਾਂ ਤੋਂ ਬਾਅਦ ਹਿੰਦੂਤਵ ਤਾਕਤਾਂ ਨੇ ਮਜ਼ਬੂਤੀ ਫੜਨੀ ਸ਼ੁਰੂ ਕਰ ਦਿੱਤੀ। ਇਹ ਦੱਸਣਾ ਬਣਦਾ ਹੈ ਕਿ ਲੰਮੇਂ ਸਮੇਂ ਤੋਂ ਹੀ ਇਸ ਸੂਬੇ ਵਿਚ ਆਪਸੀ ਭਾਈਚਾਰੇ ਦੀਆਂ ਤੰਦਾਂ ਕਾਫੀ ਕਮਜ਼ੋਰ ਰਹੀਆਂ ਹਨ। 1969 ਵਿਚ ਅਹਿਮਦਾਬਾਦ 'ਚ ਹੋਏ ਭਿਆਨਕ ਦੰਗਿਆਂ ਨੇ ਅੱਜ ਤੱਕ ਗੁਜਰਾਤ ਵਿਚ ਚੱਲ ਰਹੀ ਹਿੰਦੂ-ਮੁਸਲਮਾਨ ਨਫਰਤ ਦੀ ਨੀਂਹ ਰੱਖੀ ਜਿਹੜੀ ਹੌਲੀ-ਹੌਲੀ ਸੂਬੇ ਵਿਚ ਰਹਿਣ ਵਾਲੇ ਲੋਕਾਂ ਦੀ ਜ਼ਿੰਦਗੀ ਦੀ ਸੱਚਾਈ ਬਣ ਗਈ ਹੈ। ਇਸ ਤੋਂ ਪੈਦਾ ਹੋਏ ਸਿਆਸੀ ਸਮੀਕਰਨ ਮੌਜੂਦਾ ਸਮੇਂ ਵਿਚ ਰਾਜ ਕਰਦੀ ਧਿਰ ਦੇ ਬਹੁਤ ਕੰਮ ਆਏ ਹਨ ਜਿਸ ਕਾਰਨ ਉਹ ਪਿਛਲੇ ਤਕਰੀਬਨ 26-27 ਸਾਲਾਂ ਤੋਂ ਸੱਤਾ ਵਿਚ ਹੈ।

ਭਾਵੇਂ ਆਰ.ਐਸ.ਐਸ. ਨੇ 1940-41 ਤੋਂ ਹੀ ਆਪਣੇ ਪੈਰ ਜਮਾਉਣੇ ਸ਼ੁਰੂ ਕਰ ਦਿੱਤੇ ਸਨ ਪਰ ਉੱਥੋਂ ਦੇ ਸਿਆਸੀ ਹਾਲਾਤ ਨੇ ਇਸ ਦੀ ਜ਼ਮੀਨ ਜ਼ਰਖੇਜ਼ ਨਹੀਂ ਹੋਣ ਦਿੱਤੀ ਤੇ ਜਨਸੰਘ ਨੂੰ ਰਾਜ ਦੀਆਂ ਚੋਣਾਂ ਵਿਚ ਹਰ ਵਾਰੀ ਮੂੰਹ ਦੀ ਖਾਣੀ ਪਈ। 1962 ਵਿਚ ਇਸ ਨੇ 26 ਸੀਟਾਂ ਤੋਂ ਚੋਣ ਲੜੀ ਤੇ ਕੋਈ ਵੀ ਸੀਟ ਨਹੀਂ ਜਿੱਤ ਸਕਿਆ। 1972 ਵਿਚ ਫਿਰ ਇਸ ਨੇ 99 ਸੀਟਾਂ 'ਤੇ ਚੋਣ ਲੜੀ ਤੇ ਸਿਰਫ ਇੱਕ ਵਿਚ ਸਫਲਤਾ ਪ੍ਰਾਪਤ ਕੀਤੀ। 1975 ਵਿਚ ਹੋਈਆਂ ਮੱਧਕਾਲੀ ਚੋਣਾਂ ਵਿਚ ਸੂਬੇ ਦੀਆਂ ਕੁੱਲ 182 ਸੀਟਾਂ ਵਿਚੋਂ ਜਨਸੰਘ ਨੇ 18 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ। ਕਾਂਗਰਸ ਪਾਰਟੀ ਨੂੰ ਸਿਰਫ 75 ਸੀਟਾਂ ਤੇ ਕਾਂਗਰਸ (ਸੰਗਠਨ) ਨੂੰ 56 ਸੀਟਾਂ ਮਿਲੀਆਂ। ਦੱਸਣਾ ਬਣਦਾ ਹੈ ਕਿ ਮੌਜੂਦਾ ਭਾਜਪਾ 1980 ਵਿਚ ਜਨਤਾ ਪਾਰਟੀ ਦੇ ਟੁੱਟਣ ਤੋਂ ਬਾਅਦ ਹੋਰਨਾਂ ਦਲਾਂ ਵਾਂਗ ਇੱਕ ਸਿਆਸੀ ਦਲ ਦੇ ਤੌਰ 'ਤੇ ਉੱਭਰ ਕੇ ਆਈ। 1980 ਦੀਆਂ ਵਿਧਾਨ ਸਭਾ ਚੋਣਾਂ ਵਿਚ ਇਹ ਗੁਜਰਾਤ 'ਚ ਮਹਿਜ਼ ਨੌਂ ਸੀਟਾਂ 'ਤੇ ਸਿਮਟ ਕੇ ਰਹਿ ਗਈ ਤੇ ਕਾਂਗਰਸ ਪਾਰਟੀ ਨੇ 141 ਸੀਟਾਂ ਜਿੱਤ ਕੇ ਸਰਕਾਰ ਬਣਾ ਲਈ। 1985 ਦੀਆਂ ਚੋਣਾਂ ਵਿਚ ਕਾਂਗਰਸ ਨੂੰ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਵੱਡਾ ਹੁੰਗਾਰਾ ਮਿਲਿਆ ਤੇ ਇਸ ਨੇ 182 ਸੀਟਾਂ ਵਿਚੋਂ 149 ਸੀਟਾਂ 'ਤੇ ਜਿੱਤ ਹਾਸਿਲ ਕੀਤੀ ਜੋ ਕਿ ਗੁਜਰਾਤ ਵਿਚੋਂ ਕਿਸੇ ਪਾਰਟੀ ਦਾ ਅੱਜ ਤੱਕ ਦਾ ਸਭ ਤੋਂ ਵੱਡਾ ਰਿਕਾਰਡ ਹੈ। ਭਾਜਪਾ ਨੂੰ ਸਿਰਫ 11 ਸੀਟਾਂ ਨਾਲ ਹੀ ਸਬਰ ਕਰਨਾ ਪਿਆ।

ਭਾਜਪਾ ਦੀ ਪਹਿਲੀ ਇਤਿਹਾਸਕ ਜਿੱਤ ਅਹਿਮਦਾਬਾਦ ਮਿਊਂਸਪਲ ਕਾਰਪੋਰੇਸ਼ਨ ਵਿਚ 1987 ਵਿਚ ਹੋਈ ਜਿੱਥੇ ਇਨ੍ਹਾਂ ਨੇ ਪਹਿਲੀ ਵਾਰ ਹਿੰਦੂ ਬਹੁਵਾਦ ਦੇ ਸਿਧਾਂਤ ਨੂੰ ਅਮਲ ਵਿਚ ਲਿਆਂਦਾ ਤੇ ਉਸ ਤੋਂ ਬਾਅਦ ਹੋਈਆਂ ਘਟਨਾਵਾਂ ਨਾਲ ਇਸ ਦਾ ਪ੍ਰਭਾਵ ਤੇ ਸਿਆਸੀ ਆਧਾਰ ਲਗਾਤਾਰ ਵਧਦਾ ਗਿਆ। ਇਹ ਨਾਅਰਾ ਦਿੱਤਾ ਗਿਆ ਕਿ ਜੇ ਤੁਸੀਂ 84 ਫ਼ੀਸਦੀ ਹੋ ਤਾਂ 10 ਫ਼ੀਸਦੀ ਦੀ ਪਰਵਾਹ ਕਰਨ ਦੀ ਲੋੜ ਨਹੀਂ। ਜਿੱਤ ਤੋਂ ਬਾਅਦ ਆਰ.ਐਸ.ਐਸ, ਵਿਸ਼ਵ ਹਿੰਦੂ ਪ੍ਰੀਸ਼ਦ ਤੇ ਹੋਰ ਹਿੰਦੂ ਸੰਗਠਨਾਂ ਤੇ ਬਾਅਦ ਵਿਚ ਲਾਲ ਕ੍ਰਿਸ਼ਨ ਅਡਵਾਨੀ ਨੇ ਆਪਣੀਆਂ ਯਾਤਰਾਵਾਂ ਤੇ ਭਾਸ਼ਣਾਂ ਨਾਲ ਭਾਜਪਾ ਲਈ ਜ਼ਰਖੇਜ਼ ਜ਼ਮੀਨ ਤਿਆਰ ਕਰਨੀ ਸ਼ੁਰੂ ਕਰ ਦਿੱਤੀ। ਇਉਂ 1989 ਵਿਚ ਲੋਕ ਸਭਾ ਚੋਣਾਂ 'ਚ ਭਾਜਪਾ ਨੇ ਗੁਜਰਾਤ ਵਿਚ ਪਹਿਲੀ ਵਾਰੀ ਕਾਂਗਰਸ (4) ਨੂੰ ਪਿੱਛੇ ਛੱਡ ਕੇ 12 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ ਜਦੋਂਕਿ ਜਨਤਾ ਦਲ ਨੇ ਇਸ ਦੇ ਬਰਾਬਰ 12 ਸੀਟਾਂ ਜਿੱਤੀਆਂ। 1989 ਦੀਆਂ ਚੋਣਾਂ ਵਿਚ ਕਾਂਗਰਸ ਦੀ ਹਾਰ ਤੋਂ ਬਾਅਦ ਭਾਜਪਾ ਦੀ ਮਦਦ ਨਾਲ ਵੀ.ਪੀ. ਸਿੰਘ ਦੀ ਸਰਕਾਰ ਬਣੀ ਪਰ ਲਾਲ ਕ੍ਰਿਸ਼ਨ ਅਡਵਾਨੀ ਦੀ ਰਥ ਯਾਤਰਾ ਨੂੰ ਬਿਹਾਰ ਦੇ ਉਸ ਸਮੇਂ ਦੇ ਮੁੱਖ ਮੰਤਰੀ ਨੇ ਰੋਕ ਕੇ ਸ੍ਰੀ ਅਡਵਾਨੀ ਨੂੰ ਗ੍ਰਿਫਤਾਰ ਕਰਨ ਦੇ ਹੁਕਮ ਦਿੱਤੇ। ਇਸ ਨਾਲ ਭਾਜਪਾ ਨੇ ਵੀ.ਪੀ. ਸਿੰਘ ਸਰਕਾਰ ਤੋਂ ਆਪਣੀ ਹਮਾਇਤ ਵਾਪਸ ਲੈ ਲਈ ਤੇ ਸਰਕਾਰ ਟੁੱਟ ਗਈ। ਇਸ ਤੋਂ ਇਲਾਵਾ ਮੰਡਲ ਕਮਿਸ਼ਨ ਦੀਆਂ ਸਿਫ਼ਾਰਿਸ਼ਾਂ ਲਾਗੂ ਹੋਣ ਨਾਲ ਭਾਜਪਾ ਨੇ ਮੰਦਰ ਦੀ ਸਿਆਸਤ ਸ਼ੁਰੂ ਕਰ ਦਿੱਤੀ ਤੇ 1992 ਵਿਚ ਬਾਬਰੀ ਮਸਜਿਦ ਦਾ ਵਿਵਾਦਤ ਢਾਂਚਾ ਡੇਗ ਦਿੱਤਾ ਗਿਆ। ਇਸ ਘਟਨਾ ਨਾਲ ਅਹਿਮਦਾਬਾਦ ਤੋਂ ਸ਼ੁਰੂ ਹੋਈ ਫਿਰਕੂ ਵੰਡ ਦੀ ਸਿਆਸਤ ਤਕਰੀਬਨ ਸਾਰੇ ਉੱਤਰੀ ਭਾਰਤ ਵਿਚ ਫੈਲ ਗਈ?; ਜਿਸ ਨੇ ਭਾਜਪਾ ਲਈ ਭਾਰਤੀ ਸਿਆਸਤ ਵਿਚ ਜ਼ਮੀਨ ਤਿਆਰ ਕੀਤੀ। 1995 ਵਿਚ ਹੋਈਆਂ ਚੋਣਾਂ ਵਿਚ ਭਾਜਪਾ ਨੇ ਪਹਿਲੀ ਵਾਰੀ 121 ਸੀਟਾਂ ਜਿੱਤੀਆਂ ਅਤੇ ਕੇਸ਼ੂ ਭਾਈ ਪਟੇਲ ਮੁੱਖ ਮੰਤਰੀ ਬਣੇ ਜਦੋਂਕਿ ਕਾਂਗਰਸ ਸਿਰਫ 45 ਸੀਟਾਂ 'ਤੇ ਹੀ ਸਿਮਟ ਕੇ ਰਹਿ ਗਈ। ਪਰ ਇਹ ਸਰਕਾਰ ਆਪਣਾ ਕਾਰਜ ਕਾਲ ਪੂਰਾ ਨਾ ਕਰ ਸਕੀ ਕਿਉਂਕਿ ਭਾਜਪਾ ਦੇ ਵੱਡੇ ਲੀਡਰ ਸ਼ੰਕਰ ਸਿੰਘ ਵਘੇਲਾ ਨੇ ਪਾਰਟੀ ਛੱਡ ਕੇ ਆਪਣੀ ਰਾਸ਼ਟਰੀ ਜਨਤਾ ਪਾਰਟੀ ਬਣਾ ਲਈ ਤੇ ਕਾਂਗਰਸੀ ਮਦਦ ਨਾਲ ਦੋ ਸਾਲ ਸਰਕਾਰ ਬਣਾਈ। ਇਹ ਗੱਠਜੋੜ ਜ਼ਿਆਦਾ ਨਾ ਚੱਲਿਆ ਤੇ 1998 ਵਿਚ ਮੱਧਕਾਲੀ ਚੋਣਾਂ ਹੋ ਗਈਆਂ। 1998 ਦੀਆਂ ਚੋਣਾਂ ਵਿਚ ਭਾਜਪਾ ਨੇ 117 ਸੀਟਾਂ ਜਿੱਤੀਆਂ ਤੇ ਕਾਂਗਰਸ ਦੇ ਹਿੱਸੇ ਸਿਰਫ 53 ਸੀਟਾਂ ਆਈਆਂ।

ਇਸ ਸਮੇਂ ਤੱਕ ਗੁਜਰਾਤ ਭਾਜਪਾ ਵਾਸਤੇ ਹਿੰਦੂਤਵ ਦੀ ਇੱਕ ਖੋਜਸ਼ਾਲਾ ਬਣ ਗਈ ਸੀ। 2001 ਵਿਚ ਆਏ ਭਿਆਨਕ ਭੁਚਾਲ ਤੇ ਸੂਬਾਈ ਸਰਕਾਰ ਦੀ ਮਾੜੀ ਕਾਰਗੁਜ਼ਾਰੀ ਨਾਲ ਭਾਜਪਾ ਦੀ ਸਿਆਸੀ ਜ਼ਮੀਨ ਖਿਸਕਦੀ ਜਾਪਦੀ ਸੀ। ਉਸ ਸਮੇਂ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਨੇ ਨਰਿੰਦਰ ਮੋਦੀ ਨੂੰ ਗੁਜਰਾਤ ਦਾ ਮੁੱਖ ਮੰਤਰੀ ਬਣਾ ਕੇ ਭੇਜਿਆ। ਇਸੇ ਸਮੇਂ ਵਿਚ ਕਾਰਸੇਵਕਾਂ ਦੇ ਮਾਰੇ ਜਾਣ 'ਤੇ ਗੋਧਰਾ ਵਿਚ ਹੋਏ ਭਿਆਨਕ ਦੰਗਿਆਂ ਦੀ ਦਾਸਤਾਨ ਸ਼ੁਰੂ ਹੁੰਦੀ ਹੈ। ਨਰਿੰਦਰ ਮੋਦੀ ਨੂੰ ਪਾਰਟੀ ਨੇ ਭਾਜਪਾ ਦੀ ਡਿੰਗਦੀ ਸਾਖ ਨੂੰ ਸੰਭਾਲਣ ਵਾਸਤੇ ਥੋੜ੍ਹੇ ਸਮੇਂ ਲਈ ਭੇਜਿਆ ਸੀ ਪਰ ਉਸ ਨੇ ਆਪਣੇ ਹੁਨਰ ਨਾਲ ਅਜਿਹੀ ਸਿਆਸੀ ਜ਼ਮੀਨ ਤਿਆਰ ਕੀਤੀ ਜਿਸ ਨਾਲ ਉਹ 12 ਸਾਲ ਮੁੱਖ ਮੰਤਰੀ ਰਹਿਣ ਤੋਂ ਬਾਅਦ ਭਾਜਪਾ ਦਾ ਸਿਰਮੌਰ ਨੇਤਾ ਅਤੇ 2014 ਵਿਚ ਦੇਸ਼ ਦਾ ਪ੍ਰਧਾਨ ਮੰਤਰੀ ਬਣ ਗਿਆ। ਇੱਥੇ ਦੱਸਣਾ ਬਣਦਾ ਹੈ ਕਿ ਕਾਂਗਰਸ ਦੇ ਮਾਧਵ ਸਿੰਘ ਸੋਲੰਕੀ ਤੇ ਨਰਿੰਦਰ ਮੋਦੀ ਤੋਂ ਬਿਨਾਂ ਗੁਜਰਾਤ 'ਚ ਕਿਸੇ ਵੀ ਮੁੱਖ ਮੰਤਰੀ ਨੇ ਆਪਣੇ ਅਹੁਦੇ ਦੇ ਪੰਜ ਸਾਲ ਦੀ ਮਿਆਦ ਪੂਰੀ ਨਹੀਂ ਕੀਤੀ।

ਗੋਧਰਾ ਤੇ ਹੋਰਨਾਂ ਥਾਵਾਂ 'ਤੇ ਹੋਏ ਦੰਗਿਆਂ ਤੋਂ ਬਾਅਦ 2002 ਦੀਆਂ ਚੋਣਾਂ ਵਿਚ ਭਾਜਪਾ ਨੂੰ 127 ਤੇ ਕਾਂਗਰਸ ਨੂੰ 50 ਸੀਟਾਂ ਮਿਲੀਆਂ। ਇਸ ਜਿੱਤ ਨੇ ਨਰਿੰਦਰ ਮੋਦੀ ਦੀ ਗੁਜਰਾਤ ਦੀ ਸਿਆਸਤ ਅਤੇ ਪਾਰਟੀ 'ਤੇ ਪਕੜ ਮਜ਼ਬੂਤ ਕੀਤੀ। 2007 ਦੀਆਂ ਚੋਣਾਂ ਵਿਚ ਵੀ ਭਾਜਪਾ ਨੂੰ 127 ਮਿਲੀਆਂ ਅਤੇ ਕਾਂਗਰਸ ਨੂੰ ਫਿਰ ਸਿਰਫ 50 ਸੀਟਾਂ ਨਾਲ ਹੀ ਸਬਰ ਕਰਨਾ ਪਿਆ। 2012 ਵਿਚ ਭਾਜਪਾ ਨੂੰ 116 ਤੇ ਕਾਂਗਰਸ ਨੂੰ 60 ਸੀਟਾਂ ਮਿਲੀਆਂ। ਇਹ ਉਹ ਸਮਾਂ ਸੀ ਜਦੋਂ ਕੇਂਦਰ ਵਿਚ ਕਾਂਗਰਸ ਤੇ ਉਸ ਦੇ ਭਾਈਵਾਲਾਂ (2004-14) ਦੀ ਸਰਕਾਰ ਸੀ। ਭਾਜਪਾ ਦੀ 2002 ਦੀਆਂ ਚੋਣਾਂ ਤੋਂ ਬਾਅਦ ਸਭ ਤੋਂ ਮਾੜੀ ਕਾਰਗੁਜ਼ਾਰੀ 2017 ਦੀਆਂ ਚੋਣਾਂ ਵਿਚ ਹੋਈ ਜਦੋਂ ਇਹ ਸਿਰਫ 99 ਸੀਟਾਂ ਹੀ ਜਿੱਤ ਸਕੀ ਤੇ ਕਾਂਗਰਸ ਨੇ 77 ਸੀਟਾਂ ਜਿੱਤੀਆਂ।

ਹੁਣ ਸਵਾਲ ਉੱਠਦਾ ਹੈ ਕਿ ਕੀ ਗੁਜਰਾਤ ਵਿਧਾਨ ਸਭਾ ਦੀਆਂ 1962 ਤੋਂ ਲੈ ਕੇ 2017 ਤੱਕ ਹੋਈਆਂ?; ਦੋ-ਧਿਰੀ ਚੋਣਾਂ ਹੁਣ ਤਿੰਨ ਧਿਰੀ ਹੋ ਰਹੀਆਂ ਹਨ ਜਿਸ ਤਰੀਕੇ ਨਾਲ ਆਮ ਆਦਮੀ ਪਾਰਟੀ ਨੇ ਆਪਣੇ ਸਾਰੇ ਸਾਧਨ ਗੁਜਰਾਤ ਦੀਆਂ ਆਉਂਦੀਆਂ ਚੋਣਾਂ ਵਿਚ ਝੋਕ ਦਿੱਤੇ ਹਨ।

ਹੁਣ ਅਸੀਂ ਲੋਕਨੀਤੀ ਵੱਲੋਂ ਚੋਣਾਂ ਤੋਂ ਪਹਿਲਾਂ ਕੀਤੇ ਸਰਵੇਖਣ ਵਿਚ ਗੁਜਰਾਤ ਦੇ ਲੋਕਾਂ ਦਾ ਵੱਖ-ਵੱਖ ਮੁੱਦਿਆਂ 'ਤੇ ਜਵਾਬ ਜਾਣਦੇ ਹਾਂ। ਸਭ ਤੋਂ ਪਹਿਲਾ ਸਵਾਲ ਹੈ ਕਿ ਕੀ ਲੋਕ ਉੱਥੇ ਤਬਦੀਲੀ ਜਾਂ ਤੀਸਰੀ ਧਿਰ ਚਾਹੁੰਦੇ ਹਨ। ਕੁੱਲ ਵੋਟਰਾਂ 'ਚੋਂ 61 ਫ਼ੀਸਦੀ ਗੁਜਰਾਤ ਵਿਚ ਤਬਦੀਲੀ ਚਾਹੁੰਦੇ ਹਨ ਜਿਨ੍ਹਾਂ ਵਿਚ ਕਾਂਗਰਸ ਦੇ ਕੁੱਲ ਸਮਰਥਕਾਂ ਵਿਚੋਂ 61%, ਭਾਜਪਾ ਦੇ 54% ਅਤੇ ਆਪ ਦੇ 72% ਵੋਟਰ ਸ਼ਾਮਲ ਹਨ। ਨਾਲ ਹੀ ਇਨ੍ਹਾਂ ਲੋਕਾਂ ਦਾ ਕਹਿਣਾ ਹੈ ਕਿ ਭਾਵੇਂ 'ਆਪ' ਸੂਬੇ ਵਿਚ ਤਰੱਕੀ ਲਿਆ ਸਕਦੀ ਹੈ ਪਰ ਉਸ ਦੇ ਸਰਕਾਰ ਬਣਾਉਣ ਦੇ ਆਸਾਰ ਹੁਣ ਤਕ ਘੱਟ ਹਨ। ਇਹ ਪਾਰਟੀ ਸਿਰਫ ਦੋਵੇਂ ਵੱਡੀਆਂ ਧਿਰਾਂ ਦੀ ਖੇਡ ਖਰਾਬ ਕਰ ਕੇ ਤੀਸਰੀ ਰਾਜਨੀਤਕ ਧਿਰ ਵਜੋਂ ਉੱਭਰ ਸਕਦੀ ਹੈ। ਇਸ ਤੋਂ ਇਲਾਵਾ ਗੁਜਰਾਤ ਵਿਚ ਮਹਿੰਗਾਈ ਵੀ ਲੋਕਾਂ ਦਾ ਮਸਲਾ ਹੈ। ਤਕਰੀਬਨ 90 ਫ਼ੀਸਦੀ ਲੋਕ ਮੰਨਦੇ ਹਨ ਕਿ ਪਿਛਲੇ ਸਾਲਾਂ ਵਿਚ ਮਹਿੰਗਾਈ ਬਹੁਤ ਵਧੀ ਹੈ, ਪਰ ਇਸ ਦੇ ਨਾਲ ਹੀ ਇਨ੍ਹਾਂ ਵਿਚੋਂ 45 ਫ਼ੀਸਦੀ ਲੋਕ ਕਹਿੰਦੇ ਹਨ ਕਿ ਉਹ ਭਾਜਪਾ ਨੂੰ ਹੀ ਵੋਟ ਪਾਉਣਗੇ।

ਭਾਵੇਂ ਲੋਕ ਆਮ ਆਦਮੀ ਪਾਰਟੀ ਵੱਲੋਂ ਉਠਾਏ ਭ੍ਰਿਸ਼ਟਾਚਾਰ ਦੇ ਮੁੱਦੇ ਦੀ ਵੀ ਗੱਲ ਕਰਦੇ ਹਨ ਪਰ ਇਹ ਵੀ ਕਹਿੰਦੇ ਹਨ ਕਿ ਇਹ ਕਦੇ ਵੀ ਚੋਣਾਂ ਵਿਚ ਵੱਡਾ ਮੁੱਦਾ ਨਹੀਂ ਬਣਦਾ। ਜਦੋਂ ਇਹ ਸਵਾਲ ਲੋਕਾਂ ਨੂੰ ਪੁੱਛਿਆ ਗਿਆ ਤਾਂ 10 ਵਿਚੋਂ ਤਕਰੀਬਨ 8 ਲੋਕਾਂ ਨੇ ਕਿਹਾ ਕਿ ਪ੍ਰਸ਼ਾਸਨਿਕ ਢਾਂਚਾ ਤੇ ਸਿਆਸੀ ਜਮਾਤ ਭ੍ਰਿਸ਼ਟਾਚਾਰ ਵਿਚ ਗਲਤਾਨ ਹੈ। ਦਸ ਵਿਚੋਂ ਸਿਰਫ ਦੋ ਲੋਕਾਂ ਨੇ ਇਨ੍ਹਾਂ ਨੂੰ ਪਾਕ ਸਾਫ਼ ਦੱਸਿਆ। 2017 ਵਿਚ 62 ਫ਼ੀਸਦੀ ਵੋਟਰਾਂ ਨੇ ਸਰਕਾਰ ਨੂੰ ਭ੍ਰਿਸ਼ਟ ਦੱਸਿਆ ਸੀ ਜੋ ਕਿ ਹੁਣ ਵਧ ਕੇ 77 ਫ਼ੀਸਦੀ ਹੋ ਗਿਆ ਹੈ।

ਇਸ ਤਰ੍ਹਾਂ ਦੇ ਹੋਰ ਮੁੱਦੇ ਹਨ ਜਿਨ੍ਹਾਂ ਬਾਰੇ ਲੋਕ ਸਰਕਾਰ ਦੀ ਨੁਕਤਾਚੀਨੀ ਕਰਦੇ ਹਨ। ਪਰ ਜਦੋਂ ਲੋਕਾਂ ਨੂੰ ਸਰਕਾਰ ਉੱਤੇ ਕੁੱਲ ਮਿਲਾ ਕੇ ਕਿੰਨੀ ਸੰਤੁਸ਼ਟੀ ਹੈ ਬਾਰੇ ਪੁੱਛਿਆ ਗਿਆ ਤਾਂ ਇਸ ਦੇ ਜਵਾਬ ਵਿਚ ਕਿਸਾਨ 51%, ਵਪਾਰੀ 53%, ਨੌਜਵਾਨ 49%, ਔਰਤਾਂ 56% ਸੰਤੁਸ਼ਟ ਦਿਖਾਈ ਦਿੱਤੇ। ਸਿਵਾਏ ਵਪਾਰੀ ਵਰਗ ਦੇ ਬਾਕੀ ਸਾਰਿਆਂ ਵਿਚ ਸਰਕਾਰ ਪ੍ਰਤੀ ਸੰਤੁਸ਼ਟੀ 2017 ਦੀਆਂ ਚੋਣਾਂ ਤੋਂ ਬਾਅਦ ਘਟੀ ਹੈ ਪਰ ਇਹ ਕੌਮੀ ਔਸਤ ਨਾਲੋਂ ਅਜੇ ਵੀ ਬਹੁਤ ਜ਼ਿਆਦਾ ਹੈ। ਇਸ ਤੋਂ ਇਲਾਵਾ ਜਾਤ ਬਰਾਦਰੀ ਦੇ ਤੌਰ 'ਤੇ ਵੀ ਕੁੱਲ ਜਾਤ ਬਰਾਦਰੀਆਂ ਦਾ 43 ਫ਼ੀਸਦੀ ਲੋਕ ਸਰਕਾਰ ਦੇ ਕੰਮਾਂ ਤੋਂ ਸੰਤੁਸ਼ਟ ਹਨ ਜਿਨ੍ਹਾਂ ਵਿਚ ਉੱਚੀਆਂ ਜਾਤੀਆਂ 62%, ਪਾਟੀਦਾਰ 48%, ਪੱਛੜੇ ਵਰਗ 56%,?; ਕੋਲੀ 44%, ਦਲਿਤ 40%, ਆਦਿਵਾਸੀ 32% ਅਤੇ ਮੁਸਲਿਮ 25% ਹਨ।

ਲੋਕਾਂ ਦੀ ਪਾਰਟੀਆਂ ਪ੍ਰਤੀ ਰਾਇ ਤੋਂ ਪਤਾ ਲੱਗਦਾ ਹੈ ਕਿ ਆਮ ਆਦਮੀ ਪਾਰਟੀ ਦੋਹਾਂ ਪਾਰਟੀਆਂ ਵਾਂਗ ਆਪਣੀ ਸਿਆਸੀ ਜ਼ਮੀਨ ਤਿਆਰ ਕਰ ਰਹੀ ਹੈ ਤੇ ਕੁੱਲ ਵੋਟਰਾਂ 'ਚੋਂ 22 ਫ਼ੀਸਦੀ ਵੋਟਰ ਇਸ ਪਾਰਟੀ ਦੇ ਹੱਕ ਵਿਚ ਹਾਮੀ ਭਰਦੇ ਹਨ। ਭਾਵੇਂ ਦੋਹਾਂ ਪਾਰਟੀਆਂ ਭਾਵ ਭਾਜਪਾ ਤੇ ਕਾਂਗਰਸ ਨੂੰ ਵੋਟਾਂ ਵਿਚ ਕੁਝ ਸੱਟ ਲੱਗਦੀ ਦਿਸਦੀ ਹੈ, ਪਰ ਸਭ ਤੋਂ ਵੱਡਾ ਖੋਰਾ ਕਾਂਗਰਸ ਦੇ ਆਧਾਰ ਨੂੰ ਲੱਗਦਾ ਜਾਪਦਾ ਹੈ। ਇਸ ਦੇ ਹੱਕ ਵਿਚ ਇਸ ਵੇਲੇ ਸਿਰਫ 21 ਫ਼ੀਸਦੀ ਵੋਟਰ ਹੀ ਦਿਸਦੇ ਹਨ ਜਦੋਂਕਿ ਇਹ ਅੰਕੜਾ 2017 ਦੌਰਾਨ 41.4 ਫ਼ੀਸਦੀ?; ਸੀ। ਭਾਜਪਾ ਨੂੰ 2017 ਵਿਚ 49 ਫ਼ੀਸਦੀ ਵੋਟਾਂ ਮਿਲੀਆਂ ਸਨ ਜੋ ਹੁਣ ਘਟ ਕੇ 47 ਫ਼ੀਸਦੀ ਮਿਲਣ ਦਾ ਅਨੁਮਾਨ ਹੈ। ਇਸ ਲਈ ਕਾਂਗਰਸ ਲਈ ਇਹ ਚੋਣਾਂ ਕਾਫ਼ੀ ਮੁਸ਼ਕਿਲ ਦਿਖਾਈ ਦਿੰਦੀਆਂ ਹਨ। ਕੁੱਲ ਮਿਲਾ ਕੇ ਦੇਖਿਆ ਜਾਵੇ ਤਾਂ ਭਾਜਪਾ ਇਨ੍ਹਾਂ ਚੋਣਾਂ ਵਿਚ ਦੂਸਰੀਆਂ ਪਾਰਟੀਆਂ ਨਾਲੋਂ ਅੱਗੇ ਦਿਖਾਈ ਦਿੰਦੀ ਹੈ।

# ਕਤਲੇਆਮ-47 ਅਤੇ ਬਰਤਾਨਵੀ

ਆਜ਼ਾਦੀ ਤੋਂ 75 ਸਾਲਾਂ ਬਾਅਦ ਵੀ ਇਸ ਮੁਤੱਲਕ ਬਹੁਤੀ ਸਪੱਸ਼ਟਤਾ ਨਹੀਂ ਹੈ ਕਿ ਰੈਡਕਲਿਫ ਲਾਈਨ ਦਾ ਝਟਪਟ ਐਲਾਨ ਕਰਨ ਤੋਂ ਬਾਅਦ ਆਖਿਰ ਵੰਡ ਲਈ ਇੰਨੀ ਕਾਹਲ ਕਿਉਂ ਕੀਤੀ ਗਈ ਜਿਸ ਕਰ ਕੇ ਭਾਰਤ ਪਾਕਿਸਤਾਨ ਸਰਹੱਦ ਦੇ ਦੋਵੇਂ ਪਾਸੀਂ ਹੌਲਨਾਕ ਕਤਲੇਆਮ ਵਾਪਰਿਆ ਸੀ।

2009 ਵਿਚ ਅਮਰੀਕੀ ਲੇਖਕ ਸਟੈਨਲੀ ਵੋਲਪਰਟ ਨੇ ਇਸ ਲਈ ਲੂਈਸ ਮਾਊਂਟਬੈਟਨ ਨੂੰ ਦੋਸ਼ੀ ਕਰਾਰ ਦਿੱਤਾ ਹੈ: "ਲਾਰਡ ਲੂਈਸ (ਡਿਕੀ) ਮਾਊਂਟਬੈਟਨ ਵਲੋਂ ਆਖਿਰੀ ਵਾਇਸਰਾਏ ਵਜੋਂ

ਵਾਪੱਲਾ ਬਾਲਚੰਦਰਨ

ਅਹੁਦਾ ਸੰਭਾਲਣ ਤੋਂ ਦਸ ਹਫ਼ਤਿਆਂ ਦੇ ਅੰਦਰ ਹੀ ਬਰਤਾਨੀਆ ਨੇ ਹਿੰਦੋਸਤਾਨੀ ਸਾਮਰਾਜ ਤੋਂ ਵਾਪਸੀ ਦੀ ਉਡਾਣ ਭਰ ਲਈ ਜਦਕਿ ਇਸ ਲਈ ਲੇਬਰ ਸਰਕਾਰ ਦੀ ਕੈਬਨਿਟ ਵਲੋਂ ਮਾਊਂਟਬੈਟਨ ਨੂੰ ਦਸ ਮਹੀਨਿਆਂ ਦਾ ਸਮਾਂ ਦਿੱਤਾ ਗਿਆ ਸੀ।" ਉਨ੍ਹਾਂ ਦਾ ਮਾਊਂਟਬੈਟਨ 'ਤੇ ਦੋਸ਼ ਹੈ ਕਿ ਉਨ੍ਹਾਂ ਨਾ ਕੇਵਲ ਹਵਾਈ ਤੇ ਸਮੁੰਦਰੀ ਬੇੜੇ ਨੂੰ ਸਗੋਂ ਦੱਖਣੀ ਏਸ਼ੀਆ ਦੇ 40 ਕਰੋੜ ਹਿੰਦੂਆਂ, ਮੁਸਲਮਾਨਾਂ ਤੇ ਸਿੱਖਾਂ ਦੀ ਸੁਰੱਖਿਆ ਲਈ ਤਾਇਨਾਤ ਨਾ ਕੇਵਲ ਹਵਾਈ ਤੇ ਸਮੁੰਦਰੀ ਬੇੜੇ ਸਗੋਂ ਬਰਤਾਨਵੀ ਦਸਤਿਆਂ ਤੇ ਹਥਿਆਰਾਂ ਨੂੰ ਵੀ ਹਟਾ ਲਿਆ ਸੀ।"

ਲਾਰਡ ਮਾਊਂਟਬੈਟਨ ਦੇ ਉਸ ਵੇਲੇ ਦੇ ਸਲਾਹਕਾਰ ਵੀਪੀ ਮੈਨਨ ਨੇ 1957 ਵਿਚ ਲਿਖਿਆ ਸੀ ਕਿ ਸਰਕਾਰ ਨੂੰ ਉਮੀਦ ਸੀ ਕਿ ਕੁਝ ਹੱਦ ਤੱਕ ਹਿੰਸਾ ਹੋਵੇਗੀ ਪਰ ਬਹੁਤ ਹੀ ਸਾਵਧਾਨੀਪੂਰਬਕ ਚੁਣੇ ਗਏ ਸੈਨਿਕਾਂ ਨੂੰ ਲੈ ਕੇ ਬਣਾਈ ਗਈ 'ਬਾਊਂਡਰੀ ਫੋਰਸ' ਮੇਜਰ ਜਨਰਲ ਰੀਸ ਦੀ ਅਗਵਾਈ ਹੇਠ ਸਮੱਸਿਆ ਨਾਲ ਸਿੱਝਣ ਦੇ ਸਮੱਰਥ ਹੋਵੇਗੀ। ਬਰਤਾਨਵੀ ਸਰਕਾਰ ਦਾ ਵੀ ਇਹ ਮੰਨਣਾ ਸੀ ਕਿ ਸਬੰਧਿਤ ਸੂਬਾਈ ਸਰਕਾਰਾਂ ਆਪਣੇ ਤੌਰ 'ਤੇ ਸਮੱਸਿਆ ਨਾਲ ਸਿੱਝਣ ਦੇ ਯੋਗ ਹੋਣਗੀਆਂ ਪਰ ਇਹ ਸਾਰੀਆਂ ਆਸਾਂ ਵਿਅਰਥ ਸਾਬਿਤ ਹੋਈਆਂ। ਇਹੋ ਜਿਹੇ ਘਿਨਾਉਣੇ ਕਤਲੇਆਮ ਲਈ ਉਨ੍ਹਾਂ ਦੀ ਕੋਈ ਤਿਆਰੀ ਨਹੀਂ ਸੀ।

ਰੌਬਿਨ ਜੈਫਰੀ ਦੇ 28 ਨਵੰਬਰ 2008 ਨੂੰ ਪ੍ਰਕਾਸ਼ਤ ਕਰਵਾਏ ਖੋਜ ਪੱਤਰ (ਕੈਂਬ੍ਰਿਜ ਯੂਨੀਵਰਸਿਟੀ ਪ੍ਰੈਸ) ਵਿਚ ਵੰਡ ਨਾਲ ਸਬੰਧਿਤ ਬਹੁਤ ਸਾਰੇ ਵੇਰਵਿਆਂ ਦਾ ਹਵਾਲਾ ਦਿੱਤਾ ਗਿਆ ਹੈ। ਇਨ੍ਹਾਂ ਵਿਚ ਮੇਜਰ ਜਨਰਲ ਟੀਡਬਲਿਊ 'ਪੀਟ' ਰੀਸ ਨਾਲ ਸਬੰਧਿਤ ਸਸੈਕਸ ਯੂਨੀਵਰਸਿਟੀ ਕੋਲ ਰੱਖੇ ਦਸਤਾਵੇਜ਼ਾਂ ਦਾ ਹਵਾਲਾ ਵੀ ਸ਼ਾਮਲ ਹੈ ਜਿਨ੍ਹਾਂ ਵਿਚ ਮਾਊਂਟਬੈਟਨ ਵਲੋਂ ਕਾਂਗਰਸ ਆਗੂ ਮੌਲਾਨਾ ਅਬਦੁਲ ਕਲਾਮ ਆਜ਼ਾਦ ਨੂੰ ਲਿਖੀ ਚਿੱਠੀ ਵੀ ਸ਼ਾਮਲ ਹੈ। ਇਸ ਵਿਚ ਕਿਹਾ ਗਿਆ ਸੀ ਕਿ ਵੰਡ ਹੋਣ ਦੀ ਸੂਰਤ ਵਿਚ ਉਹ ਪੁਖ਼ਤਾ ਸੁਰੱਖਿਆ ਮੁਹੱਈਆ ਕਰਵਾਉਣਗੇ। 14 ਮਈ 1947 ਨੂੰ ਵਾਇਸਰਾਏ ਨੇ ਅਬਦੁਲ ਕਲਾਮ ਆਜ਼ਾਦ ਨੂੰ ਜਵਾਬੀ ਖ਼ਤ ਲਿਖਿਆ ਸੀ ਕਿ ਉਹ 'ਘੱਟੋ-ਘੱਟ ਇਸ ਸਵਾਲ 'ਤੇ ਮੁਕੰਮਲ ਭਰੋਸਾ ਦਿਵਾਉਣਗੇ।' ਉਨ੍ਹਾਂ (ਮਾਊਂਟਬੈਟਨ) ਦੇ ਖਿਆਲ ਮੁਤਾਬਕ ਕੋਈ ਕਤਲੇਆਮ ਜਾਂ ਦੰਗਾ ਨਹੀਂ ਹੋਵੇਗਾ: "ਮੈਂ ਫ਼ੌਜੀ ਹਾਂ ਨਾ ਕਿ ਕੋਈ ਸਿਵਲੀਅਨ। ਮੈਂ ਇਹ ਯਕੀਨੀ ਬਣਾਉਣ ਦੇ ਹੁਕਮ ਦੇਵਾਂਗਾ ਕਿ ਦੇਸ਼ ਅੰਦਰ ਕਿਤੇ ਕੋਈ ਫਿਰਕੂ ਗੜਬੜ ਪੈਦਾ ਨਾ ਹੋਵੇ।" ਇਸ ਤੋਂ ਇਲਾਵਾ ਉਨ੍ਹਾਂ ਇਹ ਵੀ ਆਖਿਆ ਕਿ ਉਹ ਗੜਬੜ ਕਰਨ ਵਾਲਿਆਂ ਖਿਲਾਫ਼ ਸਖ਼ਤ ਤੋਂ ਸਖ਼ਤ ਕਦਮ ਉਠਾਉਣਗੇ: "ਮੈਂ ਨਾ ਕੇਵਲ ਹਥਿਆਰਬੰਦ ਪੁਲੀਸ ਦਸਤਿਆਂ ਦਾ ਇਸਤੇਮਾਲ ਕਰਾਂਗਾ, ਮੈਂ ਫ਼ੌਜ ਨੂੰ ਵੀ ਕਾਰਵਾਈ ਕਰਨ ਦੇ ਹੁਕਮ ਦੇਵਾਂਗਾ ਅਤੇ ਜੇ ਵੀ ਕੋਈ ਗੜਬੜ ਕਰੇਗਾ, ਉਸ ਖਿਲਾਫ਼ ਟੈਂਕਾਂ ਅਤੇ ਹਵਾਈ ਜਹਾਜ਼ਾਂ ਦਾ ਵੀ ਇਸਤੇਮਾਲ ਕਰਾਂਗਾ।" ਉਂਝ, ਲੱਖਾਂ ਲੋਕਾਂ ਦਾ ਕਤਲੇਆਮ ਹੋਇਆ ਪਰ ਅਜਿਹਾ ਕੋਈ ਕਦਮ ਨਹੀਂ ਉਠਾਇਆ ਗਿਆ। ਬਰਤਾਨਵੀ ਦਸਤਿਆਂ ਨੇ ਕੋਈ ਦਖ਼ਲ ਨਹੀਂ ਦਿੱਤਾ। ਅਜੇ ਵੀ ਕੁਝ ਬਰਤਾਨਵੀ ਖੋਜਕਾਰਾਂ ਅੰਦਰ ਇਸ ਗੁਨਾਹ ਦਾ ਅਹਿਸਾਸ ਪਲ ਰਿਹਾ ਹੈ। ਲੈਫਟੀਨੈਂਟ ਜਨਰਲ ਬਾਰਨੀ ਵ੍ਹਾਈਟ ਸਪੰਨਰ ਦੀ ਲਿਖੀ ਕਿਤਾਬ 'ਪਾਰਟੀਸ਼ਨ' ਵਿਚ ਕਿਹਾ ਗਿਆ ਹੈ- 1947 ਵਿਚ ਹੋਈ ਇਸ ਨਾਕਾਮੀ ਨੇ ਅਗਲੇ ਸੱਤਰ ਸਾਲਾਂ ਲਈ ਦੱਖਣੀ ਏਸ਼ੀਆ ਦਾ ਇਤਿਹਾਸ ਤੈਅ ਕਰ ਦਿੱਤਾ ਸੀ ਜਿਸ ਕਰ ਕੇ ਤਿੰਨ ਜੰਗਾਂ ਹੋਈਆਂ, ਦਹਿਸ਼ਤਗਰਦੀ ਦੀਆਂ ਅਣਗਿਣਤ ਘਟਨਾਵਾਂ ਵਾਪਰੀਆਂ, ਸੀਤ ਜੰਗ ਦੀਆਂ ਸ਼ਕਤੀਆਂ ਦੁਆਲੇ ਗੋਲਬੰਦੀ ਹੋਈ ਅਤੇ ਦੋ ਕੌਮਾਂ ਦੇ ਕਰੋੜਾਂ ਲੋਕ ਗਰੀਬੀ ਦੀ ਜਿਲ੍ਹਣ ਵਿਚ ਜੀਅ ਰਹੇ ਹਨ ਅਤੇ ਉਨ੍ਹਾਂ ਦਾ ਬੇਹਿਸਾਬ ਸਰਮਾਇਆ ਫ਼ੌਜਾਂ 'ਤੇ ਖ਼ਰਚ ਕੀਤਾ ਜਾ ਰਿਹਾ ਹੈ।"

ਦੂਜੀ ਆਲਮੀ ਜੰਗ ਅਤੇ ਜੰਗ ਤੋਂ ਬਾਅਦ ਦੇ ਇਤਿਹਾਸ ਬਾਰੇ ਖੋਜ ਕਰਨ ਵਾਲੇ ਗਰੁੱਪ 'ਡਬਲਿਊ.ਡਬਲਿਊ.2' ਦਾ ਖੁਲਾਸਾ ਹੈ ਕਿ ਵੰਡ ਵੇਲੇ ਹਿੰਦੋਸਤਾਨ ਵਿਚ ਛੇ ਬਰਤਾਨਵੀ ਬ੍ਰਿਗੇਡਾਂ ਮੌਜੂਦ ਸਨ। ਹਿੰਸਾ ਨੂੰ ਰੋਕਣ ਜਾਂ ਦਬਾਉਣ ਲਈ ਇਨ੍ਹਾਂ ਦਾ ਕੋਈ ਇਸਤੇਮਾਲ ਨਹੀਂ ਕੀਤਾ ਗਿਆ। ਉਂਝ, ਗਰੁੱਪ ਦਾ ਕਹਿਣਾ ਹੈ ਕਿ ਇਹ ਗੱਲ ਯਕੀਨ ਨਾਲ ਨਹੀਂ ਆਖੀ ਜਾ ਸਕਦੀ ਕਿ ਬਰਤਾਨਵੀ ਦਸਤਿਆਂ ਨੂੰ ਹਿੰਦੋਸਤਾਨੀ ਸਿਆਸੀ ਆਗੂਆਂ ਦੇ ਵਿਰੋਧ (ਜਿਸ ਦਾ ਮੁਜ਼ਾਹਰਾ 1942 ਵਿਚ ਹੋਇਆ ਸੀ) ਕਰ ਕੇ ਤਾਇਨਾਤ ਨਹੀਂ ਕੀਤਾ ਗਿਆ ਸੀ।

'ਡਬਲਿਊ.ਡਬਲਿਊ.2' ਦੇ ਤਿਆਰ ਕੀਤੇ ਇਕ ਹੋਰ ਅਹਿਮ ਖੋਜ ਪੱਤਰ ਵਿਚ ਵਰਮੌਂਟ ਯੂਨੀਵਰਸਿਟੀ ਦੇ 2017 ਦੇ ਲੰਮੇ ਲੇਖ ਦਾ ਹਵਾਲਾ ਦਿੱਤਾ ਗਿਆ ਹੈ ਜਿਸ ਵਿਚ ਉੱਤਰ ਬਸਤੀਵਾਦੀ ਕਾਲ ਦੀ ਹਿੰਦੋਸਤਾਨੀ ਫ਼ੌਜ ਉਪਰ ਸਾਮਰਾਜ ਪ੍ਰਭਾਵ ਬਾਰੇ ਕਈ ਭਾਰਤੀ ਲੇਖਕਾਂ ਦੇ ਕਥਨ ਦਿੱਤੇ ਗਏ ਹਨ। ਸਭ ਤੋਂ ਦਿਲਚਸਪ ਖੁਲਾਸਾ ਇਹ ਸੀ ਕਿ ਵਾਇਸਰਾਏ ਲਾਰਡ ਆਰਚੀਬਾਲਡ ਵੇਵਲ, ਬਰਤਾਨਵੀ ਫ਼ੌਜ ਦਾ ਸੇਵਾਮੁਕਤ ਅਫ਼ਸਰ ਅਤੇ ਉਨ੍ਹਾਂ ਦੇ ਮਿਲਟਰੀ ਚੀਫ ਫੀਲਡ ਮਾਰਸ਼ਲ ਕਲੌਡ ਆਕਿਨਲੈਕ ਵ੍ਹਾਈਟਹਾਲ (ਬਰਤਾਨਵੀ ਸਰਕਾਰ) ਦੀ ਵਾਰ ਵਾਰ ਕੀਤੀ ਜਾ ਰਹੀ ਦਖ਼ਲਅੰਦਾਜ਼ੀ ਰੋਕਣ ਲਈ ਇਕਮੱਤ ਸਨ ਕਿ ਇਹ ਸੱਤਾ ਦੇ ਸ਼ਾਂਤਮਈ ਤਬਾਦਲੇ ਲਈ ਘਾਤਕ ਹੋ ਸਕਦੀ ਹੈ। ਮਿਸਾਲ ਦੇ ਤੌਰ 'ਤੇ ਆਕਿਨਲੈਕ ਨੇ ਆਜ਼ਾਦ ਹਿੰਦ ਫ਼ੌਜ ਖਿਲਾਫ਼ ਮੁਕੱਦਮੇ ਚਲਾਉਣ ਦਾ ਵਿਰੋਧ ਕੀਤਾ ਕਿ ਇਸ ਨਾਲ ਬਹੁ-ਧਰਮੀ ਹਿੰਦੁਸਤਾਨੀ ਫ਼ੌਜ ਦੇ ਹਿੱਤਾਂ ਲਈ ਨੁਕਸਾਨਦਾਇਕ ਸਾਬਿਤ ਹੋਣਗੇ ਪਰ ਉਨ੍ਹਾਂ ਦਾ ਮੱਤ ਰੱਦ ਕਰ ਦਿੱਤਾ ਗਿਆ।

1946 ਵਿਚ ਲਾਰਡ ਵੇਵਲ ਨੇ ਵ੍ਹਾਈਟਹਾਲ ਨੂੰ ਸੁਝਾਅ ਦਿੱਤਾ ਸੀ ਕਿ ਸੱਤਾ ਦੇ ਤਬਾਦਲੇ ਦਾ ਟੀਚਾ ਮਾਰਚ 1948 ਤੱਕ ਰੱਖਿਆ ਜਾਣਾ ਚਾਹੀਦਾ ਹੈ: "ਬਰਤਾਨੀਆ ਦੀ ਕਿਸੇ ਯੋਜਨਾਬੱਧ ਵਾਪਸੀ ਦੇ ਪੱਖ ਵਿਚ ਵੇਵਲ ਦਾ ਖਿਆਲ ਇਹ ਸੀ ਕਿ ਇਸ ਨੂੰ ਉਵੇਂ ਹੀ ਵਿਆਪਕ ਰੂਪ ਵਿਚ ਲਿਆ ਜਾਣਾ ਚਾਹੀਦਾ ਹੈ ਜਿਵੇਂ ਜੰਗ ਦੇ ਅਰਸੇ ਦੌਰਾਨ ਕਿਸੇ ਫ਼ੌਜੀ ਯੋਜਨਾ ਨੂੰ ਲਿਆ ਜਾਂਦਾ ਹੈ।" ਹੋਰਨਾਂ ਪੱਖਾਂ ਤੋਂ ਇਲਾਵਾ ਉਹ ਇਹ ਵੀ ਚਾਹੁੰਦੇ ਸਨ ਕਿ ਬਰਤਾਨਵੀ ਫ਼ੌਜ ਨੂੰ ਉੱਤਰੀ ਹਿੰਦੋਸਤਾਨ ਦੇ ਸਭ ਤੋਂ ਵੱਧ ਗੜਬੜਗ੍ਰਸਤ ਮੁਸਲਿਮ ਖੇਤਰਾਂ ਵਿਚ ਤਬਦੀਲ ਕੀਤਾ ਜਾਵੇ ਅਤੇ ਸਭ ਤੋਂ ਖ਼ੌਫ਼ਨਾਕ ਫਿਰਕੂ ਹਿੰਸਾ ਨੂੰ ਦਬਾਇਆ ਜਾਵੇ।

ਉਂਝ, ਬਰਤਾਨੀਆ ਦੀ ਐਟਲੀ ਸਰਕਾਰ ਨੇ ਉਨ੍ਹਾਂ ਦੀਆਂ ਸਿਫ਼ਾਰਸ਼ਾਂ ਜੋ ਸਾਮਰਾਜ ਦੀ ਫ਼ੌਜੀ ਵਾਪਸੀ ਜਾਪਦੀਆਂ ਸਨ, ਨੂੰ ਨਜ਼ਰਅੰਦਾਜ਼ ਕਰ ਦਿੱਤਾ ਅਤੇ ਸਿਆਸੀ ਹੱਲ ਲਈ ਫਰਵਰੀ 1947 ਵਿਚ ਵੇਵਲ ਦੀ ਥਾਂ ਮਾਊਂਟਬੈਟਨ ਨੂੰ ਵਾਇਸਰਾਏ ਨਿਯੁਕਤ ਕਰ ਦਿੱਤਾ ਗਿਆ। ਆਕਿਨਲੈਕ ਨੇ ਇੰਨੀ ਜਲਦੀ ਬਰਤਾਨਵੀ ਫ਼ੌਜ ਦੀ ਫਿਰਕੂ ਆਧਾਰ 'ਤੇ ਵੰਡ ਦਾ ਵਿਰੋਧ ਕੀਤਾ। ਉਨ੍ਹਾਂ ਮਾਊਂਟਬੈਟਨ ਨਾਲ ਮੁਲਾਕਾਤ ਕਰ ਕੇ ਦੱਸਿਆ ਕਿ ਸੁਚਾਰੂ ਢੰਗ ਨਾਲ ਵੰਡ ਕਰਨ ਲਈ ਘੱਟੋ-ਘੱਟ ਦਸ ਸਾਲ ਲੱਗਣਗੇ ਪਰ ਉਨ੍ਹਾਂ ਨੂੰ ਸਿਰਫ 77 ਦਿਨ ਦਿੱਤੇ ਗਏ। ਉਦੋਂ ਤੱਕ ਦੂਜੀ ਆਲਮੀ ਜੰਗ ਦੌਰਾਨ ਉੱਤਰੀ ਅਫ਼ਰੀਕਾ ਵਿਚ ਆਕਿਨਲੈਕ ਦੇ 'ਲਫਟੈਨ' ਫੀਲਡ ਮਾਰਸ਼ਲ ਬਰਨਾਰਡ ਲਾਅ ਮੌਂਟਗੁਮਰੀ ਨੇ ਲੰਡਨ ਵਿਚ ਇੰਪੀਰੀਅਲ ਜਨਰਲ ਸਟਾਫ (ਬਰਤਾਨਵੀ ਫ਼ੌਜ) ਦੇ ਮੁਖੀ ਦਾ ਅਹੁਦਾ ਸੰਭਾਲ ਲਿਆ ਸੀ। ਮੌਂਟਗੁਮਰੀ ਦਾ ਇਹ ਖਿਆਲ ਸੀ ਕਿ ਆਕਿਨਲੈਕ "ਪੂਰੀ ਤਰ੍ਹਾਂ ਹਿੰਦੁਸਤਾਨੀ ਫ਼ੌਜ ਵਿਚ ਖਪ ਗਏ ਹਨ" ਅਤੇ ਉਹ ਹਿੰਦੋਸਤਾਨ ਵਿਚ ਬਰਤਾਨਵੀ ਫ਼ੌਜੀਆਂ ਦੀ ਭਲਾਈ ਵੱਲ ਬਹੁਤਾ ਧਿਆਨ ਨਹੀਂ ਦੇ ਰਹੇ। ਉਨ੍ਹਾਂ ਐਟਲੀ ਤੇ ਮਾਊਂਟਬੈਟਨ ਨੂੰ ਸਿਫ਼ਾਰਸ਼ ਕੀਤੀ ਕਿ ਆਕਿਨਲੈਕ ਨੂੰ ਅਹੁਦੇ ਤੋਂ ਹਟਾ ਦਿੱਤਾ ਜਾਵੇ।

ਕੀ ਇਸੇ ਕਾਰਨ (ਵੰਡ ਦੇ ਕਤਲੇਆਮ ਵੇਲੇ) ਛੇ ਬਰਤਾਨਵੀ ਬ੍ਰਿਗੇਡਾਂ ਤਾਇਨਾਤ ਨਹੀਂ ਕੀਤੀਆਂ ਗਈਆਂ ਸਨ? ਇਹ ਸਵਾਲ ਵੀ ਉੱਠਦਾ ਹੈ: ਜੇ ਉਨ੍ਹਾਂ ਨੂੰ ਤਾਇਨਾਤ ਕਰ ਦਿੱਤਾ ਜਾਂਦਾ ਤਾਂ ਕੀ ਕਤਲੇਆਮ ਰੋਕਿਆ ਜਾ ਸਕਦਾ ਸੀ?

**ਪੰਜਾਬ ਵਿਚੋਂ ਉਠੇ ਅਤੇ ਦਿੱਲੀ ਦੀਆਂ ਬਰੂਹਾਂ ਉਤੇ ਪ੍ਰਵਾਨ ਚੜ੍ਹੇ ਮਿਸਾਲੀ ਕਿਸਾਨ ਅੰਦੋਲਨ ਨੂੰ ਇਕ ਸਾਲ ਹੋ ਗਿਆ ਹੈ। ਇਸ ਮੌਕੇ ਕਿਸਾਨ ਜਥੇਬੰਦੀਆਂ ਨੇ ਜਿੱਤ ਦਿਵਸ ਮਨਾਇਆ ਹੈ। ਇਸ ਲੇਖ ਵਿਚ ਇਸ ਅੰਦੋਲਨ ਦੇ ਅਹਿਮ ਪੜਾਵਾਂ ਦਾ ਜ਼ਿਕਰ ਕੀਤਾ ਗਿਆ ਹੈ। ਨਾਲ ਹੀ ਚਰਚਾ ਕੀਤੀ ਗਈ ਹੈ ਕਿ ਕਿਸ ਤਰ੍ਹਾਂ ਕਿਸਾਨਾਂ ਦਾ ਹਠ ਅਤੇ ਦ੍ਰਿੜਤਾ ਉਨ੍ਹਾਂ ਨੂੰ ਜਿੱਤ ਤੱਕ ਲੈ ਕੇ ਗਏ ਹਾਲਾਂਕਿ ਮੋਦੀ ਸਰਕਾਰ ਦਾ ਰਵੱਈਆ ਨਾਂਹ-ਵਾਚਕ ਹੀ ਨਹੀਂ ਸਗੋਂ ਮਾਰਖੋਰਾ ਸੀ।**

# ਕਿਸਾਨ ਅੰਦੋਲਨ: ਮੋਦੀ ਨਾਲ ਟਕਰਾਅ ਤੋਂ ਮੁਆਫੀ ਤੱਕ





ਪੰਜਾਬ ਤੋਂ ਸ਼ੁਰੂ ਹੋਏ ਇਤਿਹਾਸਕ ਕਿਸਾਨ ਅੰਦੋਲਨ ਦੇ ਵੱਖ-ਵੱਖ ਪੜਾਅ: ਪੰਜਾਬ ਵਿਚ ਸਰਗਰਮੀ, ਰੋਕਾਂ ਤੋੜ ਕੇ ਦਿੱਲੀ ਕੂਚ ਅਤੇ ਦਿੱਲੀ ਬਾਰਡਰ 'ਤੇ ਡਟਣਾ।

ਤਿੰਨ ਖੇਤੀ ਕਾਨੂੰਨਾਂ ਖਿਲਾਫ ਉਠੇ ਕਿਸਾਨ ਅੰਦੋਲਨ ਨੇ ਨਾ ਸਿਰਫ਼ ਭਾਰਤ ਸਗੋਂ ਵਿਦੇਸ਼ਾਂ ਤੱਕ ਆਪਣੀ ਛਾਪ ਛੱਡੀ ਸੀ। ਇਸ ਅੰਦੋਲਨ ਦੌਰਾਨ 700 ਦੇ ਕਰੀਬ ਕਿਸਾਨਾਂ ਦੀਆਂ ਜਾਨਾਂ ਚਲੇ ਜਾਣ ਦਾ ਦਾਅਵਾ ਵੀ ਕੀਤਾ ਗਿਆ। ਕਿਸਾਨਾਂ ਨੇ ਕੜਾਕੇ ਦੀ ਠੰਢ, ਹਨੇਰੀ, ਤਪਦੀ ਗਰਮੀ ਅਤੇ ਤੇਜ਼ ਮੀਂਹਾਂ ਵਿਚ ਵੀ ਇਰਾਦੇ ਮਜ਼ਬੂਤ ਰੱਖੇ, ਜਿਸ ਦੇ ਚੱਲਦਿਆਂ ਇੱਕ ਸਾਲ ਬਾਅਦ ਸਰਕਾਰ ਇਸ ਸੰਘਰਸ਼ ਅੱਗੇ ਝੁਕੀ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਖੁਦ ਸਾਹਮਣੇ ਆ ਕੇ ਖੇਤੀ ਕਾਨੂੰਨ ਵਾਪਿਸ ਲੈਣ ਦਾ ਐਲਾਨ ਕੀਤਾ ਸੀ। ਇਹਨਾਂ ਖੇਤੀ ਕਾਨੂੰਨਾਂ ਨੂੰ ਲੈ ਕੇ ਕਿਸਾਨਾਂ ਵਿਚ ਦੇ ਖ਼ਤਮ ਹੋਣ, ਮੰਡੀ ਵਿਵਸਥਾ 'ਚ ਉਥਲ-ਪੁਥਲ ਅਤੇ ਨਿੱਜੀ ਸੈਕਟਰ ਦੇ ਦਖ਼ਲ ਦੇ ਵਾਧੇ ਬਾਰੇ ਖਦਸ਼ੇ ਸਨ। ਕੇਂਦਰ ਸਰਕਾਰ ਨੇ ਖੇਤੀ ਕਾਨੂੰਨਾਂ ਨੂੰ ਵਾਪਿਸ ਲਿਆ ਅਤੇ ਕਿਸਾਨਾਂ ਨੂੰ ਆਪਣਾ ਅੰਦੋਲਨ ਮੁਲਤਵੀ ਕੀਤਿਆਂ ਅੱਜ ਇੱਕ ਸਾਲ ਪੂਰਾ ਹੋ ਗਿਆ ਹੈ।

ਟ੍ਰੈਕਟਰ ਪਰੇਡ ਸਣੇ 7 ਮੌਕੇ ਜਿਨ੍ਹਾਂ ਕਿਸਾਨ ਅੰਦੋਲਨ ਦਾ ਰੁਖ਼ ਬਦਲ ਦਿੱਤਾ।

**ਪੰਜਾਬ ਤੋਂ ਖੜ੍ਹਾ ਹੋਇਆ ਕਿਸਾਨ ਅੰਦੋਲਨ**

ਕੋਰੋਨਾ ਵਾਇਰਸ ਮਹਾਂਮਾਰੀ ਦੌਰਾਨ ਭਾਰਤ ਸਰਕਾਰ ਨੇ 5 ਜੂਨ 2020 ਨੂੰ ਮੰਡੀਕਰਨ ਦੇ ਬਦਲਵੇਂ ਪ੍ਰਬੰਧ ਅਤੇ ਕਿਸਾਨਾਂ ਦੀ ਆਮਦਨ ਵਿਚ ਵਾਧਾ ਕਰਨ ਦੇ ਦਾਅਵੇ ਨਾਲ 3 ਨਵੇਂ ਖੇਤੀ ਆਰਡੀਨੈਂਸ ਲਿਆਂਦੇ ਸਨ। ਕੋਰੋਨਾ ਕਾਲ ਦੌਰਾਨ ਲੱਗੇ ਲੌਕਡਾਊਨ ਅਤੇ ਪੰਜਾਬ ਵਿਚਲੇ ਕਰਫਿਊ ਦੌਰਾਨ ਹੀ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੇ ਇਨ੍ਹਾਂ ਆਰਡੀਨੈਂਸਾਂ ਨੂੰ ਵਾਪਸ ਲੈਣ ਦੀ ਮੰਗ ਕੀਤੀ ਸੀ। ਮੰਗਾਂ ਨਾ ਮੰਨੇ ਜਾਣ 'ਤੇ ਅਗਸਤ ਮਹੀਨੇ ਵਿਚ ਕਿਸਾਨ ਜਥੇਬੰਦੀਆਂ ਨੇ ਧਰਨੇ ਅਤੇ ਰੋਸ ਮੁਜ਼ਾਹਰੇ ਸ਼ੁਰੂ ਕਰ ਦਿੱਤੇ ਸਨ।

14 ਸਤੰਬਰ ਨੂੰ ਜਦੋਂ ਇਹਨਾਂ ਆਰਡੀਨੈਂਸਾਂ ਨੂੰ ਬਿਲ ਦੇ ਤੌਰ 'ਤੇ ਸੰਸਦ 'ਚ ਪੇਸ਼ ਕੀਤਾ ਗਿਆ ਤਾਂ ਉਸੇ ਦਿਨ ਕਿਸਾਨਾਂ ਨੇ ਸੁਖਬੀਰ ਬਾਦਲ ਦੇ ਘਰ ਅੱਗੇ ਅਣਮਿੱਥੇ ਸਮੇਂ ਲਈ ਧਰਨਾ ਸ਼ੁਰੂ ਕਰ ਦਿੱਤਾ। ਇਸ ਦਾ ਕਾਰਨ ਸੀ ਕਿ ਹਰਸਿਮਰਤ ਕੌਰ ਬਾਦਲ ਉਸ ਵੇਲੇ ਕੇਂਦਰੀ ਕੈਬਨਿਟ ਵਿਚ ਮੰਤਰੀ ਸਨ। ਖੇਤੀ ਬਿਲਾਂ ਦੇ ਰੋਸ ਵਿਚ ਇਕੱਠੀਆਂ ਹੋਈਆਂ 32 ਕਿਸਾਨ ਜਥੇਬੰਦੀਆਂ ਨੇ ਸਾਂਝਾ ਮੋਰਚਾ ਬਣਾਉਣ ਦਾ ਐਲਾਨ ਕਰ ਦਿੱਤਾ। ਪਿੰਡ-ਪਿੰਡ ਇਕੱਠ ਹੋਣ ਲੱਗੇ, ਟੋਲ-ਪਲਾਜ਼ਿਆਂ ਉੱਤੇ ਪੱਕੇ ਮੋਰਚੇ ਲਾਏ ਗਏ ਅਤੇ ਰੇਲ ਮਾਰਗ ਜਾਮ ਕਰ ਦਿੱਤੇ ਗਏ। ਕਿਸਾਨਾਂ ਵੱਲੋਂ ਰਾਜਨੀਤਿਕ ਪਾਰਟੀਆਂ ਦੇ ਲੀਡਰਾਂ ਦੇ ਘਰ ਘੇਰੇ ਜਾਣ ਲੱਗੇ।

**'ਆਪ' ਤੇ ਕਾਂਗਰਸ ਕਿਸਾਨਾਂ ਦੇ ਹੱਕ ਵਿਚ, ਅਕਾਲੀ ਦਲ ਨੇ ਲਿਆ ਯੂ-ਟਰਨ**

ਪੰਜਾਬ ਵਿਚ ਜਿਸ ਵੇਲੇ ਇਹ ਮੁਜ਼ਾਹਰੇ ਚੱਲ ਰਹੇ ਸਨ, ਉਸ ਵੇਲੇ ਸਰਕਾਰ ਕਾਂਗਰਸ ਦੀ ਸੀ ਅਤੇ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਸਨ। ਕਾਂਗਰਸ ਕੇਂਦਰ ਵੱਲੋਂ ਲਿਆਂਦੇ ਖੇਤੀ ਆਰਡੀਨੈਂਸਾਂ ਦਾ ਵਿਰੋਧ ਕਰ ਰਹੀ ਸੀ ਅਤੇ ਪੰਜਾਬ ਸਰਕਾਰ ਕਿਸਾਨਾਂ ਦੀਆਂ ਮੰਗਾਂ ਦਾ ਸਮਰਥਨ ਕਰ ਰਹੀ ਸੀ। ਕੈਪਟਨ ਅਮਰਿੰਦਰ ਨੇ ਉਸ ਵੇਲੇ ਦੇ ਰਾਜਪਾਲ ਵੀਪੀ ਬਦਨੌਰ ਨੂੰ ਖੇਤੀ ਬਿੱਲਾਂ ਖਿਲਾਫ਼ ਮੰਗ ਪੱਤਰ ਵੀ ਸੌਂਪਿਆ ਸੀ। ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾ ਕੇ ਖੇਤੀ ਬਿੱਲਾਂ ਖਿਲਾਫ਼ ਮਤਾ ਵੀ ਪਾਸ ਕੀਤਾ ਗਿਆ। ਕੈਪਟਨ ਅਮਰਿੰਦਰ ਸਿੰਘ ਨੇ ਉਸ ਵੇਲੇ ਕਿਸਾਨਾਂ ਨੂੰ ਕਿਹਾ ਸੀ ਕਿ ਜੇਕਰ ਸੜਕਾਂ ਰੋਕਣੀਆਂ ਹਨ ਤਾਂ ਦਿੱਲੀ ਚਲੋ ਸਰਕਾਰ ਤੁਹਾਡੇ ਨਾਲ ਹੈ।

ਕਾਂਗਰਸ ਆਗੂ ਰਾਹੁਲ ਗਾਂਧੀ ਨੇ ਵੀ ਉਸ ਵੇਲੇ ਕਿਸਾਨਾਂ ਦੇ ਹੱਕ ਵਿਚ ਪੰਜਾਬ ਵਿਚ ਟਰੈਕਟਰ ਮਾਰਚ ਕੀਤਾ ਸੀ। ਉਸ ਵੇਲੇ ਸੂਬੇ ਵਿਚ ਵਿਰੋਧੀ ਧਿਰ ਆਮ ਆਦਮੀ ਪਾਰਟੀ ਵੀ ਕਿਸਾਨਾਂ ਦੇ ਹੱਕ ਵਿਚ ਖੜ੍ਹੀ ਸੀ। ਹਾਲਾਂਕਿ ਅਕਾਲੀ ਦਲ ਨੇ ਸ਼ੁਰੂਆਤ ਵਿਚ ਇਨ੍ਹਾਂ ਖੇਤੀ ਬਿਲਾਂ ਦੀ ਹਮਾਇਤ ਕੀਤੀ ਸੀ। ਉਸ ਸਮੇਂ ਕੇਂਦਰ ਵਿਚ ਮੰਤਰੀ ਹਰਸਿਮਰਤ ਕੌਰ ਬਾਦਲ ਅਤੇ 5 ਵਾਰ ਪੰਜਾਬ ਦੇ ਮੁੱਖ ਮੰਤਰੀ ਰਹੇ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਫੇਸਬੁੱਕ ਪੇਜ ਉੱਤੇ ਵੀਡੀਓ ਰਿਲੀਜ਼ ਕਰਕੇ ਤਿੰਨ ਖੇਤੀ ਬਿੱਲਾਂ ਦਾ ਪੱਖ ਪੂਰਿਆ ਸੀ ਪਰ ਜਦੋਂ ਕਿਸਾਨਾਂ ਦਾ ਵਿਰੋਧ ਤਿੱਖ ਹੋ ਗਿਆ ਅਤੇ ਲੋਕ ਸਭਾ ਵਿਚ 17 ਸਤੰਬਰ ਨੂੰ ਖੇਤੀ ਬਿੱਲਾਂ ਨੂੰ ਕਾਨੂੰਨ ਦੀ ਸ਼ਕਲ ਦੇ ਦਿੱਤੀ ਗਈ ਤਾਂ ਹਰਸਿਮਰਤ ਕੌਰ ਬਾਦਲ ਨੇ ਪਹਿਲਾਂ ਖੇਤੀ ਕਾਨੂੰਨਾਂ ਦਾ ਵਿਰੋਧ ਕੀਤਾ ਤੇ ਫਿਰ ਕੈਬਨਿਟ ਮੰਤਰੀ ਵਜੋਂ ਆਪਣਾ ਅਸਤੀਫ਼ਾ ਦੇ ਦਿੱਤਾ। ਨਤੀਜਾ ਇਹ ਰਿਹਾ ਕਿ ਅਕਾਲੀ-ਭਾਜਪਾ ਦਾ ਦਹਾਕਿਆਂ ਪੁਰਾਣਾ ਗਠਜੋੜ ਟੁੱਟ ਗਿਆ।

**ਕਿਸਾਨਾਂ ਦਾ ਦਿੱਲੀ ਵੱਲ ਨੂੰ ਕੂਚ, ਸਿੰਘੂ-ਟਿਕਰੀ ਉੱਤੇ ਲਾਏ ਡੇਰੇ**

25-26 ਨਵੰਬਰ 2020 ਦਾ ਦਿਨ ਕਿਸਾਨ ਅੰਦੋਲਨ ਲਈ ਸਭ ਤੋਂ ਅਹਿਮ ਦਿਨ ਕਿਹਾ ਜਾ ਸਕਦਾ ਹੈ। ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਉੱਤੇ ਪੰਜਾਬ, ਹਰਿਆਣਾ, ਯੂ.ਪੀ., ਉਤਰਾਖੰਡ, ਮੱਧ ਪ੍ਰਦੇਸ਼ ਅਤੇ ਮਹਾਰਾਸ਼ਟਰ ਤੋਂ ਕਿਸਾਨਾਂ ਨੇ ਦਿੱਲੀ ਵੱਲ ਚਾਲੇ ਪਾਏ। ਇਹਨਾਂ ਵਿਚ ਵੱਡੀ ਗਿਣਤੀ ਨੌਜਵਾਨਾਂ ਦੀ ਸੀ। 25 ਨਵੰਬਰ ਨੂੰ ਭਾਰਤੀ ਕਿਸਾਨ ਯੂਨੀਅਨ ਦੀ ਹਰਿਆਣਾ ਇਕਾਈ ਦੇ ਪ੍ਰਧਾਨ ਗੁਰਨਾਮ ਸਿੰਘ ਚੜੂਨੀ ਦੀ ਅਗਵਾਈ ਵਿਚ ਕਿਸਾਨਾਂ ਨੇ ਦਿੱਲੀ ਵੱਲ ਟਰੈਕਟ-ਟਰਾਲੀਆਂ ਨਾਲ ਕੂਚ ਕੀਤਾ।

ਅੰਬਾਲਾ ਅਤੇ ਸ਼ਾਹਬਾਦ ਵਿਚਾਲੇ ਹਰਿਆਣਾ ਪੁਲਿਸ ਨੇ ਕਿਸਾਨਾਂ ਨੂੰ ਰੋਕਣ ਲਈ ਜ਼ਬਰਦਸਤ ਪ੍ਰਬੰਧ ਕੀਤੇ ਹੋਏ ਸਨ, ਪਰ ਕਿਸਾਨ ਇੰਨੀ ਵੱਡੀ ਗਿਣਤੀ ਵਿਚ ਟਰੈਕਟਰਾਂ ਉੱਤੇ ਸਵਾਰ ਸਨ ਕਿ ਪੁਲਿਸ ਦੇ ਬੈਰੀਕੇਡ ਨਿਗੂਣੇ ਸਾਬਤ ਹੋਏ। ਪੁਲਿਸ ਨੇ ਅੰਨ੍ਹੇਵਾਹ ਹੰਝੂ ਗੈਸ ਦੇ ਗੋਲਿਆਂ ਦੀ ਵਰਤੋਂ ਕੀਤੀ ਅਤੇ ਪਾਣੀ ਦੀਆਂ ਬੁਛਾੜਾਂ ਕੀਤੀਆਂ। ਹਰਿਆਣਾ ਦੇ ਕਿਸਾਨਾਂ ਤੋਂ ਬਾਅਦ ਅਗਲੇ ਦਿਨ ਵਾਰੀ ਪੰਜਾਬ ਦੇ ਕਿਸਾਨਾਂ ਦੀ ਸੀ। ਦੂਜੇ ਦਿਨ ਸ਼ੰਭੂ ਬਾਰਡਰ ਅਤੇ ਖਨੌਰੀ ਬਾਰਡਰ ਉੱਤੇ ਪੰਜਾਬ ਦੇ ਕਿਸਾਨ ਪੁਲਿਸ ਦੀਆਂ ਪਾਬੰਦੀਆਂ ਤੇ ਰੋਕਾਂ ਨੂੰ ਤੋੜਦੇ ਹੋਏ ਅੱਗੇ ਵਧੇ।

ਅਖ਼ੀਰ ਵੱਸ ਨਾ ਚੱਲਦਾ ਦੇਖ ਦਿੱਲੀ ਪੁਲਿਸ ਨੇ ਸਿੰਘੂ ਬਾਰਡਰ ਉੱਤੇ ਸੜਕ ਹੀ ਪੁੱਟ ਦਿੱਤੀ। ਇੱਥੋਂ ਕਿਸਾਨਾਂ ਨੂੰ ਕੇਂਦਰ ਸਰਕਾਰ ਨੇ ਪੇਸ਼ਕਸ਼ ਕੀਤੀ ਕਿ ਉਹ ਦਿੱਲੀ ਦੇ ਬੁਰਾੜੀ ਮੈਦਾਨ ਵਿਚ ਚਲੇ ਜਾਣ, ਜਿੱਥੇ ਸਰਕਾਰ ਉਨ੍ਹਾਂ ਲਈ ਕਹਿਰ ਦੀ ਸਰਦੀ ਦੌਰਾਨ ਲੋੜੀਂਦੇ ਪ੍ਰਬੰਧ ਵੀ ਕਰ ਦੇਵੇਗੀ। ਪਰ ਕਿਸਾਨਾਂ ਨੇ ਇਹ ਪੇਸ਼ਕਸ਼ ਨਹੀਂ ਮੰਨੀ ਅਤੇ ਕਿਹਾ ਕਿ ਉਹ ਦਿੱਲੀ ਬਾਰਡਰਾਂ ਉੱਤੇ ਹੀ ਡਟੇ ਰਹਿਣਗੇ। ਫਿਰ ਇੱਕ ਸਾਲ ਤੋਂ ਵੀ ਵੱਧ ਸਮੇਂ ਲਈ ਸਿੰਘੂ ਅਤੇ ਟਿਕਰੀ ਬਾਰਡਰ ਹੀ ਕਿਸਾਨਾਂ ਦੇ ਘਰ ਬਣ ਗਏ।



ਛੱਬੀ ਜਨਵਰੀ 2021 ਵਾਲੀ ਘਟਨਾ ਤੋਂ ਬਾਅਦ ਉਤਰ ਪ੍ਰਦੇਸ਼ ਆਗੂ ਰਾਕੇਸ਼ ਟਿਕੈਤ ਦੇ ਹੰਝੂਆਂ ਨੇ ਕਿਸਾਨ ਅੰਦੋਲਨ ਵਿਚ ਮੁੜ ਜਾਨ ਪਾ ਦਿੱਤੀ।

**ਟਰੈਕਟਰ ਪਰੇਡ ਤੇ 26 ਜਨਵਰੀ ਦੀ 'ਹਿੰਸਾ'**

ਸਰਕਾਰ ਉੱਤੇ ਦਬਾਅ ਵਧਾਉਣ ਲਈ ਸੰਯੁਕਤ ਕਿਸਾਨ ਮੋਰਚੇ ਨੇ ਪਹਿਲੀ ਜਨਵਰੀ ਨੂੰ ਐਲਾਨ ਕੀਤਾ ਕਿ 26 ਜਨਵਰੀ ਨੂੰ ਕਿਸਾਨ ਵੀ ਦਿੱਲੀ ਵਿਚ ਗਣਤੰਤਰ ਦਿਵਸ ਮੌਕੇ ਟਰੈਕਟਰ ਪਰੇਡ ਕਰਨਗੇ। ਇਸ ਦੀ ਤਿਆਰੀ ਲਈ 7 ਜਨਵਰੀ ਨੂੰ ਕੇਐਮਪੀ ਐਕਸਪ੍ਰੈਸ ਵੇ ਉੱਤੇ ਕਿਸਾਨਾਂ ਨੇ ਟਰੈਕਟਰ ਪਰੇਡ ਦਾ ਅਭਿਆਸ ਵੀ ਕੀਤਾ ਅਤੇ ਹਜ਼ਾਰਾਂ ਟਰੈਕਟਰ ਸੜਕਾਂ ਉੱਤੇ ਉਤਰੇ। 26 ਜਨਵਰੀ ਨੂੰ ਪਰੇਡ ਲਈ ਕਿਸਾਨ ਜਥੇਬੰਦੀਆਂ ਅਤੇ ਦਿੱਲੀ ਪੁਲਿਸ ਵਿਚਾਲੇ ਕਈ ਬੈਠਕਾਂ ਤੋਂ ਬਾਅਦ ਸਹਿਮਤੀ ਬਣ ਗਈ ਸੀ। ਇਸ ਲਈ ਬਕਾਇਦਾ ਰੂਟ ਮੈਪ ਤੈਅ ਕੀਤਾ ਗਿਆ ਸੀ ਪਰ ਕਿਸਾਨ ਆਗੂ ਸਰਵਣ ਸਿੰਘ ਪੰਧੇਰ ਦੀ ਜਥੇਬੰਦੀ ਤੈਅ ਰੂਟ ਉੱਤੇ ਜਾਣ ਲਈ ਤਿਆਰ ਨਹੀਂ ਸੀ ਅਤੇ ਰਿੰਗ ਰੋਡ ਉੱਤੇ ਟਰੈਕਟਰ ਮਾਰਚ ਕਰਨ ਉੱਤੇ ਅੜੀ ਰਹੀ। ਵੱਡੀ ਗਿਣਤੀ 'ਚ ਕਿਸਾਨ ਲਾਲ ਕਿਲੇ ਉੱਤੇ ਪਹੁੰਚ ਗਏ ਅਤੇ ਉਨ੍ਹਾਂ ਨੇ ਉੱਥੇ ਕਿਸਾਨੀ ਤੇ ਕੇਸਰੀ ਝੰਡੇ ਲਹਿਰਾਏ। ਇਸ ਮਗਰੋਂ ਪੁਲਿਸ ਨੇ ਲਾਠੀਚਾਰਜ ਕਰਕੇ ਕਿਸਾਨਾਂ ਨੂੰ ਲਾਲ ਕਿਲੇ ਤੋਂ ਹਟਾਇਆ। ਇਸ ਦਿਨ ਦਿੱਲੀ ਪੁਲਿਸ ਨਾਲ ਕਿਸਾਨਾਂ ਦੀਆਂ ਤਿੱਖੀਆਂ ਝੜਪਾਂ ਵੀ ਹੋਈਆਂ ਅਤੇ ਲਾਲ ਕਿਲੇ ਤੋਂ ਕੁਝ ਕਿਲੋਮੀਟਰ ਦੂਰ ਆਈ.ਟੀ.ਓ. ਉੱਤੇ ਯੂ.ਪੀ. ਦੇ ਇੱਕ ਨੌਜਵਾਨ ਦੀ ਮੌਤ ਵੀ ਹੋ ਗਈ। ਲਾਲ ਕਿਲੇ ਦੀ ਇਸ ਘਟਨਾ ਤੋਂ ਬਾਅਦ ਮਰਹੂਮ ਅਦਾਕਾਰ ਦੀਪ ਸਿੱਧੂ ਵੀ ਕਾਫ਼ੀ ਚਰਚਾ ਵਿਚ ਆਏ ਸਨ। ਇਸ ਕਥਿਤ ਹਿੰਸਾ ਦੇ ਸਬੰਧ ਵਿਚ ਦੀਪ ਸਿੱਧੂ ਦੀ ਗ੍ਰਿਫ਼ਤਾਰੀ ਵੀ ਹੋਈ ਸੀ।

**ਟਿਕੈਤ ਦੇ ਹੰਝੂਆਂ ਨੇ ਮੁੜ ਖੜ੍ਹਾ ਕੀਤਾ ਅੰਦੋਲਨ**

26 ਜਨਵਰੀ ਦੀ ਘਟਨਾ ਤੋਂ ਬਾਅਦ ਇਹ ਮੰਨਿਆ ਜਾ ਰਿਹਾ ਸੀ ਕਿ ਕਿਸਾਨ ਅੰਦੋਲਨ ਇੱਕ ਤਰ੍ਹਾਂ ਨਾਲ ਖ਼ਤਮ ਹੋ ਗਿਆ ਹੈ। ਬਾਰਡਰਾਂ ਉੱਤੇ ਕਿਸਾਨਾਂ ਦੀ ਗਿਣਤੀ ਕੁਝ ਘਟਦਿਆਂ ਹੀ ਸਰਕਾਰ ਨੇ ਦਿੱਲੀ ਬਾਰਡਰਾਂ ਨੂੰ ਖ਼ਾਲੀ ਕਰਵਾਉਣ ਦੀ ਮੁਹਿੰਮ ਸ਼ੁਰੂ ਕੀਤੀ। ਸਰਕਾਰ ਨੇ ਇਸ ਮੁਹਿੰਮ ਦੀ ਸ਼ੁਰੂਆਤ 27 ਜਨਵਰੀ ਦੀ ਰਾਤ ਨੂੰ ਬਾਗਪਤ ਤੋਂ ਕੀਤੀ, ਜਿੱਥੇ ਯੂਪੀ ਪੁਲਿਸ ਨੇ ਕਿਸਾਨਾਂ ਦਾ ਇੱਕ ਛੋਟਾ ਧਰਨਾ ਰਾਤ ਨੂੰ ਜ਼ਬਰੀ ਚੁੱਕਵਾ ਦਿੱਤਾ। ਹਰਿਆਣਾ 'ਚ ਕਰਨਾਲ ਕੋਲ ਕਿਸਾਨਾਂ ਲਈ ਹਰਿਆਣਾ ਦੀ ਸਿੱਖ ਸੰਸਥਾ ਵੱਲੋਂ ਚਲਾਇਆ ਜਾ ਰਿਹਾ ਲੰਗਰ ਬੰਦ ਕਰਵਾ ਦਿੱਤਾ ਗਿਆ ਪਰ ਜਦੋਂ ਗ੍ਰਿਫ਼ਤਾਰੀ ਦਾ ਸਮਾਂ ਆਇਆ ਤਾਂ ਟਿਕੈਤ ਨੇ ਇਲਜ਼ਾਮ ਲਾਇਆ ਕਿ ਪੁਲਿਸ ਦੀ ਆੜ ਹੇਠ ਦੋ ਭਾਜਪਾ ਵਿਧਾਇਕ ਗੁੰਡਿਆਂ ਨਾਲ ਆਏ ਅਤੇ ਕਿਸਾਨਾਂ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ 'ਚ ਸਨ। ਉਨ੍ਹਾਂ ਕਿਹਾ ਕਿ ਜੋ ਵੀ ਹੋਵੇ, ਉਹ ਗ੍ਰਿਫ਼ਤਾਰੀ ਨਹੀਂ ਦੇਣਗੇ ਅਤੇ ਕਿਸਾਨਾਂ ਨੂੰ ਛੱਡਕੇ ਨਹੀਂ ਜਾਣਗੇ। ਇਹ ਕਹਿੰਦਿਆਂ ਉਹ ਰੋ ਪਏ ਅਤੇ ਉਨ੍ਹਾਂ ਦੇ ਹੰਝੂ ਦੇਖ ਕੇ ਕੁਝ ਹੀ ਘੰਟਿਆਂ ਵਿਚ ਵੱਡੀ ਗਿਣਤੀ ਵਿਚ ਯੂ.ਪੀ. ਅਤੇ ਹਰਿਆਣਾ ਤੋਂ ਕਿਸਾਨ ਗਾਜ਼ੀਪੁਰ ਪਹੁੰਚ ਗਏ। ਇਸ ਤਰ੍ਹਾਂ ਅੰਦੋਲਨ 'ਚ ਮੁੜ ਜਾਨ ਪੈ ਗਈ ਅਤੇ ਅੰਦੋਲਨ ਮੁੜ ਖੜ੍ਹਾ ਹੋ ਗਿਆ।

**ਸਿੰਘੂ ਬਾਰਡਰ ਉੱਤੇ ਇੱਕ ਸ਼ਖ਼ਸ ਦਾ ਕਤਲ ਕਰਕੇ ਟੰਗੀ ਗਈ ਲਾਸ਼**

ਸਿੰਘੂ ਬਾਰਡਰ ਉੱਤੇ ਮੋਰਚਾਬੰਦੀ ਕਰਕੇ ਬੈਠੇ ਨਿਹੰਗਾਂ ਨੇ ਇੱਕ ਸ਼ਖ਼ਸ ਉੱਤੇ ਸਰਬਲੋਹ ਗ੍ਰੰਥ ਦੀ ਬੇਅਦਬੀ ਦਾ ਇਲਜ਼ਾਮ ਲਗਾਇਆ। ਵਿਵਾਦ ਉਦੋਂ ਖੜ੍ਹਾ ਹੋਇਆ ਜਦੋਂ ਉਸ ਸ਼ਖ਼ਸ ਦੇ ਹੱਥ ਪੈਰ ਵੱਢ ਕੇ ਉਸਦੀ ਲਾਸ਼ ਪੁਲਿਸ ਬੈਰੀਕੇਡ ਨਾਲ ਲਮਕਾ ਦਿੱਤੀ ਗਈ। ਇਸ ਦੀ ਵੀਡੀਓ ਸੋਸ਼ਲ ਮੀਡੀਆ ਉੱਤੇ ਕਾਫੀ ਵਾਇਰਲ ਹੋਈ। 16 ਅਕਤੂਬਰ ਨੂੰ ਸਿੰਘੂ ਬਾਰਡਰ ਉੱਤੇ ਕਤਲ ਕੀਤੇ ਗਏ ਲਖਬੀਰ ਸਿੰਘ ਦਾ ਸਬੰਧ ਤਰਨ ਤਾਰਨ ਜ਼ਿਲ੍ਹੇ ਨਾਲ ਸੀ। ਇਸ ਕਤਲ ਦੀ ਜ਼ਿੰਮੇਵਾਰੀ ਉੱਥੇ ਮੌਜੂਦ ਨਿਹੰਗ ਸਿੰਘ ਅਮਨ ਸਿੰਘ ਵੱਲੋਂ ਲਈ ਗਈ। ਅਮਨ ਸਿੰਘ ਨੇ ਖ਼ੁਦ ਕਬੂਲ ਕੀਤਾ ਕਿ ਉਸ ਨੇ ਲਖਬੀਰ ਸਿੰਘ ਦਾ ਕਤਲ ਕੀਤਾ ਹੈ ਜਿਸ ਮਗਰੋਂ ਪੁਲਿਸ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਇਸ ਕਤਲ ਦੀ ਜ਼ਿੰਮੇਵਾਰੀ ਕਿਸਾਨ ਆਗੂਆਂ ਨੂੰ ਲੈਣ ਲਈ ਕਿਹਾ ਗਿਆ ਪਰ ਸੰਯੁਕਤ ਮੋਰਚੇ ਨੇ ਕਤਲ ਦੀ ਨਿਖੇਧੀ ਕੀਤੀ ਅਤੇ ਇਸ ਤੋਂ ਸੰਯੁਕਤ ਮੋਰਚੇ ਨੂੰ ਵੱਖ ਕਰ ਲਿਆ।

**ਆਖ਼ਰ ਇੱਕ ਸਾਲ ਬਾਅਦ ਝੁਕੀ ਸਰਕਾਰ, ਕਾਨੂੰਨ ਲਏ ਵਾਪਿਸ**

ਕਿਸਾਨਾਂ ਦੇ ਦਿੱਲੀ ਅੰਦੋਲਨ ਦੇ ਕਰੀਬ ਇੱਕ ਸਾਲ ਬਾਅਦ 19 ਨਵੰਬਰ ਨੂੰ ਗੁਰੂ ਨਾਨਕ ਦੇਵ ਜੀ ਦੇ 552ਵੇਂ ਪ੍ਰਕਾਸ਼ ਦਿਹਾੜੇ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਵੇਰੇ ਅਚਾਨਕ ਟੀਵੀ ਉੱਤੇ ਆਏ ਅਤੇ ਖੇਤੀ ਕਾਨੂੰਨ ਵਾਪਿਸ ਲੈਣ ਦਾ ਐਲਾਨ ਕਰ ਦਿੱਤਾ। ਇਸ ਤਰ੍ਹਾਂ ਫਾਰਮਜ਼ (ਇੰਪਾਵਰਮੈਂਟ ਐਂਡ ਪ੍ਰੋਟੈਕਸ਼ਨ) ਐਗਰੀਮੈਂਟ ਔਨ ਪ੍ਰਾਇਸ ਅਸ਼ੋਰੈਂਸ ਐਂਡ ਫਾਰਮ ਸੈਕਟਰ ਐਕਟ-2020, ਫਾਰਮਜ਼ ਪ੍ਰੋਡਿਊਸ ਟਰੇਡ ਐਂਡ ਕਾਮਰਸ (ਪ੍ਰੋਮੋਸ਼ਨ ਐਂਡ ਫੈਸੀਲੀਟੇਸ਼ਨ) ਐਕਟ-2020 ਅਤੇ ਅਸੈਂਸ਼ੀਅਲ ਕੋਮੋਡਿਟੀਜ਼ (ਸੋਧ) ਕਾਨੂੰਨ-2020 ਵਾਪਸ ਹੋ ਗਏ। ਪ੍ਰਧਾਨ ਮੰਤਰੀ ਮੋਦੀ ਦੇ ਇਸ ਐਲਾਨ ਦਾ ਕਿਸਾਨਾਂ ਨੇ ਸਵਾਗਤ ਕੀਤਾ। ਕਿਸਾਨਾਂ ਨੇ ਪੰਜਾਬ ਤੇ ਦਿੱਲੀ ਬਾਰਡਰਾਂ ਉੱਤੇ ਮਿਠਾਈਆਂ ਵੰਡੀਆਂ ਗਈਆਂ ਤੇ ਜਸ਼ਨ ਮਨਾਇਆ ਗਿਆ। ਅਖੀਰ 11 ਦਸੰਬਰ ਨੂੰ ਕਿਸਾਨਾਂ ਨੇ ਦਿੱਲੀ ਬਾਰਡਰ ਖਾਲੀ ਕਰ ਦਿੱਤੇ ਤੇ ਆਪਣੇ ਘਰਾਂ ਨੂੰ ਵਾਪਿਸ ਪਰਤ ਗਏ। ਪ੍ਰਧਾਨ ਮੰਤਰੀ ਮੋਦੀ ਨੇ ਕਾਨੂੰਨ ਭਾਵੇਂ 19 ਨਵੰਬਰ ਨੂੰ ਵਾਪਿਸ ਲੈਣ ਦਾ ਐਲਾਨ ਕਰ ਦਿੱਤਾ ਪਰ ਕਿਸਾਨਾਂ ਨੇ ਬਾਰਡਰ ਉਦੋਂ ਖਾਲੀ ਕੀਤੇ ਜਦੋਂ ਉਨ੍ਹਾਂ ਨੂੰ ਸਰਕਾਰ ਨੇ ਲਿਖਤ ਵਿਚ ਮੰਗਾਂ ਮੰਨੇ ਜਾਣ ਦਾ ਭਰੋਸਾ ਦਵਾਇਆ।

ਸਰਕਾਰ ਨੇ ਕਿਸਾਨਾਂ ਦੀਆਂ ਜਿਹੜੀਆਂ 5 ਮੰਗਾਂ ਮੰਨੀਆਂ ਉਸਦੇ ਵਿਚ ਐਮ.ਐਸ.ਪੀ. ਉੱਤੇ ਕਮੇਟੀ ਬਣਾਉਣ, ਅੰਦੋਲਨ ਦੌਰਾਨ ਕਿਸਾਨਾਂ ਉੱਤੇ ਹੋਏ ਕੇਸਾਂ ਨੂੰ ਵਾਪਿਸ ਲੈਣ ਦੀ ਸਹਿਮਤੀ, ਮ੍ਰਿਤਕ ਕਿਸਾਨਾਂ ਲਈ ਮੁਆਵਜ਼ੇ ਉੱਤੇ ਹਰਿਆਣਾ ਤੇ ਯੂ.ਪੀ. ਸਰਕਾਰ ਦੀ ਸਿਧਾਂਤਕ ਸਹਿਮਤੀ, ਬਿਜਲੀ ਬਿੱਲ ਉੱਤੇ ਚਰਚਾ ਕਰਨ ਅਤੇ ਪਰਾਲੀ ਦੇ ਮੁੱਦੇ ਉੱਤੇ ਧਾਰਾ 14 ਅਤੇ 15 ਵਿਚ ਕ੍ਰਿਮੀਨਲ ਲਾਇਬਿਲਿਟੀ ਤੋਂ ਕਿਸਾਨ ਨੂੰ ਮੁਕਤੀ ਦੇਣਾ ਸ਼ਾਮਲ ਹੈ।

**(ਬੀ.ਬੀ.ਸੀ. ਤੋਂ ਧੰਨਵਾਦ ਸਹਿਤ)**






ਦਿੱਲੀ ਵਿਚ ਟਰੈਕਟਰ ਮਾਰਚ ਦਾ ਰੰਗ ਅਤੇ ਅੰਦੋਲਨ ਦੀ ਵਾਪਸੀ ਵੇਲੇ ਦੀ ਤਸੱਲੀ।

# ਭਾਰਤ-ਪਾਕਿ ਵਿਚਕਾਰ ਸਿਆਸੀ ਤਣਾਅ ਅਤੇ ਵਪਾਰ

ਭਾਰਤ ਅਤੇ ਪਾਕਿਸਤਾਨ ਜਿੰਨੀ ਆਸਾਨੀ ਨਾਲ ਸੜਕ, ਰੇਲ ਅਤੇ ਸਮੁੰਦਰੀ ਜਹਾਜ਼ਾਂ ਨਾਲ ਆਪਸ ਵਿਚ ਵਪਾਰ ਕਰ ਸਕਦੇ ਹਨ, ਉਹ ਦੁਨੀਆ ਦੇ ਕਿਸੇ ਹੋਰ ਦੇਸ਼ ਨਾਲ ਨਹੀਂ ਕਰ ਸਕਦੇ। ਦੋਵਾਂ ਦੇਸ਼ਾਂ ਵਿਚ ਦੁਨੀਆ ਦਾ ਤਕਰੀਬਨ ਪੰਜਵਾਂ ਹਿੱਸਾ ਜਾਂ 20 ਫੀਸਦੀ ਦੇ ਬਰਾਬਰ ਵਸੋਂ ਹੈ ਅਤੇ ਵਿਸ਼ਾਲ ਦੇਸ਼ ਹੋਣ ਕਰ ਕੇ ਅਤੇ ਦੋਵਾਂ ਹੀ ਮੁਲਕਾਂ ਵਿਚ ਭੂਗੋਲਿਕ ਵਖਰੇਵਾਂ ਹੋਣ ਕਰ ਕੇ ਵੱਖ-ਵੱਖ ਵਸਤੂਆਂ ਦਾ ਉਤਪਾਦਨ ਹੋ ਰਿਹਾ ਹੈ। ਸੰਸਾਰ ਬੈਂਕ ਦੀ ਰਿਪੋਰਟ ਅਨੁਸਾਰ ਦੋਵਾਂ ਦੇਸ਼ਾਂ ਵਿਚ 37 ਅਰਬ ਡਾਲਰ ਤੱਕ ਦੀ ਵਪਾਰ ਸਮਰੱਥਾ ਹੈ ਜਦੋਂ ਕਿ ਹੁਣ ਤਕ ਸਿਰਫ਼ 2 ਅਰਬ ਡਾਲਰ ਤਕ ਹੀ ਵਪਾਰ ਹੁੰਦਾ ਰਿਹਾ ਹੈ। ਇਹ ਵੀ ਦਿਲਚਸਪ ਤੱਥ ਹੈ ਕਿ ਜਿੰਨਾ ਵਪਾਰ ਇਨ੍ਹਾਂ ਦੋਵਾਂ ਦੇਸ਼ਾਂ ਵਿਚ ਪ੍ਰਤੱਖ ਤੌਰ 'ਤੇ ਹੁੰਦਾ ਹੈ, ਉਸ ਤੋਂ ਤਕਰੀਬਨ ਦੁੱਗਣਾ ਜਾਂ 3.9 ਅਰਬ ਡਾਲਰ ਦਾ ਵਪਾਰ ਅਪ੍ਰਤੱਖ ਤੌਰ 'ਤੇ ਯੂ.ਏ.ਈ., ਸਿੰਗਾਪੁਰ, ਥਾਈਲੈਂਡ ਆਦਿ ਦੇਸ਼ਾਂ ਰਾਹੀਂ ਹੁੰਦਾ ਹੈ; ਉਂਝ, ਇਸ ਸੂਰਤ



**ਡਾ. ਸ.ਸ. ਛੀਨਾ**

ਵਿਚ ਦੋਵਾਂ ਹੀ ਦੇਸ਼ਾਂ ਦੇ ਖਪਤਕਾਰਾਂ ਨੂੰ ਇਸ ਤਰ੍ਹਾਂ ਅਪ੍ਰਤੱਖ ਵਪਾਰ ਵਾਲੀਆਂ ਵਸਤੂਆਂ ਬਹੁਤ ਮਹਿੰਗੀਆਂ ਮਿਲਦੀਆਂ ਹਨ। ਭਾਰਤ ਅਤੇ ਪਾਕਿਸਤਾਨ ਦੇ ਸ਼ਹਿਰੀ ਤੇ ਵਪਾਰੀ ਇਸ ਗੱਲ ਵਿਚ ਦਿਲਚਸਪੀ ਰੱਖਦੇ ਹਨ ਕਿ ਉਨ੍ਹਾਂ ਵਿਚ ਵਪਾਰ ਵਧਣਾ ਚਾਹੀਦਾ ਹੈ ਕਿਉਂ ਜੋ ਇਹ ਦੋਵਾਂ ਦੇਸ਼ਾਂ ਦੇ ਸ਼ਹਿਰੀਆਂ ਦੇ ਹਿੱਤ ਦੀ ਗੱਲ ਹੈ।

ਪਰ ਸਿਆਸੀ ਤਣਾਅ ਉਹ ਰੁਕਾਵਟ ਹੈ ਜਿਸ ਨਾਲ ਸ਼ਹਿਰੀਆਂ ਦੀ ਖਾਹਿਸ਼ ਦੇ ਉਲਟ ਇਸ ਵਪਾਰ ਵਿਚ ਵਾਰ-ਵਾਰ ਰੁਕਾਵਟਾਂ ਪਾਈਆਂ ਜਾਂਦੀਆਂ ਹਨ ਅਤੇ ਇਹ ਵਪਾਰ ਵਧਣ ਦੀ ਬਜਾਇ ਘਟਦਾ ਗਿਆ ਹੈ। 1985 ਵਿਚ 'ਸਾਰਕ' ਸੰਸਥਾ ਬਣਾਈ ਗਈ ਤਾਂ ਕਿ ਦੱਖਣੀ ਏਸ਼ੀਆ ਦੇ 7 ਦੇਸ਼ਾਂ ਵਿਚ ਵਪਾਰ ਨੂੰ ਯੂਰਪੀ ਯੂਨੀਅਨ ਦੀ ਤਰਜ਼ 'ਤੇ ਵਧਾਇਆ ਜਾਵੇ। ਬਾਅਦ ਵਿਚ ਇਸ ਵਿਚ ਅਫਗਾਨਿਸਤਾਨ ਅੱਠਵੇਂ ਦੇਸ਼ ਵਜੋਂ ਸ਼ਾਮਿਲ ਹੋਇਆ। ਇਸ ਸੰਸਥਾ ਵਿਚ 92 ਫੀਸਦੀ ਵਸੋਂ ਅਤੇ ਖੇਤਰ ਸਿਰਫ਼ ਭਾਰਤ ਤੇ ਪਾਕਿਸਤਾਨ ਦਾ ਹੈ ਪਰ ਦੋਵਾਂ ਵਿਚਕਾਰ ਹੀ ਵਪਾਰ ਬਹੁਤ ਹੀ ਘੱਟ ਹੋਇਆ ਹੈ; ਇਸ ਸੰਸਥਾ ਦੇ ਉਦੇਸ਼ ਅਨੁਸਾਰ ਇਸ ਵਿਚ ਕੋਈ ਵਾਧਾ ਨਹੀਂ ਹੋਇਆ। 1947 ਤੋਂ ਪਹਿਲਾਂ ਭਾਰਤ ਦੇ ਇਕ ਖੇਤਰ ਜਾਂ ਇਕ ਸ਼ਹਿਰ ਤੋਂ ਪਾਕਿਸਤਾਨ ਬਣੇ ਕਿਸੇ ਵੀ ਸ਼ਹਿਰ ਜਾਂ ਖੇਤਰ ਵਿਚ ਵਪਾਰ ਵਿਚ ਕੋਈ ਰੁਕਾਵਟ ਨਹੀਂ ਸੀ ਅਤੇ ਉਹ ਵੱਡੀ ਮਾਤਰਾ ਵਿਚ ਹੋ ਰਿਹਾ ਸੀ। 1947 ਵਿਚ ਵੀ 70 ਫੀਸਦੀ ਵਪਾਰ ਇਨ੍ਹਾਂ ਦੋਵਾਂ ਦੇਸ਼ਾਂ ਵਿਚ ਹੁੰਦਾ ਰਿਹਾ ਸੀ। 1948 ਵਿਚ ਵੀ ਪਾਕਿਸਤਾਨ ਭਾਰਤ ਤੋਂ 70 ਫੀਸਦੀ ਵਸਤੂਆਂ ਮੰਗਵਾਉਂਦਾ ਸੀ ਜਦੋਂ ਕਿ ਭਾਰਤ ਪਾਕਿਸਤਾਨ ਤੋਂ 63 ਫੀਸਦੀ ਵਸਤੂਆਂ ਦੀ ਦਰਾਮਦ ਕਰਦਾ ਸੀ। 1948-49 ਵਿਚ ਭਾਰਤ ਪਾਕਿਸਤਾਨ ਵਿਚ 184.06 ਕਰੋੜ ਰੁਪਏ ਦਾ ਵਪਾਰ ਹੋਇਆ ਪਰ ਉਸ ਤੋਂ ਬਾਅਦ ਇਹ ਲਗਾਤਾਰ ਘਟਦਾ ਗਿਆ ਅਤੇ 1960 ਵਿਚ ਇਨ੍ਹਾਂ ਦੋਵਾਂ ਦੇਸ਼ਾਂ ਵਿਚ ਸਿਰਫ਼ 10.53 ਕਰੋੜ ਰੁਪਏ ਦਾ ਵਪਾਰ ਹੋਇਆ ਜਿਹੜਾ 1965 ਵਿਚ ਭਾਰਤ ਅਤੇ ਪਾਕਿਸਤਾਨ ਦਰਮਿਆਨ ਲੱਗੀ ਜੰਗ ਤੋਂ ਬਾਅਦ ਬਿਲਕੁਲ ਠੱਪ ਹੋ ਗਿਆ।

1974 ਵਿਚ ਦੋਵਾਂ ਦੇਸ਼ਾਂ ਵਿਚ ਦੁਬਾਰਾ ਵਪਾਰ ਸ਼ੁਰੂ ਕੀਤਾ ਗਿਆ ਅਤੇ ਕੌਮਾਂਤਰੀ ਪੱਧਰ 'ਤੇ ਇਸ ਆਪਸੀ ਵਪਾਰ ਦੇ ਮਿਲਣ ਵਾਲੇ ਲਾਭਾਂ ਕਰ ਕੇ ਇਸ ਨੂੰ ਵਧਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਪਰ ਸਿਆਸੀ ਤਣਾਅ ਫਿਰ ਵੱਡੀ ਰੁਕਾਵਟ ਬਣਦੀ ਰਹੀ। 1995 ਵਿਚ 'ਸਾਰਕ' ਦੇਸ਼ਾਂ ਵਿਚ 'ਸਾਫਟਾ' ਨਾਂ ਦਾ ਇਕ ਹੋਰ ਸਮਝੌਤਾ ਹੋਇਆ ਜਿਸ ਵਿਚ ਤਜਵੀਜ਼ ਕੀਤਾ ਗਿਆ ਕਿ 'ਸਾਰਕ' ਮੈਂਬਰ ਦੇਸ਼ ਆਪਣੇ ਮੈਂਬਰ ਦੇਸ਼ਾਂ ਦੇ ਵਪਾਰ ਨੂੰ ਤਰਜੀਹ ਦੇਣ। ਭਾਰਤ ਨੇ ਪਾਕਿਸਤਾਨ ਨੂੰ ਇਕ ਦਮ 'ਬਹੁਤ ਤਰਜੀਹੀ ਦੇਸ਼' ਦਾ ਦਰਜਾ ਦੇ ਦਿੱਤਾ ਪਰ ਪਾਕਿਸਤਾਨ ਨੇ ਭਾਰਤ ਨੂੰ ਉਹ ਦਰਜਾ ਸਿਰਫ਼ 2013 ਵਿਚ ਆ ਕੇ ਦਿੱਤਾ। 2019 ਵਿਚ ਜਦੋਂ ਜੰਮੂ ਕਸ਼ਮੀਰ ਦਾ ਵਿਸ਼ੇਸ਼ ਦਰਜਾ ਰੱਦ ਕਰ ਦਿੱਤਾ ਗਿਆ ਤਾਂ ਪਾਕਿਸਤਾਨ ਨੇ ਫਿਰ ਇਹ ਦਰਜਾ ਵਾਪਿਸ ਲੈ ਲਿਆ ਅਤੇ ਵਪਾਰ ਫਿਰ ਠੱਪ ਹੋ ਗਿਆ।

ਵਪਾਰ ਦੇ ਬੰਦ ਹੋਣ ਨਾਲ ਜਿੱਥੇ ਭਾਰਤ ਨੂੰ 4.2 ਕਰੋੜ ਡਾਲਰ ਦਾ ਨੁਕਸਾਨ ਹੋਇਆ, ਉੱਥੇ 50 ਹਜ਼ਾਰ ਵਿਅਕਤੀਆਂ ਦਾ ਰੁਜ਼ਗਾਰ ਪ੍ਰਭਾਵਿਤ ਹੋਇਆ। ਇਸ ਤੋਂ ਇਸ ਗੱਲ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਜੇ ਸੰਸਾਰ ਬੈਂਕ ਦੀ ਰਿਪੋਰਟ ਅਨੁਸਾਰ ਇਹੋ ਵਪਾਰ 37 ਅਰਬ ਡਾਲਰ 'ਤੇ




ਪਹੁੰਚ ਜਾਵੇ ਕਿ ਕਿੰਨੀ ਵੱਡੀ ਮਾਤਰਾ ਵਿਚ ਰੁਜ਼ਗਾਰ ਪੈਦਾ ਹੋ ਸਕਦਾ ਹੈ ਅਤੇ ਕਿੰਨੀ ਆਸਾਨੀ ਨਾਲ ਸਸਤੀਆਂ ਵਸਤੂਆਂ ਇਕ ਦੂਜੇ ਦੇਸ਼ ਵਿਚ ਆ ਅਤੇ ਜਾ ਸਕਦੀਆਂ ਹਨ ਜਿਨ੍ਹਾਂ ਨੂੰ ਦੁਨੀਆ ਦੇ ਹੋਰ ਕਿਸੇ ਵੀ ਦੇਸ਼ ਤੋਂ ਲਿਆਉਣ ਲਈ ਕਿੰਨੀ ਉੱਚੀ ਲਾਗਤ ਦੇਣੀ ਪੈਂਦੀ ਹੈ, ਖਾਸਕਰ ਖੇਤੀ ਆਧਾਰਿਤ ਵਸਤੂਆਂ ਜਿਨ੍ਹਾਂ ਵਿਚ ਦੋਵਾਂ ਹੀ ਦੇਸ਼ਾਂ ਦੀ ਖਾਸ ਵਿਸ਼ਿਸ਼ਟਾਈ ਹੈ ਅਤੇ ਵੱਖ-ਵੱਖ ਖੇਤਰਾਂ ਵਿਚ ਵੱਖ-ਵੱਖ ਤਰ੍ਹਾਂ ਦੀਆਂ ਵਸਤੂਆਂ ਮਿਲਦੀਆਂ ਹਨ।

ਕੁਝ ਸਮਾਂ ਪਹਿਲਾਂ ਪਾਕਿਸਤਾਨ ਦੇ ਪਿਛਲੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਕਿਹਾ ਸੀ ਕਿ ਪਾਕਿਸਤਾਨ ਭਾਰਤ ਤੋਂ ਖੰਡ ਨਹੀਂ ਖਰੀਦੇਗਾ। ਭਾਰਤ ਤੋਂ ਖੰਡ ਨਾ ਖਰੀਦਣ ਨਾਲ ਭਾਵੇਂ ਇਮਰਾਨ ਖ਼ਾਨ ਜਾਂ ਉਸ ਦੀ ਕੈਬਨਿਟ ਦੇ ਮੰਤਰੀਆਂ ਦਾ ਤਾਂ ਕੋਈ ਨੁਕਸਾਨ ਨਹੀਂ ਹੋਵੇਗਾ ਜਾਂ ਉਹ ਉੱਚੀਆਂ ਕੀਮਤਾਂ ਉਨ੍ਹਾਂ ਨੂੰ ਤਾਂ ਪ੍ਰਭਾਵਿਤ ਨਹੀਂ ਕਰਨਗੀਆਂ ਪਰ ਆਮ ਵਿਅਕਤੀ ਜਿਸ ਨੂੰ ਉਹੋ ਖੰਡ 50 ਰੁਪਏ ਕਿਲੋ ਦੀ ਬਜਾਇ 100 ਰੁਪਏ ਕਿਲੋ ਖਰੀਦਣੀ ਪਵੇਗੀ, ਉਹ ਕਿੰਨਾ ਜ਼ਿਆਦਾ ਪ੍ਰਭਾਵਿਤ ਹੋਵੇਗਾ ਕਿਉਂ ਜੋ ਉਸ ਸਰਕਾਰ ਦਾ ਭਾਰਤ ਤੋਂ ਖੰਡ ਨਾ ਖਰੀਦਣ ਦਾ ਫੈਸਲਾ ਕਿਸੇ ਆਰਥਿਕ ਆਧਾਰ 'ਤੇ ਨਹੀਂ ਸਗੋਂ ਸਿਆਸੀ ਤਣਾਅ ਦੀ ਵਜ੍ਹਾ ਕਰ ਕੇ ਕੀਤਾ ਗਿਆ ਸੀ। ਹੋਰ ਵਸਤੂਆਂ ਦੀਆਂ ਕੀਮਤਾਂ ਵਿਚ ਵਾਧਾ ਇਸ ਵਪਾਰ ਦੀ ਅਣਹੋਂਦ ਕਰਕੇ ਉੱਥੋਂ ਦੇ ਖਰੀਦਦਾਰਾਂ ਨੂੰ ਪ੍ਰਭਾਵਿਤ ਕਰਦਾ ਹੈ।

1995 ਵਿਚ ਜਦੋਂ ਸੰਸਾਰ ਵਪਾਰ ਸੰਸਥਾ ਹੋਂਦ ਵਿਚ ਆਈ ਤਾਂ ਭਾਰਤ ਦੇ ਬਹੁਤ ਸਾਰੇ ਨੀਤੀਵਾਨ ਇਸ ਦਾ ਮੈਂਬਰ ਬਣਨ ਦੇ ਹੱਕ ਵਿਚ ਨਹੀਂ ਸਨ; ਉਹ ਮਹਿਸੂਸ ਕਰਦੇ ਸਨ ਕਿ ਭਾਰਤ ਵਿਕਸਤ ਦੇਸ਼ਾਂ ਨੂੰ ਮਿਲੀਆਂ ਖੁੱਲ੍ਹਾਂ ਕਰ ਕੇ ਪ੍ਰਭਾਵਿਤ ਹੋਵੇਗਾ ਅਤੇ ਇਸ ਨਾਲ ਖੇਤੀ ਤੇ ਉਦਯੋਗਿਕ ਵਿਕਾਸ ਵਿਚ ਰੁਕਾਵਟਾਂ ਆਉਣਗੀਆਂ ਕਿਉਂ ਜੋ ਵਿਕਸਤ ਦੇਸ਼ਾਂ ਦੀਆਂ ਉਦਯੋਗਿਕ ਅਤੇ ਖੇਤੀ ਵਸਤੂਆਂ ਜੇ ਭਾਰਤ ਆ ਕੇ ਵਿਕਣ ਲੱਗ ਪਈਆਂ ਤਾਂ ਭਾਰਤ ਦੀਆਂ ਵਸਤੂਆਂ ਕਿਥੇ ਵਿਕਣਗੀਆਂ। ਫਿਰ ਭਾਰਤ ਇਸ ਸੰਸਥਾ ਦਾ ਮੈਂਬਰ ਬਣ ਗਿਆ ਕਿਉਂ ਜੋ ਜੇ ਉਹ ਮੈਂਬਰ ਨਾ ਬਣਦਾ ਤਾਂ ਉਸ ਨੇ ਦੁਨੀਆ ਦੇ ਕਰੀਬ 125 ਦੇਸ਼ਾਂ ਜਿਨ੍ਹਾਂ ਨਾਲ ਉਸ ਦਾ ਵਪਾਰ ਚੱਲ ਰਿਹਾ ਸੀ, ਤੋਂ ਅਲੱਗ-ਥਲੱਗ ਹੋ ਜਾਣਾ ਸੀ। ਪਾਕਿਸਤਾਨ ਵੀ ਇਸ ਸੰਸਥਾ ਦਾ ਮੈਂਬਰ ਬਣ ਗਿਆ ਪਰ ਸਮੇਂ ਨਾਲ ਇਹ ਸਾਬਤ ਹੋਇਆ ਕਿ ਇਸ ਸੰਸਥਾ ਦਾ ਮੈਂਬਰ ਬਣਨ ਨਾਲ ਭਾਰਤ ਦਾ ਵਪਾਰ ਵੱਡੀ ਮਾਤਰਾ ਵਿਚ ਵਧਿਆ।

1996 ਵਿਚ ਭਾਰਤ ਦਾ ਦੁਨੀਆ ਦੇ ਕੌਮਾਂਤਰੀ ਵਪਾਰ ਵਿਚ ਸਿਰਫ਼ 0.64 ਫੀਸਦੀ ਹਿੱਸਾ ਸੀ ਪਰ 2013 ਵਿਚ ਇਹ ਵਧਦਾ ਹੋਇਆ 2.06 ਫੀਸਦੀ ਹੋ ਗਿਆ ਪਰ ਇਸ ਵਿਚ ਭਾਵੇਂ ਭਾਰਤ ਦੀ ਬਰਾਮਦ ਵਿਚ ਵੀ ਵੱਡਾ ਵਾਧਾ ਹੋਇਆ ਪਰ ਦਰਾਮਦ ਵਿਚ ਵਾਧਾ ਬਰਾਮਦ ਤੋਂ ਬਹੁਤ ਜ਼ਿਆਦਾ ਸੀ ਜਿਸ ਕਰ ਕੇ ਇਸ ਦਾ ਵਪਾਰ ਸੰਤੁਲਨ ਭਾਰਤ ਦੇ ਹੋਰ ਉਲਟ ਹੋ ਗਿਆ। ਦੁਨੀਆ ਦੇ ਵਪਾਰ ਵਿਚ ਡਾਲਰ ਦੀ ਕਰੰਸੀ ਨੂੰ 82 ਦੇਸ਼ਾਂ ਵਿਚ ਵਪਾਰ ਦੀ ਕਰੰਸੀ ਵਜੋਂ ਵਰਤਿਆ ਜਾਂਦਾ ਹੈ, ਡਾਲਰ ਦੀ ਕੀਮਤ ਭਾਰਤ ਦੇ ਰੁਪਏ ਦੇ ਮੁਕਾਬਲੇ 'ਤੇ ਬਹੁਤ ਵਧ ਗਈ ਹੈ ਪਰ ਪਾਕਿਸਤਾਨ ਨੂੰ ਸੰਸਾਰ ਵਪਾਰ ਸੰਸਥਾ ਦਾ ਮੈਂਬਰ ਬਣਨ ਤੋਂ ਬਾਅਦ ਵੀ ਕੋਈ ਲਾਭ ਨਾ ਹੋਇਆ ਜਦੋਂ ਉਸ ਦਾ ਕੌਮਾਂਤਰੀ ਵਪਾਰ ਵਿਚ ਹਿੱਸਾ ਹੋਰ ਘਟ ਗਿਆ। 1996 ਵਿਚ ਪਾਕਿਸਤਾਨ ਦਾ ਕੌਮਾਂਤਰੀ ਵਪਾਰ ਵਿਚ ਹਿੱਸਾ 0.19 ਫੀਸਦੀ ਸੀ ਪਰ 2013 ਵਿਚ ਉਹ ਘਟ ਕੇ 0.17 ਫੀਸਦੀ ਰਹਿ ਗਿਆ ਜਿਸ ਵਿਚ ਉਸ ਦੀ ਬਰਾਮਦ ਘਟ ਕੇ ਸਿਰਫ਼ 0.13 ਫੀਸਦੀ ਰਹਿ ਗਈ। ਉਸ ਦਾ ਵਪਾਰ ਸੰਤੁਲਨ ਉਸ ਦੇ ਉਲਟ ਹੋਣ ਕਰ ਕੇ ਡਾਲਰ ਦੀ ਕਰੰਸੀ ਭਾਰਤੀ ਰੁਪਏ ਤੋਂ ਕਿਤੇ ਜ਼ਿਆਦਾ ਮਹਿੰਗੀ ਹੋ ਗਈ; ਭਾਰਤ ਤੇ ਪਾਕਿਸਤਾਨ ਸਾਰਕ ਅਤੇ ਸੰਸਾਰ ਵਪਾਰ ਸੰਸਥਾ ਦੇ ਮੈਂਬਰ ਹਨ ਜਿਨ੍ਹਾਂ ਦਾ ਮੁੱਖ ਉਦੇਸ਼ ਮੈਂਬਰ ਦੇਸ਼ਾਂ ਵਿਚ ਵਪਾਰ ਦਾ ਵਾਧਾ ਕਰਨਾ ਹੈ ਪਰ ਇਨ੍ਹਾਂ ਦੋਵਾਂ ਦੇਸ਼ਾਂ ਦਾ ਵਪਾਰ ਵਧਣ ਦੀ ਬਜਾਇ ਘਟਦਾ ਗਿਆ।

ਕੌਮਾਂਤਰੀ ਵਪਾਰ ਦੇ ਲਾਭ ਨਾ ਲਏ ਜਾਣ ਕਰ ਕੇ ਦੋਵਾਂ ਦੇਸ਼ਾਂ ਦੇ ਵਿਕਾਸ ਵਿਚ ਰੁਕਾਵਟਾਂ, ਖਪਤਕਾਰਾਂ ਨੂੰ ਮਹਿੰਗੀਆਂ ਵਸਤੂਆਂ ਦਾ ਮਿਲਣਾ ਅਤੇ ਬੇਰੁਜ਼ਗਾਰੀ ਦਾ ਵਧਣਾ ਉਹ ਸਿੱਟੇ ਹਨ ਜਿਨ੍ਹਾਂ ਨੂੰ ਵਪਾਰ ਵਧਾਉਣ ਨਾਲ ਕਾਫ਼ੀ ਹੱਦ ਤਕ ਸੁਧਾਰਿਆ ਜਾ ਸਕਦਾ ਹੈ। ਜੇ ਯੂਰਪੀ ਦੇਸ਼ਾਂ ਦੀ ਸੰਸਥਾ ਦਾ ਅਧਿਐਨ ਕਰੀਏ ਤਾਂ ਉਨ੍ਹਾਂ ਦੇਸ਼ਾਂ ਦਾ 70 ਫੀਸਦੀ ਵਪਾਰ ਯੂਰਪੀ ਯੂਨੀਅਨ ਦੇ ਦੇਸ਼ਾਂ ਵਿਚ ਹੁੰਦਾ ਹੈ। ਉਸ ਸੰਸਥਾ ਦੇ ਕਈ ਦੇਸ਼ਾਂ ਵਿਚ ਵੀ ਸਿਆਸੀ ਤਣਾਅ ਤਾਂ ਹਨ ਪਰ ਉਨ੍ਹਾਂ ਦਾ ਉਨ੍ਹਾਂ ਦੇਸ਼ਾਂ ਦੇ ਵਪਾਰ 'ਤੇ ਕੋਈ ਪ੍ਰਭਾਵ ਨਹੀਂ। ਅਮਰੀਕਾ ਅਤੇ ਚੀਨ ਵਿਚ ਵੱਡੇ ਸਿਆਸੀ ਤਣਾਅ ਪਿਛਲੇ ਲੰਮੇ ਸਮੇਂ ਤੋਂ ਚੱਲ ਰਹੇ ਹਨ ਪਰ ਜਿੰਨਾ ਵਪਾਰ ਅਮਰੀਕਾ ਅਤੇ ਚੀਨ ਵਿਚ ਹੋ ਰਿਹਾ ਹੈ, ਓਨਾ ਵਪਾਰ ਹੋਰ ਕਿਸੇ ਵੀ ਦੇਸ਼ ਵਿਚ ਨਹੀਂ ਹੁੰਦਾ।

ਪਾਕਿਸਤਾਨ ਭਾਰਤ ਤੋਂ ਕਪਾਹ ਮੰਗਵਾ ਕੇ ਆਪਣੇ ਕਾਰਖਾਨਿਆਂ ਵਿਚ ਵਰਤਦਾ ਹੈ, ਜੇ ਵਪਾਰ ਵਧਦਾ ਹੈ ਤਾਂ ਉਨ੍ਹਾਂ ਕਾਰਖਾਨਿਆਂ ਦੇ ਕਿਰਤੀਆਂ ਦਾ ਰੁਜ਼ਗਾਰ ਵਧਦਾ ਹੈ। ਇਸ ਤਰ੍ਹਾਂ ਹੀ ਭਾਰਤ ਪਾਕਿਸਤਾਨ ਤੋਂ ਸੀਮਿੰਟ ਮੰਗਵਾ ਕੇ ਉਸਾਰੀ ਦੇ ਕੰਮਾਂ ਵਿਚ ਵਰਤਦਾ ਹੈ। ਦੋਵੇਂ ਹੀ ਖੇਤੀ ਆਧਾਰਿਤ ਦੇਸ਼ ਹਨ ਪਰ ਭੂਗੋਲਿਕ ਵਖਰੇਵਾਂ ਹੋਣ ਕਰ ਕੇ ਉਪਜਾਂ ਦਾ ਫ਼ਰਕ ਹੈ, ਦੋਵੇਂ ਦੇਸ਼ ਸਬਜ਼ੀਆਂ ਵਰਗੀਆਂ ਵਸਤੂਆਂ ਦੀ ਬਰਾਮਦ-ਦਰਾਮਦ ਕਰ ਕੇ ਜਿੰਨੀਆਂ ਸਸਤੀਆਂ ਵਸਤਾਂ ਮੰਗਵਾ ਸਕਦੇ ਹਨ ਹੋਰ ਕਿਸੇ ਦੇਸ਼ ਤੋਂ ਨਹੀਂ ਕਰ ਸਕਦੇ। ਉਮੀਦ ਕੀਤੀ ਜਾਂਦੀ ਹੈ ਕਿ ਧਿਆਨ ਸਿਆਸਤ ਛੱਡ ਕੇ ਵਪਾਰ 'ਤੇ ਕੇਂਦਰਿਤ ਕੀਤਾ ਜਾਵੇਗਾ।

# ਪੰਜਾਬ ਤੋਂ ਵਿਦੇਸ਼ ਜਾ ਰਹੀ ਦੌਲਤ

ਸਦੀਆਂ ਤੋਂ ਸਾਰੇ ਹੀ ਉਦਮੀ ਭਾਈਚਾਰੇ ਬਹੁਤ ਵੱਡੇ ਘੁਮੱਕੜ/ਮੁਸਾਫ਼ਿਰ ਰਹੇ ਹਨ। ਤਬਦੀਲੀ, ਵਿਚਾਰਾਂ, ਮੌਕਿਆਂ ਤੇ ਸਫਲਤਾ ਦੀ ਰੁਮਕਦੀ ਹਵਾ ਵਾਸਤੇ ਮਨ ਦੀਆਂ ਖਿੜਕੀਆਂ ਖੋਲ੍ਹਣ ਲਈ ਆਧੁਨਿਕਤਾ ਵਾਸਤੇ ਗਤੀਸ਼ੀਲਤਾ ਦਾ ਹੋਣਾ ਸੰਭਿਅਤਾ ਦੀ ਅਗਾਊਂ ਸ਼ਰਤ ਹੈ। ਬਸਤੀਵਾਦੀ ਦੌਰ ਵਿਚਲੀ ਪਰਵਾਸੀ ਮਜ਼ਦੂਰੀ ਜਿਹੜੀ ਗੁਲਾਮੀ ਤੋਂ ਸਿਵਾ ਹੋਰ ਕੁਝ ਨਹੀਂ ਸੀ, ਤੋਂ ਬਾਅਦ ਦੋ ਜਾਂ ਤਿੰਨ ਭਾਈਚਾਰਿਆਂ ਨੇ ਰੁਜ਼ਗਾਰ ਲਈ ਸੱਤ ਸਮੁੰਦਰੋਂ ਪਾਰ ਜਾ ਕੇ ਆਪਣੇ ਪਰਿਵਾਰਾਂ ਦੀ ਜ਼ਿੰਦਗੀ ਬਿਹਤਰ ਬਣਾਉਣ ਲਈ ਰਕਮਾਂ ਭੇਜਦਿਆਂ ਭਾਰਤੀ ਉਦਮਸ਼ੀਲਤਾ ਦੀ ਮਿਸਾਲ ਪੇਸ਼

**ਰਾਜੇਸ਼ ਰਾਮਚੰਦਰਨ**

ਕੀਤੀ। ਇਸ ਪੱਖ ਤੋਂ ਆਪਣੀਆਂ ਪ੍ਰਾਪਤੀਆਂ ਦੇ ਮਾਮਲੇ ਵਿਚ ਪੰਜਾਬੀ ਅਤੇ ਗੁਜਰਾਤੀ ਭਾਈਚਾਰਿਆਂ ਦੀ ਸ਼ਾਨ ਵੱਖਰੀ ਹੈ; ਇੰਨਾ ਹੀ ਨਹੀਂ, ਇਹ ਦੋਵੇਂ ਭਾਈਚਾਰੇ ਤਾਂ ਪਰਵਾਸੀਆਂ ਵਿਚੋਂ ਆਲਮੀ ਆਗੂ ਦੇਣ ਵਿਚ ਵੀ ਆਪਣਾ ਯੋਗਦਾਨ ਪਾ ਰਹੇ ਹਨ।

ਦੁੱਖ ਦੀ ਗੱਲ ਹੈ ਕਿ ਆਪਣੇ ਪਿੰਡ ਨੂੰ ਅਮੀਰ ਬਣਾਉਣ ਲਈ ਦੁਨੀਆ ਭਰ ਪੈਂਠ ਪਾਉਣ ਵਾਲੇ ਸਖ਼ਤ ਜਾਨ ਪੰਜਾਬੀਆਂ ਦਾ ਇਹ ਰੁਝਾਨ ਹੁਣ ਉਲਟਾ ਹੋ ਰਿਹਾ ਹੈ। ਅੱਜ ਪੰਜਾਬੀ ਆਪਣੀਆਂ ਜ਼ਮੀਨਾਂ ਵੇਚ ਰਹੇ ਹਨ, ਆਪਣੀ ਬੱਚਤ ਲੇਖੇ ਲਾ ਰਹੇ ਹਨ, ਬੇਸ਼ੁਮਾਰ ਕਰਜ਼ੇ ਲੈ ਰਹੇ ਹਨ ਅਤੇ ਕਿਵੇਂ ਨਾ ਕਿਵੇਂ ਆਪਣੇ ਬੱਚਿਆਂ ਨੂੰ ਵਿਦੇਸ਼ੀ ਧਰਤੀਆਂ 'ਤੇ ਪਹੁੰਚਾਉਣ ਲਈ ਆਪਣੇ ਆਪ ਨੂੰ ਕੰਗਾਲ ਬਣਾ ਰਹੇ ਹਨ। ਪੰਜਾਬ ਵਿਚ 9 ਫੀਸਦੀ ਦੀ ਬੇਰੁਜ਼ਗਾਰੀ ਦਰਅਸਲ ਵਿਚ ਸੂਬੇ ਦੀ ਉਸ ਨਿਰਾਸ਼ਾ ਨੂੰ ਸਹੀ ਢੰਗ ਨਾਲ ਨਹੀਂ ਦਰਸਾਉਂਦੀ ਜੋ ਇਸ ਦੇ ਮੱਧ ਵਰਗ ਨੂੰ ਕਰਜ਼ੇ ਦੇ ਖਤਰਨਾਕ ਜਾਲ ਵਿਚ ਜਕੜ ਰਹੀ ਹੈ। ਇਸ ਮਾਯੂਸੀ ਦੀ ਸਭ ਤੋਂ ਉਘੜਵੀਂ ਮਿਸਾਲ ਉਨ੍ਹਾਂ ਪੰਜਾਬੀ ਵਿਦਿਆਰਥੀਆਂ ਦੀ ਕਹਾਣੀ ਹੈ ਜੋ ਆਪਣਾ ਡਾਕਟਰੀ ਦਾ ਕੋਰਸ ਪੂਰਾ ਕਰਨ ਲਈ ਯੂਕਰੇਨ ਪਰਤ ਗਏ ਹਨ।

ਵਿਦੇਸ਼ੀ ਮੈਡੀਕਲ ਗਰੈਜੂਏਟਸ ਦੇ ਦਾਖਲਾ ਟੈਸਟਾਂ ਵਿਚ ਬੈਠਣ ਵਾਲੇ ਸਾਰੇ ਵਿਦਿਆਰਥੀਆਂ ਵਿਚੋਂ ਬੀਤੇ 12 ਸਾਲਾਂ ਦੌਰਾਨ ਸਿਰਫ਼ 20 ਫੀਸਦੀ ਹੀ ਸਫਲ ਹੋਏ ਹਨ। ਇਸ ਦੇ ਬਾਵਜੂਦ ਮਾਪੇ ਔਸਤ ਦੇ ਕਾਨੂੰਨ ਦੇ ਖਿਲਾਫ਼ ਦਾਅ ਲਾਉਂਦੇ ਹੋਏ ਕਰਜ਼ੇ ਲੈ ਲੈ ਕੇ ਆਪਣੇ ਬੱਚਿਆਂ ਨੂੰ ਜੰਗ ਵਾਲੇ ਇਲਾਕੇ ਵਿਚ ਭੇਜ ਰਹੇ ਹਨ। ਮਹਿਜ਼ ਪੰਦਰ-ਵੀਹ ਦਿਨ ਪਹਿਲਾਂ ਹੀ ਫਿਕਰਮੰਦ ਮਾਪਿਆਂ ਨੇ ਇਸ ਅਖ਼ਬਾਰ ਨੂੰ ਦੱਸਿਆ ਸੀ ਕਿ ਉਨ੍ਹਾਂ ਆਪਣੇ ਬੱਚੇ ਨੂੰ ਯੂਕਰੇਨ ਭੇਜਣ ਲਈ 20 ਲੱਖ ਰੁਪਏ ਦਾ ਕਰਜ਼ ਲਿਆ ਹੈ। ਇਸ ਦੇ ਬਾਵਜੂਦ ਜੰਗ ਅਤੇ ਇਥੋਂ ਤੱਕ ਕਿ ਡਰਟੀ ਬੰਬ (ਪਰਮਾਣੂ ਬੰਬ) ਦੀਆਂ ਧਮਕੀਆਂ ਦੇ ਬਾਵਜੂਦ ਕਰੀਬ ਇਕ ਹਜ਼ਾਰ ਵਿਦਿਆਰਥੀ ਅਜੇ ਵੀ ਯੂਕਰੇਨ ਵਿਚ ਫਸੇ ਹੋਏ ਹਨ ਕਿਉਂਕਿ ਉਨ੍ਹਾਂ ਦਾ ਖਿਆਲ ਹੈ ਕਿ ਡਾਕਟਰੀ ਦੀ ਡਿਗਰੀ ਹਾਸਲ ਕਰਨ ਦਾ ਉਨ੍ਹਾਂ ਕੋਲ ਇਹੋ ਇਕੋ-ਇਕ ਚਾਰਾ ਹੈ।

ਇਹ ਸਭ ਕੁਝ ਬੇਲੋੜਾ ਹੋਣਾ ਸੀ ਜੇ ਸੂਬਾਈ ਅਤੇ ਕੇਂਦਰੀ ਸਰਕਾਰਾਂ ਨੇ ਪ੍ਰਾਈਵੇਟ ਨਾਗਰਿਕਾਂ (ਜਿਨ੍ਹਾਂ ਕੋਲ ਕੋਈ ਜਨਤਕ ਅਹੁਦਾ ਨਹੀਂ ਹੁੰਦਾ) ਨੂੰ ਆਪਣੇ ਵਸੀਲਿਆਂ ਦੀ ਬਿਹਤਰ ਵਰਤੋਂ ਵਿਚ ਮਦਦ ਕਰਨ ਵਾਸਤੇ ਕੋਈ ਵਧੀਆ ਯੋਜਨਾਬੰਦੀ ਕੀਤੀ ਹੁੰਦੀ। ਯੋਜਨਾਬੰਦੀ ਸਿਰਫ਼ ਜਨਤਕ ਵਸੀਲਿਆਂ ਨੂੰ ਹੀ ਸ਼ਾਮਲ ਨਹੀਂ ਕਰਦੀ ਸਗੋਂ ਇਸ ਨੂੰ ਪ੍ਰਾਈਵੇਟ ਨਿਵੇਸ਼ ਲਈ ਵੀ ਮੌਕੇ ਅਤੇ ਰਸਤੇ ਮੁਹੱਈਆ ਕਰਨੇ ਚਾਹੀਦੇ ਹਨ। ਇਸ ਸਬੰਧ ਵਿਚ ਅਸੀਂ ਮੈਡੀਕਲ ਗਰੈਜੂਏਟ ਡਿਗਰੀਆਂ ਦੀ ਉਦਾਹਰਨ ਲੈਂਦੇ ਹਾਂ। ਯੂਕਰੇਨ ਵਿਚ ਪੰਜਾਬੀ ਮਾਪਿਆਂ ਨੇ ਇਸ ਤੋਂ ਵੀ ਵੱਡੇ ਨਿਵੇਸ਼ ਲਈ 20 ਲੱਖ ਰੁਪਏ ਦਾ ਕਰਜ਼ਾ ਪੰਜਾਬ ਵਿਚ ਅਜਿਹਾ ਵਿਦਿਅਕ ਨਿਵੇਸ਼ ਕਰਨ ਦੇ ਮੌਕਿਆਂ ਦੀ ਘਾਟ ਕਾਰਨ ਲਿਆ ਸੀ। ਨੈਸ਼ਨਲ ਮੈਡੀਕਲ ਕਮਿਸ਼ਨ ਦੇ ਨਵੇਂ ਨਿਯਮ ਇਸ ਗੱਲ 'ਤੇ ਜ਼ੋਰ ਦਿੰਦੇ ਹਨ ਕਿ ਪ੍ਰਾਈਵੇਟ ਮੈਡੀਕਲ ਕਾਲਜ ਸ਼ੁਰੂ ਕਰਨ ਲਈ 300 ਬਿਸਤਰਿਆਂ ਦਾ ਪੂਰੀ ਤਰ੍ਹਾਂ ਕੰਮ ਕਰਦਾ ਹਸਪਤਾਲ ਹੋਣਾ ਚਾਹੀਦਾ ਹੈ। ਉਂਝ ਕਮਿਸ਼ਨ ਨੇ ਪ੍ਰਾਈਵੇਟ ਮੈਡੀਕਲ ਕਾਲਜ ਲਈ ਮਨਜ਼ੂਰੀ ਦੇਣ ਵਾਸਤੇ ਵੱਡੇ ਸ਼ਹਿਰਾਂ ਵਿਚ 10 ਏਕੜ ਅਤੇ ਹੋਰ ਥਾਈਂ 20 ਏਕੜ ਜ਼ਮੀਨ ਦੀ ਨਾਵਾਜਿਬ ਸ਼ਰਤ ਨੂੰ ਖ਼ਤਮ ਕਰ ਦਿੱਤਾ ਹੈ। ਅਜਿਹੇ ਕਾਇਦੇ-ਕਾਨੂੰਨ ਹੋਣ ਦੀ ਸੂਰਤ ਵਿਚ ਬਹੁਤ ਸਾਰੇ ਬੱਚਿਆਂ ਕੋਲ ਵਧੀਆ ਡਿਗਰੀ ਹਾਸਲ ਕਰਨ ਵਾਸਤੇ ਜੰਗ-ਮਾਰੇ ਖੇਤਰਾਂ ਵਿਚ ਜਾਣ ਤੋਂ ਇਲਾਵਾ ਕੋਈ ਚਾਰਾ ਨਹੀਂ ਬਚਦਾ।

ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਆਪਣੇ ਵਿਦਿਆਰਥੀਆਂ ਲਈ ਬਿਹਤਰ ਵਿਦਿਅਕ ਹੱਲ ਮੁਹੱਈਆ ਕਰਾਉਣ ਲਈ ਲੀਕ ਤੋਂ ਹਟ ਕੇ ਸੋਚਣਾ ਸ਼ੁਰੂ ਕਰੇ। ਮੈਡੀਕਲ ਸਿੱਖਿਆ ਦੇ ਮਾਮਲੇ ਵਿਚ ਸਭ ਤੋਂ ਆਸਾਨ ਤਰੀਕਾ ਪਬਲਿਕ-ਪ੍ਰਾਈਵੇਟ-ਭਾਈਵਾਲੀ (ਪੀ.ਪੀ.ਪੀ.) ਮਾਡਲ ਅਪਣਾਉਣ ਦਾ ਹੈ ਜਿਸ ਤਹਿਤ ਸਰਕਾਰ ਜ਼ਿਲ੍ਹਾ ਅਤੇ ਤਹਿਸੀਲ ਪੱਧਰ ਦੇ ਸਰਕਾਰੀ ਹਸਪਤਾਲਾਂ ਨੂੰ ਅਧਿਆਪਨ ਸਹੂਲਤਾਂ ਦੇਣ ਲਈ ਪੇਸ਼ ਕਰ ਕੇ ਪ੍ਰਾਈਵੇਟ ਮੈਡੀਕਲ ਕਾਲਜਾਂ ਨੂੰ ਇਕ ਤਰ੍ਹਾਂ ਆਪਣੇ ਹੱਥਾਂ ਵਿਚ ਰੱਖ ਸਕੇਗੀ। ਫਿਰ ਜਿਹੜੀਆਂ ਪ੍ਰਾਈਵੇਟ ਯੂਨੀਵਰਸਿਟੀਆਂ ਪੀ.ਪੀ.ਪੀ. ਸਮਝੌਤਾ ਕਰਨਾ ਚਾਹੁਣਗੀਆਂ, ਉਨ੍ਹਾਂ ਤੋਂ ਜ਼ਾਹਰਾ ਤੌਰ 'ਤੇ ਇਨ੍ਹਾਂ ਸਰਕਾਰੀ ਹਸਪਤਾਲਾਂ ਵਿਚ ਬੁਨਿਆਦੀ ਢਾਂਚੇ ਵਿਚ ਸੁਧਾਰ ਦੀ ਉਮੀਦ ਕੀਤੀ ਜਾਵੇਗੀ ਜੋ ਉਹ ਇਨ੍ਹਾਂ ਹਸਪਤਾਲਾਂ ਤੋਂ ਉਨ੍ਹਾਂ ਨੂੰ ਮਿਲਣ ਵਾਲੀਆਂ ਸਹੂਲਤਾਂ ਦੇ ਬਦਲੇ ਕਰਨਗੀਆਂ। ਪੰਜਾਬ ਵਿਚ ਕਈ ਨਾਮਵਰ ਪ੍ਰਾਈਵੇਟ ਯੂਨੀਵਰਸਿਟੀਆਂ ਹਨ ਅਤੇ ਸਰਕਾਰ ਨੂੰ ਚਾਹੀਦਾ ਹੈ ਕਿ ਉਹ 300 ਬਿਸਤਰਿਆਂ ਵਾਲੇ ਗਰੀਨਫੀਲਡ ਕਾਲਜਾਂ 'ਤੇ ਜ਼ੋਰ ਦੇਣ ਦੀ ਬਜਾਇ ਇਨ੍ਹਾਂ ਯੂਨੀਵਰਸਿਟੀਆਂ ਨੂੰ ਸਰਕਾਰੀ ਹਸਪਤਾਲਾਂ ਦੀ ਵਰਤੋਂ ਕਰਦੇ ਹੋਏ ਮੈਡੀਕਲ ਕੋਰਸ ਕਰਵਾਉਣ ਲਈ ਉਤਸ਼ਾਹਿਤ ਕਰੇ ਕਿਉਂਕਿ 300 ਬਿਸਤਰਿਆਂ ਵਾਲੀ ਸ਼ਰਤ ਬਹੁਤ ਸਾਰੇ ਪ੍ਰਾਈਵੇਟ ਕਾਰੋਬਾਰੀਆਂ ਨੂੰ ਇਸ ਖੇਤਰ 'ਚ ਦਾਖਲ ਹੋਣ ਤੋਂ ਰੋਕ ਰਹੀ ਹੈ।

ਯਕੀਨਨ, ਕੇਂਦਰ ਸਰਕਾਰ ਬੜੇ ਲੰਮੇ ਸਮੇਂ ਤੋਂ ਜ਼ਿਲ੍ਹਾ ਹਸਪਤਾਲਾਂ ਨੂੰ ਮੈਡੀਕਲ ਕਾਲਜਾਂ ਵਜੋਂ ਅਪਗ੍ਰੇਡ ਕਰਨ ਦੀ ਯੋਜਨਾ ਬਣਾ ਰਹੀ ਹੈ ਪਰ ਜੇ ਸੂਬਾਈ ਸਰਕਾਰਾਂ ਪੀ.ਪੀ.ਪੀ. ਮਾਡਲ ਅਪਣਾਉਂਦੀਆਂ ਹਨ ਤਾਂ ਉਨ੍ਹਾਂ ਨੂੰ ਕਰੀਬ ਸਾਰੇ ਜ਼ਿਲ੍ਹਿਆਂ ਵਿਚ ਘਰ ਘਰ ਤੱਕ ਵਿਦਿਅਕ ਸਹੂਲਤਾਂ ਪਹੁੰਚਾਉਣ ਤੇ ਵਿਕਸਤ ਕਰਨ ਲਈ ਕੇਂਦਰ ਦੀਆਂ ਗਰਾਂਟਾਂ ਦੀ ਉਡੀਕ ਨਹੀਂ ਕਰਨੀ ਪਵੇਗੀ। ਅਫ਼ਸੋਸ ਕਿ ਦੇਸ਼ ਭਰ ਦੀਆਂ ਵਿਚ ਹੀ ਰਾਜ ਸਰਕਾਰਾਂ ਨੇ ਇਸ ਤੱਥ ਨੂੰ ਲਗਾਤਾਰ ਨਜ਼ਰਅੰਦਾਜ਼ ਕੀਤਾ ਹੈ ਕਿ ਸਿੱਖਿਆ ਰਾਜਾਂ ਦਾ (ਰਾਜ ਸੂਚੀ ਦਾ) ਵਿਸ਼ਾ ਹੈ। ਇਸ ਦੇ ਨਾਲ ਹੀ, ਸਰਕਾਰੀ ਮੈਡੀਕਲ ਕਾਲਜਾਂ ਵਿਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਲਈ ਵੀ ਇਹ ਸਮਝਣਾ ਜ਼ਰੂਰੀ ਹੈ ਕਿ ਉਹ ਇਸ ਸਹੂਲਤ ਬਦਲੇ ਸਮਾਜ/ਭਾਈਚਾਰੇ ਦੇ ਕਿੰਨੇ ਕਰਜ਼ਦਾਰ ਹਨ। ਉਨ੍ਹਾਂ ਨੂੰ ਸਰਕਾਰੀ ਬਾਂਡਾਂ ਤੋਂ ਭੱਜਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ, ਜਿਵੇਂ ਹਰਿਆਣਾ ਦੇ ਸਰਕਾਰੀ ਮੈਡੀਕਲ ਕਾਲਜਾਂ ਵਿਚ ਦਾਖਲ ਹੋਏ ਵਿਦਿਆਰਥੀਆਂ ਦੇ ਮਾਮਲੇ ਵਿਚ ਵਾਪਰਿਆ ਹੈ। ਜਦੋਂ ਕੋਈ ਸਰਕਾਰ ਟੈਕਸ ਦੇਣ ਵਾਲਿਆਂ ਦੇ ਪੈਸੇ ਨੂੰ ਉਨ੍ਹਾਂ ਦੀ ਸਿੱਖਿਆ 'ਤੇ ਖਰਚ ਕਰਦੀ ਹੈ ਤਾਂ ਉਸ ਵੱਲੋਂ ਇਨ੍ਹਾਂ ਨੌਜਵਾਨ ਡਾਕਟਰਾਂ ਤੋਂ ਕੁਝ ਸਾਲਾਂ ਲਈ ਸੂਬੇ ਦੇ ਪੇਂਡੂ ਖੇਤਰਾਂ ਵਿਚ ਸੇਵਾ ਦੀ ਮੰਗ ਕਰਨੀ ਬਿਲਕੁਲ ਵਾਜਿਬ ਹੈ।

ਉਂਝ, ਨਕਦੀ ਦਾ ਵਹਾਅ ਮਹਿਜ਼ ਮੈਡੀਕਲ ਸਿੱਖਿਆ ਤੱਕ ਸੀਮਤ ਨਹੀਂ। ਦਰਅਸਲ, ਹਿਊਮੈਨਿਟੀਜ਼ (ਮਾਨਵ ਜਾਤੀ ਨਾਲ ਸਬੰਧਿਤ ਵਿਗਿਆਨ) ਦੇ ਵਿਦਿਆਰਥੀ ਤਾਂ ਸਗੋਂ ਵਿਦੇਸ਼ਾਂ ਵਿਚਲੀਆਂ ਵੱਖ ਵੱਖ ਯੂਨੀਵਰਸਿਟੀਆਂ ਵਿਚ ਅਰਥ-ਸ਼ਾਸਤਰ, ਰਾਜਨੀਤੀ ਵਿਗਿਆਨ ਜਾਂ ਵਣਜ ਦੇ ਕੋਰਸਾਂ ਲਈ ਹੋਰ ਵੀ ਵੱਡੀਆਂ ਰਕਮਾਂ ਲੇਖੇ ਲਾ ਰਹੇ ਹਨ, ਉਹ ਵੀ ਉਦੋਂ ਜਦੋਂ ਇਸ ਦੇ ਬਦਲੇ ਕਿਸੇ ਵ੍ਹਾਈਟ-ਕਾਲਰ ਨੌਕਰੀ ਦਾ ਕੋਈ ਭਰੋਸਾ ਨਹੀਂ ਹੈ। ਇਕ ਸਹਿਕਰਮੀ/ਸਾਥੀ ਕੈਨੇਡਾ ਵਿਚ ਆਪਣੇ ਬੱਚੇ ਦੀ ਹਿਊਮੈਨਿਟੀਜ਼ ਸਟਰੀਮ ਵਿਚ ਪੜ੍ਹਾਈ ਲਈ ਪਹਿਲਾਂ ਹੀ 75 ਲੱਖ ਰੁਪਏ ਖ਼ਰਚ ਕਰ ਚੁੱਕਾ ਹੈ, ਜਦੋਂਕਿ ਨੌਜਵਾਨ ਨੂੰ ਅਜੇ ਵੀ ਇਸ ਬਾਰੇ ਕੋਈ ਪੱਕਾ ਭਰੋਸਾ ਨਹੀਂ ਕਿ ਉਹ ਕਿੱਥੇ ਜਾ ਰਿਹਾ ਹੈ। ਵਿਦੇਸ਼ੀ ਸਿੱਖਿਆ ਦੇ ਬਾਜ਼ਾਰ ਨੂੰ ਇਸ ਤਰ੍ਹਾਂ ਬਿਲਕੁਲ ਬੇਕਾਬੂ ਛੱਡ ਦਿੱਤਾ ਗਿਆ ਹੈ ਕਿ ਮਾਪਿਆਂ ਵੱਲੋਂ ਮਹਿਜ਼ ਆਪਣੇ ਬੱਚਿਆਂ ਦੀ ਕੈਨੇਡਾ ਜਾਂ ਹੋਰ ਕਿਤੇ ਪੱਕੀ ਠਾਹਰ (ਪੀ.ਆਰ.) ਦੀ ਆਸ ਵਿਚ ਬੇਮਤਲਬ ਜਿਹੇ ਕੋਰਸਾਂ ਵਾਸਤੇ 50 ਲੱਖ ਰੁਪਏ ਤੱਕ ਦੇ ਕਰਜ਼ੇ ਲੈਣੇ ਪੰਜਾਬ ਵਿਚ ਆਮ ਗੱਲ ਹੋ ਗਈ ਹੈ।

ਮਸਨੂਈ ਬੌਧਿਕਤਾ (ਆਰਟੀਫੀਸ਼ੀਅਲ ਇੰਟੈਲੀਜੈਂਸ), ਮਸ਼ੀਨ ਲਰਨਿੰਗ, ਕੰਪਿਊਟਰ ਸਾਇੰਸ, ਬਾਇਓ-ਤਕਨਾਲੋਜੀ ਅਤੇ ਅਤਿ-ਆਧੁਨਿਕ ਤਕਨਾਲੋਜੀ ਵਰਗੇ ਹੋਰ ਕੋਰਸਾਂ ਵਿਚ ਡਿਗਰੀਆਂ ਪ੍ਰਾਪਤ ਕਰਨ ਵਾਲੇ ਬੱਚੇ ਹੀ ਅਸਲ ਵਿਚ ਇੰਝ ਕਰ ਕੇ ਆਪਣਾ ਅਤੇ ਦੇਸ਼ ਦਾ ਕੁਝ ਸੰਵਾਰ ਰਹੇ ਹਨ ਪਰ ਜਿਹੜੇ ਲੋਕ ਕਾਮਰਸ, ਰਾਜਨੀਤੀ ਸ਼ਾਸਤਰ, ਕਾਨੂੰਨ ਜਾਂ ਪੱਤਰਕਾਰੀ ਦੀ ਪੜ੍ਹਾਈ ਲਈ ਹੀ ਅੱਧਾ-ਕਰੋੜ ਰੁਪਏ ਤੱਕ ਖ਼ਰਚ ਕਰ ਰਹੇ ਹਨ; ਉਹ ਉਦੋਂ ਹੀ ਮਾੜੇ ਸਾਬਤ ਹੋ ਸਕਦੇ ਹਨ ਜਦੋਂ ਉਹ ਸਾਡੇ ਮਾਹੌਲ ਵਿਚ ਵਾਪਸ ਆਉਂਦੇ ਹਨ ਅਤੇ ਸਾਡੇ ਬਹੁਤ ਹੀ ਲਾਇਕ ਸਥਾਨਕ ਗਰੈਜੂਏਟਾਂ ਨਾਲ ਮੁਕਾਬਲਾ ਕਰਨ ਲਈ ਮਜਬੂਰ ਹੁੰਦੇ ਹਨ।

ਨਕਦੀ ਦਾ ਵਹਾਅ ਵੀ ਅਮੀਰ ਮੁਲਕਾਂ 'ਚ ਮਾਮੂਲੀ ਨੌਕਰੀਆਂ ਲਈ ਇਕ-ਤਰਫ਼ਾ ਜਾਲ ਹੀ ਹੈ। 20-30 ਲੱਖ ਰੁਪਏ ਖ਼ਰਚ ਕਰਨ ਤੋਂ ਬਾਅਦ ਵੀ ਜੇ ਪਰਵਾਸੀਆਂ ਨੂੰ ਪੈਟਰੋਲ ਪੰਪਾਂ ਅਤੇ ਸੁਪਰ ਮਾਰਕੀਟਾਂ ਉਤੇ ਹੀ ਨੌਕਰੀਆਂ ਕਰਨੀਆਂ ਪੈਂਦੀਆਂ ਹਨ ਤਾਂ ਪੰਜਾਬ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਦਾ ਪੈਸਾ ਤੇ ਜ਼ਿੰਦਗੀ ਬਰਬਾਦ ਹੀ ਸਮਝੋ। ਪੰਜਾਬ ਨੂੰ ਵਿਦਿਆਰਥੀਆਂ ਲਈ ਪਰਵਾਸ ਨੀਤੀ ਬਣਾਉਣ ਦੀ ਸਖ਼ਤ ਲੋੜ ਹੈ।

# ਸਬੂਤੀ ਅਲਵਿਦਾ ਅਦਾਕਾਰਾ ਦਲਜੀਤ ਕੌਰ...

***ਦਲਜੀਤ ਕੌਰ ਨੂੰ ਪੰਜਾਬੀ ਫਿਲਮਾਂ 'ਚ ਲਿਆਉਣ ਦਾ ਮਾਣ ਇੰਦਰਜੀਤ ਹਸਨਪੁਰੀ ਨੂੰ ਹਾਸਲ ਹੈ। ਜਦੋਂ ਇੰਦਰਜੀਤ ਹਸਨਪੁਰੀ ਨੇ ਆਪਣੇ ਫਿਲਮਸਾਜ਼ ਅਦਾਰੇ ਲੁਧਿਆਣਾ ਫਿਲਮਜ਼, ਲੁਧਿਆਣਾ ਦੇ ਬੈਨਰ ਹੇਠ ਧਰਮ ਕੁਮਾਰ ਦੀ ਹਿਦਾਇਤਕਾਰੀ ਵਿਚ ਪੰਜਾਬੀ ਫਿਲਮ 'ਦਾਜ' (1976) ਬਣਾਈ ਤਾਂ ਉਸ ਨੂੰ ਨਵੀਂ ਅਦਾਕਾਰਾ ਵਜੋਂ ਪੇਸ਼ ਕੀਤਾ। ਫਿਲਮਸਾਜ਼ ਤੇ ਨਗਮਾਨਿਗਾਰ ਹਸਨਪੁਰੀ ਦੀ ਦਾਜ ਪ੍ਰਥਾ 'ਤੇ ਆਧਾਰਿਤ ਇਸ ਫਿਲਮ ਵਿਚ ਉਸ ਨੇ ਚਰਿੱਤਰ ਅਦਾਕਾਰ ਮਨਮੋਹਨ ਕ੍ਰਿਸ਼ਨ (ਚੌਧਰੀ) ਦੀ ਧੀ 'ਲਾਜੋ' ਦਾ ਕਿਰਦਾਰ ਨਿਭਾਇਆ।***

ਪੰਜਾਬੀ ਸਿਨਮਾ ਦੀ ਆਪਣੇ ਦੌਰ ਦੀ ਹੇਮਾ ਮਾਲਿਨੀ ਯਾਨੀ ਦਲਜੀਤ ਕੌਰ ਨਹੀਂ ਰਹੀ। ਪੰਜਾਬੀ ਸਿਨਮਾ ਵਿਚ ਪਾਏ ਉਸ ਦੇ ਯੋਗਦਾਨ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਦਲਜੀਤ ਕੌਰ ਦੀ ਪੈਦਾਇਸ਼ ਮਾਰਚ 1953 ਵਿਚ ਪੱਛਮੀ ਬੰਗਾਲ ਦੇ ਸ਼ਹਿਰ ਸਿਲੀਗੁੜੀ ਦੇ ਜੱਟ ਸਿੱਖ ਪਰਿਵਾਰ ਵਿਚ ਹੋਈ। ਉਂਝ ਇਨ੍ਹਾਂ ਦਾ ਅਬਾਈ ਤਾਲੁਕ ਪਿੰਡ ਐਤੀਆਣਾ (ਕਸਬਾ ਸੁਧਾਰ), ਜ਼ਿਲ੍ਹਾ ਲੁਧਿਆਣਾ ਨਾਲ ਸੀ। ਉਸ ਦੇ ਪਿਤਾ ਦਾਰਜੀਲਿੰਗ ਦੇ ਬਹੁਤ ਵੱਡੇ ਕਾਰੋਬਾਰੀ ਸਨ। ਦਲਜੀਤ ਨੇ ਕੌਨਵੈਂਟ ਸਕੂਲ ਦਾਰਜੀਲਿੰਗ ਤੋਂ ਇਬਤਦਾਈ ਤਾਲੀਮ ਅਤੇ ਦਿੱਲੀ ਦੇ ਲੇਡੀ ਸ੍ਰੀਰਾਮ ਕਾਲਜ ਤੋਂ ਗ੍ਰੈਜੂਏਸ਼ਨ ਕੀਤੀ। ਸਕੂਲ ਟਾਈਮ ਤੋਂ ਹੀ ਉਸ ਨੂੰ ਖੇਡਾਂ ਤੇ ਅਦਾਕਾਰੀ ਵਿਚ ਦਿਲਚਸਪੀ ਸੀ। ਲਿਹਾਜ਼ਾ ਤਾਲੀਮ ਮੁਕੰਮਲ ਕਰਦਿਆਂ ਹੀ ਉਸ ਨੇ ਪੂਨਾ ਇੰਸਟੀਚਿਊਟ ਤੋਂ ਐਕਟਿੰਗ ਦਾ ਡਿਪਲੋਮਾ ਕੀਤਾ।

ਦਲਜੀਤ ਕੌਰ ਨੂੰ ਪੰਜਾਬੀ ਫਿਲਮਾਂ 'ਚ ਲਿਆਉਣ ਦਾ ਮਾਣ ਇੰਦਰਜੀਤ ਹਸਨਪੁਰੀ ਨੂੰ ਹਾਸਲ ਹੈ। ਜਦੋਂ ਇੰਦਰਜੀਤ ਹਸਨਪੁਰੀ ਨੇ ਆਪਣੇ ਫਿਲਮਸਾਜ਼ ਅਦਾਰੇ ਲੁਧਿਆਣਾ ਫਿਲਮਜ਼, ਲੁਧਿਆਣਾ ਦੇ ਬੈਨਰ ਹੇਠ ਧਰਮ ਕੁਮਾਰ ਦੀ ਹਿਦਾਇਤਕਾਰੀ ਵਿਚ ਪੰਜਾਬੀ ਫਿਲਮ 'ਦਾਜ' (1976) ਬਣਾਈ ਤਾਂ ਉਸ ਨੂੰ ਨਵੀਂ

**ਮਨਦੀਪ ਸਿੰਘ ਸਿੱਧੂ**
**ਫੋਨ: +91-97805-09545**

ਅਦਾਕਾਰਾ ਵਜੋਂ ਪੇਸ਼ ਕੀਤਾ। ਫਿਲਮਸਾਜ਼ ਤੇ ਨਗ਼ਮਾਨਿਗਾਰ ਹਸਨਪੁਰੀ ਦੀ ਦਾਜ ਪ੍ਰਥਾ 'ਤੇ ਆਧਾਰਿਤ ਇਸ ਫਿਲਮ ਵਿਚ ਉਸ ਨੇ ਚਰਿੱਤਰ ਅਦਾਕਾਰ ਮਨਮੋਹਨ ਕ੍ਰਿਸ਼ਨ (ਚੌਧਰੀ) ਦੀ ਧੀ 'ਲਾਜੋ' ਦਾ ਸੋਹਣਾ ਕਿਰਦਾਰ ਨਿਭਾਇਆ। ਐੱਸ. ਮੋਹਿੰਦਰ ਦੇ ਸੰਗੀਤ ਵਿਚ ਦਲਜੀਤ ਕੌਰ ਤੇ ਧੀਰਜ ਕੁਮਾਰ 'ਤੇ ਫਿਲਮਾਏ ਗੀਤ 'ਮੈਨੂੰ ਦੇ ਕੇ ਟਕੇ ਦਾ ਛੱਲਾ' (ਮੀਨੂੰ ਪ੍ਰਸ਼ੋਤਮ/ਰਿਕਾਰਡ ਵਰਜ਼ਨ ਨਰਿੰਦਰ ਬੀਬਾ), 'ਨੀਂ ਕੁੜੀਏ ਤੂੰ ਪਿਆਰ ਨਾ ਪਾਵੀਂ' (ਨਰਿੰਦਰ ਬੀਬਾ, ਮੀਨੂੰ ਪ੍ਰਸ਼ੋਤਮ), 'ਸੋਹਣਿਓ ਮੱਖਣੋ ਮਲਾਈ ਦੇ ਡੋਨਿਓ ਤੇ ਖੋਏ ਦੇ ਪੇੜਿਓ' (ਮੁਹੰਮਦ ਰਫ਼ੀ, ਨਰਿੰਦਰ ਬੀਬਾ) ਤੇ ਭੰਗੜਾ ਗੀਤ 'ਓ ਗੋਰੇ ਰੰਗ ਨੇ ਸਦਾ ਨਈਓ ਰਹਿਣਾ' (ਮਹਿੰਦਰ ਕਪੂਰ, ਸ਼ਮਸ਼ਾਦ ਬੇਗ਼ਮ) ਨੇ ਹੱਦ ਦਰਜਾ ਮਕਬੂਲੀਅਤ ਹਾਸਲ ਕੀਤੀ। ਹਿੰਦੀ ਵਿਚ ਇਹ ਫਿਲਮ 'ਦਹੇਜ' (1981) ਦੇ ਸਿਰਲੇਖ ਹੇਠ ਡੱਬ ਹੋਈ। ਉਸ ਦੀ ਦੂਜੀ ਪੰਜਾਬੀ ਫਿਲਮ ਅਮਰ ਫਿਲਮਜ਼, ਬੰਬੇ ਦੀ ਬੀ. ਐੱਸ. ਸ਼ਾਦ ਦੀ ਕਹਾਣੀ 'ਤੇ ਨਿਰਦੇਸ਼ਿਤ 'ਗਿੱਧਾ' (1978) ਸੀ। ਇਸ 'ਚ ਉਸ ਨੇ 'ਜੀਤੋ' ਦਾ ਅਤੇ ਧਰਮਿੰਦਰ ਨੇ 'ਬੰਤਾ' ਦੀ ਮਹਿਮਾਨ ਭੂਮਿਕਾ ਨਿਭਾਈ। ਹਿੰਦੀ ਵਿਚ ਇਹ ਫਿਲਮ ਪਾਪੂਲਰ ਫਿਲਮ ਐਕਸਚੇਂਜ, ਬੰਬੇ ਦੇ ਬੈਨਰ ਹੇਠ 'ਜ਼ਖ਼ਮੀ ਦਿਲ' (1982) ਦੇ ਸਿਰਲੇਖ ਹੇਠ ਡੱਬ ਹੋਈ। ਬੈਲਕੋ ਮੂਵੀਜ਼, ਬੰਬੇ ਦੀ ਰਮੇਸ਼ ਬੇਦੀ ਨਿਰਦੇਸ਼ਿਤ ਪੰਜਾਬੀ ਫਿਲਮ 'ਗੋਰਖ ਧੰਦਾ' (1979) 'ਚ ਉਸ ਨੇ 'ਪ੍ਰੀਤੀ' ਦਾ ਪਾਰਟ ਅਦਾ ਕੀਤਾ, ਜਿਸ ਦੇ ਸਨਮੁੱਖ ਗੌਤਮ ਉਰਫ਼ ਸੁਰਿੰਦਰਪਾਲ (ਮਹਾਂਭਾਰਤ ਚਰਚਿੱਤ) ਮੌਜੂਦ ਸੀ। ਕਹਾਣੀ, ਮੰਜ਼ਰਨਾਮਾ ਤੇ ਮੁਕਾਲਮੇ ਚਿਰਨਜੀਤ ਧਵਨ, ਗੀਤ ਪ੍ਰਕਾਸ਼ ਸਾਥੀ ਅਤੇ ਮੌਸੀਕੀ ਗੋਵਿੰਦ-ਨਰੇਸ਼ ਨੇ ਮੁਰੱਤਿਬ ਕੀਤੀ। ਫਿਲਮ ਵਿਚ ਦਲਜੀਤ ਕੌਰ ਤੇ ਗੌਤਮ 'ਤੇ ਫਿਲਮਾਏ 'ਮੇਰੀ ਹਾਏ ਇੱਕ ਗਵਾਚੀ ਸ਼ੈਅ' (ਮਹਿੰਦਰ ਕਪੂਰ, ਨੀਨਾ ਮਹਿਤਾ), 'ਓ ਜ਼ਰਾ ਹੌਲੀ-ਹੌਲੀ ਚੂੜੀਆਂ ਚੜ੍ਹਾ' (ਆਸ਼ਾ ਭੌਂਸਲੇ) ਤੋਂ ਇਲਾਵਾ 'ਹਾਏ ਨੀਂ ਚੰਨ ਚੜ੍ਹਿਆ ਚੁਬਾਰੇ' (ਆਸ਼ਾ ਭੌਂਸਲੇ) ਗੀਤ ਬੇਹੱਦ ਮਕਬੂਲ ਹੋਇਆ। ਸਨਰਾਈਜ਼ ਇੰਟਰਪ੍ਰਾਈਸਜ਼, ਬੰਬੇ ਦੀ ਬੂਟਾ ਸਿੰਘ ਸ਼ਾਦ ਨਿਰਦੇਸ਼ਿਤ ਪੰਜਾਬੀ ਫਿਲਮ 'ਸੈਦਾ ਜੋਗਨ' (1979) 'ਚ ਉਸ ਨੇ 'ਸੈਦਾਂ' ਤੇ 'ਮੰਜੂ' ਨਾਮੀ ਡਬਲ ਕਿਰਦਾਰ ਅਦਾ ਕੀਤਾ, ਜਿਨ੍ਹਾਂ ਦੇ ਮੁਕਾਬਿਲ ਹੀਰੋ ਵਜੋਂ ਵਰਿੰਦਰ (ਸੱਜਣ) ਤੇ ਸਤੀਸ਼ ਕੌਲ (ਪ੍ਰੀਤਮ) ਸਨ। ਫਿਲਮਸਾਜ਼ ਬਲਦੇਵ ਸਿੰਘ ਦਾਨੀ, ਮੁਸੱਨਫ਼ ਭਾਗ ਸਿੰਘ, ਗੀਤ ਬੀ. ਐੱਸ. ਮਾਨ ਅਤੇ ਸੰਗੀਤ ਮੁਹੰਮਦ ਸਦੀਕ ਨੇ ਤਾਮੀਰ ਕੀਤਾ। ਦਲਜੀਤ ਤੇ ਸਤੀਸ਼ 'ਤੇ ਫਿਲਮਾਇਆ 'ਹੱਸ ਬੱਲੀਏ ਨਹੀਂ ਹੱਸਣਾ...ਛੱਡ ਮੇਰੀ ਬਾਂਹ ਮਿੱਤਰਾ' (ਮੁਹੰਮਦ ਸਦੀਕ, ਰਣਜੀਤ ਕੌਰ) ਅਤੇ ਦਲਜੀਤ ਤੇ ਵਰਿੰਦਰ 'ਤੇ ਫਿਲਮਾਇਆ ਗੀਤ 'ਮੇਰਾ ਧੱਕ-ਧੱਕ...ਮੈਂ ਸ਼ਰਬਤ ਦੀ ਬੋਤਲ' (ਦਿਲਰਾਜ ਕੌਰ, ਮਹਿੰਦਰ ਕਪੂਰ) ਖ਼ੂਬ ਚੱਲੇ। ਇਸ ਕਾਮਯਾਬ ਫਿਲਮ ਨਾਲ ਦਲਜੀਤ ਕੌਰ ਦੀ ਅਦਾਕਾਰੀ ਨੂੰ ਪੁਖ਼ਤਾ ਪਛਾਣ ਮਿਲੀ।

ਦਲਜੀਤ ਕੌਰ ਦੀ ਪਹਿਲੀ ਫਿਲਮ 'ਦਾਜ' ਦਾ ਪੋਸਟਰ



ਜਦੋਂ ਵਰਿੰਦਰ ਨੇ ਆਪਣੇ ਫਿਲਮਸਾਜ਼ ਅਦਾਰੇ ਪੰਮੀ ਪਿਕਚਰਜ਼, ਬੰਬੇ ਦੇ ਬੈਨਰ ਹੇਠ ਆਪਣੀ ਹਿਦਾਇਤਕਾਰੀ ਵਿਚ ਪੰਜਾਬੀ ਫਿਲਮ 'ਬਟਵਾਰਾ' (1983) ਬਣਾਈ ਤਾਂ ਆਪਣੇ ਨਾਲ ਹੀਰੋਇਨ ਵਜੋਂ ਦਲਜੀਤ ਕੌਰ ਨੂੰ ਲਿਆ। ਫਿਲਮ ਵਿਚ ਉਸ ਨੇ 'ਪ੍ਰੀਤੋ' ਦਾ ਤੇ ਵਰਿੰਦਰ ਨੇ 'ਕਰਮਾ' ਦਾ ਰੋਲ ਕੀਤਾ। ਦਲਜੀਤ ਕੌਰ ਤੇ ਵਰਿੰਦਰ 'ਤੇ ਫਿਲਮਾਏ 'ਵੇ ਮੈਂ ਘੰਟੀ ਬੜੀ ਵਜਾਈ...ਮੇਰੀ ਸਾਈਕਲ ਵਿਚ' (ਅਨੁਰਾਧਾ ਪੌਡਵਾਲ, ਮਹਿੰਦਰ ਕਪੂਰ), 'ਕੁੜੀ ਸੂਰਜਮੁਖੀ ਦੇ ਫੁੱਲ ਵਰਗੀ' (ਮਹਿੰਦਰ ਕਪੂਰ, ਅਨੁਰਾਧਾ ਪੌਡਵਾਲ), 'ਹੋ ਇੱਕ ਤੇਰੇ ਵਾਲ ਕਾਲੇ' (ਮਹਿੰਦਰ ਕਪੂਰ) ਗੀਤ ਬੜੇ ਹਿੱਟ ਹੋਏ। ਪੂਜਾ ਫਿਲਮਜ਼ ਇੰਟਰਨੈਸ਼ਨਲ, ਬੰਬੇ ਦੀ ਵਰਿੰਦਰ ਨਿਰਦੇਸ਼ਿਤ ਪੰਜਾਬੀ ਫਿਲਮ 'ਲਾਜੋ' (1983) 'ਚ ਉਸ ਨੇ ਇੱਕ ਵਾਰ ਫਿਰ 'ਪ੍ਰੀਤੋ' ਦਾ ਕਿਰਦਾਰ ਤੇ ਵਰਿੰਦਰ 'ਜੀਤਾ' ਦਾ ਪਾਰਟ ਨਿਭਾ ਰਿਹਾ ਸੀ। ਕਮਲ ਕਾਂਤ ਦੇ ਸੰਗੀਤ ਵਿਚ ਇਨ੍ਹਾਂ ਦੋਵਾਂ 'ਤੇ ਫਿਲਮਾਏ 'ਜ਼ੁਲਫ਼ਾਂ ਕਾਲੀਆਂ ਨੀਂ ਕੁੰਡਲਦਾਰ' (ਮਹਿੰਦਰ ਕਪੂਰ, ਦਿਲਰਾਜ ਕੌਰ), 'ਬਚ ਮੋੜ ਤੋਂ ਬੱਲੇ ਨੀਂ ਬਚ ਮੋੜ ਤੋਂ' (ਦਿਲਰਾਜ ਕੌਰ) ਗੀਤ ਵੀ ਪਸੰਦ ਕੀਤੇ ਗਏ। ਫਰੈਂਡ ਐਂਡ ਫਰੈਂਡਜ਼ ਫਿਲਮਜ਼, ਚੰਡੀਗੜ੍ਹ ਦੀ ਹਰੀ ਦੱਤ ਨਿਰਦੇਸ਼ਿਤ ਪੰਜਾਬੀ ਫਿਲਮ 'ਮਾਮਲਾ ਗੜਬੜ ਹੈ' (1983) ਵਿਚ ਉਸ ਨੇ ਮਾਡਰਨ ਕੁੜੀ 'ਕਿੱਟੀ' ਦਾ ਕਿਰਦਾਰ ਤੇ ਉਸ ਨਾਲ ਨਵੇਂ ਹੀਰੋ ਵਜੋਂ ਲੋਕ ਗਾਇਕ ਗੁਰਦਾਸ ਮਾਨ 'ਅਮਰਜੀਤ' ਦਾ ਕਿਰਦਾਰ ਅਦਾ ਕਰ ਰਿਹਾ ਸੀ। ਕਹਾਣੀ ਸਰਦਾਰ ਭਾਗ ਸਿੰਘ ਅਤੇ ਸੰਗੀਤ ਸਪਨ-ਜਗਮੋਹਨ ਨੇ ਤਰਤੀਬ ਕੀਤਾ। ਦਲਜੀਤ ਕੌਰ ਤੇ ਗੁਰਦਾਸ ਮਾਨ 'ਤੇ ਫਿਲਮਾਏ 'ਦਿਲ ਦਾ ਮਾਮਲਾ ਹੈ' (ਸਵਿਤਾ ਸਾਥੀ, ਗੁਰਦਾਸ ਮਾਨ), 'ਅਸੀਂ ਹੱਸਣਾ ਭੁੱਲ ਗਏ' (ਸਵਿਤਾ ਸਾਥੀ) ਗੀਤ ਵੀ ਸੰਗੀਤ-ਸ਼ੌਕੀਨਾਂ ਦੀ ਪਸੰਦ ਬਣੇ। ਗਿੱਲ ਆਰਟਸ, ਬੰਬੇ ਦੀ ਜਗਜੀਤ ਨਿਰਦੇਸ਼ਿਤ ਪਹਿਲੀ ਐਕਸ਼ਨ ਪੰਜਾਬੀ ਫਿਲਮ 'ਪੁੱਤ ਜੱਟਾਂ ਦੇ' (1983) ਵਿਚ ਉਸ ਨੇ ਮੱਖਣ ਸਿੰਘ (ਸੱਜਣ ਸਿੰਘ) ਦੀ ਧੀ 'ਪਾਲੀ' ਦਾ ਰੋਲ ਕੀਤਾ। ਕਹਾਣੀ ਅਜੀਤ ਸਿੰਘ ਦਿਓਲ ਅਤੇ ਸੰਗੀਤ ਸੁਰਿੰਦਰ ਛਿੰਦਾ ਤੇ ਮਹਿੰਦਰਜੀਤ ਸਿੰਘ ਵਸੀਰ ਨੇ ਤਿਆਰ ਕੀਤਾ। ਮਹਿੰਦਰਜੀਤ ਸਿੰਘ ਦੇ ਸੰਗੀਤ ਵਿਚ ਦਲਜੀਤ ਕੌਰ ਤੇ ਬਲਦੇਵ ਖੋਸਾ 'ਤੇ ਫਿਲਮਾਇਆ ਰੁਮਾਨੀ ਗੀਤ 'ਥੱਕੇ ਰਾਤ ਦੇ ਨਜ਼ਾਰੇ ਸੌਣ ਲੱਗੇ ਚੰਨ ਤਾਰੇ' (ਸਵਿਤਾ ਸਾਥੀ) ਨੇ ਬੜੀ ਮਕਬੂਲੀਅਤ ਹਾਸਲ ਕੀਤੀ। ਐੱਸ. ਐੱਸ. ਪਾਲ ਦੇ ਫਿਲਮਸਾਜ਼ ਅਦਾਰੇ ਪਾਹਲ ਬ੍ਰਦਰਜ਼ ਪ੍ਰੋਡਕਸ਼ਨਜ਼, ਬੰਬੇ ਦੀ ਕੰਵਲ ਬਿਆਲਾ ਨਿਰਦੇਸ਼ਿਤ ਪੰਜਾਬੀ ਫਿਲਮ 'ਰੂਪ ਸ਼ੌਕੀਨਣ ਦਾ' (1983) 'ਚ ਉਸ ਨੇ 'ਪੀਤੋ' ਦਾ ਪਾਰਟ ਅਤੇ ਸਤੀਸ਼ ਕੌਲ 'ਜੀਤੇ' ਦਾ ਕਿਰਦਾਰ ਅਦਾ ਕਰ ਰਿਹਾ ਸੀ। ਫਿਲਮ 'ਚ ਦਲਜੀਤ ਤੇ ਸਤੀਸ਼ ਕੌਲ 'ਤੇ ਫਿਲਮਾਏ 'ਅੱਗੇ-ਪਿੱਛੇ ਸੋਹਣਿਆਂ ਤੂੰ ਰਹੇ ਘੁੰਮਦਾ...ਦਿੱਤੀ ਜੋ ਨਿਸ਼ਾਨੀ', 'ਔਖੇ ਪਲ ਸੱਜਣਾ ਬਾਝੋਂ' (ਦਿਲਰਾਜ ਕੌਰ, ਮਹਿੰਦਰ ਕਪੂਰ) ਅਤੇ ਭੰਗੜਾ ਗੀਤ 'ਗੱਲ ਪਿੰਡ ਦੇ ਲੋਕਾਂ ਦੇ ਮੂੰਹ ਚੜ੍ਹਗੀ' (ਮਹਿੰਦਰ ਕਪੂਰ, ਸਵਿਤਾ ਸਾਥੀ, ਜਸਪਾਲ ਸਿੰਘ) ਗੀਤ ਵੀ ਜ਼ੁਬਾਨਜ਼ਦ ਹੋਏ। ਵਿਨੋਦ ਤਲਵਾਰ ਦੇ ਫਿਲਮਸਾਜ਼ ਅਦਾਰੇ ਤਲਵਾਰ ਪ੍ਰੋਡਕਸ਼ਨਜ਼, ਬੰਬੇ ਦੀ ਵਿਨੋਦ ਤਲਵਾਰ ਨਿਰਦੇਸ਼ਿਤ ਪੰਜਾਬੀ ਫਿਲਮ 'ਇਸ਼ਕ ਨਿਮਾਣਾ' (1984) 'ਚ ਉਸ ਨੇ 'ਨਿੰਮੋ' ਦਾ ਅਤੇ ਸਤੀਸ਼ ਕੌਲ 'ਜੀਤਾ' ਦਾ ਪਾਤਰ ਨਿਭਾ ਰਿਹਾ ਸੀ। ਗੀਤ ਬਲਬੀਰ ਨਿਰਦੋਸ਼ (ਜਲੰਧਰ) ਤੇ ਸੰਗੀਤ ਸੁਰਿੰਦਰ ਕੋਹਲੀ ਨੇ ਤਰਤੀਬ ਕੀਤਾ। ਦੋਵਾਂ 'ਤੇ ਫਿਲਮਾਏ 'ਵੇ ਮੈਨੂੰ ਚੜ੍ਹ ਗਈ ਜਵਾਨੀ ਕਹਿਰ ਦੀ' (ਮੀਨੂੰ ਪ੍ਰਸ਼ੋਤਮ), 'ਕੀ-ਕੀ ਰੰਗ ਵਿਖਾਵੇ ਮੇਰਾ ਇਸ਼ਕ ਨਿਮਾਣਾ' (ਮਹਿੰਦਰ ਕਪੂਰ) ਗੀਤ ਵੀ ਬਹੁਤ ਚੱਲੇ। ਅਰਾਧਨਾ ਪ੍ਰੋਡਕਸ਼ਨਜ਼, ਬੰਬੇ ਦੀ ਫਿਲਮ 'ਨਿੰਮੋ' (1984), ਜਿਸ ਦੇ ਮੁਸੱਨਫ਼, ਮੰਜ਼ਰਨਾਮਾ ਤੇ ਹਿਦਾਇਤਕਾਰੀ ਦੇ ਫ਼ਰਜ਼ ਵਰਿੰਦਰ ਨੇ ਨਿਭਾਏ। ਫਿਲਮ ਵਿਚ ਦਲਜੀਤ ਕੌਰ ਨੇ ਮਹਿਮਾਨ ਅਦਾਕਾਰਾ ਵਜੋਂ 'ਰਾਣੋ' ਦਾ ਕਿਰਦਾਰ ਨਿਭਾਇਆ। ਕਮਲ ਕਾਂਤ ਦੇ ਸੰਗੀਤ ਵਿਚ ਉਸ 'ਤੇ ਫਿਲਮਾਇਆ ਗੀਤ 'ਕਾਲਾ ਡੋਰੀਆ ਕੁੰਡੇ ਨਾਲ ਅੜਿਆ ਓਏ' (ਸਲਮਾ ਆਗਾ, ਵਰਿੰਦਰ) ਖ਼ੂਬ ਹਿੱਟ ਹੋਇਆ। ਆਸ਼ੂਰਾਜ ਪਿਕਚਰਜ਼, ਬੰਬੇ ਦੀ ਕੰਵਲ ਬਿਆਲਾ ਨਿਰਦੇਸ਼ਿਤ ਫਿਲਮ 'ਸੋਹਣੀ ਮਹੀਵਾਲ' (1984) ਵਿਚ ਉਸ ਨੇ 'ਸੋਹਣੀ' ਦਾ ਅਤੇ ਅਰੁਣ ਚੋਪੜਾ 'ਮਹੀਵਾਲ' ਦਾ ਕਿਰਦਾਰ ਨਿਭਾ ਰਿਹਾ ਸੀ। ਐੱਸ. ਐੱਫ. ਕੰਬਾਇਨ, ਬੰਬੇ ਦੀ ਵੀ. ਕੇ. ਸੋਬਤੀ ਨਿਰਦੇਸ਼ਿਤ ਪਹਿਲੀ ਸਿਨਮਾ ਸਕੋਪ ਪੰਜਾਬੀ ਫਿਲਮ 'ਵੈਰੀ ਜੱਟ' (1985) ਵਿਚ ਉਸ ਨੇ 'ਨਿੰਮੋ' ਦਾ ਅਤੇ ਵਰਿੰਦਰ 'ਜੱਗਾ' ਦਾ ਰੋਲ ਕਰ ਰਿਹਾ ਸੀ। ਸੁਰਿੰਦਰ ਕੋਹਲੀ ਦੇ ਦਿਲਕਸ਼ ਸੰਗੀਤ 'ਚ ਦੋਵਾਂ ਉੱਪਰ ਫਿਲਮਾਏ ਗੀਤ 'ਚੰਨ ਬੱਦਲਾਂ 'ਚੋਂ ਰੋਜ਼ ਮੈਨੂੰ ਮਾਰੇ ਝਾਤੀਆਂ' (ਸਵਿਤਾ ਸਾਥੀ, ਜਸਪਾਲ ਸਿੰਘ) ਤੇ 'ਨਾ ਜਾ ਵੇ ਹਾਣੀਆ ਨਾ ਜਾ...ਗੱਡੀ ਥੱਲੇ ਸਿਰ ਦੇ ਕੇ ਮਰਜੂੰਗੀ' (ਸਵਿਤਾ ਸਾਥੀ, ਵਰਿੰਦਰ) ਗੀਤ ਬੜੇ ਹਿੱਟ ਹੋਏ।

***ਦਲਜੀਤ ਕੌਰ ਖ਼ਾਬਾਂ ਦੀ ਨਗਰੀ ਬੰਬਈ ਨੂੰ ਛੱਡ ਕੇ ਆਪਣੇ ਰਿਸ਼ਤੇਦਾਰਾਂ ਕੋਲ ਕਸਬਾ ਗੁਰੂਸਰ ਸੁਧਾਰ, ਲੁਧਿਆਣਾ ਆ ਵੱਸੀ। ਉਹ ਆਪਣੀ ਯਾਦਾਸ਼ਤ ਗਵਾ ਚੁੱਕੀ ਸੀ। ਉਸ ਨੂੰ ਚਾਹੁਣ ਵਾਲੇ ਤੇ ਫ਼ਨਕਾਰ ਸਮੇਂ ਸਮੇਂ 'ਤੇ ਉਸ ਨੂੰ ਮਿਲਣ ਜਾਂਦੇ ਰਹੇ, ਪਰ ਉਹ ਬੁੱਤ ਬਣ ਚੁੱਕੀ ਸੀ ਅਤੇ ਅਤੀਤ ਦਾ ਮੰਜ਼ਰਨਾਮਾ ਉਸ ਦੀ ਸਫ਼ਾ ਹਸਤੀ ਤੋਂ ਮਿਟ ਚੁੱਕਿਆ ਸੀ। ਉਹ 17 ਨਵੰਬਰ 2022 ਨੂੰ 69 ਸਾਲਾਂ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਈ।***

ਪੁਖਰਾਜ ਪ੍ਰੋਡਕਸ਼ਨਜ਼, ਬੰਬੇ ਦੀ ਜਗਜੀਤ ਨਿਰਦੇਸ਼ਿਤ ਫਿਲਮ 'ਕੀ ਬਣੂੰ ਦੁਨੀਆ ਦਾ' (1986) ਵਿਚ ਉਸ ਨੇ ਗੁਰਦਾਸ ਮਾਨ (ਡਬਲ ਰੋਲ) ਨਾਲ ਹੀਰੋਇਨ ਦਾ ਪਾਰਟ ਅਦਾ ਕੀਤਾ। ਫਰੈਂਡਜ਼ ਮੂਵੀਜ਼, ਬੰਬੇ ਦੀ ਜੇ. ਪੀ. ਪਰਦੇਸੀ ਨਿਰਦੇਸ਼ਿਤ 'ਪਟੋਲਾ' (1987) ਜਬਰਦਸਤ ਹਿੱਟ ਫਿਲਮ ਸੀ। ਇਸ ਵਿਚ ਦਲਜੀਤ ਕੌਰ ਨੇ 'ਰਾਣੀ' ਦਾ ਕਿਰਦਾਰ ਨਿਭਾਇਆ, ਜਿਸ ਦੇ ਸਨਮੁੱਖ ਇੱਕ ਵਾਰ ਫਿਰ ਸਤੀਸ਼ ਕੌਲ ਮੌਜੂਦ ਸੀ। ਅੰਮ੍ਰਿਤਾ ਫਿਲਮ, ਬੰਬਈ ਦੀ ਮਜ਼ਾਹੀਆ ਫਿਲਮ 'ਤੁਣਕਾ ਪਿਆਰ ਦਾ' (1989) 'ਚ ਪਹਿਲੀ ਵਾਰ ਦਲਜੀਤ ਕੌਰ ਨਾਲ ਸੁਰਿੰਦਰ ਵਾਲੀਆ ਦੀ ਜੋੜੀ ਸੀ।

1990ਵਿਆਂ ਦੇ ਦਹਾਕੇ ਵਿਚ ਉਸ ਦੀਆਂ ਕਾਫ਼ੀ ਫਿਲਮਾਂ ਨੁਮਾਇਸ਼ ਹੋਈਆਂ। ਗਿੱਲ ਆਰਟਸ, ਬੰਬੇ ਦੀ ਰਵਿੰਦਰ ਰਵੀ ਨਿਰਦੇਸ਼ਿਤ ਐਕਸ਼ਨ ਫਿਲਮ 'ਅਣਖ ਜੱਟਾਂ ਦੀ' (1990) ਵਿਚ ਉਹ ਪਹਿਲੀ ਵਾਰ ਗੁੱਗੂ ਗਿੱਲ ਦੇ ਸਨਮੁੱਖ 'ਮੁੱਖੋ' ਦਾ ਕਿਰਦਾਰ ਨਿਭਾ ਰਹੀ ਸੀ। ਜੇ. ਐੱਸ. ਪ੍ਰੋਡਕਸ਼ਨਜ਼, ਬੰਬੇ ਦੀ ਮੋਹਨ ਭਾਖੜੀ ਨਿਰਦੇਸ਼ਿਤ ਫਿਲਮ 'ਜੱਟ ਦਾ ਗੰਡਾਸਾ' (1991) ਵਿਚ ਇੱਕ ਵਾਰ ਫਿਰ ਦਲਜੀਤ ਕੌਰ (ਚੰਨੀ) ਤੇ ਸਤੀਸ਼ ਕੌਲ (ਜੀਤਾ) ਦੀ ਜੋੜੀ ਸੀ। ਲੱਖਾ ਸਿੰਘ ਦੇ ਫਿਲਮਸਾਜ਼ ਅਦਾਰੇ ਲੱਖਾ ਫਿਲਮਜ਼, ਬੰਬੇ ਦੀ ਫਿਲਮ 'ਜੱਟ ਪੰਜਾਬ ਦਾ' (1992) 'ਚ ਉਸ ਨੇ 'ਮੀਤੋ' ਦਾ ਪਾਰਟ ਅਦਾ ਕੀਤਾ ਤੇ ਉਸ ਦੇ ਸਨਮੁੱਖ ਸ਼ਵਿੰਦਰ ਮਾਹਲ 'ਤਾਰੀ' ਦਾ ਕਿਰਦਾਰ ਨਿਭਾ ਰਿਹਾ ਸੀ। ਸੁਰਿੰਦਰ ਵਾਲੀਆ ਪ੍ਰੋਡਕਸ਼ਨਜ਼, ਬੰਬੇ ਦੀ ਸੁਰਿੰਦਰ ਵਾਲੀਆ ਨਿਰਦੇਸ਼ਿਤ ਫਿਲਮ 'ਦੁਸ਼ਮਣੀ ਜੱਟਾਂ ਦੀ' (1993) 'ਚ ਉਸ ਨੇ 'ਸੀਬੋ' ਦਾ ਤੇ ਉਸ ਦੇ ਹਮਰਾਹ ਪੰਕਜ ਧੀਰ 'ਕਰਮ' ਦਾ ਪਾਤਰ ਨਿਭਾ ਰਿਹਾ ਸੀ। ਚਰਨਜੀਤ ਅਹੂਜਾ ਦੇ ਸੰਗੀਤ 'ਚ ਦਲਜੀਤ ਕੌਰ (ਨਾਲ ਪੰਕਜ ਧੀਰ) 'ਤੇ ਫਿਲਮਾਏ 'ਹਾਏ ਮੇਰੀ ਮੁੰਦਰੀ ਗਵਾਚ ਗਈ' (ਆਸ਼ਾ ਭੌਂਸਲੇ), 'ਮੈਨੂੰ ਰਾਂਝੇ ਵਾਲਾ ਚੋਗਾ ਗਲ ਪਾ ਲੈਣ ਦੇ' (ਦਿਲਰਾਜ ਕੌਰ, ਸਰਦੂਲ ਸਿਕੰਦਰ) ਆਦਿ ਫਿਲਮਾਂ ਉਸ ਦੀ ਅਦਾਕਾਰੀ ਨਾਲ ਯਾਦਗਾਰੀ ਬਣੀਆਂ।

1990ਵਿਆਂ ਦਹਾਕੇ ਤੋਂ ਬਾਅਦ ਉਸ ਨੇ ਪੰਜਾਬੀ ਫਿਲਮਾਂ ਵਿਚ ਸਿਰਫ਼ ਚਰਿੱਤਰ ਕਿਰਦਾਰ ਹੀ ਨਿਭਾਏ, ਜਿਨ੍ਹਾਂ ਵਿਚ 'ਮਾਹੌਲ ਠੀਕ ਹੈ' (1999) 'ਜੀ ਆਇਆਂ ਨੂੰ' (2002), 'ਸੱਜਣਾ ਵੇ ਸੱਜਣਾ' (2007), 'ਹੀਰ ਰਾਂਝਾ ਏ ਟਰੂ ਲਵ ਸਟੋਰੀ' (2009), 'ਸਿੰਘ ਵਰਸਿਜ਼ ਕੌਰ', 'ਪੰਜਾਬ ਬੋਲਦਾ' (2013), 'ਜੱਟ ਬੁਆਇਜ਼ ਪੁੱਤ ਜੱਟਾਂ ਦੇ', 'ਦਿਲ ਪਰਦੇਸੀ ਹੋ ਗਿਆ' (2013) ਆਦਿ ਤੋਂ ਇਲਾਵਾ ਆਖ਼ਰੀ ਪੰਜਾਬੀ ਫਿਲਮ 'ਦੇਸੀ ਮੁੰਡੇ' (2014) ਦੇ ਨਾਮ ਜ਼ਿਕਰਯੋਗ ਹਨ।

ਪੰਜਾਬੀ ਫਿਲਮਾਂ ਤੋਂ ਇਲਾਵਾ ਉਸ ਨੇ ਹਿੰਦੀ ਫਿਲਮਾਂ ਵਿਚ ਵੀ ਅਦਾਕਾਰੀ ਕੀਤੀ, ਪਰ ਜੋ ਮਕਬੂਲੀਅਤ ਉਸ ਨੂੰ ਪੰਜਾਬੀ ਫਿਲਮਾਂ ਵਿਚ ਮਿਲੀ, ਉਹ ਹਿੰਦੀ ਫਿਲਮਾਂ 'ਚੋਂ ਨਾ ਮਿਲ ਸਕੀ। ਉਸ ਦੀ ਬਤੌਰ ਅਦਾਕਾਰਾ ਪਹਿਲੀ ਹਿੰਦੀ ਫਿਲਮ ਨੰਦੀ ਆਰਟਸ ਪ੍ਰੋਡਕਸ਼ਨਜ਼, ਬੰਬੇ ਦੀ ਸਿਕੰਦਰ ਖੰਨਾ ਨਿਰਦੇਸ਼ਿਤ 'ਯਾਰੀ ਦੁਸ਼ਮਣੀ' (1980) ਸੀ। ਇਸ ਤੋਂ ਬਾਅਦ ਉਸ ਨੇ ਸ਼ਿਲਪਕਾਰ, ਬੰਬੇ ਦੀ ਹਰੀਸ਼ ਸ਼ਾਹ ਨਿਰਦੇਸ਼ਿਤ ਹਿੰਦੀ ਫਿਲਮ 'ਧਨ ਦੌਲਤ' (1980), ਮਨੀਸ਼ ਫ਼ਿਲਮਜ਼, ਬੰਬੇ ਦੀ ਸ਼ਿੱਬੂ ਮਿੱਤਰਾ ਨਿਰਦੇਸ਼ਿਤ ਹਿੰਦੀ ਫਿਲਮ 'ਪਾਂਚ ਕੈਦੀ' (1981), ਏ. ਬੀ. ਸੀ. ਇੰਟਰਨੈਸ਼ਨਲ, ਬੰਬੇ ਦੀ ਅਵਤਾਰ ਭੋਗਲ ਨਿਰਦੇਸ਼ਿਤ ਹਿੰਦੀ ਫਿਲਮ 'ਵਿਦੇਸ਼' (1984) ਆਦਿ ਕੀਤੀ।

ਉਸ ਦਾ ਵਿਆਹ ਪੰਜਾਬੀ ਫਿਲਮਸਾਜ਼ ਗਜ਼ ਦਿਓਲ ਉਰਫ਼ ਹਰਮਿੰਦਰ ਸਿੰਘ ਦਿਓਲ ਨਾਲ ਹੋਇਆ, ਜਿਸ ਦੀ ਮੌਤ ਹੋ ਗਈ ਸੀ। ਹਾਲਾਂਕਿ ਇਸ ਤੋਂ ਪਹਿਲਾਂ ਉਹ 'ਲੌਂਗ ਦਾ ਲਿਸ਼ਕਾਰਾ' (1983) ਵਾਲੀ ਖ਼ੂਬਸੂਰਤ ਅਦਾਕਾਰਾ ਹਰਪ੍ਰੀਤ ਦਿਓਲ ਨਾਲ ਵਿਆਹੇ ਹੋਏ ਸਨ। ਉਨ੍ਹਾਂ ਨੇ ਆਪਣੇ ਫਿਲਮਸਾਜ਼ ਅਦਾਰੇ ਦਿਓਲ ਫਿਲਮਜ਼ ਇੰਟਰਨੈਸ਼ਨਲ, ਬੰਬੇ ਦੇ ਬੈਨਰ ਹੇਠ ਸੁਖਮਿੰਦਰ ਧੰਜਲ ਦੀ ਹਿਦਾਇਤਕਾਰੀ ਵਿਚ 'ਬਾਗੀ' (2005) ਵਰਗੀ ਸ਼ਾਨਦਾਰ ਫਿਲਮ ਬਣਾਈ ਸੀ, ਜਿਸ ਨੂੰ 2006 ਵਿਚ ਬੈਸਟ ਪੰਜਾਬੀ ਫੀਚਰ ਦਾ 'ਨੈਸ਼ਨਲ ਐਵਾਰਡ' ਮਿਲਿਆ ਸੀ। ਦਲਜੀਤ ਕੌਰ ਦੇ ਕੋਈ ਔਲਾਦ ਨਹੀਂ ਸੀ। ਪਤੀ ਦੀ ਮੌਤ ਤੋਂ ਬਾਅਦ ਉਹ ਬੁਰੀ ਤਰ੍ਹਾਂ ਟੁੱਟ ਗਈ ਸੀ। ਅਜਿਹੇ ਹਾਲਾਤ ਨਾਲ ਦੋ-ਚਾਰ ਹੁੰਦਿਆਂ ਉਹ ਡਿਮੇਂਸ਼ੀਆ (ਦਿਮਾਗ਼ੀ ਕਮਜ਼ੋਰੀ) ਨਾਮੀ ਬਿਮਾਰੀ ਦੀ ਗ੍ਰਿਫ਼ਤ ਵਿਚ ਆ ਗਈ।

ਜ਼ਿੰਦਗੀ ਨਾਲ ਕਸ਼ਮਕਸ਼ ਕਰਦਿਆਂ ਉਹ ਖ਼ਾਬਾਂ ਦੀ ਨਗਰੀ ਬੰਬਈ ਨੂੰ ਛੱਡ ਕੇ ਆਪਣੇ ਰਿਸ਼ਤੇਦਾਰਾਂ ਕੋਲ ਕਸਬਾ ਗੁਰੂਸਰ ਸੁਧਾਰ, ਲੁਧਿਆਣਾ ਆ ਵੱਸੀ। ਉਹ ਮੁਕੰਮਲ ਤੌਰ 'ਤੇ ਆਪਣੀ ਯਾਦਾਸ਼ਤ ਗਵਾ ਚੁੱਕੀ ਸੀ। ਉਸ ਨੂੰ ਚਾਹੁਣ ਵਾਲੇ ਤੇ ਫ਼ਨਕਾਰ ਸਮੇਂ ਸਮੇਂ 'ਤੇ ਉਸ ਨੂੰ ਮਿਲਣ ਜਾਂਦੇ ਰਹੇ, ਪਰ ਉਹ ਬੁੱਤ ਬਣ ਚੁੱਕੀ ਸੀ ਅਤੇ ਅਤੀਤ ਦਾ ਮੰਜ਼ਰਨਾਮਾ ਉਸ ਦੀ ਸਫ਼ਾ ਹਸਤੀ ਤੋਂ ਮਿਟ ਚੁੱਕਿਆ ਸੀ। ਓੜਕ ਦੁੱਖਾਂ ਨਾਲ ਲੜਦੀ-ਘੁਲਦੀ ਪੰਜਾਬੀ ਸਿਨਮਾ ਦੀ ਇਹ ਖ਼ੂਬਸੂਰਤ ਤੇ ਹਰਦਿਲ ਅਜ਼ੀਜ਼ ਅਦਾਕਾਰਾ 17 ਨਵੰਬਰ 2022 ਨੂੰ 69 ਸਾਲਾਂ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਈ।


Tel.: 317-426-5410
Ext. 2001 & 2403
XPressCargo
100% ਓਨਰ ਆਪਰੇਟਰ ਕੰਪਨੀ
Pay Every Week
Pay Single 60 Cent + Team 70 Cent
100% OWNER OPERATOR COMPANY
IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)
ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।
• ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
• ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
• ਟਰੱਕ ਦੀ ਲਾਇਸੈਂਸ ਪਲੇਟ
• ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
• ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
• ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ
XPressCargo
ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ
CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ
ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ
Hiring Owner Operators and Drivers
ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।
2330 Enterprise Park Dr., Indianapolis, IN 46218
Online Application @ www.xpresscargoinc.com